PUNJAB VIDHAN SABHA

DEBATES

Wednesday, the 23rd September, 2015

Vol. XI– No. 3

OFFICIAL REPORT



CONTENTS

Punjab Vidhan Sabha Secretariat, Chandigarh

Price : Rs.__________.

ਪੰਜਾਬ ਮੰਤਰੀ ਮੰਡਲ ਦੀ ਸੂਚੀ

ਕੈਬਨਿਟ ਮੰਤਰੀ

ਕ੍ਰਮ ਨੰ:	ਨਾਮ	ਮਹਿਕਮਾ/ਮਹਿਕਮੇ
1)	ਸਰਦਾਰ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ	ਆਮ ਪ੍ਰਸ਼ਾਸਨ,ਸਹਿਕਾਰਤਾ, ਸਾਇੰਸ ਤਕਨਾਲੋਜੀ, ਵਾਤਾਵਰਨ,ਵਿਜੀਲੈਂਸ ਅਤੇ ਸ਼ਹਿਰੀ ਹਵਾਬਾਜ਼ੀ
2)	ਸਰਦਾਰ ਸੁਖਬੀਰ ਸਿੰਘ ਬਾਦਲ, ਉਪ ਮੁੱਖ ਮੰਤਰੀ	ਗ੍ਰਹਿ ਮਾਮਲੇ, ਪ੍ਰਸ਼ਾਸਕੀ ਸੁਧਾਰ,ਹਾਊਸਿੰਗ, ਕਰ ਤੇ ਆਬਕਾਰੀ, ਖੇਡਾਂ ਤੇ ਯੁਵਕ ਸੇਵਾਵਾਂ, ਪੂੰਜੀ ਨਿਵੇਸ਼ ਅਤੇ ਬਿਜਲੀ
3)	ਸ਼੍ਰੀ ਚੂਨੀ ਲਾਲ ਭਗਤ	ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ
4)	ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ	ਖੁਰਾਕ ਤੇ ਸਿਵਲ ਸਪਲਾਈ, ਸੂਚਨਾ ਤਕਨਾਲੋਜੀ ਮੰਤਰੀ
5)	ਸਰਦਾਰ ਅਜੀਤ ਸਿੰਘ ਕੋਹਾੜ	ਟਰਾਂਸਪੋਰਟ, ਕਾਨੂੰਨੀ ਤੇ ਵਿਧਾਨਕ ਮਾਮਲੇ ਤੇ ਚੋਣਾਂ ਅਤੇ ਰੋਜ਼ਗਾਰ ਪੈਦਾਕਰਨ ਮੰਤਰੀ
6)	ਸਰਦਾਰ ਗੁਲਜਾਰ ਸਿੰਘ ਰਣੀਕੇ	ਪਸ਼ੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ ਅਤੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ
7)	ਸ਼੍ਰੀ ਮਦਨ ਮੋਹਨ ਮਿੱਤਲ	ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ

8) ਸਰਦਾਰ ਪਰਮਿੰਦਰ ਸਿੰਘ ਢੀਂਡਸਾ	ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ
9) ਸਰਦਾਰ ਜਨਮੇਜਾ ਸਿੰਘ ਸੇਖੋਂ	ਲੋਕ ਨਿਰਮਾਣ (ਭ ਤੇ ਮ) ਮੰਤਰੀ, ਸੈਨਿਕ ਸੇਵਾਵਾਂ ਭਲਾਈ, ਸ਼ਿਕਾਇਤ ਨਿਵਾਰਣ, ਪੈਨਸ਼ਨਰਾਂ ਦੀ ਭਲਾਈ ਮੰਤਰੀ
10) ਸ਼੍ਰੀ ਸੁਰਜੀਤ ਕੁਮਾਰ ਜਿਆਨੀ	ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ
11) ਸਰਦਾਰ ਤੋਤਾ ਸਿੰਘ	ਖੇਤੀਬਾੜੀ ਅਤੇ ਐਨ.ਆਰ.ਆਈ. ਮਾਮਲੇ ਮੰਤਰੀ
12) ਸਰਦਾਰ ਬਿਕਰਮ ਸਿੰਘ ਮਜੀਠੀਆ	ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਨਵੀਂ ਤੇ ਨਵਿਆਉਣਯੋਗ ਊਰਜਾ ਮੰਤਰੀ
13) ਸਰਦਾਰ ਸਿਕੰਦਰ ਸਿੰਘ ਮਲੂਕਾ	ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ
14) ਸ਼੍ਰੀ ਅਨਿਲ ਜੋਸ਼ੀ	ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ
15) ਸਰਦਾਰ ਸੁਰਜੀਤ ਸਿੰਘ ਰੱਖੜਾ	ਪੇਂਡੂ ਜਲ ਸਪਲਾਈ ਅਤੇ ਸੈਨੀਟੇਸ਼ਨ ਅਤੇ ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ
16) ਸਰਦਾਰ ਸ਼ਰਨਜੀਤ ਸਿੰਘ ਢਿੱਲੋਂ	ਸਿੰਚਾਈ ਮੰਤਰੀ
17) ਸਰਦਾਰ ਸੋਹਣ ਸਿੰਘ ਠੰਡਲ	ਜੇਲ੍ਹਾਂ, ਸੈਰ ਸਪਾਟਾ, ਸਭਿਆਚਾਰਕ ਮਾਮਲੇ ਅਤੇ ਛਪਾਈ ਤੇ ਲਿਖਣ ਸਮੱਗਰੀ ਮੰਤਰੀ
18) ਡਾਕਟਰ ਦਲਜੀਤ ਸਿੰਘ ਚੀਮਾ	ਸਿੱਖਿਆ ਮੰਤਰੀ

ਮੁੱਖ ਸੰਸਦੀ ਸਕੱਤਰ

ਕ੍ਰਮ ਨੰ:	ਨਾਮ	ਮਹਿਕਮਾ/ਮਹਿਕਮੇ
1)	ਚੌਧਰੀ ਨੰਦ ਲਾਲ	ਜੰਗਲਾਤ ਜੰਗਲੀ ਜੀਵ ਅਤੇ ਕਿਰਤ
2)	ਸੰਤ ਬਲਵੀਰ ਸਿੰਘ ਘੁੰਨਸ	ਜੇਲ੍ਹਾਂ, ਸੈਰ ਸਪਾਟਾ, ਸਭਿਆਚਾਰਕ ਮਾਮਲੇ, ਪੁਰਾਤੱਤਵ ਅਤੇ ਅਜਾਇਬ ਘਰ
3)	ਸ਼੍ਰੀ ਦੇਸ ਰਾਜ ਧੁੱਗਾ	ਪਸ਼ੂ ਪਾਲਣ,ਮੱਛੀ ਪਾਲਣ ਅਤੇ ਡੇਅਰੀ ਵਿਕਾਸ
4)	ਸਰਦਾਰ ਹਰਮੀਤ ਸਿੰਘ ਸੰਧੂ	ਲੋਕ ਨਿਰਮਾਣ (ਭ. ਤੇ ਮ.)
5)	ਸਰਦਾਰ ਮਨਤਾਰ ਸਿੰਘ ਬਰਾੜ	ਪੇਂਡੂ ਵਿਕਾਸ ਅਤੇ ਪੰਚਾਇਤਾਂ
6)	ਬੀਬੀ ਮਹਿੰਦਰ ਕੌਰ ਜੋਸ਼	ਸਿੰਚਾਈ (30.7.2014 ਤੋਂ)
7)	ਸ਼੍ਰੀ ਅਵਿਨਾਸ਼ ਚੰਦਰ	ਉਚੇਰੀ ਸਿੱਖਿਆ
8)	ਸ਼੍ਰੀ ਕੇ.ਡੀ.ਭੰਡਾਰੀ	ਸਹਿਕਾਰਤਾ
9)	ਸਰਦਾਰ ਇੰਦਰਬੀਰ ਸਿੰਘ ਬੁਲਾਰੀਆ	ਸਿੱਖਿਆ
10)	ਸਰਦਾਰ ਅਮਰਪਾਲ ਸਿੰਘ ਅਜਨਾਲਾ	ਤਕਨੀਕੀ ਸਿੱਖਿਆ ਅਤੇ ਸਨਅਤੀ ਸੰਸਥਾਵਾਂ
11)	ਸਰਦਾਰ ਗੁਰਬਚਨ ਸਿੰਘ ਬੱਬੇਹਾਲੀ	ਖੇਤੀਬਾੜੀ
12)	ਸਰਦਾਰ ਵਿਰਸਾ ਸਿੰਘ ਵਲਟੋਹਾ	ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ , ਰੱਖਿਆ ਸੇਵਾਵਾਂ ਭਲਾਈ
13)	ਸ਼੍ਰੀ ਐਨ.ਕੇ.ਸ਼ਰਮਾ	ਉਦਯੋਗ ਅਤੇ ਵਣਜ
14)	ਸ਼੍ਰੀਮਤੀ ਐਫ.ਨਿਸਾਰਾ ਖਾਤੂਨ (ਫਰਜ਼ਾਨਾ ਆਲਮ)	ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ

15) ਡਾਕਟਰ ਨਵਜੋਤ ਕੌਰ ਸਿੱਧੂ	ਸਿਹਤ ਅਤੇ ਪਰਿਵਾਰ ਭਲਾਈ
16) ਸ਼੍ਰੀ ਪ੍ਰਕਾਸ਼ ਚੰਦ ਗਰਗ	ਖੁਰਾਕ ਅਤੇ ਸਿਵਲ ਸਪਲਾਈ
17) ਸ਼੍ਰੀ ਪਵਨ ਕੁਮਾਰ ਟੀਨੂੰ	ਖੇਡਾਂ ਤੇ ਯੁਵਕ ਸੇਵਾਵਾਂ ਅਤੇ ਐਸ.ਸੀ.,ਬੀ.ਸੀ. ਦੀ ਭਲਾਈ
18) ਸ਼੍ਰੀ ਸਰੂਪ ਚੰਦ ਸਿੰਗਲਾ	ਆਬਕਾਰੀ ਅਤੇ ਕਰ
19) ਸ਼੍ਰੀ ਸੋਮ ਪ੍ਰਕਾਸ਼	ਸਥਾਨਕ ਸਰਕਾਰ

PUNJAB VIDHAN SABHA

Wednesday, the 23rd September, 2015

The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 2.00 P.M. Mr Speaker (Doctor Charnjit Singh Atwal) in the Chair.

STARRED QUESTIONS AND ANSWERS

ਮਾਨਯੋਗ ਸਪੀਕਰ : ਹਾਂ ਜੀ, ਪ੍ਰਸ਼ਨ ਕਾਲ। ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਜੀ।

ਫੁੱਟਬਾਲ ਸਟੇਡੀਅਮ ਦੀ ਉਸਾਰੀ ਕਰਨਾ

*2052. **ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ :** ਕੀ ਉੱਪ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਹੁਸ਼ਿਆਰਪੁਰ ਦੇ ਕਸਬਾ ਮਾਹਿਲਪੁਰ ਵਿੱਚ ਫੁੱਟਬਾਲ ਸਟੇਡੀਅਮ ਦੀ ਉਸਾਰੀ ਬਾਰੇ ਮਾਮਲਾ ਕੇਂਦਰੀ ਸਰਕਾਰ ਨਾਲ ਉਠਾਇਆ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ?

ਸਰਦਾਰ ਸੁਖਬੀਰ ਸਿੰਘ ਬਾਦਲ : ਭਾਰਤ ਸਰਕਾਰ ਦੀ ਸਕੀਮ ਅਰਬਨ ਸਪੋਰਟਸ ਇੰਫਰਾਸਟਰਕਚਰ ਅਧੀਨ ਕਸਬਾ ਮਾਹਿਲਪੁਰ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਸਿੰਥੈਟਿਕ ਫੁੱਟਬਾਲ ਗਰਾਊਂਡ ਬਣਾਉਣ ਲਈ ਤਜਵੀਜ਼ 100% ਕੇਂਦਰੀ ਸਹਾਇਤਾ ਲਈ ਪ੍ਰਵਾਨਗੀ ਹਿੱਤ ਭਾਰਤ ਸਰਕਾਰ ਨੂੰ ਭੇਜੀ ਗਈ ਸੀ।

ਭਾਰਤ ਸਰਕਾਰ ਖੇਡ ਮੰਤਰਾਲੇ ਵੱਲੋਂ ਇਸ ਤਜਵੀਜ਼ ਨੂੰ ਰੱਦ ਕਰ ਦਿੱਤਾ ਗਿਆ ਹੈ ਕਿਉਂਕਿ ਫੁੱਟਬਾਲ ਗੇਮ ਨੂੰ ਫੈਡਰੇਸ਼ਨ ਇੰਟਰਨੈਸ਼ਨਲ ਫੁੱਟਬਾਲ ਐਸੋਸੀਏਸ਼ਨ ਵੱਲੋਂ ਸਿੰਥੈਟਿਕ ਗਰਾਊਂਡ ਤੇ ਕਰਵਾਉਣਾ ਲਾਜ਼ਮੀ ਨਹੀਂ ਕੀਤਾ ਗਿਆ ਹੈ ਅਤੇ ਫੁੱਟਬਾਲ ਵਰਲਡ ਕੱਪ ਕੁਦਰਤੀ ਘਾਹ ਉੱਤੇ ਖੇਡਿਆ ਜਾਂਦਾ ਹੈ।

ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਉਪ ਮੁੱਖ ਮੰਤਰੀ ਸਾਹਿਬ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਮਾਹਿਲਪੁਰ ਦਾ ਇਲਾਕਾ ਫੁੱਟਬਾਲ ਦੀ ਨਰਸਰੀ ਕਰਕੇ ਜਾਣਿਆ ਜਾਂਦਾ ਹੈ,

[ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ]

ਇਸ ਇਲਾਕੇ ਨੇ ਇੰਟਰਨੈਸ਼ਨਲ ਲੈਵਲ ਦੇ ਫੁੱਟਬਾਲ ਦੇ ਖਿਡਾਰੀ ਪੈਦਾ ਕੀਤੇ ਹਨ। ਤੁਸੀਂ ਪਿਛਲੇ ਸੈਸ਼ਨ ਵਿੱਚ ਇਹ ਵਿਸ਼ਵਾਸ ਵੀ ਦਿਵਾਇਆ ਸੀ ਕਿ ਜੇ ਭਾਰਤ ਸਰਕਾਰ ਇਹ ਫੁੱਟਬਾਲ ਸਟੇਡੀਅਮ ਬਣਾਉਣ ਦੀ ਇਜਾਜ਼ਤ ਨਹੀਂ ਦਿੰਦੀ ਤਾਂ ਪੰਜਾਬ ਸਰਕਾਰ ਇਹ ਬਣਾ ਕੇ ਦੇਵੇਗੀ।ਸਪੀਕਰ ਸਾਹਿਬ, ਮੈਂ ਡਿਪਟੀ ਸੀ.ਐਮ. ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਤੁਸੀਂ ਇਹ ਸਟੇਡੀਅਮ ਕਦੋਂ ਅਤੇ ਕਿੰਨੇ ਚਿਰ ਵਿੱਚ ਬਣਾ ਦਿਓਗੇ?

ਉਪ ਮੁੱਖ ਮੰਤਰੀ : ਸਪੀਕਰ ਸਾਹਿਬ, at the moment ਜਿਹੜਾ ਉਥੇ ਸਰਕਾਰੀ ਗਰਾਊਂਡ ਹੈ, ਉਹ ਬਹੁਤ ਛੋਟਾ ਹੈ। ਮੈਂ ਐਮ.ਐਲ.ਏ. ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਜੇ ਇਹ ਸਾਨੂੰ ਕੋਈ ਪੰਜ ਏਕੜ ਜ਼ਮੀਨ ਲੋਕੇਟ ਕਰ ਦੇਣ ਤਾਂ ਅਸੀਂ ਇਸ ਨੂੰ ਇਮੀਜੀਏਟਲੀ ਸ਼ੁਰੂ ਕਰ ਦੇਵਾਂਗੇ।

ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਡਿਪਟੀ ਸੀ.ਐਮ. ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਮਾਹਿਲਪੁਰ ਵਿੱਚ ਜਿਹੜਾ ਸੀਨੀਅਰ ਸੈਕੰਡਰੀ ਸਕੂਲ ਹੈ, ਉਸ ਕੋਲ 16 ਏਕੜ ਜ਼ਮੀਨ ਹੈ ਜਿਸ ਵਿਚੋਂ 7 ਏਕੜ ਜ਼ਮੀਨ ਬਿਲਕੁਲ ਵਿਹਲੀ ਪਈ ਹੈ। ਉਸ ਉਤੇ ਸਟੇਡੀਅਮ ਬਣਾਇਆ ਜਾ ਸਕਦਾ ਹੈ। ਉਥੇ ਨਾਲ ਹੀ ਸਾਡਾ ਪ੍ਰਾਈਵੇਟ ਕਾਲਜ ਚਲਦਾ ਹੈ, ਜਿਸ ਦਾ ਮੈਂ ਸੀਨੀਅਰ ਵਾਈਸ ਪ੍ਰਧਾਨ ਹਾਂ। ਜੇ ਤੁਸੀਂ ਕਾਲਜ ਵਿੱਚ ਬਣਾਉਣਾ ਚਾਹੁੰਦੇ ਹੋ ਤਾਂ ਉਸ ਵਾਸਤੇ ਮਤਾ ਪਾ ਕੇ ਤੁਹਾਨੂੰ ਭੇਜ ਦਿੰਦੇ ਹਾਂ।

ਉਪ ਮੁੱਖ ਮੰਤਰੀ : ਸਪੀਕਰ ਸਾਹਿਬ, ਅਸੀਂ ਵਿਚਾਰ ਕਰ ਸਕਦੇ ਹਾਂ ਕਿਉਂਕਿ ਇਹ ਪ੍ਰਾਈਵੇਟ ਕਾਲਜ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਲੈਂਡ ਜਾਂ ਤਾਂ ਗੌਰਮਿੰਟ ਨੂੰ ਦੇ ਦੇਣ ਤਾਂ ਅਸੀਂ ਸਟੇਡੀਅਮ ਬਣਾ ਸਕਦੇ ਹਾਂ, ਨਹੀਂ ਤਾਂ ਜੋ ਇਹ ਸਕੂਲ ਦੀ 7 ਏਕੜ ਜ਼ਮੀਨ ਵਿਹਲੀ ਬਾਰੇ ਕਹਿ ਰਹੇ ਹਨ, ਉਸ ਬਾਰੇ ਇਮੀਜੀਏਟਲੀ ਮਤਾ ਪਾ ਕੇ ਭੇਜ ਦੇਣ, ਅਸੀਂ ਕਰ ਦੇਵਾਂਗੇ।

ਮਾਨਯੋਗ ਸਪੀਕਰ : ਹਾਂ ਜੀ, ਅਗਲਾ ਸਵਾਲ।

ਗਰੀਬਾਂ ਨੂੰ ਸਸਤੇ ਰੇਟਾਂ ਤੇ ਖੰਡ ਅਤੇ ਮਿੱਟੀ ਦਾ ਤੇਲ ਮੁਹੱਈਆ ਕਰਨਾ

***2190. ਸ਼੍ਰੀ ਸੁਨੀਲ ਜਾਖੜ :** ਕੀ ਖੁਰਾਕ ਅਤੇ ਸਿਵਲ ਸਪਲਾਈਜ਼

ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਕੇਂਦਰ ਸਰਕਾਰ ਗਰੀਬ ਪਰਿਵਾਰਾਂ ਨੂੰ ਸਸਤੇ ਰੇਟਾਂ ਤੇ ਖੰਡ ਅਤੇ ਮਿੱਟੀ ਦਾ ਤੇਲ ਮੁਹੱਈਆ ਕਰਵਾ ਰਹੀ ਹੈ; ਜੇਕਰ ਹੈ ਤਾਂ ਸਾਲ 2013-14 ਤੋਂ ਹੁਣ ਤੱਕ ਰਾਜ ਵਿੱਚ ਕਿੰਨੇ ਗਰੀਬ ਪਰਿਵਾਰਾਂ ਨੂੰ ਖੰਡ ਅਤੇ ਮਿੱਟੀ ਦਾ ਤੇਲ ਮੁਹੱਈਆ ਕਰਵਾਇਆ ਗਿਆ;

(ਅ) ਉਪਰੋਕਤ ਸਮੇਂ ਦੌਰਾਨ ਕੇਂਦਰ ਸਰਕਾਰ ਵੱਲੋਂ ਰਾਜ ਨੂੰ ਕਿੰਨੀ ਕਿੰਨੀ ਖੰਡ ਅਤੇ ਮਿੱਟੀ ਦਾ ਤੇਲ ਐਲੋਕੇਟ ਕੀਤਾ ਗਿਆ ਸੀ?

ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ : (ੳ) ਕੇਂਦਰ ਸਰਕਾਰ ਵੱਲੋਂ ਮਈ, 2013 ਤੋਂ ਬਾਅਦ ਸਸਤੀ ਖੰਡ ਦੀ ਐਲੋਕੇਸ਼ਨ ਬੰਦ ਕਰ ਦਿੱਤੀ ਗਈ ਸੀ।

ਰਾਜ ਵਿੱਚ 10,45,462 ਗਰੀਬ ਪਰਿਵਾਰਾਂ ਨੂੰ ਮਿੱਟੀ ਦਾ ਤੇਲ ਵੰਡਿਆ ਜਾਂਦਾ ਹੈ।

(ਅ) ਅਪ੍ਰੈਲ ਅਤੇ ਮਈ, 2015 ਮਹੀਨਿਆਂ ਲਈ ਰਾਜ ਨੂੰ 2770.0 ਮੀ.ਟਨ ਲੈਵੀ ਸ਼ੂਗਰ ਦੀ ਐਲੋਕੇਸ਼ਨ ਪ੍ਰਾਪਤ ਹੋਈ ਸੀ।

ਕੇਂਦਰ ਸਰਕਾਰ ਵੱਲੋਂ ਸ਼ੂਗਰ ਮਿੱਲਾਂ ਨੂੰ ਲੈਵੀ ਤੋਂ ਛੋਟ ਦੇਣ ਦੇ ਫੈਸਲੇ ਉਪਰੰਤ ਮਈ, 2013 ਮਹੀਨੇ ਤੋਂ ਬਾਅਦ ਰਾਜ ਨੂੰ ਲੈਵੀ ਖੰਡ ਦੀ ਐਲੋਕੇਸ਼ਨ ਬੰਦ ਕਰ ਦਿੱਤੀ ਗਈ ਸੀ।

ਕੇਂਦਰ ਸਰਕਾਰ ਵੱਲੋਂ ਰਾਜ ਨੂੰ ਸਾਲ 2013-14 ਤੋਂ ਹੁਣ ਤੱਕ ਹੇਠ ਅਨੁਸਾਰ ਮਿੱਟੀ ਦਾ ਤੇਲ ਐਲੋਕੇਟ ਕੀਤਾ ਗਿਆ ਹੈ:

ਸਾਲ 2013-14 = 90142 ਕਿਲੋ ਲੀਟਰ

ਸਾਲ 2014-15 = 89664 ਕਿਲੋ ਲੀਟਰ

ਸਾਲ 2015-16 = 42696 ਕਿਲੋ ਲੀਟਰ (ਸਤੰਬਰ, 2015 ਮਹੀਨੇ ਤੱਕ)

ਸਪੀਕਰ ਸਾਹਿਬ, ਜਾਖੜ ਸਾਹਿਬ ਕੋਲ ਜਵਾਬ ਤਾਂ ਆ ਹੀ ਗਿਆ ਹੈ, ਜਾਖੜ ਸਾਹਿਬ, ਸਪਲੀਮੈਂਟਰੀਜ਼ ਕਰ ਲੈਣ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਪਹਿਲਾਂ ਤਾਂ ਜਿਹੜੇ ਮੇਰੇ ਕੋਲ

[ਸ਼੍ਰੀ ਸੁਨੀਲ ਜਾਖੜ]

ਜਵਾਬ ਆਏ ਹਨ there seems to be some discrepancy. ਜਿਹੜਾ ਇੰਗਲਿਸ਼ ਵਿੱਚ ਜਵਾਬ ਆਇਆ ਹੈ, ਉਸ ਵਿੱਚ ਕੁਝ ਹੋਰ ਲਿਖਿਆ ਹੋਇਆ ਹੈ ਅਤੇ ਜਿਹੜਾ ਪੰਜਾਬੀ ਵਾਲਾ ਆਇਆ ਹੈ, ਉਸ ਵਿੱਚ ਕੁਝ ਹੋਰ ਲਿਖਿਆ ਹੈ। ਮੈਂ ਤੁਹਾਨੂੰ ਪੜ੍ਹ ਕੇ ਸੁਣਾ ਦਿੰਦਾ ਹਾਂ। ਇੰਗਲਿਸ਼ ਵਾਲੇ ਵਿੱਚ ਲਿਖਿਆ ਹੈ : "The last allocation of levy sugar that they received for the month of April-May, 2013, ਜਿਹੜਾ ਪੰਜਾਬੀ ਵਾਲਾ ਜਵਾਬ ਆਇਆ ਹੈ, ਉਸ ਵਿੱਚ ਲਿਖਿਆ ਹੈ : ਅਪ੍ਰੈਲ ਅਤੇ ਮਈ, 2015 ਮਹੀਨਿਆਂ ਲਈ ਰਾਜ ਨੂੰ 2770.0 ਮੀ.ਟਨ ਲੈਵੀ ਸ਼ੂਗਰ ਦੀ ਐਲੋਕੇਸ਼ਨ ਪ੍ਰਾਪਤ ਹੋਈ ਸੀ। ਇਸ ਵਿਚੋਂ ਕਿਹੜੇ ਤੇ ਮੈਂ ਬਿਲੀਵ ਕਰਾਂ ਜੀ।

ਮੰਤਰੀ : ਜਾਖੜ ਸਾਹਿਬ, 2013 ਵਾਲਾ ਕਾਈਂਡਲੀ ਮੰਨ ਲਓ, with folded hands, it is a request.

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੇਰੀ ਪਹਿਲੀ ਸਪਲੀਮੈਂਟਰੀ ਇਹ ਹੈ ਕਿ ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ, Is there a provison that the Central Govt. reimburses after they have stopped issuing this levy sugar to State Govt? Do you provide cheap sugar to the BPL and AAY families? ਅਜਿਹੀ ਕੋਈ ਸੈਂਟਰ ਗੌਰਮਿੰਟ ਦੀ ਪ੍ਰੋਵੀਜ਼ਨ ਹੈ?

ਮੰਤਰੀ : ਸਪੀਕਰ ਸਾਹਿਬ, ਮੈਂ ਦੋ ਮਿੰਟ ਲਵਾਂਗਾ। ਇਸ ਤਰ੍ਹਾਂ ਹੈ ਕਿ ਸਾਲ 2013 ਤੋਂ ਪਹਿਲਾਂ ਜਿਹੜੀ ਲੈਵੀ ਸ਼ੂਗਰ ਸੀ, ਉਹ ਦਿੱਤੀ ਜਾਂਦੀ ਸੀ। ਇਸ ਦਾ ਰੌਲਾ ਇਹ ਸੀ ਕਿ ਜਿਹੜੀ ਮਿੱਲਾਂ ਨੂੰ ਮਿਲਦੀ ਸੀ, ਉਹ ਦਿੰਦੇ ਹੀ ਨਹੀਂ ਸੀ। ਜੇਕਰ ਦਿੰਦੇ ਸੀ ਤਾਂ ਮਾੜੀ ਦਿੰਦੇ ਸੀ। ਉਸ ਦੇ ਅਗੇਂਸਟ ਐਕਸ਼ਨ ਲੈਣਾ ਦਿੱਲੀ ਸਰਕਾਰ ਦੇ ਅਧਿਕਾਰ ਖੇਤਰ ਵਿੱਚ ਸੀ, ਸਾਡੇ ਕੋਲ ਨਹੀਂ ਸੀ। ਹੁਣ ਇਸ ਵੇਲੇ ਇੱਥੇ ਰਾਣਾ ਸਾਹਿਬ ਬੈਠੇ ਨਹੀਂ। ਮੈਂ ਇਹ ਗੱਲ ਕਹਿੰਦਾ ਤਾਂ ਉਨ੍ਹਾਂ ਨੂੰ ਬੁਰੀ ਲੱਗਣੀ ਸੀ। ਜੇ ਉਹ ਇੱਥੇ ਹੁੰਦੇ ਤਾਂ ਮੇਰੀ ਗੱਲ ਰਿਬੱਟ ਕਰ ਦਿੰਦੇ। ਅਸੀਂ ਸੈਂਟਰ ਸਰਕਾਰ ਨੂੰ ਲਿਖ ਲਿਖ ਕੇ ਥੱਕ ਗਏ। ਸਾਨੂੰ ਸੈਂਟਰ ਗੌਰਮਿੰਟ ਨੇ ਕਿਹਾ ਹੈ ਕਿ ਸ਼ੂਗਰ ਮਿੱਲਾਂ ਤੇ ਕ੍ਰਿਮੀਨਲ ਕੇਸ ਪਾਓ, ਅਸੀਂ ਕ੍ਰਿਮੀਨਲ ਕੇਸਿਜ਼ ਵੀ ਪੁਆਏ। ਉਨ੍ਹਾਂ ਨੇ ਸੈਂਟਰ ਸਰਕਾਰ ਕੋਲ ਚਿੱਠੀ ਵੀ ਪਾ ਦਿੱਤੀ ਕਿ ਇਹ ਕ੍ਰਿਮੀਨਲ ਕੇਸਿਜ਼ ਵਿਦਡਰਾਅ ਕਰ ਲਓ ਅਤੇ ਅਜੇ ਐਕਸ਼ਨ

ਨਾ ਕਰਨਾ। ਉਸ ਤੋਂ ਬਾਅਦ ਫਿਰ ਐਫੀਡੈਵਿਟ ਵੀ ਦਿੱਤੇ ਕਿ ਅਸੀਂ ਹੁਣ ਖੰਡ ਦੇ ਦੇਵਾਂਗੇ। ਮੇਰਾ ਖਿਆਲ ਹੈ ਕਿ ਉਹ ਖੰਡ ਫਿਰ ਵੀ ਨਹੀਂ ਆਈ। ਸੈਂਟਰ ਸਰਕਾਰ ਨੇ ਇਹ ਦੇਖਦੇ ਹੋਏ ਕਿ ਖੰਡ ਆਈ ਨਹੀਂ, ਮੇਰੇ ਕੋਲ ਇਸ ਸਬੰਧੀ ਕਾਗਜ਼ ਵੀ ਹਨ, ਜੇਕਰ ਤੁਸੀਂ ਲੈਣੇ ਹਨ ਤਾਂ ਮੈਂ ਦੇ ਦਿੰਦਾ ਹਾਂ। ਇਹ ਐਫੀਡੇਵਿਟਸ ਦੀਆਂ ਕਾਪੀਆਂ, ਐਫ.ਆਈ.ਆਰਜ਼ ਦੀਆਂ ਕਾਪੀਆਂ, ਕੰਪਲੇਂਟਸ ਬਾਇ ਰਾਣਾ ਸ਼ੂਗਰ ਮਿੱਲਜ਼ ਅਤੇ ਨਾਹਰ ਸ਼ੂਗਰ ਮਿੱਲਜ਼ ਹਨ, ਉਹ ਵੀ ਦੇ ਦਿਆਂਗਾ। ਜਿਹੜੀ ਇਨ੍ਹਾਂ ਨੇ ਹਾਈ ਕੋਰਟ ਵਿੱਚ ਸਟੇਅ ਮੰਗਣ ਦੀ ਕੋਸ਼ਿਸ਼ ਕੀਤੀ, ਦੋ ਸਾਲ ਕੇਸ ਚਲਾਇਆ, ਫਿਰ ਕੇਸ ਵਿਦਡਰਾਅ ਕਰ ਲਿਆ, ਉਸ ਦੀ ਕਾਪੀ ਵੀ ਮੈਂ ਦੇ ਦਿਆਂਗਾ। ਤੁਸੀਂ ਰਿਕਾਰਡ ਮੰਗੀ ਚੱਲੋ, ਮੈਂ ਦੇਈ ਜਾਵਾਂਗਾ। ਉਸ ਤੋਂ ਬਾਅਦ ਸਾਲ 2013 ਤੋਂ ਬਾਅਦ ਭਾਰਤ ਸਰਕਾਰ ਨੇ ਸਕੀਮ ਬਣਾ ਦਿੱਤੀ ਕਿ ਜੇ ਤੁਸੀਂ ਇਨ੍ਹਾਂ ਹੀ ਪਰਿਵਾਰਾਂ ਨੂੰ ਆਪ ਹੀ ਖਰੀਦ ਕੇ ਇੰਨੀ ਸ਼ੂਗਰ ਦਿਉਗੇ ਤਾਂ ਅਸੀਂ ਰਿਇੰਬਰਸਮੈਂਟ ਕਰ ਦੇਵਾਂਗੇ। ਅਸੀਂ ਉਨ੍ਹਾਂ ਨੂੰ ਕਿਹਾ ਕਿ ਪੰਜਾਬ ਨਾਲ ਤਾਂ ਪਹਿਲਾਂ ਹੀ ਧੱਕਾ ਹੋਇਆ ਹੋਇਆ ਹੈ, ਅਸੀਂ ਮਸਾਂ ਹੀ ਠੀਕ ਕਰਵਾਇਆ ਹੈ। ਅਸੀਂ ਨੈਸ਼ਨਲ ਫੂਡ ਸਕਿਉਰਿਟੀ ਐਕਟ ਦੇ ਥੱਲੇ, ਵੈਸੇ ਮੈਂ ਬਾਅਦ ਵਿੱਚ ਵੀ ਇਸ ਬਾਰੇ ਦੱਸਣਾ ਹੈ, ਚਲੋ ਮੈਂ ਹੁਣ ਇਕੱਠਾ ਹੀ ਕਹਿ ਦਿੰਦਾ ਹਾਂ। ਸਾਡੇ ਦੇਸ਼ ਵਿੱਚੋਂ ਬੀ.ਪੀ.ਐਲ. ਫੈਮਿਲੀਜ਼ ਥੱਲੇ ਲੋਐਸਟ ਕਵਰੇਜ ਹੈ ਅਤੇ ਮੈਂ ਇਸ ਗੱਲ ਦਾ ਕਰੈਡਿਟ ਲੈਂਦਾ ਹਾਂ ਕਿ ਅਸੀਂ ਸਟੇਟ ਦੀ ਬੀ.ਪੀ.ਐਲ. ਸਕੀਮ ਤਹਿਤ ਕਵਰੇਜ ਨੂੰ ਭੱਜ-ਨੱਠ ਕਰਕੇ 8-9% ਤੋਂ 50% ਤੇ ਲੈ ਗਏ ਹਾਂ। ਐਗਜ਼ੈਕਟ ਫਿਗਰ ਮੈਂ ਤੁਹਾਨੂੰ ਫਿਰ ਦੇ ਦੇਵਾਂਗੇ ਕਿ ਕਿੰਨੀਆਂ ਫੈਮਿਲੀਜ਼ ਇਸ ਸਕੀਮ ਤਹਿਤ ਕਵਰ ਹੋ ਗਈਆਂ ਹਨ। ਅਸੀਂ ਕਿਹਾ ਕਿ ਜੇ ਸਾਨੂੰ ਤੁਸੀਂ ਪਹਿਲਾਂ ਦੇ ਹਿਸਾਬ ਨਾਲ ਸਾਢੇ ਚਾਰ ਲੱਖ ਪਰਿਵਾਰਾਂ ਲਈ ਫੰਡ ਦਿਉਗੇ ਤਾਂ 100 ਗ੍ਰਾਮ ਖੰਡ ਪ੍ਰਤੀ ਪਰਿਵਾਰ ਦੇਣ ਨਾਲ ਉਨ੍ਹਾਂ ਦਾ ਮਖੌਲ ਬਣ ਜਾਵੇਗਾ, ਜਦੋਂ ਕਿ ਹੁਣ ਸਾਡੇ 33 ਲੱਖ ਪਰਿਵਾਰ ਇਸ ਸਕੀਮ ਤਹਿਤ ਆ ਗਏ ਹਨ। ਇਸ ਕਰਕੇ ਬੇਨਤੀ ਹੈ ਕਿ ਜਿਹੜੇ ਪਰਿਵਾਰ ਅਸੀਂ ਨਵੇਂ ਹੋਰ ਪਾਸ ਕਰਵਾ ਲਏ ਹਨ, ਤੁਸੀਂ ਇਨ੍ਹਾਂ ਪਰਿਵਾਰਾਂ ਦੀ ਖੰਡ ਦਾ ਕੋਟਾ ਜਿਵੇਂ ਕਿ ਪਹਿਲਾਂ ਸੀ, ਜਿੰਨੀ ਫੈਮਲੀ ਸੀ, ਤੁਸੀਂ ਉਸ਼ ਹਿਸਾਬ ਨਾਲ ਕਰਕੇ ਦੇ ਦੇਵੋ। ਇਸ ਦੀ ਲਗਭਗ ਅੰਦਾਜ਼ਨ 1350 ਟਨ ਫਿਗਰ ਹੈ, ਜਾਖੜ ਸਾਹਿਬ, ਮੈਂ ਐਗਜ਼ੈਕਟ ਫਿਗਰ ਵੀ ਤੁਹਾਨੂੰ ਦੇ ਦੇਵਾਂਗਾ, ਅਸੀਂ ਕਿਹਾ ਕਿ ਸਾਡਾ ਕੋਟਾ ਇਸ ਹਿਸਾਬ ਨਾਲ 7000 ਟਨ ਬਣਦਾ ਹੈ, ਇੰਨਾ ਕੋਟਾ ਸਾਡਾ ਕਰ ਦਿੱਤਾ ਜਾਵੇ। ਮੈਂ ਇਸ

[ਖੁਰਾਕ ਤੇ ਸਿਵਲ ਸਪਲਾਈ ਮੰਤਰੀ]

ਸਬੰਧ ਵਿੱਚ ਜਾ ਕੇ ਮਿਲਿਆ ਵੀ ਹਾਂ ਅਤੇ ਦੋ-ਤਿੰਨ ਵਾਰੀ ਮੀਟਿੰਗਾਂ ਵੀ ਕੀਤੀਆਂ ਹਨ ਪਰ ਕੁਝ ਨਹੀਂ ਹੋਇਆ। ਉਨ੍ਹਾਂ ਨੇ ਜੋ ਗੱਲਾਂ ਕਹੀਆਂ ਹਨ, ਇਹ ਰਿਟਨ ਵਿੱਚ ਨਹੀਂ ਹਨ, ਵਰਬਲ ਹਨ, ਇਸ ਕਰਕੇ ਮੈਂ ਕੁਮੈਂਟ ਨਹੀਂ ਕਰਦਾ। ਫਿਰ ਮੈਂ ਕਿਹਾ ਕਿ ਜੇ ਤੁਸੀਂ ਸਾਡੀ ਖੰਡ ਦਾ ਕੋਟਾ ਨਹੀਂ ਵਧਾਉਣਾ ਤਾਂ ਹੋਰ ਕੰਮ ਕਰੋ ਕਿ 1350 ਟਨ ਫਿਗਰ ਬਣਦੀ ਹੈ, ਜੇ ਅਸੀਂ 100-100 ਗ੍ਰਾਮ ਖੰਡ ਦੇਵਾਂਗੇ ਤਾਂ ਇਹ ਲੋਕਾਂ ਨਾਲ ਮਜ਼ਾਕ ਹੋਵੇਗਾ, ਇਸ ਵਿਚੋਂ ਕੀ ਵੰਡਾਂਗੇ ਅਤੇ ਕਿਵੇਂ ਕਰਾਂਗੇ, ਹਰ ਕਿਸੇ ਨੇ ਕਹਿਣਾ ਹੈ ਕਿ ਇਹ ਕੀ ਹੋ ਰਿਹਾ ਹੈ। ਮੈਂ ਕਿਹਾ ਕਿ ਤੁਸੀਂ ਇਸ ਤਰ੍ਹਾਂ ਕਰੋ ਕਿ ਮੇਰੀ ਸਬਸਿਡੀ ਡਿਸਾਈਡ ਕਰ ਲਵੋ ਕਿ ਸਬਸਿਡੀ ਕਿੰਨੀ ਹੈ। ਇਸ 1350 ਟਨ ਨੂੰ 18.50 ਰੁਪਏ ਨਾਲ ਮਲਟੀਪਲਾਈ ਕਰ ਲਵੋ, ਜਿੰਨੀ ਸਬਸਿਡੀ·ਬਣਦੀ ਹੋਵੇਗੀ, ਉਹ ਮੈਨੂੰ ਦੇ ਦਿਉ। ਜਿੰਨੇ ਸਾਡੇ ਨਵੇਂ ਪਰਿਵਾਰ ਇਸ ਸਕੀਮ ਤਹਿਤ ਆਏ ਹਨ, ਇਸ ਸਬਸਿਡੀ ਨਾਲ ਮੈਂ ਸਭ ਨੂੰ ਬਰਾਬਰ ਕੋਟੇ ਥੱਲੇ ਖੰਡ ਦੇ ਦੇਵਾਂਗਾ। ਕਿਉਂਕਿ ਅਸੀਂ 100 ਗ੍ਰਾਮ ਖੰਡ ਤਾਂ ਪ੍ਰਤੀ ਪਰਿਵਾਰ ਨਹੀਂ ਦੇ ਸਕਦੇ, ਹੋਰ ਅਸੀਂ ਜਿਥੋਂ ਮਰਜ਼ੀ ਪ੍ਰਬੰਧ ਕਰੀਏ, ਅਸੀਂ ਅਜਿਹਾ ਕਰਵਾ ਕੇ ਇੱਕ ਰਿਜ਼ਨੇਬਲ ਕੋਟਾ ਸੈੱਟ ਕਰ ਦਿੰਦੇ ਹਾਂ ਤਾਂ ਕਿ ਦੇਣ ਲੱਗੇ ਰਿਜਨੇਬਲ ਹੋਵੇ। ਤੁਸੀਂ ਜਿੰਨਾ ਪੈਸਾ ਸਾਨੂੰ ਦੇਣਾ ਬਣਦਾ ਹੈ, ਇੰਨਾ ਪੈਸਾ ਹੀ ਦੇ ਦਿਉ। ਉਹ ਕਹਿੰਦੇ ਕਿ ਅਸੀਂ ਪੈਸਾ ਤਾਂ ਦੇਵਾਂਗੇ ਜੇ ਤੁਸੀਂ ਉਨੀਆਂ ਹੀ ਫੈਮਿਲੀਜ਼ ਨੂੰ ਖੰਡ ਦਿਉਗੇ, ਨਹੀਂ ਤਾਂ ਅਸੀਂ ਨਹੀਂ ਦੇਵਾਂਗੇ। I have got letters, I can show it. ਫਾਈਨਲੀ ਸਾਲ 2015 ਵਿੱਚ ਨਵੀਂ ਗੌਰਮਿੰਟ ਬਣ ਗਈ। ਅਸੀਂ ਦੁਬਾਰਾ ਆਪਣੀ ਪਰਪੋਜ਼ਲ ਲੈ ਕੇ ਗਏ। ਉਨ੍ਹਾਂ ਨੇ ਕਿਹਾ ਕਿ ਅਸੀਂ ਪੈਸੇ ਦੇਣ ਨੂੰ ਤਿਆਰ ਹਾਂ। ਤੁਸੀਂ ਪ੍ਰਾਈਸ ਫਿਕਸੇਸ਼ਨ ਆਪਣੇ ਆਪ ਕਰ ਲਵੋ ਜਿੰਨੀ ਪ੍ਰਾਈਸ ਫਿਕਸੇਸ਼ਨ ਕਰਨੀ ਹੈ। ਇਸ ਤੋਂ ਬਾਅਦ ਅਸੀਂ ਨਾਲ ਦੀ ਨਾਲ ਚਿੱਠੀ ਲਿਖ ਕੇ ਕਿਹਾ ਕਿ ਸਾਨੂੰ ਪੈਸੇ ਦਿਉ। ਅਸੀਂ ਸ਼ੂਗਰ ਕੰਟੀਨਿਊ ਕਰਨਾ ਚਾਹੁੰਦੇ ਹਾਂ। This is the thing if you want further clarification ਤਾਂ ਮੈਂ ਫਰਦਰ ਕਲੈਰੀਫਿਕੇਸ਼ਨ ਵੀ ਦੇ ਦਿੰਦਾ ਹਾਂ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਦਾ ਬੜਾ ਅਭਾਰੀ ਹਾਂ ਕਿ ਇਨ੍ਹਾਂ ਨੇ ਬੜੇ ਵਿਸਥਾਰ ਵਿੱਚ ਜਵਾਬ ਦਿੱਤਾ ਹੈ। ਮੇਰਾ ਸਿੰਪਲ ਜਿਹਾ ਸਵਾਲ ਹੈ ਕਿ ਅਗਰ ਭਾਰਤ ਸਰਕਾਰ ਦੇ ਰਹੀ ਹੈ, ਇਨ੍ਹਾਂ ਨੇ ਮਜਬੂਰੀ ਦੱਸ ਦਿੱਤੀ, ਆਪਣੇ ਕੋਲ 4 ਲੱਖ 86 ਹਜ਼ਾਰ ਬੀ.ਪੀ.ਐਲ. ਫੈਮਿਲੀਜ਼ ਹਨ,

inclusive of AAY, ਅਤਿਅੰਤ ਗਰੀਬ ਜਿਹੜੇ ਪਰਿਵਾਰ ਹੁੰਦੇ ਹਨ, ਭਾਰਤ ਸਰਕਾਰ ਦੀ ਜੋ ਸਕੀਮ ਸੀ ਕਿ ਉਨ੍ਹਾਂ ਨੂੰ ਦੋ ਰੁਪਏ ਕਿਲੋ ਚੀਨੀ ਦਿੱਤੀ ਜਾਵੇ, I can very well appreciate his apprehension.

ਮੰਤਰੀ : ਇਸ ਦਾ ਰੇਟ 13.50 ਰੁਪਏ ਹੈ। ਇਹ 2490 ਗ੍ਰਾਮ ਦੇ ਲੱਗਭਗ ਬਣ ਜਾਂਦੀ ਹੈ।

ਸ਼੍ਰੀ ਸੁਨੀਲ ਜਾਖੜ : ਸੌਰੀ ਸਰ, 13.50 ਰੁਪਏ ਦੇ ਹਿਸਾਬ ਨਾਲ ਦੋ-ਦੋ ਕਿੱਲੋ ਚੀਨੀ ਦਿੱਤੀ ਜਾਵੇ। You are concerned for others, very fine. ਆਪਾਂ 4,86,000 ਪਰਿਵਾਰਾਂ ਦਾ ਹੱਕ ਇਸ ਵਾਸਤੇ ਰੋਲ ਦਿੱਤਾ ਕਿ ਹੋਰਾਂ ਨੂੰ ਦਿਵਾਵਾਂਗੇ। ਪਰ ਹਿੰਦੁਸਤਾਨ ਦੀ ਸਰਕਾਰ ਜਦੋਂ ਤੁਹਾਨੂੰ ਕਹਿ ਰਹੀ ਸੀ ਕਿ ਮਾਰਕੀਟ ਵਿਚੋਂ ਪਰਚੇਜ਼ ਕਰਕੇ ਉਨ੍ਹਾਂ ਨੂੰ ਵੰਡੋ, ਉਹ ਤੁਸੀਂ ਨਹੀਂ ਵੰਡਿਆ, his apprehension at least ਲੋਕਾਂ ਨੂੰ ਪਤਾ ਲੱਗੇ। ਸਪੀਕਰ ਸਾਹਿਬ, ਜਿਹੜਾ ਮੇਰਾ ਸਵਾਲ ਹੈ ਉਹ ਹੈ ਕਿ ਇਨ੍ਹਾਂ ਨੇ ਕਿਹਾ ਹੈ ਕਿ 2013 ਵਿੱਚ ਲੈਵੀ ਸ਼ੂਗਰ ਬੰਦ ਹੋਈ, ਮੈਂ ਇਸ ਹਾਊਸ ਦੀ ਫਲੋਰ ਤੇ ਖੜ੍ਹਾ ਹੋ ਕੇ ਕਹਿਣਾ ਚਾਹੁੰਦਾ ਹਾਂ ਅਤੇ ਇਹ ਰੱਬ ਤੋਂ ਡਰ ਕੇ ਕਹਿੰਦਾ ਹਾਂ ਕਿ ਮੇਰੇ ਹਲਕੇ ਵਿੱਚ ਘੱਟੋ-ਘੱਟ ਪਿਛਲੇ ਸੱਤ-ਅੱਠ ਸਾਲ ਤੋਂ ਚੀਨੀ ਡਿਪੂਆਂ ਵਿੱਚ ਨਹੀਂ ਆਈ। (ਵਿਘਨ)(ਸ਼ੋਰ) ਸਪੀਕਰ ਸਾਹਿਬ, ਮੈਂ ਸਾਲ 2013 ਤੋਂ ਪਹਿਲਾਂ 2012 ਵਿੱਚ ਵੀ ਸਵਾਲ ਪੁੱਛਿਆ ਸੀ। ਇਸ ਵਾਰ I am very thankful to you ਕਿ ਤੁਸੀਂ ਮੇਰਾ ਸਵਾਲ ਲਗਾ ਦਿੱਤਾ ਹੈ। ਇਕ ਤਾਂ ਇਹ ਮਸਲਾ ਹੈ ਕਿ ਇਸ ਦੀ ਇਨਕੁਆਰੀ ਹੋਵੇ।

ਮੰਤਰੀ : ਸਪੀਕਰ ਸਾਹਿਬ, ਮੈਂ ਇਨ੍ਹਾਂ ਦੇ ਪਹਿਲੇ ਸਵਾਲ ਦਾ ਜਵਾਬ ਦੇ ਦਿਆਂ ਜੀ।

ਮਾਨਯੋਗ ਸਪੀਕਰ : ਪਹਿਲਾਂ ਇਨ੍ਹਾਂ ਨੂੰ ਬੋਲ ਲੈਣ ਦਿਓ।

ਮੰਤਰੀ : ਸਪੀਕਰ ਸਾਹਿਬ, ਫਿਰ ਇਨ੍ਹਾਂ ਨੇ ਵਾਰੀ ਵਾਰੀ ਪੁੱਛਣਾ ਹੈ। ਇਸ ਤਰ੍ਹਾਂ ਹੈ ਕਿ ਤੁਸੀਂ ਪਹਿਲਾਂ ਰਾਣਾ ਜੀ ਨਾਲ ਸਲਾਹ ਕਰ ਲੈਣਾ। ਮੇਰੇ ਕੋਲ ਪੂਰਾ ਕੇਸ ਪਿਆ ਹੈ। (ਵਿਘਨ)(ਸ਼ੋਰ) ਸੁਣ ਤਾਂ ਲਓ। ਇਹ ਸੁਣਨ ਨੂੰ ਤਿਆਰ ਹੀ ਨਹੀਂ। ਮੈਂ ਤੁਹਾਨੂੰ ਕੋਰਟ ਦੇ ਕਾਗਜ਼ ਦਿਖਾਉਣ ਲੱਗਿਆ ਹਾਂ। (ਵਿਘਨ..ਸ਼ੋਰ) ਸੁਣ ਤਾਂ ਲਓ।

Mr. Speaker: Silence please.

ਮੰਤਰੀ : ਇਹ ਕੋਟਾ ਸਾਨੂੰ ਕੇਂਦਰ ਸਰਕਾਰ ਅਲਾਟ ਕਰ ਦਿੰਦੀ ਹੈ। ਹੁਣ ਮਿੱਲ ਨੇ ਸ਼ੂਗਰ ਦੇਣੀ ਹੈ। ਸਾਨੂੰ ਵੇਰੀਅਸ ਕੁਆਟਰਜ਼ ਤੋਂ ਚਿੱਠੀਆਂ ਆਉਂਦੀਆਂ ਹਨ ਕਿ ਸਾਨੂੰ ਖੰਡ ਨਹੀਂ ਮਿਲ ਰਹੀ। ਅਸੀਂ ਇਸ ਬਾਰੇ ਭਾਰਤ ਸਰਕਾਰ ਨੂੰ ਲਿਖ ਦਿੱਤਾ ਕਿ ਖੰਡ ਨਹੀਂ ਆ ਰਹੀ। ਤੁਸੀਂ ਇਸ ਉਤੇ ਐਕਸ਼ਨ ਲਓ, ਸਾਨੂੰ ਸ਼ੂਗਰ ਨਹੀਂ ਮਿਲ ਰਹੀ। ਜੇ ਤੁਸੀਂ ਕਹੋ ਤਾਂ ਮੈਂ ਤੁਹਾਨੂੰ ਚਿੱਠੀਆਂ ਦੀ ਕਾਪੀ ਵੀ ਦੇ ਦਿੰਦਾ ਹਾਂ। ਇਕ ਚਿੱਠੀ ਤਾਂ ਮੈਂ ਪੜ੍ਹ ਹੀ ਦਿੰਦਾ ਹਾਂ। ਰਾਣਾ ਜੀ, ਇਹ ਚਿੱਠੀ ਹੈ, This is reference....... (ਵਿਘਨ..ਸ਼ੋਰ)

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, I am sorry to say, ਇਹ ਹਾਊਸ ਦਾ ਟਾਈਮ ਖਰਾਬ ਹੋ ਰਿਹਾ ਹੈ.. (ਵਿਘਨ) (ਸ਼ੋਰ)

ਮੰਤਰੀ : ਤੁਸੀਂ ਸੁਣ ਤਾਂ ਲਓ, ਮੈਂ ਇਹ ਹਾਊਸ ਦੇ ਟੇਬਲ ਤੇ ਪਲੇਸ ਕਰ ਦਿੰਦਾ ਹਾਂ let the House hear. Why are you afraid? (ਵਿਘਨ)(ਸ਼ੋਰ)

Mr. Speaker: Silence please. ਜਾਖੜ ਜੀ, ਇਹ ਜਵਾਬ ਦੇ ਰਹੇ ਹਨ, ਇਨ੍ਹਾਂ ਨੂੰ ਜਵਾਬ ਦੇ ਲੈਣ ਦਿਓ। (ਵਿਘਨ) (ਸ਼ੋਰ)

ਮੰਤਰੀ : ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇ ਕੋਈ ਖੰਡ ਦੇਵੇਗਾ ਤਾਂ ਹੀ ਅਸੀਂ ਵੰਡਾਂਗੇ। ਸੁਣ ਤਾਂ ਲਓ, ਤੁਸੀਂ ਜਵਾਬ ਮੰਗਿਆ ਹੈ। ਉਹ ਕਹਿੰਦੇ ਹਨ ਕਿ this is reference to your letter dated 11.09.2009, ਇਹ 2013 ਤੋਂ ਪਹਿਲਾਂ ਦਾ ਹੈ। ਸੁਣ ਲਓ (ਵਿਘਨ...ਸ਼ੋਰ)

ਮਾਨਯੋਗ ਸਪੀਕਰ : ਤੁਸੀਂ ਜਵਾਬ ਮੰਗਿਆ ਹੈ, ਉਹ ਤੁਹਾਡੀ ਸਪਲੀਮੈਂਟਰੀ ਦਾ ਹੀ ਜਵਾਬ ਦੇ ਰਹੇ ਹਨ। No, no, silence please. (ਵਿਘਨ)(ਸ਼ੋਰ)

ਸ਼੍ਰੀ ਤਰਲੋਚਨ ਸਿੰਘ :**

ਸਰਦਾਰ ਸਾਧੂ ਸਿੰਘ :**

ਸਰਦਾਰ ਚਰਨਜੀਤ ਸਿੰਘ ਚੰਨੀ :**

ਮਾਨਯੋਗ ਸਪੀਕਰ : ਮੇਰੀ ਆਗਿਆ ਤੋਂ ਬਿਨਾਂ ਜੋ ਕੁਝ ਬੋਲਿਆ ਜਾ ਰਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ। Nothing should be recorded without my permission.

** Not recorded as ordered by the Chair.

Minister: On the subject cited above that is allocation of the levy sugar for the month of August, 2009. In this connection we may inform your goodself that we have filed a writ petition with the Hon'ble Punjab and Haryana High Court regarding the levy sugar fixed by the Government. The rate of the sugar is very low and a cost of production is very much higher. We are unable to release the levy sugar till the decision of the Hon'ble Court. (ਵਿਘਨ) .(ਸ਼ੋਰ) ਹਾਲੇ ਮੇਰੀ ਚਿੱਠੀ ਨਹੀਂ ਮੁੱਕੀ, ਅੱਗੇ ਸੁਣ ਲਓ... (ਵਿਘਨ)(ਸ਼ੋਰ)

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਅੱਜ ਮੈਂ ਆਪਣੇ ਆਪ ਨੂੰ ਬੜਾ ਸਮਝਾ ਕੇ ਲਿਆਇਆ ਹਾਂ, ਕਿਉਂਕਿ ਮੈਂ ਉਸ ਦਿਨ ਵੀ ਬੜਾ ਮਹਿਸੂਸ ਕੀਤਾ ਸੀ, ਪਹਿਲੀ ਵਾਰੀ ਕੈਰੋਂ ਸਾਹਿਬ ਨੂੰ ਗੁੱਸਾ ਆ ਗਿਆ ਸੀ otherwise he is a very soft spoken person. My intention is not to blame him personally but the issue is that 4,86,000 ਹਜ਼ਾਰ ਬੰਦਿਆਂ ਦਾ ਹੱਕ ਨਹੀਂ ਮਿਲ ਰਿਹਾ, the Government has failed. I am not bothered about one particular sugar mill. ਕੋਈ ਵੀ ਸ਼ੂਗਰ ਮਿੱਲ ਹੈ, ਉਹ ਸਰਕਾਰ ਦੀ ਰਿਸਪਾਂਸੀਬਿਲਟੀ ਹੈ...(ਵਿਘਨ)...(ਸ਼ੋਰ)

ਮਾਨਯੋਗ ਸਪੀਕਰ : ਜਾਖੜ ਸਾਹਿਬ, ਹਾਈ ਕੋਰਟ ਵਿੱਚ ਕੇਸ ਹੈ। (ਵਿਘਨ)..(ਸ਼ੋਰ)

ਸ਼੍ਰੀ ਸੁਨੀਲ ਜਾਖੜ : ਇਨ੍ਹਾਂ ਨੂੰ ਸਖਤ ਸਜ਼ਾ ਦਿਓ। ਮੈਂ ਕਹਿ ਰਿਹਾ ਹਾਂ ਕਿ ਸਖਤ ਸਜ਼ਾ ਦਿਓ... (ਵਿਘਨ)..(ਸ਼ੋਰ)

ਮਾਨਯੋਗ ਸਪੀਕਰ : ਨਹੀਂ ਜੀ, ਨੋ, ਨੋ।

ਮੰਤਰੀ : ਸੁਣ ਤਾਂ ਲਓ, we are informing you. (ਵਿਘਨ)(ਸ਼ੋਰ)

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, you are the custodian of the House. (ਵਿਘਨ)(ਸ਼ੋਰ)

ਮਾਨਯੋਗ ਸਪੀਕਰ : ਮੈਂ ਇਸ ਲਈ ਕਹਿ ਰਿਹਾ ਹਾਂ ਕਿ ਇਨ੍ਹਾਂ ਨੂੰ ਸੁਣੋ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, I agree. (ਵਿਘਨ...ਸ਼ੋਰ)

ਮੰਤਰੀ : ਚਿੱਠੀ ਸੁਣ ਤਾਂ ਲਓ, I am trying to substantiate the efforts made. I have said what Government of India is telling us. (ਵਿਘਨ)(ਸ਼ੋਰ)

Shri Sunil Jakhar : I am believing you but the State Government has failed. (ਵਿਘਨ)(ਸ਼ੋਰ)

ਮੰਤਰੀ : ਸੁਣ ਤਾਂ ਲਓ, You have understood, let the House hear. ਮੈਂ ਪੜ੍ਹ ਕੇ ਸੁਣਾ ਦਿੰਦਾ ਹਾਂ.. (ਵਿਘਨ)(ਸ਼ੋਰ)

ਸ਼੍ਰੀ ਸੁਨੀਲ ਜਾਖੜ : ਤੁਸੀਂ ਸਾਰਿਆਂ ਨੂੰ ਕਮਰੇ ਵਿਚ ਬੁਲਾ ਕੇ ਦੱਸਦੇ ਹੋ.. (ਵਿਘਨ)(ਸ਼ੋਰ)

ਮੰਤਰੀ : ਮੈਂ ਤੁਹਾਨੂੰ ਕਿਹਾ ਸੀ ਕਿ ਕਮਰੇ ਵਿਚ ਆ ਜਾਓ, ਤੁਸੀਂ ਕਿਹਾ ਮੈਂ ਨਹੀਂ ਆਉਣਾ, ਹੁਣ ਤੁਸੀਂ ਭਰੀ ਸੰਗਤ ਵਿਚ ਕੁਝ ਸੁਣਨਾ ਨਹੀਂ ਚਾਹੁੰਦੇ, ਕੋਈ ਫੈਸਲਾ ਕਰੋ.. (ਵਿਘਨ)(ਸ਼ੋਰ) ਹੁਣ ਅੱਗੇ ਚੱਲੋ, ਸੁਣੋ।

Mr. Speaker : No, no. Silence, please. (ਵਿਘਨ)(ਸ਼ੋਰ)

ਮੰਤਰੀ : ਅਸੀਂ ਭਾਰਤ ਸਰਕਾਰ ਨੂੰ ਲਿਖਿਆ ਹੈ ਕਿ ਤੁਹਾਡੇ ਕੋਲ ਪਾਵਰ ਹੈ, ਸਾਡੇ ਕੋਲ ਨਹੀਂ ਹੈ। ਤੁਸੀਂ ਸਾਨੂੰ ਪਾਵਰ ਦਿਓ ਤਾਂ ਕਿ ਅਸੀਂ ਲੈਵੀ ਸ਼ੂਗਰ ਲੈਣ ਦੇ ਯੋਗ ਬਣ ਜਾਈਏ। ਫਿਰ ਭਾਰਤ ਸਰਕਾਰ ਨੇ ਸਾਨੂੰ ਲਿਖਿਆ ਕਿ ਤੁਸੀਂ ਐਫ.ਆਈ.ਆਰ. ਦਰਜ ਕਰਵਾ ਦਿਓ, ਅਸੀਂ ਉਹ ਵੀ ਕਰ ਦਿੱਤਾ। ਉਸ ਤੋਂ ਬਾਅਦ ਸਾਨੂੰ ਲਿਖਿਆ ਕਿ ਸਾਡੇ ਕੋਲ ਇਕ ਐਫੀਡੇਵਿਟ ਆ ਗਿਆ, ਉਹ ਐਫੀਡੇਵਿਟ ਵੀ ਮੇਰੇ ਕੋਲ ਹੈ.. (ਵਿਘਨ)(ਸ਼ੋਰ)

Mr. Speaker : No no, silence please. ਪਹਿਲਾਂ ਮੰਤਰੀ ਜੀ ਨੂੰ ਸੁਣ ਲਓ.. (ਵਿਘਨ)(ਸ਼ੋਰ).

ਮੰਤਰੀ : ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਤੋਂ ਭਾਰਤ ਸਰਕਾਰ ਨੇ ਸਾਡੇ ਕਹਿਣ ਤੇ ਪਾਲਿਸੀ ਅਮੈਂਡ ਕਰ ਦਿੱਤੀ ਹੈ (ਵਿਘਨ)(ਸ਼ੋਰ) ਸਾਡੇ ਕੋਲ ਐਨਫੋਰਸਮੈਂਟ ਦੇ ਪਾਵਰਜ਼ ਆ ਗਏ ਹਨ, ਹੁਣ ਅਸੀਂ ਸ਼ੂਗਰ ਦੀ ਡਿਸਟਰੀਬਿਊਸ਼ਨ ਵੀ ਬਿਲਕੁਲ ਰੈਗੂਲਰ ਕਰ ਦਿਆਂਗੇ। (ਵਿਘਨ) ਹੁਣ ਕੈਰੋਸੀਨ ਤੋਂ ਸ਼ੁਰੂ ਕਰ ਦਿੰਦੇ ਹਾਂ..(ਵਿਘਨ)

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਸੇਮ ਸਟੋਰੀ ਚੀਨੀ ਵਾਂਗ ਮਿੱਟੀ ਵਾਲੇ ਤੇਲ ਦੀ ਹੈ। ਸਪੀਕਰ ਸਾਹਿਬ, ਪਹਿਲਾਂ ਦਾ ਹਾਊਸ ਦਾ ਰਿਕਾਰਡ ਕਢਵਾ ਕੇ ਦੇਖ ਲਓ, ਮੈਂ ਦਸ ਹਜ਼ਾਰ ਤੋਂ ਵੱਧ ਬੰਦਿਆਂ ਤੋਂ ਸਾਈਨ ਕਰਵਾ ਕੇ ਲੈ ਕੇ ਆਇਆ ਸੀ ਜਦੋਂ ਇਨ੍ਹਾਂ ਨੇ ਕਿਹਾ ਸੀ ਕਿ ਮੈਨੂੰ ਐਫੀਡੈਵਿਟ ਦੇ ਦਿਓ। ਮੈਂ ਕਿਹਾ ਕਿ ਦੁੱਧ ਦੀ ਰਾਖੀ ਬਿੱਲੇ ਬਿਠਾਉਣ ਵਾਲੀ ਗੱਲ ਹੈ। ਇੱਥੇ ਸਾਡੇ ਸਾਰੇ ਮੈਂਬਰ ਬੈਠੇ ਹਨ, ਕਿਤੇ ਵੀ ਮਿੱਟੀ ਦੇ ਤੇਲ ਦੀ ਪਰਾਪਰ ਵੰਡ ਨਹੀਂ ਹੋ ਰਹੀ। ਜਿਵੇਂ ਕਿ ਇਨ੍ਹਾਂ ਨੇ ਕਿਹਾ ਸੀ ਕਿ 10 ਲੱਖ ਪਰਿਵਾਰਾਂ ਨੂੰ ਮਿੱਟੀ ਦਾ ਤੇਲ ਵੰਡਿਆ ਜਾ ਰਿਹਾ ਹੈ। ਸਪੀਕਰ ਸਾਹਿਬ, ਮੇਰੀ ਬੇਨਤੀ ਹੈ through you to the Hon'ble Minister or to the Hon'ble Chief Minister ਕਿ ਕੀ ਤੁਸੀਂ ਇਨਕੁਆਰੀ ਕਰਵਾ ਦਿਓਗੇ? ਸਿਵਾਏ ਬਠਿੰਡਾ ਦੇ ਹੋਰ ਕੋਈ ਵੀ ਇੱਕ ਜ਼ਿਲ੍ਹੇ ਦਾ ਚੁੱਕ ਲਓ। ਚਾਹੇ ਡਿਪਟੀ ਸੀ.ਐਮ ਵਾਲਾ ਫਾਜ਼ਿਲਕਾ ਲੈ ਲਓ, ਫਾਜ਼ਿਲਕਾ ਵਿੱਚ ਡਿਪਟੀ ਸੀ.ਐਮ.ਸਾਹਿਬ ਤੁਹਾਡੀ ਵੀ ਤੇ ਮੇਰੀ ਵੀ constituency ਆ ਗਈ। ਮਿੱਟੀ ਵਾਲੇ ਤੇਲ ਲਈ ਜਿਆਨੀ ਸਾਹਿਬ ਤੇ ਵੀ ਬਹੁਤ ਇਲਜ਼ਾਮ ਲੱਗਦੇ ਰਹੇ ਹਨ, ਇਸ ਨਾਲ ਇਹ ਵੀ ਪਾਕ ਦਾਮਨ ਹੋ ਜਾਣਗੇ। (ਆਪੋਜ਼ੀਸ਼ਨ ਪਾਰਟੀ ਵੱਲੋਂ ਥੰਪਿੰਗ) ਫਾਜ਼ਿਲਕਾ ਡਿਸਟ੍ਰਿਕਟ ਲਈ ਹਾਊਸ ਦੀ ਕਮੇਟੀ ਬਣਾ ਕੇ ਇਨਕੁਆਰੀ ਕਰਵਾ ਲਓ।

Mr. Speaker : No. No.

Shri Sunil Jakhar : Speaker Sahib, you cannot answer. Let the Hon'ble Chief Minister Sahib answer. ਸਪੀਕਰ ਸਾਹਿਬ, ਗਰੀਬਾਂ ਦੀ ਗੱਲ ਸੁਣ ਲਓ।

ਮਾਨਯੋਗ ਸਪੀਕਰ : ਨਹੀਂ, ਨਹੀਂ । ਤੁਸੀਂ ਜੋ ਕਿਹਾ ਹੈ ਉਹ ਮੈਂ ਸੁਣ ਲਿਆ ਹੈ। ਤੁਸੀਂ ਜੋ ਵੀ ਕਿਹਾ ਹੈ that has come on record. Next.

ਸ਼੍ਰੀ ਸੁਨੀਲ ਜਾਖੜ : ਇਹ ਜਿਹੜੇ ਬੀ.ਜੇ.ਪੀ. ਵਾਲੇ ਬੈਠੇ ਹਨ, ਜੇਕਰ ਇਹ ਕਹਿ ਦੇਣ ਕਿ ਖੰਡ ਵੰਡੀ ਗਈ ਹੈ, ਇਸ ਬਾਰੇ ਇਥੇ ਜਵਾਬ ਦੇ ਦੇਣ।

ਮਾਨਯੋਗ ਸਪੀਕਰ : ਨੈਕਸਟ ਕੁਐਸਚਨ, ਬੀਬੀ ਜਗੀਰ ਕੌਰ ਜੀ।

ਬੀਬੀ ਜਗੀਰ ਕੌਰ : ਮੇਰਾ ਸਵਾਲ ਨੰ: 2047 ਹੈ ਜੀ.. (ਵਿਘਨ)(ਸ਼ੋਰ)

ਮੰਤਰੀ : ਚਲੋ, ਮੈਂ kerosene ਦੀ ਪਾਲਿਸੀ ਵੀ ਐਕਸਪਲੇਨ ਕਰ ਦਿੰਦਾ ਹਾਂ, ਇਹ ਸੁਣਨ ਵਾਲੇ ਬਣਨ, we are willing to explain.

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੋਂ ਉੱਠ ਕੇ ** ** ਨਾਅਰੇ ਮਾਰਦੇ ਹੋਏ ਵੈੱਲ ਆਫ ਦਿ ਹਾਊਸ ਵਿੱਚ ਆ ਗਏ ਜੋ ਕਿ ਚੇਅਰ ਦੀ ਆਗਿਆ ਨਾਲ ਰਿਕਾਰਡ ਨਹੀਂ ਕੀਤੇ ਗਏ।)

ਮੰਤਰੀ : ਸਪੀਕਰ ਸਾਹਿਬ, ਜੋ ਕੁੰਐਸਚਨ ਮੇਰੇ ਤੋਂ ਪੁੱਛ ਰਹੇ ਹਨ, ਮੈਂ ਉਸ ਦਾ ਜਵਾਬ ਦੇ ਰਿਹਾ ਹਾਂ। (ਵਿਘਨ) Speaker Sahib, I am willing to explain but ਇਹ ਕਿਹੜੀ ਗੱਲ ਹੈ ਕਿ ਜਵਾਬ ਹੀ ਨਹੀਂ ਸੁਣਨਾ।

ਮਾਨਯੋਗ ਸਪੀਕਰ : ਜੋ ਕੁਝ ਵੀ ਮੇਰੀ ਪਰਮਿਸ਼ਨ ਤੋਂ ਬਗੈਰ ਬੋਲਿਆ ਗਿਆ ਹੈ, ਉਸ ਨੂੰ ਐਕਸਪੰਜ ਕਰ ਦਿਓ। ਇਹ ਇਨਕੁਆਰੀ ਦਾ ਮਸਲਾ ਮੇਰਾ ਨਹੀਂ ਹੈ। ਨਾਹਰੇ ਰਿਕਾਰਡ ਨਾ ਕੀਤੇ ਜਾਣ। Please go to your seats. I understand but you are wasting the time. ਤੁਹਾਡਾ ਪੁਆਇੰਟ ਆ ਗਿਆ। Please go to your seats. I cannot compel anybody.

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਸਾਹਿਬਾਨ ਵੈੱਲ ਆਫ ਦਿ ਹਾਊਸ ਵਿੱਚ ** ਨਾਅਰੇ ਮਾਰ ਰਹੇ ਸਨ।)

Mr. Speaker: Please go to your seats. ਉਨ੍ਹਾਂ ਨੇ ਜਵਾਬ ਦੇ ਦਿੱਤਾ ਹੈ।

ਸਿਹਤ ਤੇ ਪਰਿਵਾਰ ਭਲਾਈ ਮੰਤਰੀ (ਸ਼੍ਰੀ ਸੁਰਜੀਤ ਕੁਮਾਰ ਜਿਆਨੀ) : ਸਪੀਕਰ ਸਾਹਿਬ, ਇਨਕੁਆਰੀ ਕਰਵਾ ਲਓ ਕਿ ਜੇਕਰ ਮਿੱਟੀ ਦਾ ਤੇਲ ਨਾ ਵੰਡਿਆ ਗਿਆ ਹੋਵੇ ਤਾਂ ਮੈਂ ਰਿਜ਼ਾਈਨ ਕਰ ਦਿਆਂਗਾ।

Mr. Speaker : Please go to your seats. ਉਨ੍ਹਾਂ ਨੇ ਜਵਾਬ ਦੇ ਦਿੱਤਾ ਹੈ..(ਵਿਘਨ) Please go to your seats now. (ਵਿਘਨ)(ਸ਼ੋਰ) ਮੰਤਰੀ ਸਾਹਿਬ ਜਵਾਬ ਦੇ ਰਹੇ ਹਨ, ਤੁਸੀਂ ਉਨ੍ਹਾਂ ਨੂੰ ਸੁਣ ਨਹੀਂ ਰਹੇ। This is not the way. (ਵਿਘਨ)(ਸ਼ੋਰ)

** Not recorded/Expunged as ordered by the Chair.

WALKOUT

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮਾਨਯੋਗ ਮੈਂਬਰ ਸ਼੍ਰੀਮਤੀ ਅਰੁਨਾ ਚੌਧਰੀ ਅਤੇ ਸਰਦਾਰ ਜਗਮੋਹਨ ਸਿੰਘ ਕੰਗ ਤੋਂ ਇਲਾਵਾ ਬਾਕੀ ਸਮੂਹ ਹਾਜ਼ਰ ਮੈਂਬਰ ਸਾਹਿਬਾਨ ਅਤੇ ਸ਼੍ਰੀ ਰਜਨੀਸ਼ ਕੁਮਾਰ, ਅਜ਼ਾਦ ਮੈਂਬਰ, ਖੁਰਾਕ ਤੇ ਸਿਵਲ ਸਪਲਾਈ ਮੰਤਰੀ ਵੱਲੋਂ ਦਿੱਤੇ ਜਵਾਬ ਤੋਂ ਅਸੰਤੁਸ਼ਟ ਹੋ ਕੇ ਰੋਸ ਵਜੋਂ ** ** ** ਨਾਅਰੇ ਮਾਰਦੇ ਹੋਏ ਸਦਨ ਵਿੱਚੋਂ ਵਾਕ ਆਊਟ ਕਰ ਗਏ।)

STARRED QUESTIONS AND ANSWERS *(Resumption)*

ਖੁਰਾਕ ਤੇ ਸਿਵਲ ਸਪਲਾਈ ਮੰਤਰੀ : ਸਪੀਕਰ ਸਾਹਿਬ, I will take this opportunity to explain the Kerosene Policy. ਸਪੀਕਰ ਸਾਹਿਬ, ਜਿਹੜੀ ਕੈਰੋਸੀਨ ਹੈ.....

ਮਾਨਯੋਗ ਸਪੀਕਰ : ਉਨ੍ਹਾਂ ਨੂੰ ਜਾ ਲੈਣ ਦਿਉ।

ਮੰਤਰੀ : ਸਪੀਕਰ ਸਾਹਿਬ, ਮੈਨੂੰ ਐਕਸਪਲੇਨ ਕਰਨ ਦਾ ਚਾਂਸ ਦੇ ਦਿਉ। ਸਪੀਕਰ ਸਾਹਿਬ, ਕੈਰੋਸੀਨ ਕੇਵਲ ਤੇ ਕੇਵਲ ਉਸ ਨੂੰ ਦਿੱਤੀ ਜਾ ਸਕਦੀ ਹੈ ਜਿਸ ਕੋਲ ਗੈਸ ਕੁਨੈਕਸ਼ਨ ਨਾ ਹੋਵੇ, ਇਹ ਹਦਾਇਤਾਂ ਹਨ। ਜੇਕਰ ਤੁਹਾਡੇ ਕੋਲ ਗੈਸ ਕੁਨੈਕਸ਼ਨ ਹੈ ਤਾਂ ਤੁਹਾਨੂੰ ਕੈਰੋਸੀਨ ਨਹੀਂ ਮਿਲ ਸਕਦੀ। ਜੇਕਰ ਤੁਸੀਂ ਕੈਰੋਸੀਨ ਲੈਣਾ ਚਾਹੁੰਦੇ ਹੋ ਤਾਂ ਗੈਸ ਦਾ ਕੁਨੈਕਸ਼ਨ ਸਰੰਡਰ ਕਰਨਾ ਪਵੇਗਾ। ਸਪੀਕਰ ਸਾਹਿਬ, ਪਲੀਜ਼ ਮਾਈਂਡ ਨਾ ਕਰਿਉ, ਮੈਂ ਬਗੈਰ ਕਾਗਜ਼ ਪੜ੍ਹੇ ਦੱਸ ਦਿੰਦਾ ਹਾਂ, ਥੋੜ੍ਹਾ ਬਹੁਤ ਗਲਤ ਹੋ ਸਕਦਾ ਹੈ।ਗੌਰਮਿੰਟ ਆਫ ਇੰਡੀਆ ਨੇ ਸਕੀਮ ਬਣਾਈ ਹੈ ਕਿ ਜਿਸ ਨੇ ਆਪਣਾ ਗੈਸ ਕੁਨੈਕਸ਼ਨ ਆਧਾਰ ਨੰਬਰ ਨਾਲ ਕੁਨੈਕਟ ਕੀਤਾ ਹੋਇਆ ਹੈ ਅਤੇ ਬੈਂਕ ਦਾ ਖਾਤਾ ਵੀ ਆਧਾਰ ਨੰਬਰ ਨਾਲ ਕੁਨੈਕਟ ਕੀਤਾ ਹੋਇਆ ਹੈ ਅਤੇ ਉਸ ਦੀ ਸਬਸਿਡੀ ਬੈਂਕ ਖਾਤੇ ਵਿੱਚ ਪਹੁੰਚ ਜਾਂਦੀ ਹੈ, ਇਸ ਨੂੰ ਕੈਟਾਗਰੀ 'ਏ' ਕਿਹਾ ਜਾਂਦਾ ਹੈ। ਮੈਂ ਇਸ ਦੀ ਐਗਜ਼ੈਕਟ ਟਰਮੀਨਾਲੋਜੀ ਵੀ ਕੱਢ ਲੈਂਦਾ ਹਾਂ ਜੀ। ਇਸ ਨੂੰ ਆਧਾਰ ਟਰਾਂਜ਼ੈਕਸ਼ਨ ਕੰਪਲਾਇੰਸ ਕਹਿੰਦੇ ਹਨ। ਸਪੀਕਰ ਸਾਹਿਬ, ਇੱਕ ਬੀ.ਟੀ.ਸੀ. ਕੈਟਾਗਰੀ ਹੈ,

** Not recorded as ordered by the Chair.

[ਖੁਰਾਕ ਅਤੇ ਸਿਵਲ ਸਪਲਾਈ ਮੰਤਰੀ]

ਜਿਸ ਨੂੰ ਬੈਂਕ ਟਰਾਂਜ਼ੈਕਸ਼ਨ ਕੰਪਲਾਇੰਸ ਕਹਿੰਦੇ ਹਨ। ਜਿਸ ਵਿੱਚ ਕੀ ਹੁੰਦਾ ਹੈ ਕਿ ਗੈਸ ਕੁਨੈਕਸ਼ਨ ਨਾਲ ਤਾਂ ਆਧਾਰ ਕਾਰਡ ਲਿੰਕ ਹੁੰਦਾ ਹੈ ਪਰ ਬੈਂਕ ਅਕਾਊਂਟ ਨਾਲ ਲਿੰਕ ਨਹੀਂ ਹੁੰਦਾ। ਇਸ ਵਿੱਚ ਬੈਂਕ ਟਰਾਂਜ਼ੈਕਸ਼ਨ ਅਲਾਟਿਡ ਹੁੰਦੀ ਹੈ ਅਤੇ ਆਪਣੇ ਆਪ ਪੈਸਾ ਬੈਂਕ ਦੇ ਖਾਤੇ ਵਿੱਚ ਪੈ ਜਾਂਦਾ ਹੈ ਪਰ ਬੈਂਕ ਦਾ ਅਕਾਊਂਟ ਆਧਾਰ ਕਾਰਡ ਨਾਲ ਲਿੰਕਡ ਨਹੀਂ ਹੁੰਦਾ, ਇਹ ਗੌਰਮਿੰਟ ਆਫ ਇੰਡੀਆ ਨੇ ਕੈਟਾਗਰੀ 'ਬੀ' ਬਣਾਈ ਹੈ। ਇਹ ਟੋਟਲ ਕੈਸ਼ ਟਰਾਂਜ਼ੈਕਸ਼ਨ ਕੰਪਲਾਇੰਸ ਹੁੰਦਾ ਹੈ ਜਿਸ ਨੂੰ ਸੀ.ਟੀ.ਸੀ. ਕਹਿੰਦੇ ਹਨ, ਇਹ ਏ.ਟੀ.ਸੀ. ਅਤੇ ਬੀ.ਟੀ.ਸੀ. ਦਾ ਟੋਟਲ ਹੋ ਜਾਂਦਾ ਹੈ। ਸਾਡੀ ਸਟੇਟ ਵਿੱਚ 59 ਲੱਖ 58 ਹਜ਼ਾਰ ਐਲ.ਪੀ.ਜੀ. ਦੇ ਕੁਨੈਕਸ਼ਨ ਹਨ। ਲਗਭਗ 60 ਲੱਖ ਲਗਾ ਲਉ। ਇਸ ਵਿੱਚੋਂ ਸਾਢੇ 40 ਲੱਖ ਏ.ਟੀ.ਸੀ. ਕੈਟਾਗਰੀ ਵਿੱਚ ਹਨ ਜਿਨ੍ਹਾਂ ਨੂੰ ਸਬਸਿਡੀ ਮਿਲ ਰਹੀ ਹੈ। ਸਾਢੇ 6 ਲੱਖ ਇਹੋ ਜਿਹੇ ਹਨ ਜਿਹੜੇ ਕਿ ਬੀ.ਟੀ.ਸੀ. ਅਧੀਨ ਹਨ ਅਤੇ ਬੈਂਕ ਵਿੱਚ ਸਬਸਿਡੀ ਜਾ ਰਹੀ ਹੈ। ਸੋ, ਜੇਕਰ ਸਾਢੇ 50 ਲੱਖ ਕੁਨੈਕਸ਼ਨ ਹਨ ਤਾਂ 53 ਲੱਖ ਕੁਨੈਕਸ਼ਨ ਅਜਿਹੇ ਹਨ ਜਿਹੜੇ ਕੈਰੋਸੀਨ ਦੀ ਸਬਸਿਡੀ ਆਲਰੇਡੀ ਲੈ ਰਹੇ ਹਨ। ਜਿਹੜੇ ਬਾਕੀ ਸਾਢੇ 6 ਲੱਖ ਰਹਿੰਦੇ ਹਨ, ਇਸ ਲਈ ਮੈਂ ਤਾਂ ਚਾਹੁੰਦਾ ਸੀ ਕਿ ਅੱਜ ਸਾਰਿਆਂ ਵਿੱਚ ਸਰਕੂਲੇਟ ਕਰ ਦਿੰਦਾ ਕਿ ਅਸੀਂ ਖੁਦ ਕਹੀਏ ਕਿ ਅਸੀਂ ਸਬਸਿਡੀ ਨਹੀਂ ਲੈਣੀ, ਜਿਵੇਂ ਪੀ.ਐਮ. ਸਾਹਿਬ ਨੇ ਕਿਹਾ ਹੈ ਕਿ ਇਹ ਸਬਸਿਡੀ ਗਰੀਬਾਂ ਵਾਸਤੇ ਹੈ। ਮੈਂ ਤਾਂ ਇਹ ਬੇਨਤੀ ਕਰਾਂਗਾ ਕਿ ਉਹ ਸਰਟੀਫਿਕੇਟ ਮੈਂ ਹਾਊਸ ਵਿੱਚ ਰੱਖ ਦਿੰਦਾ ਹਾਂ ਅਤੇ ਸਾਰੇ ਐਮ.ਐਲ. ਏ. ਸਾਹਿਬ ਘੱਟੋ ਘੱਟ ਉਹ ਸਾਈਨ ਕਰ ਦੇਣ ਕਿ ਅਸੀਂ ਗੈਸ ਦੀ ਸਬਸਿਡੀ ਨਹੀਂ ਲਵਾਂਗੇ। ਜੇਕਰ ਨਹੀਂ ਕਲੇਮ ਕਰਦੇ ਤਾਂ ਆਟੋਮੈਟਿਕ ਹੈ ਪਰ ਆਪਾਂ ਇਸ ਦਾ ਇੱਕ ਵਾਰੀ ਜੈਸਚਰ ਕਰਵਾ ਦੇਈਏ। ਸੋ, ਸਪੀਕਰ ਸਾਹਿਬ, ਪਿੱਛੇ ਕੋਈ ਲਗਭਗ ਸਾਢੇ 6 ਲੱਖ ਪਰਿਵਾਰ ਰਹਿ ਗਏ ਹਨ।(ਸਰਦਾਰ ਬਲਵਿੰਦਰ ਸਿੰਘ ਬੈਂਸ ਵੱਲੋਂ ਵਿਘਨ.) ਤੁਸੀਂ ਜਵਾਬ ਤਾਂ ਸੁਣ ਲਵੋ, ਸਾਢੇ ਛੇ ਲੱਖ ਪਰਿਵਾਰ ਇਹੋ ਜਿਹੇ ਰਹਿ ਜਾਂਦੇ ਹਨ ਜਿਨ੍ਹਾਂ ਨੂੰ ਕੈਰੋਸੀਨ ਦੇਣਯੋਗ ਹੈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਾਹਿਬਾਨ ਸਦਨ ਵਿਚ ** ਨਾਅਰੇ ਮਾਰਦੇ ਹੋਏ ਹਾਜ਼ਰ ਹੋ ਰਹੇ ਸਨ।)

Welcome back ji, welcome back. ਸਪੀਕਰ ਸਾਹਿਬ, ਜਿਹੜੇ

** Not recorded as ordered by the Chair.

ਸਾਢੇ ਛੇ ਲੱਖ ਪਰਿਵਾਰ ਰਹਿ ਗਏ ਹਨ, ਅਸੀਂ ਇਹ ਕਰ ਦਿੱਤਾ ਹੈ ਕਿ ਆਧਾਰ ਕਾਰਡ ਦਾ (ਸ਼ੋਰ)(ਵਿਘਨ) ਸਪੀਕਰ ਸਾਹਿਬ, please ask the Hon'ble Leader of the Opposition not to disturb. I have great respect for him and I am giving reply. ਇਹ ਸੁਣ ਨਹੀਂ ਰਹੇ ਹਨ। ਸਪੀਕਰ ਸਾਹਿਬ, ਸਾਢੇ ਛੇ ਲੱਖ ਫੈਮਿਲੀਜ਼ ਆਧਾਰ ਕਾਰਡ ਦੇ ਨੰਬਰ ਦੇਣ ਤੋਂ ਰਹਿ ਗਈਆਂ ਹਨ। ਸਪੀਕਰ ਸਾਹਿਬ, ਤੁਹਾਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਪੰਜਾਬ ਆਧਾਰ ਲਿੰਕੇਜ ਵਿਚ ਟਾਪ ਤੇ ਜਾ ਰਿਹਾ ਹੈ। ਸਾਡਾ ਬੜਾ ਕਲੀਅਰ ਕੱਟ ਆਰਡਰ ਹੈ ਅਤੇ ਮੈਨੂੰ ਆਸ ਹੈ ਕਿ ਮੇਰੇ ਸਾਰੇ ਸਤਿਕਾਰਯੋਗ ਵੀਰ ਅਤੇ ਸਾਥੀ ਮੇਰੇ ਨਾਲ ਸਾਥ ਦੇਣਗੇ। ਅਸੀਂ ਸਤੰਬਰ ਵਿਚ ਆਰਡਰ ਕੱਢ ਦਿੱਤਾ ਹੈ (ਵਿਘਨ)(ਸ਼ੋਰ)

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ....

Mr. Speaker : I cannot stop when he is giving the reply.

ਮੰਤਰੀ : ਜੇਕਰ ਤੁਸੀਂ ਵਾਕ-ਆਊਟ ਕਰ ਸਕਦੇ ਹੋ ਤਾਂ ਕੀ ਅਸੀਂ ਐਕਸਪਲੇਨ ਨਹੀਂ ਕਰ ਸਕਦੇ? ਅਸੀਂ ਕਲੀਅਰ ਕਰ ਦਿੱਤਾ ਹੈ ਕਿ ਸਾਢੇ ਛੇ ਲੱਖ ਫੈਮਿਲੀਜ਼ ਨੂੰ ਕੈਰੋਸੀਨ ਤਾਂ ਮਿਲੇਗਾ, ਜੇਕਰ ਉਹ ਆਧਾਰ ਕਾਰਡ ਦਾ ਨੰਬਰ ਦੇਣਗੇ। ਜਿਸ ਨੂੰ ਵੀ ਕੈਰੋਸਿਨ ਜਾ ਰਿਹਾ ਹੈ, ਆਧਾਰ ਕਾਰਡ ਨੰਬਰ ਦੇ ਬੇਸ ਤੇ ਜਾ ਰਿਹਾ ਹੈ, ਉਹ ਹੁਣ ਵੀ ਮੈਂ ਜਾਖੜ ਸਾਹਿਬ ਨੂੰ ਦੇ ਸਕਦਾ ਹਾਂ। (ਵਿਘਨ)(ਸ਼ੋਰ)

ਮਾਨਯੋਗ ਸਪੀਕਰ : ਹਾਂ ਜੀ, ਬੈਂਸ ਸਾਹਿਬ,

ਸਰਦਾਰ ਬਲਵਿੰਦਰ ਸਿੰਘ ਬੈਂਸ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿੰਨੇ ਤੱਥ ਇਨ੍ਹਾਂ ਨੇ ਇੱਥੇ ਪੇਸ਼ ਕੀਤੇ ਹਨ, ਇਨ੍ਹਾਂ ਨੇ ਸਵਾਲ ਪੜ੍ਹਿਆ ਨਹੀਂ ਕਿ ਸਵਾਲ ਕੀ ਹੈ? ਸਵਾਲ ਤਾਂ ਇਹ ਕੀਤਾ ਹੈ ਕਿ ਕਿੰਨੇ ਬੰਦਿਆਂ ਨੂੰ ਖੰਡ ਦਿੱਤੀ ਗਈ ਅਤੇ ਕਿੰਨੇ ਬੰਦਿਆਂ ਨੂੰ ਤੇਲ ਦਿੱਤਾ ਗਿਆ। ਇਨ੍ਹਾਂ ਨੇ ਸਾਡੇ ਕੋਲੋਂ ਸਾਈਨ ਕਰਾਉਣੇ ਸ਼ੁਰੂ ਕਰ ਦਿੱਤੇ, ਇਨ੍ਹਾਂ ਨੂੰ ਇਸ ਗੱਲ ਦਾ ਤਾਂ ਪਤਾ ਹੀ ਨਹੀਂ ਕਿ ਅਸੀਂ ਤਾਂ ਪਹਿਲਾਂ ਹੀ ਸਾਈਨ ਕਰ ਕੇ ਦੇ ਚੁੱਕੇ ਹਾਂ। ਇਹ ਅੱਜ ਕਹਿੰਦੇ ਹਨ ਕਿ ਮੈਂ ਸਰਕੁਲੇਟ ਕਰ ਦਿੰਦਾ ਹਾਂ, ਤੁਸੀਂ ਸਾਈਨ ਕਰ ਦਿਉ ਅਤੇ ਤੁਸੀਂ ਸਬਸਿਡੀ ਨਾ ਲਵੋ। ਕਿਰਪਾ ਕਰਕੇ ਮੰਤਰੀ ਸਾਹਿਬ ਸਵਾਲ ਨੂੰ ਪੜ੍ਹੋ, ਇਸ ਵਿਚ ਲਿਖਿਆ ਹੈ ਕਿ ਤੁਸੀਂ ਕਿੰਨੇ ਬੰਦਿਆਂ ਨੂੰ

[ਸਰਦਾਰ ਬਲਵਿੰਦਰ ਸਿੰਘ ਬੈਂਸ]

ਮਿੱਟੀ ਦਾ ਤੇਲ ਦਿੱਤਾ, ਕਿੰਨੇ ਬੰਦਿਆਂ ਨੂੰ ਖੰਡ ਦਿੱਤੀ। ਤੁਹਾਡੇ ਮਹਿਕਮੇ ਵਿਚ ਜਿੰਨੀ ਕੁਰੱਪਸ਼ਨ ਹੈ, ਉਤਨੀ ਕਿਸੇ ਵੀ ਮਹਿਕਮੇ ਵਿਚ ਨਹੀਂ ਹੈ। (ਵਿਰੋਧੀ ਧਿਰ ਵੱਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ) .....

ਮਾਨਯੋਗ ਸਪੀਕਰ : ਬੀਬੀ ਜਗੀਰ ਕੌਰ ਜੀ।

ਸਰਦਾਰ ਬਲਵਿੰਦਰ ਸਿੰਘ ਬੈਂਸ : ਪਹਿਲਾਂ ਤੁਸੀਂ ਕਾਰਡ ਬਣਵਾਏ। ਤੁਸੀਂ ਜ਼ਿਆਦਾ ਸਿਆਣੇ ਹੋ.......

Mr. Speaker: Please sit down now.

ਸਰਦਾਰ ਬਲਵਿੰਦਰ ਸਿੰਘ ਬੈਂਸ : ਤੁਸੀਂ ਆਪਣੇ ਤੇ ਨਹੀਂ ਲਿਆ, ਡੀ.ਸੀ. ਕੋਲੋਂ ਬਣਵਾ ਲਏ....

ਮਾਨਯੋਗ ਸਪੀਕਰ: ਬੈਂਸ ਜੀ, ਲੈਕਚਰ ਨਹੀਂ ਕਰਨਾ।

ਸਰਦਾਰ ਬਲਵਿੰਦਰ ਸਿੰਘ ਬੈਂਸ : **

Mr. Speaker: Nothing is to be recorded. ਹਾਂ ਜੀ, ਬੀਬੀ ਜਗੀਰ ਕੌਰ ਜੀ।

ਨੈਸ਼ਨਲ ਹਾਈਵੇ ਦੀ ਉਸਾਰੀ

***2047. ਬੀਬੀ ਜਗੀਰ ਕੌਰ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜਲੰਧਰ ਬਿਧੀਪੁਰ ਵਾਇਆ ਢਿੱਲਵਾਂ ਨੈਸ਼ਨਲ ਹਾਈਵੇ ਦੀ ਉਸਾਰੀ ਦਾ ਕੰਮ ਕਦੋਂ ਸ਼ੁਰੂ ਹੋਇਆ ਸੀ ਅਤੇ ਇਹ ਕਦੋਂ ਤੱਕ ਮੁਕੰਮਲ ਹੋ ਜਾਵੇਗਾ?

ਸਰਦਾਰ ਜਨਮੇਜਾ ਸਿੰਘ ਸੇਖੋਂ : ਸ਼੍ਰੀਮਾਨ ਜੀ, ਬਿਧੀਪੁਰ ਤੋਂ ਢਿੱਲਵਾਂ ਤੱਕ ਸੜਕ ਨੈਸ਼ਨਲ ਹਾਈਵੇ ਨੰ: 1 ਦਾ ਹਿੱਸਾ ਹੈ ਅਤੇ ਇਹ ਨੈਸ਼ਨਲ ਹਾਈਵੇ ਅਥਾਰਿਟੀ ਆਫ ਇੰਡੀਆ ਦੇ ਅਧੀਨ ਹੈ। ਪ੍ਰੋਜੈਕਟ ਡਾਇਰੈਕਟਰ ਨੈਸ਼ਨਲ ਹਾਈਵੇ ਅਥਾਰਿਟੀ ਆਫ ਇੰਡੀਆ, ਜਲੰਧਰ ਵੱਲੋਂ ਦੱਸਿਆ ਗਿਆ ਕਿ ਬਿਧੀਪੁਰ ਤੋਂ ਢਿੱਲਵਾਂ ਤੱਕ ਸੜਕ ਨੂੰ 6 ਮਾਰਗੀ ਕਰਨ ਦਾ ਕੰਮ ਮਿਤੀ 20.1.2014 ਨੂੰ ਸ਼ੁਰੂ ਹੋਇਆ ਸੀ ਅਤੇ ਇਸ ਦੇ ਜਨਵਰੀ, 2016 ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ।

** Not recorded as ordered by the Chair.

ਬੀਬੀ ਜਗੀਰ ਕੌਰ : ਸਪੀਕਰ ਸਾਹਿਬ, ਇਸ ਹਿੱਸੇ ਨੂੰ ਸ਼ੁਰੂ ਹੋਏ ਨੂੰ ਤਕਰੀਬਨ ਇਕ ਸਾਲ 9 ਮਹੀਨੇ ਹੋ ਗਏ ਹਨ। ਕੀ ਮੰਤਰੀ ਜੀ ਦੱਸਣਗੇ ਕਿ ਇਸ ਦਾ ਹੁਣ ਤੱਕ ਕਿੰਨਾ ਹਿੱਸਾ ਬਣ ਚੁੱਕਾ ਹੈ?

ਮੰਤਰੀ : ਸਪੀਕਰ ਸਾਹਿਬ, ਇਹ ਨੈਸ਼ਨਲ ਹਾਈਵੇ ਅਥਾਰਿਟੀ ਵੱਲੋਂ ਬਣਾਇਆ ਜਾ ਰਿਹਾ ਹੈ। ਇਸ ਦਾ ਸਾਰਾਂ ਕੰਮ ਬੰਦ ਪਿਆ ਸੀ। ਜਿਹੜਾ ਠੇਕੇਦਾਰ ਸੀ, ਉਹ ਕੰਮ ਤੋਂ ਭੱਜ ਗਿਆ ਸੀ। ਉਸ ਨੂੰ ਹੁਣ ਦੁਬਾਰਾ ਲਿਆਂਦਾ ਹੈ ਅਤੇ ਹੁਣ ਕੰਮ ਫਿਰ ਸ਼ੁਰੂ ਕੀਤਾ ਹੈ।

ਬੀਬੀ ਜਗੀਰ ਕੌਰ : ਸਪੀਕਰ ਸਾਹਿਬ, ਇਹ ਜਨਵਰੀ, 2016 ਤੱਕ ਤਾਂ ਮੁਕੰਮਲ ਨਹੀਂ ਹੋਣਾ। ਕੀ ਮੰਤਰੀ ਜੀ ਦੱਸਣਗੇ ਕਿ ਇਸ ਤਰੀਕ ਤੱਕ ਇਹ ਕੰਮ ਕਿੱਥੋਂ ਤੱਕ ਆ ਸਕਦਾ ਹੈ?

ਮੰਤਰੀ : ਨੈਸ਼ਨਲ ਹਾਈਵੇ ਅਥਾਰਿਟੀ ਕੋਲ ਇਹ ਕੰਮ ਹੈ। ਅਸੀਂ ਉਨ੍ਹਾਂ ਨੂੰ ਪੁੱਛਿਆ ਹੈ ਅਤੇ ਉਨ੍ਹਾਂ ਨੇ ਦੱਸਿਆ ਹੈ ਕਿ ਜਨਵਰੀ, 2016 ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ।

ਪਿੰਡ ਬੀਨੇਵਾਲ ਵਿਖੇ ਹਸਪਤਾਲ ਚਾਲੂ ਕਰਨਾ

***2053. ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜ਼ਿਲ੍ਹਾ ਹੁਸ਼ਿਆਰਪੁਰ ਦੇ ਬੀਤ ਦੇ ਇਲਾਕੇ ਵਿਚ ਪਿੰਡ ਬੀਨੇਵਾਲ ਵਿਖੇ 30 ਬੈਡਾਂ ਦੇ ਹਸਪਤਾਲ ਦੀ ਉਸਾਰੀ ਦਾ ਕੰਮ ਮੁਕੰਮਲ ਹੋ ਚੁੱਕਾ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਕਦੋਂ ਤੱਕ ਚਾਲੂ ਕਰ ਦਿੱਤਾ ਜਾਵੇਗਾ?

ਸ੍ਰੀ ਸੁਰਜੀਤ ਕੁਮਾਰ ਜਿਆਨੀ : ਸ਼੍ਰੀਮਾਨ ਜੀ, ਹਾਂ ਜੀ। ਜ਼ਿਲ੍ਹਾ ਹੁਸ਼ਿਆਰਪੁਰ ਦੇ ਬੀਤ ਇਲਾਕੇ ਵਿਚ 30 ਬਿਸਤਰਿਆਂ ਦੇ ਹਸਪਤਾਲ ਦੀ ਉਸਾਰੀ ਦਾ ਕੰਮ ਮਿਤੀ 31.10.2015 ਤੱਕ ਮੁਕੰਮਲ ਹੋ ਜਾਣ ਦੀ ਸੰਭਾਵਨਾ ਹੈ ਅਤੇ ਉਸਾਰੀ ਦਾ ਕੰਮ ਮੁਕੰਮਲ ਹੋਣ ਉਪਰੰਤ ਹਸਪਤਾਲ ਤੁਰੰਤ ਚਾਲੂ ਕਰ ਦਿੱਤਾ ਜਾਵੇਗਾ।

ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ : ਸਪੀਕਰ ਸਾਹਿਬ, ਮੰਤਰੀ ਜੀ ਨੇ ਮਿਤੀ 31.10.2015 ਤੱਕ ਇਸ ਨੂੰ ਮੁਕੰਮਲ ਹੋਣ ਦੀ ਸੰਭਾਵਨਾ ਦੱਸੀ ਹੈ ਪਰ ਇਹ ਟਾਈਮ ਬਾਊਂਡ ਕਰਕੇ ਦੱਸਣ ਕਿ ਇਹ ਹਸਪਤਾਲ ਕਦੋਂ ਤੱਕ ਮੁਕੰਮਲ ਕਰਕੇ ਚਾਲੂ ਕਰ ਦਿੱਤਾ ਜਾਵੇਗਾ ?

ਮੰਤਰੀ : ਸਪੀਕਰ ਸਾਹਿਬ, 37 ਦਿਨਾਂ ਦੀ ਗੱਲ ਹੈ । ਇਹ 37 ਦਿਨਾਂ ਵਿੱਚ ਕੰਪਲੀਟ ਹੋ ਜਾਵੇਗਾ, ਇੱਕ ਅੱਧਾ ਦਿਨ ਉੱਤੇ ਥੱਲੇ ਹੋ ਸਕਦਾ ਹੈ । ਇਸ ਦਾ 95% ਕੰਮ ਕੰਪਲੀਟ ਹੋ ਚੁੱਕਾ ਹੈ ।

ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ : ਸਪੀਕਰ ਸਾਹਿਬ, ਮੰਤਰੀ ਜੀ ਨੇ ਸੰਭਾਵਨਾ ਦੱਸੀ ਹੈ ਕਿ ਮਿਤੀ 31.10.2015 ਤੱਕ ਇਸ ਹਸਪਤਾਲ ਦਾ ਕੰਮ ਕੰਪਲੀਟ ਹੋ ਜਾਵੇਗਾ ਪਰ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਟਾਈਮ ਬਾਊਂਡ ਕਰਨ ਕਿ ਕਿੰਨੇ ਚਿਰ ਵਿੱਚ ਇਹ ਹਸਪਤਾਲ ਚਾਲੂ ਹੋ ਜਾਵੇਗਾ ?

ਮਾਨਯੋਗ ਸਪੀਕਰ : ਇਹ ਪਾਸੀਬਲ ਹੀ ਨਹੀਂ ਹੈ ।

ਮੰਤਰੀ : ਸਪੀਕਰ ਸਾਹਿਬ, ਦੋ-ਚਾਰ ਦਿਨ ਉੱਤੇ ਥੱਲੇ ਹੋ ਸਕਦੇ ਹਨ । ਇਸ ਤੋਂ ਵੱਧ ਨਹੀਂ ।

Mr. Speaker : I agree with you. Please sit down. Next Question.

ਹਲਕਾ ਘਨੌਰ ਦੀਆਂ ਮੰਡੀਆਂ ਦੇ ਫੜ ਪੱਕੇ ਕਰਨਾ

***2062. ਸ਼੍ਰੀਮਤੀ ਹਰਪ੍ਰੀਤ ਕੌਰ ਮੁਖਮੈਲਪੁਰਾ :** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਘਨੌਰ ਦੀਆਂ ਮੰਡੀਆਂ ਦੇ ਫੜ ਕਦੋਂ ਤੱਕ ਪੱਕੇ ਕਰ ਦਿੱਤੇ ਜਾਣਗੇ?

ਸਰਦਾਰ ਤੋਤਾ ਸਿੰਘ : ਵਿਧਾਨ ਸਭਾ ਹਲਕਾ ਘਨੌਰ ਅਧੀਨ ਕੁੱਲ 10 ਮੰਡੀਆਂ ਵਿਚੋਂ 9 ਮੰਡੀਆਂ ਦੇ ਫੜ ਪੱਕੇ ਹਨ। ਸਰਕਾਰ ਦੀ ਪਾਲਿਸੀ ਅਨੁਸਾਰ ਬਾਕੀ ਰਹਿੰਦੇ ਖਰੀਦ ਕੇਂਦਰ ਪਿੰਡ ਲੋਹ ਸਿੰਬਲੀ ਨੂੰ ਪੱਕਾ ਨਹੀਂ ਕੀਤਾ ਜਾ ਸਕਦਾ। ਸਪੀਕਰ ਸਾਹਿਬ, ਇਸ ਦੇ ਨਾਲ ਹੀ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਇਸ ਦਾ ਕਾਰਨ ਇਹ ਹੈ ਕਿ ਸਰਕਾਰ ਦੀ ਪਾਲਿਸੀ ਹੈ ਕਿ ਇੱਕ ਪਰਚੇਜ਼ ਸੈਂਟਰ ਤੇ ਘੱਟੋ ਘੱਟ ਦਸ ਹਜ਼ਾਰ ਕੁਇੰਟਲ ਮਾਲ ਵਿਕਣਾ ਚਾਹੀਦਾ ਹੈ

ਤਾਂ ਹੀ ਉਥੇ ਪਰਚੇਜ਼ ਸੈਂਟਰ ਪੱਕਾ ਕੀਤਾ ਜਾਵੇਗਾ । ਸਾਲ 2013-14 ਵਿੱਚ ਉਥੇ ਕੋਈ ਫਸਲ ਨਹੀਂ ਆਈ । ਸਾਲ 2014-15 ਵਿੱਚ ਵੀ ਉਥੇ ਕੋਈ ਫਸਲ ਨਹੀਂ ਆਈ। ਜੇ ਦਸ ਹਜ਼ਾਰ ਕੁਇੰਟਲ ਫਸਲ ਇੱਕ ਦਿਨ ਵਿੱਚ ਉਥੇ ਵਿਕ ਜਾਵੇ ਤਾਂ ਮੈਂ ਬੀਬੀ ਜੀ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਫਿਰ ਸਰਕਾਰ ਦੀ ਪਾਲਿਸੀ ਮੁਤਾਬਕ ਡੇਢ ਏਕੜ ਦਾ ਫੜ ਬਣਾ ਦਿਆਂਗੇ । ਇਹ ਮੈਂ ਇਨ੍ਹਾਂ ਨੂੰ ਭਰੋਸਾ ਦਿਵਾਉਂਦਾ ਹਾਂ ।

ਸ਼੍ਰੀਮਤੀ ਹਰਪ੍ਰੀਤ ਕੌਰ ਮੁਖਮੈਲਪੁਰਾ : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ 9 ਫੜ ਪੱਕੇ ਹਨ ਪਰ ਇਨ੍ਹਾਂ ਵਿੱਚੋਂ ਬਹੁਤੇ ਫੜ੍ਹ ਡੂੰਘੇ ਹੋ ਚੁੱਕੇ ਹਨ ਤੇ ਇਨ੍ਹਾਂ ਦੀ ਰਿਪੇਅਰ ਕਰਨ ਵਾਲੀ ਹੈ । ਜਿਵੇਂ ਸਾਡੀ ਚੱਪੜ ਮੰਡੀ ਹੈ, ਉਥੇ ਜਾ ਕੇ ਦੇਖਿਆ ਜਾਵੇ ਤਾਂ ਉਥੇ ਸਾਡੀ ਮੰਡੀ ਡੂੰਘੀ ਹੋਣ ਕਰਕੇ ਬਾਰਸ਼ ਪੈਂਦੀ ਹੈ ਤਾਂ ਫਸਲਾਂ ਖਰਾਬ ਹੋ ਜਾਂਦੀਆਂ ਹਨ । ਇਸ ਤੋਂ ਇਲਾਵਾ ਜਿਹੜੀ ਤੁਸੀਂ ਲੋਹ ਸਿੰਬਲੀ ਬਾਰੇ ਗੱਲ ਕੀਤੀ ਹੈ, ਇਸ ਵਿੱਚ ਪੁਜ਼ੀਸ਼ਨ ਹੈ ਕਿ ਉਥੇ ਫੜ ਪੱਕਾ ਨਹੀਂ ਹੈ । ਉਥੋਂ ਦੇ ਜਿਹੜੇ 20-25 ਪਿੰਡ ਹਨ, ਉਹ ਅੰਬਾਲੇ ਜਾ ਕੇ ਆਪਣੀ ਫਸਲ ਸੁੱਟਦੇ ਹਨ, ਇਸ ਨਾਲ ਸਾਡਾ ਹੀ ਪੈਸੇ ਪੱਖੋਂ ਨੁਕਸਾਨ ਹੁੰਦਾ ਹੈ । ਸੋ, ਮੈਂ ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਇਹ ਫੜ ਕਦੋਂ ਤੱਕ ਪੱਕਾ ਹੋ ਜਾਵੇਗਾ ਤਾਂ ਕਿ ਸਾਡੀ ਜਿਹੜੀ ਫਸਲ ਹੈ, ਉਹ ਸਾਡੀ ਲੋਹ ਸਿੰਬਲੀ ਮੰਡੀ ਵਿੱਚ ਹੀ ਆਵੇ ।

ਮੰਤਰੀ : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਜੇ ਦੂਜੀ ਸਟੇਟ ਵਿੱਚ ਸਾਡੀ ਮਾਰਕੀਟ ਫੀਸ ਜਾਂਦੀ ਹੈ ਤਾਂ ਅਸੀਂ ਆਪਣਾ ਕੋਈ ਅਫਸਰ ਭੇਜ ਦਿਆਂਗੇ ਪਰ ਉਥੋਂ ਦੀ ਪੰਚਾਇਤ ਭਰੋਸਾ ਦੇਵੇ ਕਿ ਉਥੇ ਇੰਨਾ ਮਾਲ ਜ਼ਰੂਰ ਵੇਚਿਆ ਜਾਵੇਗਾ । ਸਾਨੂੰ ਤਾਂ ਸਰਕਾਰ ਦੀ ਪਾਲਿਸੀ ਮੁਤਾਬਕ ਹੀ ਲਾਗੂ ਕਰਨਾ ਪਵੇਗਾ । ਅਸੀਂ ਆਪ ਚਾਹੁੰਦੇ ਹਾਂ ਕਿ ਸਾਡੀ ਸਟੇਟ ਦਾ ਮਾਲ ਦੂਸਰੀ ਸਟੇਟ ਵਿੱਚ ਨਾ ਜਾਵੇ ।

ਮਾਨਯੋਗ ਸਪੀਕਰ : ਉਨ੍ਹਾਂ ਨੇ ਹੋਰ ਕਮੇਟੀਆਂ ਦੇ ਫੜ੍ਹਾਂ ਨੂੰ ਰਿਪੇਅਰ ਕਰਨ ਬਾਰੇ ਵੀ ਪੁੱਛਿਆ ਹੈ ।

ਮੰਤਰੀ : ਜਿੱਥੋਂ ਤੱਕ ਹੋਰਨਾਂ ਫੜਾਂ ਦੀ ਰਿਪੇਅਰ ਦੀ ਗੱਲ ਹੈ, ਇਹ ਆਪਣੀ ਮਾਰਕੀਟ ਕਮੇਟੀ ਰਾਹੀਂ ਮਤਾ ਪਾ ਕੇ ਭੇਜਣ । ਅਸੀਂ ਉਸ ਤੇ ਵਿਚਾਰ ਕਰਕੇ ਛੇਤੀ ਫੈਸਲਾ ਲੈ ਲਵਾਂਗੇ ।

ਸਰਦਾਰ ਇਕਬਾਲ ਸਿੰਘ ਝੂੰਦਾਂ : ਸਪੀਕਰ ਸਾਹਿਬ, ਮੇਰੀ ਵੀ ਇੱਕ ਬੇਨਤੀ ਹੈ ।

ਮਾਨਯੋਗ ਸਪੀਕਰ : ਮੇਰੀ ਬੇਨਤੀ ਹੈ ਕਿ ਤੁਹਾਡੀ ਸਪਲੀਮੈਂਟਰੀ ਇਸੇ ਸਵਾਲ ਨਾਲ ਹੀ ਸੰਬੰਧਿਤ ਹੋਣੀ ਚਾਹੀਦੀ ਹੈ।

ਸਰਦਾਰ ਇਕਬਾਲ ਸਿੰਘ ਝੂੰਦਾਂ : ਸਪੀਕਰ ਸਾਹਿਬ, ਸਾਡੀ ਅਹਿਮਦਪੁਰਾ ਮੰਡੀ ਦਾ ਫੜ ਹੈ, ਇਹ ਅਹਿਮਦਗੜ੍ਹ ਮਾਰਕੀਟ ਕਮੇਟੀ ਵਿੱਚ ਪੈਂਦਾ ਹੈ ਤੇ ਅਹਿਮਦਗੜ੍ਹ ਮਾਰਕੀਟ ਕਮੇਟੀ ਵਿੱਚ ਫੰਡਜ਼ ਬਿਲਕੁਲ ਨਹੀਂ ਹਨ । ਉਹ ਆਪ ਕੋਈ ਕੰਮ ਨਹੀਂ ਕਰ ਸਕਦੇ । ਇਸ ਕਰਕੇ ਮੇਰੀ ਬੇਨਤੀ ਹੈ ਕਿ ਜਿਹੜੇ ਇਹੋ ਜਿਹੇ ਕੇਸ ਹਨ, ਉਨ੍ਹਾਂ ਦਾ ਕੰਮ ਮੰਡੀ ਬੋਰਡ ਦੇ ਫੰਡਜ਼ ਵਿੱਚੋਂ ਹੀ ਕੀਤਾ ਜਾਵੇ । ਮਾਰਕੀਟ ਕਮੇਟੀ ਦੇ ਫੰਡਜ਼ ਵਿੱਚੋਂ ਤਾਂ ਕੰਮ ਕਰਵਾਉਣ ਦੀ ਇਜਾਜ਼ਤ ਹੈ, ਜਿੱਥੇ ਮਾਰਕੀਟ ਕਮੇਟੀ ਕੋਲ ਫੰਡਜ਼ ਹੋਣ ਪਰ ਜਿੱਥੇ ਮਾਰਕੀਟ ਕਮੇਟੀ ਕੋਲ ਫੰਡਜ਼ ਨਹੀਂ ਹਨ, ਮਾਰਕੀਟ ਕਮੇਟੀਆਂ ਦੀ ਹਾਲਤ ਮਾੜੀ ਹੈ ਤੇ ਉਥੇ ਚਾਰ-ਪੰਜ ਸਾਲਾਂ ਤੋਂ ਮੰਡੀਆਂ ਕੱਚੇ ਵਿੱਚ ਹੀ ਚੱਲ ਰਹੀਆਂ ਹਨ, ਇਸ ਬਾਰੇ ਮੰਡੀ ਬੋਰਡ ਰਾਹੀਂ ਕੋਈ ਕਾਰਵਾਈ ਕੀਤੀ ਜਾਵੇ ਕਿ ਉਨ੍ਹਾਂ ਦੀ ਹਾਲਤ ਵੀ ਸੁਧਰ ਸਕੇ ।

ਮਾਨਯੋਗ ਸਪੀਕਰ : ਧੰਨਵਾਦ । ਹਾਂ ਜੀ, ਅਗਲਾ ਸਵਾਲ, ਸਰਦਾਰ ਜਗਮੋਹਨ ਸਿੰਘ ਕੰਗ ਜੀ।

ਕਿਸਾਨਾਂ ਨੂੰ ਦਿੱਤੇ ਜਾ ਰਹੇ ਮੁਆਵਜ਼ੇ ਵਿੱਚੋਂ ਟੀ.ਡੀ.ਐਸ. ਕੱਟਣਾ

***2078. ਸਰਦਾਰ ਜਗਮੋਹਨ ਸਿੰਘ ਕੰਗ :** ਕੀ ਲੋਕ ਨਿਰਮਾਣ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜ਼ਿਲ੍ਹਾ ਐਸ.ਏ.ਐਸ. ਨਗਰ ਵਿੱਚ ਕੁਰਾਲੀ ਬਾਈਪਾਸ ਦੀ ਉਸਾਰੀ ਲਈ ਜਿਨ੍ਹਾਂ ਕਿਸਾਨਾਂ ਦੀ ਜ਼ਮੀਨ ਪ੍ਰਾਪਤ ਕੀਤੀ ਗਈ ਹੈ; ਕੀ ਉਨ੍ਹਾਂ ਨੂੰ ਦਿੱਤੇ ਜਾ ਰਹੇ ਮੁਆਵਜ਼ੇ ਵਿੱਚੋਂ ਟੀ.ਡੀ.ਐਸ.ਕੱਟਿਆ ਜਾ ਰਿਹਾ ਹੈ; ਜੇਕਰ ਅਜਿਹਾ ਹੋਵੇ ਤਾਂ ਕਿੰਨਾ ਟੀ.ਡੀ.ਐਸ. ਕੱਟਿਆ ਜਾ ਰਿਹਾ ਹੈ ਅਤੇ ਇਸਦੇ ਕੀ ਕਾਰਣ ਹਨ?

ਸਰਦਾਰ ਜਨਮੇਜਾ ਸਿੰਘ ਸੇਖੋਂ : ਸ਼੍ਰੀਮਾਨ ਜੀ, ਕੁਰਾਲੀ ਬਾਈਪਾਸ ਦੀ ਉਸਾਰੀ ਕੁਰਾਲੀ-ਖਰੜ ਸੜਕ (ਐਨ.ਐਚ.21) ਨੂੰ ਚਾਰ ਮਾਰਗੀ ਕਰਨ ਦੇ ਪ੍ਰੋਜੈਕਟ ਅਧੀਨ ਨੈਸ਼ਨਲ ਹਾਈਵੇ ਅਥਾਰਿਟੀ ਆਫ ਇੰਡੀਆ ਵੱਲੋਂ ਕੀਤੀ ਜਾ

ਰਹੀ ਹੈ। ਪ੍ਰੋਜੈਕਟ ਡਾਇਰੈਕਟਰ ਨੈਸ਼ਨਲ ਹਾਈਵੇ ਅਥਾਰਿਟੀ ਆਫ ਇੰਡੀਆ, ਚੰਡੀਗੜ੍ਹ ਵੱਲੋਂ ਦੱਸਿਆ ਗਿਆ ਕਿ ਕੁਰਾਲੀ ਬਾਈਪਾਸ ਤੇ ਜੋ ਭੋਂ ਪ੍ਰਾਪਤੀ ਕੀਤੀ ਗਈ ਹੈ ਉਹ ਮਨਿਸਟਰੀ ਆਫ ਰੂਰਲ ਡਿਵੈਲਪਮੈਂਟ (ਲੈਂਡ ਰਿਫਾਰਮ ਡਵੀਜ਼ਨ), ਭਾਰਤ ਸਰਕਾਰ ਦੇ ਸਰਕੂਲਰ ਮਿਤੀ 13.04.2011 ਅਨੁਸਾਰ ਟੀ.ਡੀ.ਐਸ. ਕੱਟ ਕੇ ਕੀਤੀ ਗਈ ਹੈ। ਇਹ ਟੀ.ਡੀ.ਐਸ. ਉਸ ਨਾਨ-ਐਗਰੀਕਲਚਰ ਜ਼ਮੀਨ ਦੇ ਮੁਆਵਜ਼ੇ ਉੱਪਰ, ਜਿਸ ਦਾ ਮੁਆਵਜ਼ਾ 2 ਲੱਖ ਰੁਪਏ ਜਾਂ ਉਸ ਤੋਂ ਵੱਧ ਹੋਵੇ, 10.3% ਦੇ ਹਿਸਾਬ ਨਾਲ ਕੱਟਿਆ ਜਾਂਦਾ ਹੈ।

ਸਰਦਾਰ ਜਗਮੋਹਨ ਸਿੰਘ ਕੰਗ : ਸਪੀਕਰ ਸਾਹਿਬ, ਮੈਂ ਬੜੇ ਅਦਬ ਅਤੇ ਸਤਿਕਾਰ ਨਾਲ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸ਼ਾਇਦ ਮੰਤਰੀ ਜੀ ਦੀ ਇਤਲਾਹ ਠੀਕ ਨਹੀਂ ਹੈ। ਇਨਕਮ ਟੈਕਸ ਐਕਟ 1961, 194 ਐਲ.ਏ. ਦੇ ਮੁਤਾਬਿਕ ਜੋ ਖੇਤੀਬਾੜੀ ਵਾਲੀ ਜ਼ਮੀਨ ਹੈ, ਉਸ ਤੇ ਟੀ.ਡੀ.ਐਸ. ਨਹੀਂ ਕੱਟਿਆ ਜਾ ਸਕਦਾ। ਇਸ ਤੋਂ ਇਲਾਵਾ ਮਿਤੀ 15.9.2010 ਨੂੰ ਇਸ ਦੇ ਬਾਰੇ ਹਾਈ ਕੋਰਟ ਵਿੱਚ ਪਟੀਸ਼ਨ ਲੱਗੀ ਸੀ, ਉਸ ਦੀ ਰੂਲਿੰਗ ਆਈ ਹੋਈ ਹੈ। ਜੇਕਰ ਤੁਹਾਡੀ ਇਜਾਜ਼ਤ ਹੋਵੇ ਤਾਂ ਇਸ ਦੇ ਰੈਲੇਵੈਂਟ ਪੋਰਸ਼ਨ ਨੂੰ ਪੜ੍ਹ ਕੇ ਸੁਣਾ ਦੇਵਾਂ, ਇਹ ਕਾਫੀ ਲੰਬਾ ਹੈ ਜਾਂ ਫਿਰ ਇਸ ਨੂੰ ਟੇਬਲ ਤੇ ਰੱਖ ਦੇਵਾਂ ਤਾਂ ਕਿ ਇਹ ਰਿਕਾਰਡ ਬਣ ਜਾਵੇ।

ਮਾਨਯੋਗ ਸਪੀਕਰ : ਤੁਸੀਂ ਰੈਫਰ ਹੀ ਕਰ ਦਿਓ, ਠੀਕ ਹੈ।

ਸਰਦਾਰ ਜਗਮੋਹਨ ਸਿੰਘ ਕੰਗ : ਮੈਂ ਪੜ੍ਹ ਕੇ ਸੁਣਾ ਦਿੰਦਾ ਹਾਂ ਜੀ।

ਮਾਨਯੋਗ ਸਪੀਕਰ : ਤੁਸੀਂ ਦੱਸ ਦਿੱਤਾ, this is more than sufficient.

ਸਰਦਾਰ ਜਗਮੋਹਨ ਸਿੰਘ ਕੰਗ : ਸਰ, ਹਾਈ ਕੋਰਟ ਦੀ ਰੂਲਿੰਗ ਦਾ ਰੈਲੇਵੈਂਟ ਪੋਰਸ਼ਨ ਅੱਗੇ ਹੈ ਜੀ।

ਮਾਨਯੋਗ ਸਪੀਕਰ : ਮੰਤਰੀ ਜੀ ਤੁਹਾਡਾ ਜਵਾਬ ਦੇ ਰਹੇ ਹਨ।

ਮੰਤਰੀ : ਮੈਂ ਸਾਰਾ ਜਵਾਬ ਦਿੰਦਾ ਹਾਂ।

ਸਰਦਾਰ ਜਗਮੋਹਨ ਸਿੰਘ ਕੰਗ : ਮੈਨੂੰ ਗੱਲ ਤਾਂ ਪੂਰੀ ਕਰ ਲੈਣ ਦਿਓ।

ਮੰਤਰੀ : ਮੈਂ ਜਵਾਬ ਦਿੰਦਾ ਹਾਂ, ਮੈਂ ਤੁਹਾਡੀ ਗੱਲ ਸਮਝ ਗਿਆ ਹਾਂ।

ਸਰਦਾਰ ਜਗਮੋਹਨ ਸਿੰਘ ਕੰਗ : ਮੇਰਾ ਅਗਲਾ ਪੁਆਇੰਟ ਵੀ ਨਾਲ ਹੈ।

ਮੰਤਰੀ : ਮੈਂ ਸਾਰਾ ਹੀ ਦੇ ਦਿੰਦਾ ਹਾਂ।

ਸਰਦਾਰ ਜਗਮੋਹਨ ਸਿੰਘ ਕੰਗ : ਮੇਰਾ ਇਹ ਵੀ ਇਨ-ਕੰਪਲੀਟ ਹੈ।

ਮੰਤਰੀ : ਮੈਂ ਕਿਹਾ ਜੀ, ਸਾਰਾ ਜਵਾਬ ਹੀ ਦੇ ਦਿੰਦਾ ਹਾਂ।

ਮਾਨਯੋਗ ਸਪੀਕਰ : ਮੈਂ ਕਿਹਾ ਜੀ, ਉਨ੍ਹਾਂ ਨੂੰ ਸੁਣ ਲਵੋ। ਜਨਮੇਜਾ ਸਿੰਘ ਜੀ, ਉਨ੍ਹਾਂ ਨੂੰ ਪਹਿਲਾਂ ਸੁਣ ਲਵੋ, ਨਹੀਂ ਤਾਂ ਫਿਰ ਵਾਰ ਵਾਰ ਉਠਣਾ ਪਵੇਗਾ। ਉਨ੍ਹਾਂ ਨੂੰ ਪਹਿਲਾਂ ਸੁਣ ਲਵੋ। ਦੂਸਰੀ ਗੱਲ, address to the Chair, not to the individual. ਉਨ੍ਹਾਂ ਨੂੰ ਪਹਿਲਾਂ ਸੁਣ ਲਵੋ ਕਿ ਉਨ੍ਹਾਂ ਨੇ ਕੀ ਕਹਿਣਾ ਹੈ, ਨਹੀਂ ਤਾਂ ਫਿਰ ਤੁਹਾਨੂੰ ਦੁਬਾਰਾ ਉਠਣਾ ਪਵੇਗਾ।

ਮੰਤਰੀ : ਸਪੀਕਰ ਸਾਹਿਬ, ਇਹ ਜਿਹੜਾ ਸਵਾਲ ਹੈ, ਇਹ ਵੈਸੇ ਤਾਂ ਰੈਵੇਨਿਊ ਡਿਪਾਰਟਮੈਂਟ ਦਾ ਹੈ ਪਰ ਮੈਂ ਜਵਾਬ ਦੇ ਦਿੰਦਾ ਹਾਂ ਜੀ। ਇਸ ਵਿੱਚ ਅਵਾਰਡ ਸੁਨਾਉਣ ਵਾਲਾ ਵੀ ਐਸ.ਡੀ.ਐਮ. ਹੁੰਦਾ ਹੈ ਅਤੇ ਪੈਸੇ ਦੇਣ ਵਾਲਾ ਵੀ ਐਸ.ਡੀ.ਐਮ. ਹੁੰਦਾ ਹੈ ਔਰ ਟੀ.ਡੀ.ਐਸ. ਵਗੈਰਾ ਵੀ ਉਹੀ ਕੱਟਦੇ ਹਨ। ਅਸੀਂ ਤਾਂ ਕੱਟਦੇ ਨਹੀਂ ਪਰ ਇਸ ਦੇ ਵਿੱਚ ਗਲਤੀ ਜ਼ਰੂਰ ਹੋਈ ਹੈ, ਨਾਨ-ਐਗਰੀਕਲਚਰ ਦਾ ਤਾਂ ਟੀ.ਡੀ.ਐਸ. ਕੱਟਣਾ ਹੁੰਦਾ ਹੈ ਪਰ ਐਗਰੀਕਲਚਰ ਲੈਂਡ, ਚਾਹੇ ਉਹ ਸ਼ਹਿਰ ਦੀ ਹੋਵੇ ਜਾਂ ਪੇਂਡੂ ਹੋਵੇ, ਉਸ ਤੇ ਟੀ.ਡੀ.ਐਸ. ਕੱਟਣਾ ਨਹੀਂ ਬਣਦਾ। ਇਸ ਕੇਸ ਵਿੱਚ ਉਨ੍ਹਾਂ ਨੇ ਟੀ.ਡੀ.ਐਸ. ਕੱਟ ਲਿਆ। ਮੈਂ ਚਮਕੌਰ ਸਾਹਿਬ ਵਾਲੇ ਅਤੇ ਖਰੜ ਵਾਲੇ ਐਸ.ਡੀ.ਐਮ. ਨਾਲ ਗੱਲ ਕੀਤੀ ਹੈ, ਉਨ੍ਹਾਂ ਨੇ ਕਿਹਾ ਹੈ ਕਿ ਸਾਡੇ ਤੋਂ ਗਲਤੀ ਹੋ ਗਈ ਹੈ, ਅਸੀਂ ਅੱਧਾ ਮੁਆਵਜ਼ਾ ਦਿੱਤਾ ਹੈ ਅਤੇ ਅੱਧਾ ਦੇਣਾ ਹੈ। ਉਸ ਦੇ ਵਿੱਚ ਇਹ ਐਡਜਸਟ ਕਰ ਦੇਵਾਂਗੇ। ਇਹੀ ਗੱਲ ਹੈ ਜੀ।

ਸਰਦਾਰ ਜਗਮੋਹਨ ਸਿੰਘ ਕੰਗ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਦਾ ਧੰਨਵਾਦੀ ਹਾਂ ਕਿ ਇਨ੍ਹਾਂ ਨੇ ਆਪਣੀ ਗਲਤੀ ਮੰਨ ਲਈ ਹੈ।

ਮਾਨਯੋਗ ਸਪੀਕਰ : ਠੀਕ ਹੈ, ਜੋ ਸਹੀ ਹੈ, ਉਹ ਸਹੀ ਹੈ।

ਸਰਦਾਰ ਜਗਮੋਹਨ ਸਿੰਘ ਕੰਗ : ਇਸ ਨਾਲ ਸੈਂਕੜੇ ਕਿਸਾਨ ਪ੍ਰਭਾਵਿਤ ਹੋਏ ਹਨ, ਤੁਸੀਂ ਮੇਰੀ ਬੇਨਤੀ ਸੁਣੋ। ਸਰਕਾਰ ਦੇ ਅਫਸਰਾਂ ਦੀ ਆਰਗੂਮੈਂਟ ਕੀ ਸੀ ਕਿ ਸਰਕਾਰ ਕੋਲ ਪੈਸਾ ਹੈ ਨਹੀਂ। 100-50 ਕਰੋੜ ਰੁਪਿਆ ਆਏਗਾ, ਕੰਮ ਚਲਾਵਾਂਗੇ, ਫਿਰ ਮੋੜ ਦੇਵਾਂਗੇ।

Mr. Speaker : No arguments. ਬਹਿਸ ਨਹੀਂ।

ਸਰਦਾਰ ਜਗਮੋਹਨ ਸਿੰਘ ਕੰਗ : ਇਹ ਕੰਟੈਂਪਟ ਆਫ ਕੋਰਟ ਬਣਦੀ ਹੈ। ਹਾਈ ਕੋਰਟ ਦੀ ਰੂਲਿੰਗ ਮੁਤਾਬਿਕ (ਵਿਘਨ) ਪਲੀਜ਼ ਮੇਰਾ ਰਿਕਾਰਡ ਤੇ ਤਾਂ ਆਉਣ ਦਿਓ ਜਾਂ ਮੈਂ ਪੜ੍ਹ ਕੇ ਸੁਣਾ ਦਿੰਦਾਂ ਹਾਂ, ਮਿਹਰਬਾਨੀ ਕਰਕੇ ਮੇਰੀ ਇਸ ਸਾਰੀ ਗੱਲ ਨੂੰ ਰਿਕਾਰਡ ਤੇ ਆਉਣ ਦਿਓ।

ਮਾਨਯੋਗ ਸਪੀਕਰ : ਨੈਕਸਟ।

ਸਰਦਾਰ ਜਗਮੋਹਨ ਸਿੰਘ ਕੰਗ : ਸਰ, ਸੁਣੋ ਜੀ, ਇਹ ਪੈਸਾ ਕਦੋਂ ਵਾਪਸ ਕਰਨਗੇ ?

ਮਾਨਯੋਗ ਸਪੀਕਰ : ਨੈਕਸਟ, ਬੋਪਾਰਾਏ ਜੀ।

ਸਰਦਾਰ ਜਗਮੋਹਨ ਸਿੰਘ ਕੰਗ : ਸਪੀਕਰ ਸਾਹਿਬ, ਮੇਰਾ ਸਵਾਲ ਹੈ। ਸਰ, ਮੇਰੀ ਬੇਨਤੀ ਹੈ ਕਿ ਇਹ ਟੀ.ਡੀ.ਐਸ. ਕਦੋਂ ਵਾਪਸ ਕਰ ਦੇਣਗੇ ਜੋ ਗਲਤ ਕੱਟਿਆ ਗਿਆ ਹੈ।

Mr. Speaker : This is not the time for discussion.Next Sardar Gurcharan Singh.

ਸਰਦਾਰ ਜਗਮੋਹਨ ਸਿੰਘ ਕੰਗ : ਮੈਂ ਤਾਂ ਫਿਰ ਥੱਲੇ ਬੈਠਣ ਲੱਗਿਆ ਹਾਂ, ਇਹ ਗਲਤ ਗੱਲ ਹੈ।

DHARNA

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮਾਨਯੋਗ ਮੈਂਬਰ, ਸਰਦਾਰ ਜਗਮੋਹਨ ਸਿੰਘ ਕੰਗ, ਲੋਕ ਨਿਰਮਾਣ ਮੰਤਰੀ ਵੱਲੋਂ ਤਸੱਲੀਬਖਸ਼ ਜਵਾਬ ਨਾ ਦੇਣ ਕਾਰਨ ਸਦਨ ਦੇ ਵੈੱਲ ਵਿੱਚ ਧਰਨਾ ਲਗਾ ਕੇ ਬੈਠ ਗਏ।)

ਮਾਨਯੋਗ ਸਪੀਕਰ : ਤੁਸੀਂ ਚਾਹੁੰਦੇ ਕੀ ਹੋ ? ਉਹ ਕਹਿੰਦੇ ਹਨ ਕਿ ਐਡਜਸਟ ਕਰ ਦੇਵਾਂਗੇ (ਵਿਘਨ) (ਸ਼ੋਰ) ਉਨ੍ਹਾਂ ਨੇ ਜਵਾਬ ਦੇ ਤਾਂ ਦਿੱਤਾ ਹੈ ਕਿ ਐਡਜਸਟ ਕਰ ਦੇਵਾਂਗੇ।

ਸਰਦਾਰ ਜਗਮੋਹਨ ਸਿੰਘ ਕੰਗ (ਧਰਨੇ ਤੇ ਬੈਠੇ ਹੋਏ) : ਇਸ ਨੂੰ ਟਾਈਮ ਬਾਊਂਡ ਕਰੋ ਜੀ।

ਮਾਨਯੋਗ ਸਪੀਕਰ : ਹਾਂ ਜੀ, ਇਹ ਠੀਕ ਹੈ। ਜਨਮੇਜਾ ਸਿੰਘ ਜੀ, ਆਪਾਂ ਟਾਈਮ ਬਾਊਂਡ ਕਰ ਸਕਦੇ ਹਾਂ।

(ਇਸ ਸਮੇਂ ਮਾਨਯੋਗ ਮੈਂਬਰ, ਸਰਦਾਰ ਜਗਮੋਹਨ ਸਿੰਘ ਕੰਗ ਧਰਨੇ ਤੋਂ ਉਠ ਕੇ ਆਪਣੀ ਸੀਟ ਤੇ ਚਲੇ ਗਏ।)

STARRED QUESTIONS AND ANSWERS *(Resumption)*

ਲੋਕ ਨਿਰਮਾਣ ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਹੀ ਕਹਿ ਚੁੱਕਿਆ ਹਾਂ ਕਿ ਇਹ ਸਾਡੇ ਡਿਪਾਰਟਮੈਂਟ ਨੇ ਨਹੀਂ ਦੇਣਾ। ਇਹ ਰੈਵੇਨਿਊ ਡਿਪਾਰਟਮੈਂਟ ਨੇ ਦੇਣਾ ਹੈ।

ਮਾਨਯੋਗ ਸਪੀਕਰ : ਟਾਈਮ ਬਾਊਂਡ ਤਾਂ ਕਰਵਾ ਦਿਓ।

ਮੰਤਰੀ : ਬਹੁਤ ਜਲਦੀ ਦੇ ਰਹੇ ਹਾਂ ਜੀ।

ਮਾਨਯੋਗ ਸਪੀਕਰ : ਹਾਂ ਜੀ, ਸਰਦਾਰ ਗੁਰਚਰਨ ਸਿੰਘ ਬੋਪਾਰਾਏ ਜੀ। (ਵਿਘਨ) ਹੁਣ ਉਨ੍ਹਾਂ ਨੇ ਕਹਿ ਤਾਂ ਦਿੱਤਾ ਹੈ ਜੀ।

ਸਰਦਾਰ ਜਗਮੋਹਨ ਸਿੰਘ ਕੰਗ : ਇਹ ਪੈਸੇ ਕਦੋਂ ਦੇਣਗੇ, ਇਸ ਨੂੰ ਟਾਈਮ ਬਾਊਂਡ ਕਰ ਦੇਣ। ਇਨ੍ਹਾਂ ਨੇ ਗਲਤੀ ਮੰਨੀ ਹੈ, ਮੈਂ ਮੰਤਰੀ ਜੀ ਦਾ ਧੰਨਵਾਦੀ ਹਾਂ।

ਮਾਨਯੋਗ ਸਪੀਕਰ : ਹਾਂ ਜੀ, ਸਰਦਾਰ ਜਨਮੇਜਾ ਸਿੰਘ ਜੀ ਦੱਸੋ।

ਮੰਤਰੀ : ਇਹ ਤਾਂ ਤੁਹਾਡੀ ਸਰਕਾਰ ਵੇਲੇ ਹੀ ਕਟੌਤੀ ਹੋਈ ਹੈ।

ਸ਼੍ਰੀ ਸੁਨੀਲ ਜਾਖੜ : ਤੁਸੀਂ ਐਸ਼ਿਓਰ ਕਰੋ ਕਿ ਕਦੋਂ ਤੱਕ ਦੇ ਦਿਉਗੇ? (ਵਿਘਨ)(ਸ਼ੋਰ)

ਮਾਨਯੋਗ ਸਪੀਕਰ : ਸਰਦਾਰ ਜਨਮੇਜਾ ਸਿੰਘ ਜੀ, ਚਾਹੇ ਉਹ ਮਸਲਾ ਰੈਵੇਨਿਊ ਡਿਪਾਰਟਮੈਂਟ ਦਾ ਹੈ ਜਾਂ ਤੁਹਾਡੇ ਮਹਿਕਮੇ ਦਾ ਹੈ, ਜਦ ਗਲਤੀ ਹੋ ਗਈ ਹੈ ਤਾਂ ਉਹ ਠੀਕ ਕਰੋ। ਹਾਂ ਜੀ, ਸੀ.ਐਮ.ਸਾਹਿਬ ਜਵਾਬ ਦੇ ਰਹੇ ਹਨ।

ਮੁੱਖ ਮੰਤਰੀ : ਵੇਖੋ, ਇਸ ਦੇ ਵਿੱਚ ਮੰਤਰੀ ਸਾਹਿਬ ਨੇ ਵੀ ਮੰਨਿਆ ਹੈ

ਕਿ ਗਲਤੀ ਹੋਈ ਹੈ, ਉਹ ਗਲਤੀ ਸੁਧਾਰਨ ਵਾਸਤੇ ਮੈਂ ਅੱਜ ਵੀ ਰੈਵੇਨਿਊ ਅਥਾਰਿਟੀਜ਼ ਨੂੰ ਜਿਸ ਤਰ੍ਹਾਂ ਪ੍ਰੋਸੀਜਰ ਹੈ, ਹੁਣ ਮੈਂ ਇਥੇ ਹਾਊਸ ਵਿਚ ਐਵੇਂ ਕੋਈ ਕੁਮਿੱਟਮੈਂਟ ਕਰ ਦੇਵਾਂ ਉਹ ਚੰਗਾ ਨਹੀਂ ਲੱਗਦਾ। I will do my best ਕਿ ਜਲਦੀ ਤੋਂ ਜਲਦੀ ਇਹ ਪੈਸੇ ਦਿੱਤੇ ਜਾਣਗੇ।

ਸਰਦਾਰ ਜਗਮੋਹਨ ਸਿੰਘ ਕੰਗ : ਧੰਨਵਾਦ ਜੀ।

ਮਾਨਯੋਗ ਸਪੀਕਰ : ਹਾਂ ਜੀ, ਅਗਲਾ ਸਵਾਲ ਸਰਦਾਰ ਗੁਰਚਰਨ ਸਿੰਘ ਬੋਪਾਰਾਏ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ** **

ਮਾਨਯੋਗ ਸਪੀਕਰ : ਨਹੀਂ ਜੀ, ਚੰਨੀ ਜੀ, this is not concerned with you. ਸਰਦਾਰ ਗੁਰਚਰਨ ਸਿੰਘ ਬੋਪਾਰਾਏ। Nothing should be recorded.

ਮਿਉਂਸਿਪਲ ਕਮੇਟੀ, ਰਾਏਕੋਟ ਦੀਆਂ ਸਮੱਸਿਆਵਾਂ ਨੂੰ ਹੱਲ ਕਰਨਾ

***2084. ਸਰਦਾਰ ਗੁਰਚਰਨ ਸਿੰਘ ਬੋਪਾਰਾਏ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮਿਉਂਸਿਪਲ ਕਮੇਟੀ, ਰਾਏਕੋਟ ਵਿੱਚ 100 ਪ੍ਰਤੀਸ਼ਤ ਸੀਵਰੇਜ, ਮਿਉਂਸਿਪਲ ਕਮੇਟੀ ਦਾ ਵਿੱਤੀ ਸੰਕਟ, ਸਰਕਾਰੀ ਗਰਾਂਟਾਂ ਅਤੇ ਆਬਕਾਰੀ ਕਰ ਵਿੱਚ ਇਸ ਦੇ ਸ਼ੇਅਰ ਦੀ ਅਦਾਇਗੀ ਨਾ ਕਰਨ ਸਬੰਧੀ ਮੁਸ਼ਕਲਾਂ ਬਾਰੇ ਵਿਧਾਇਕ ਵੱਲੋਂ ਕੋਈ ਪੱਤਰ ਪ੍ਰਾਪਤ ਹੋਇਆ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਸਬੰਧੀ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਗਈ ਹੈ?

ਸ਼੍ਰੀ ਅਨਿਲ ਜੋਸ਼ੀ : ਸ਼੍ਰੀਮਾਨ ਜੀ, ਮਾਨਯੋਗ ਮੈਂਬਰ ਵੱਲੋਂ ਮਿਤੀ 14.5.2015 ਨੂੰ ਲਿਖੇ ਪੱਤਰ ਦੀ ਨਕਲ ਉਨ੍ਹਾਂ ਤੋਂ ਹੁਣ ਪ੍ਰਾਪਤ ਕੀਤੀ ਗਈ ਹੈ ਕਿਉਂਕਿ ਪਹਿਲਾਂ ਕੋਈ ਅਜਿਹਾ ਪੱਤਰ ਪ੍ਰਾਪਤ ਨਹੀਂ ਹੋਇਆ ਸੀ।

ਰਾਏਕੋਟ ਵਿੱਚ 100 ਪ੍ਰਤੀਸ਼ਤ ਸੀਵਰੇਜ ਪਾਉਣ ਅਤੇ ਐਸ.ਟੀ.ਪੀ.

** Not recorded as ordered by the Chair.

[ਸਥਾਨਕ ਸਰਕਾਰ ਮੰਤਰੀ]

ਲਗਾਉਣ ਲਈ 51.99 ਕਰੋੜ ਰੁਪਏ ਦੀ ਡਿਟੇਲਡ ਪ੍ਰੋਜੈਕਟ ਰਿਪੋਰਟ ਤਿਆਰ ਕੀਤੀ ਗਈ ਹੈ, ਜਿਸ ਵਿੱਚੋਂ 14.97 ਕਰੋੜ ਰੁਪਏ ਦੀ ਲਾਗਤ ਨਾਲ ਨਵਾਂ ਮੇਨ ਪੰਪਿਗ ਸਟੇਸ਼ਨ, ਮੌਜੂਦਾ ਮੇਨ ਪੰਪਿਗ ਸਟੇਸ਼ਨ ਤੋਂ ਨਵੇਂ ਮੇਨ ਪੰਪਿਗ ਸਟੇਸ਼ਨ ਤੱਕ ਸੀਵਰੇਜ ਦੀ ਲਾਈਨ ਵਿਛਾਉਣਾ, ਸੀਵੇਜ ਟਰੀਟਮੈਂਟ ਪਲਾਂਟ ਅਤੇ ਸੀਵੇਜ ਟਰੀਟਮੈਂਟ ਪਲਾਂਟ ਤੋਂ ਡਰੇਨ ਤੱਕ ਰਾਈਜਿੰਗ ਮੇਨ ਦਾ ਕੰਮ ਪਹਿਲੇ ਪੜਾਅ ਵਿੱਚ ਕਰਨ ਦੀ ਤਜਵੀਜ਼ ਹੈ। ਇਸ ਦੇ ਟੈਂਡਰ ਇੱਕ ਮਹੀਨੇ ਦੇ ਅੰਦਰ ਮੰਗ ਲਏ ਜਾਣਗੇ। ਬਾਕੀ ਕੰਮ ਦੂਜੇ ਪੜਾਅ ਵਿੱਚ ਫੰਡ ਉਪਲਬਧ ਹੋਣ ਤੇ ਕੀਤਾ ਜਾਵੇਗਾ।

ਜਿਥੋਂ ਤੱਕ ਗਰਾਂਟਾਂ, ਆਬਕਾਰੀ ਕਰ ਵਿੱਚ ਸ਼ੇਅਰ ਦੀ ਅਦਾਇਗੀ ਆਦਿ ਦਾ ਸਬੰਧ ਹੈ, ਇਸ ਨਗਰ ਕੌਂਸਲ ਨੂੰ ਬਣਦਾ ਹਿੱਸਾ ਸਮੇਂ ਸਿਰ ਦਿੱਤਾ ਜਾ ਰਿਹਾ ਹੈ।

ਸਰਦਾਰ ਗੁਰਚਰਨ ਸਿੰਘ ਬੋਪਾਰਾਏ : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਕੰਮ ਦੇ ਟੈਂਡਰ ਇੱਕ ਮਹੀਨੇ ਤੱਕ ਲੱਗਣਗੇ ਤੇ ਕੰਮ ਕਦੋਂ ਤੱਕ ਪੂਰਾ ਹੋਵੇਗਾ। ਸਪੀਕਰ ਸਾਹਿਬ, ਮੈਂ ਸਾਲ 2013 ਤੋਂ ਹਰ ਵਾਰੀ ਇਸ ਬਾਰੇ ਸਵਾਲ ਕਰਦਾ ਹਾਂ, ਪਿਛਲੀ ਵਾਰੀ 22 ਕਰੋੜ 95 ਲੱਖ ਦਾ ਡਿਸਪੋਜ਼ਲ ਵਰਕ ਦਾ ਸੀ ਤੇ ਹੁਣ ਇਸ ਨੂੰ ਵਧਾ ਦਿੱਤਾ ਗਿਆ ਪਰ ਇਹ ਕੰਮ ਕੋਈ ਟਾਈਮ ਬਾਊਂਡ ਕੀਤਾ ਜਾਵੇ। ਮੈਂ ਸਾਲ 2013 ਤੋਂ ਹਰ ਵਾਰੀ ਸਵਾਲ ਲਗਵਾ ਰਿਹਾ ਹਾਂ।

ਮਾਨਯੋਗ ਸਪੀਕਰ : ਜੋਸ਼ੀ ਸਾਹਿਬ, ਕੀ ਆਪਾਂ ਇਸ ਨੂੰ ਟਾਈਮ ਬਾਊਂਡ ਕਰ ਸਕਦੇ ਹਾਂ?

ਮੰਤਰੀ : ਹਾਂ ਜੀ, ਸਰ, ਜਿਹੜੇ ਕੰਮ ਦੀ ਮੈਂ ਐਸ਼ੋਰੈਂਸ਼ ਦਿੱਤੀ ਹੈ, ਉਸ ਦੇ ਵਿਚ ਇਕ ਮਹੀਨੇ ਵਿਚ ਟੈਂਡਰ ਲੱਗਣਗੇ ਤੇ ਇਹ 15-20 ਦਿਨਾਂ ਦਾ ਪ੍ਰਾਸੈਸ ਹੁੰਦਾ ਹੈ ਉਸ ਤੋਂ ਬਾਅਦ ਕੰਮ ਸ਼ੁਰੂ ਹੋ ਜਾਵੇਗਾ।

ਮਾਨਯੋਗ ਸਪੀਕਰ : ਧੰਨਵਾਦ।

ਸਰਦਾਰ ਗੁਰਚਰਨ ਸਿੰਘ ਬੋਪਾਰਾਏ : ਨਹੀਂ ਜੀ, ਇਸ ਨੂੰ ਟਾਈਮ ਬਾਊਂਡ ਕੀਤਾ ਜਾਵੇ ਜੀ।

ਮੰਤਰੀ : ਟਾਈਮ ਬਾਊਂਡ ਹੀ ਹੈ, ਜੇ ਟੈਂਡਰ ਹੀ ਮੰਗ ਲਏ ਤਾਂ ਕੰਮ

ਟਾਈਮ ਬਾਊਂਡ ਹੀ ਹੈ, ਮਹੀਨੇ ਦਾ ਤਾਂ ਟਾਈਮ ਬਾਊਂਡ ਹੀ ਹੈ।

ਸਰਦਾਰ ਗੁਰਚਰਨ ਸਿੰਘ ਬੋਪਾਰਾਏ : ਸਪੀਕਰ ਸਾਹਿਬ, ਮੈਂ ਸਾਲ 2013 ਤੋਂ ਕਹਿੰਦਾ ਆ ਰਿਹਾ ਹਾਂ ਇਸ ਕਰਕੇ ਇਸ ਨੂੰ ਟਾਈਮ ਬਾਊਂਡ ਕੀਤਾ ਜਾਵੇ?

ਮੰਤਰੀ : ਇਹ ਟਾਈਮ ਬਾਊਂਡ ਹੀ ਹੈ, ਤੁਹਾਨੂੰ ਟੈਂਡਰ ਲਗਾਉਣ ਦੀ ਐਸ਼ੋਰੈਂਸ ਦੇ ਦਿੱਤੀ ਹੈ, ਇਹ ਟਾਈਮ ਬਾਊਂਡ ਹੀ ਹੈ।

ਸਰਦਾਰ ਗੁਰਚਰਨ ਸਿੰਘ ਬੋਪਾਰਾਏ : ਸਪੀਕਰ ਸਾਹਿਬ, ਇਹ ਜਿਹੜੀ ਫੰਡ ਦੀ ਗੱਲ ਕਹਿੰਦੇ ਹਨ, ਸਾਨੂੰ ਨਾ ਤਾਂ 2013 ਤੋਂ ਬਾਅਦ ਕੋਈ ਗਰਾਂਟ ਨਹੀਂ ਮਿਲੀ, ਨਾ ਕੋਈ ਸਾਨੂੰ ਐਕਸਾਈਜ਼ ਡਿਊਟੀ ਦਾ ਹਿੱਸਾ ਮਿਲਿਆ ਹੈ ਅਤੇ ਨਾ ਹੀ ਵੈਟ ਦਾ ਹਿੱਸਾ ਬਰਾਬਰ ਮਿਲ ਰਿਹਾ ਹੈ।

ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਟੈਂਡਰ ਕੰਮਾਂ ਵਾਸਤੇ ਹੀ ਲੱਗਦੇ ਹਨ (ਵਿਘਨ)

ਮਾਨਯੋਗ ਸਪੀਕਰ : ਜੋਸ਼ੀ ਸਾਹਿਬ, ਉਨ੍ਹਾਂ ਦੀ ਗੱਲ ਸੁਣ ਲਵੋ ਕਿ ਉਹ ਕਹਿਣਾ ਕੀ ਚਾਹੁੰਦੇ ਹਨ। ਜੋਸ਼ੀ ਸਾਹਿਬ, ਤੁਸੀਂ ਬੈਠ ਜਾਉ।

ਸਰਦਾਰ ਗੁਰਚਰਨ ਸਿੰਘ ਬੋਪਾਰਾਏ : ਸਪੀਕਰ ਸਾਹਿਬ, ਨਾ ਤਾਂ ਸਾਨੂੰ ਐਕਸਾਈਜ਼ ਡਿਊਟੀ ਦਾ ਬਰਾਬਰ ਹਿੱਸਾ ਮਿਲ ਰਿਹਾ ਹੈ ਤੇ ਅਤੇ ਸਾਲ 2014-15 ਵਿੱਚ ਵੈਟ ਦਾ ਹਿੱਸਾ ਵੀ ਬਹੁਤ ਘੱਟ ਦਿੱਤਾ ਜਾ ਰਿਹਾ ਹੈ, ਪੂਰਾ ਨਹੀਂ ਦਿੱਤਾ ਜਾ ਰਿਹਾ, ਉਥੇ ਪਹਿਲਾਂ ਹੀ ਆਮਦਨ ਦੇ ਸਾਧਨ ਬਹੁਤ ਘੱਟ ਹਨ, ਇਸ ਕਰਕੇ ਉਸ ਨੂੰ ਵੱਧ ਸਹਾਇਤਾ ਦਿੱਤੀ ਜਾਵੇ । ਮੇਰੀ ਮੰਤਰੀ ਸਾਹਿਬ ਨੂੰ ਇਹ ਬੇਨਤੀ ਹੈ।

ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੇਰਾ ਖਿਆਲ ਨਹੀਂ ਕਿ ਕੋਈ ਮੈਂਬਰ ਆਮ ਤੌਰ ਤੇ ਹਿਸਾਬ ਲੈਂਦਾ ਹੋਵੇ ਕਿ ਕਿੰਨੀ ਵਿੱਤ ਕਮਿਸ਼ਨ ਦੀ ਗਰਾਂਟ ਕਾਰਪੋਰੇਸ਼ਨ ਜਾਂ ਮਿਉਂਸਿਪਲ ਕਮੇਟੀ ਨੂੰ ਆਉਂਦੀ ਹੈ, ਕਿੰਨਾ ਵੈਟ ਦਾ ਹਿੱਸਾ ਆਉਂਦਾ ਹੈ ਤੇ ਬਾਕੀ ਟੈਕਸਾਂ ਦਾ ਕਿੰਨਾ ਹਿੱਸਾ ਆਉਂਦਾ ਹੈ। ਰੁਟੀਨ ਵਿਚ ਆਰ.ਟੀ.ਜੀ.ਐਸ. ਜਿਹੜੀ ਹੈ ਉਹ ਚਲੀ ਜਾਂਦੀ ਹੈ। ਮੈਂ ਇਨ੍ਹਾਂ ਨੂੰ ਹਿਸਾਬ ਦੱਸ ਦਿੰਦਾ ਹਾਂ, ਸਾਲ 2013-14 ਵਿਚ ਵਿੱਤ ਕਮਿਸ਼ਨ ਦੀ ਗਰਾਂਟ 10,80,481, ਸਾਲ 2014-15 ਵਿੱਚ 76,37,208

[ਸਥਾਨਕ ਸਰਕਾਰ ਮੰਤਰੀ]

ਤੇ 2015-16 ਵਿੱਚ 33,49,580 ਗਈ ਹੈ, ਇਸੇ ਤਰ੍ਹਾਂ ਜਿਹੜਾ ਆਬਕਾਰੀ ਡਿਊਟੀ ਦਾ ਹਿੱਸਾ ਹੈ ਉਹ ਸਾਲ 2013-14 ਵਿੱਚ 54,06,656 ਗਿਆ ਹੈ, ਇਸੇ ਤਰ੍ਹਾਂ ਵੈਟ ਦਾ ਇਹ ਸਾਲ 2013-14 ਵਿੱਚ 2,96,60,592 ਗਿਆ ਹੈ, 2014-15 ਵਿੱਚ 3,47,94,156 ਗਿਆ ਹੈ ਅਤੇ 2015-16 ਵਿੱਚ 1, 36,89,504 ਗਿਆ ਹੈ ।

ਸਰਦਾਰ ਗੁਰਚਰਨ ਸਿੰਘ ਬੋਪਾਰਾਏ : ਸਪੀਕਰ ਸਾਹਿਬ, 2014-15 ਅਤੇ 2015-16 ਦਾ ਸਾਨੂੰ ਕੁਝ ਨਹੀਂ ਗਿਆ।

ਮੰਤਰੀ : ਸਪੀਕਰ ਸਾਹਿਬ, ਜਿਹੜਾ ਵੀ ਸਾਨੂੰ ਐਕਸਾਈਜ਼ ਆਉਂਦਾ ਹੈ, ਉਹ ਭੇਜਦੇ ਹਾਂ। ਜੇਕਰ ਇਨ੍ਹਾਂ ਨੂੰ ਨਹੀਂ ਗਿਆ ਤਾਂ ਉਹ ਸੈਂਟਰਲ ਐਕਸਾਈਜ਼ ਵਗੈਰਾ ਹੋ ਸਕਦਾ ਹੈ ਅਤੇ ਉਹ ਪਿਛੋਂ ਹੀ ਨਹੀਂ ਆਇਆ ਹੋਵੇਗਾ। ਇਹ ਇਕ ਸਿਸਟਮ ਬਣਾਇਆ ਹੋਇਆ ਹੈ। ਆਰ.ਟੀ.ਜੀ.ਐਸ. ਦੇ ਰਾਹੀਂ ਪੈਸੇ ਡਾਇਰੈਕਟ ਆ ਜਾਂਦੇ ਹਨ, ਉਹ ਕਿਤੇ ਨਹੀਂ ਜਾਂਦੇ।

ਸਰਦਾਰ ਗੁਰਚਰਨ ਸਿੰਘ ਬੋਪਾਰਾਏ : ਸਾਡੀਆਂ ਨਗਰ ਕੌਂਸਲਾਂ ਦੀ ਆਮਦਨ ਦੇ ਸਾਧਨ ਹਨ।

ਮੰਤਰੀ : ਇਸ ਦੀ ਮੇਨ ਆਮਦਨ ਵੈਟ ਦੀ ਹੈ। ਉਹ ਰੈਗੂਲਰ ਜਾ ਰਿਹਾ ਹੈ।

ਮਾਨਯੋਗ ਸਪੀਕਰ : ਅਗਲੇ ਦੋਨੋਂ ਕੁਐਸਚਨ, ਸਰਦਾਰ ਚਤਿੰਨ ਸਿੰਘ ਸਮਾਓ ਜੀ ਦੇ ਹਨ। Absent.

ਨਿਸ਼ਾਨ ਵਾਲੇ ਪ੍ਰਸ਼ਨ ਨੰ: 2056 ਅਤੇ 2055

(ਸਬੰਧਤ ਮਾਨਯੋਗ ਮੈਂਬਰ ਸਾਹਿਬਾਨ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਏ।)

ਰਾਸ਼ਟਰੀ ਖੁਰਾਕ ਸੁਰੱਖਿਆ ਐਕਟ ਅਧੀਨ ਬਿਨੈ-ਪੱਤਰ

***2111. ਸ਼੍ਰੀਮਤੀ ਅਰੁਨਾ ਚੌਧਰੀ :** ਕੀ ਖੁਰਾਕ ਅਤੇ ਸਿਵਲ ਸਪਲਾਈਜ਼ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਦੀਨਾਨਗਰ ਹਲਕੇ ਵਿੱਚ ਦਸੰਬਰ, 2013 ਵਿੱਚ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ ਅਧੀਨ ਸਸਤੇ ਰਾਸ਼ਨ ਲਈ ਪ੍ਰਾਪਤ ਹੋਏ ਬਿਨੈ ਪੱਤਰਾਂ ਦੀ ਕੁੱਲ ਗਿਣਤੀ ਕਿੰਨੀ ਹੈ;

(ਅ) ਸਮੱਰਥ ਅਧਿਕਾਰੀ ਦੁਆਰਾ ਡਿਊਟੀ ਤੇ ਲਗਾਏ ਗਏ ਬੂਥ ਲੈਵਲ ਕਰਮਚਾਰੀਆਂ/ਬੀ.ਡੀ.ਪੀ.ਓਜ਼/ਹੋਰ ਅਫਸਰਾਂ ਦੁਆਰਾ ਪੜਤਾਲ ਤੋਂ ਬਾਅਦ ਯੋਗ ਪਾਏ ਜਾਣ ਵਾਲੇ ਕੇਸਾਂ ਦੀ ਕੁੱਲ ਗਿਣਤੀ ਕਿੰਨੀ ਹੈ;

(ੲ) ਮਨਜ਼ੂਰ ਕੀਤੇ ਗਏ ਕੇਸਾਂ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਬਾਕੀ ਰਹਿੰਦੇ ਕੇਸਾਂ ਨੂੰ ਕਦੋਂ ਤੱਕ ਮਨਜ਼ੂਰ ਕੀਤੇ ਜਾਣ ਦੀ ਸੰਭਾਵਨਾ ਹੈ?

ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ: (ੳ) ਹਲਕਾ ਦੀਨਾਨਗਰ ਵਿੱਚ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ ਅਧੀਨ ਸਸਤਾ ਰਾਸ਼ਨ ਪ੍ਰਾਪਤ ਕਰਨ ਲਈ ਕੁੱਲ 22,602 ਬਿਨੈ ਪੱਤਰ ਪ੍ਰਾਪਤ ਹੋਏ ਸਨ।

(ਅ) ਸਮਰੱਥ ਅਧਿਕਾਰੀਆਂ ਦੁਆਰਾ ਪੜਤਾਲ ਉਪਰੰਤ ਯੋਗ ਪਾਏ ਕੇਸਾਂ ਦੀ ਕੁੱਲ ਗਿਣਤੀ 4011 ਹੈ।

(ੲ) ਪ੍ਰਵਾਨ ਕੀਤੇ ਕੇਸਾਂ ਦੀ ਕੁੱਲ ਗਿਣਤੀ 4011 ਹੈ। ਰਾਜ ਸਰਕਾਰ ਵੱਲੋਂ ਅਯੋਗ ਪਾਏ ਗਏ ਲਾਭਪਾਤਰੀਆਂ ਦੀ ਰੀਵੈਰੀਫਿਕੇਸ਼ਨ ਲਈ ਸਮੂਹ ਡਿਪਟੀ ਕਮਿਸ਼ਨਰਜ਼ ਪੰਜਾਬ ਨੂੰ ਲਿਖਿਆ ਗਿਆ ਹੈ ਜੋ ਮਿਤੀ 30.9.2015 ਤੱਕ ਮੁਕੰਮਲ ਕੀਤੀ ਜਾਣੀ ਹੈ।

ਸ਼੍ਰੀਮਤੀ ਅਰੁਨਾ ਚੌਧਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦੀ ਹਾਂ ਕਿ ਇਨ੍ਹਾਂ ਦਾ ਜਵਾਬ ਮੇਰੇ ਕੋਲ ਆ ਗਿਆ ਹੈ ਲੇਕਿਨ ਜਿਹੜਾ ਇਸ ਪ੍ਰਸ਼ਨ ਦਾ 'ਬੀ' ਪਾਰਟ ਹੈ, The total number of cases found eligible after verification is 4011, ਇਹ ਆਰ.ਟੀ.ਆਈ. ਦੀ ਇਨਫ਼ਰਮੇਸ਼ਨ ਮੁਤਾਬਿਕ ਗਲਤ ਫਿਗਰ ਹੈ। ਉਸ ਮੁਤਾਬਿਕ ਇਹ 18668 ਹੈ। ਮਿਹਰਬਾਨੀ ਕਰਕੇ ਇਹ ਫਿਗਰ ਠੀਕ ਕਰ ਲਓ। ਇਸ ਤੋਂ ਬਾਅਦ ਜਿਹੜੇ ਰਹਿ ਗਏ ਹਨ...

ਮੰਤਰੀ : ਮੈਂ ਪਹਿਲੇ ਕੁਐਸਚਨ ਦਾ ਜਵਾਬ ਦੇ ਦਿਆਂ।

ਸ਼੍ਰੀਮਤੀ ਅਰੁਨਾ ਚੌਧਰੀ : ਨਹੀਂ ਜੀ, ਇਸ ਦੇ ਨਾਲ ਹੀ ਰਿਲੇਟਿਡ ਹੈ। ਇਕੱਠਾ ਜਵਾਬ ਹੀ ਦੇ ਦਿਓ।

ਮਾਨਯੋਗ ਸਪੀਕਰ : ਬੀਬੀ ਜੀ, ਇਕ ਟਾਈਮ ਵਿੱਚ ਇਕ ਸਪਲੀਮੈਂਟਰੀ ਹੋ ਸਕਦੀ ਹੈ। ਹਾਂ ਜੀ, ਮੰਤਰੀ ਜੀ, ਤੁਸੀਂ ਜਵਾਬ ਦਿਓ।

ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਇਕ ਬੇਨਤੀ ਕਰਨੀ ਚਾਹੁੰਦਾ ਹਾਂ। ਕਾਫੀ ਵੱਡੀ ਮਿਸਕਨਸੈਪਸ਼ਨ ਹੈ। ਮੈਂ ਹਰੇਕ ਤੋਂ ਸੁਣਦਾ ਹਾਂ, ਉਲਾਂਭੇ ਵੀ ਮਿਲਦੇ ਹਨ ਅਤੇ ਪ੍ਰੈਸ ਵਿੱਚ ਵੀ ਪੜ੍ਹਦਾ ਹਾਂ। ਮੇਰੀ ਇੰਨੀ ਕਾਬਲੀਅਤ ਨਹੀਂ ਹੈ ਕਿ ਮੈਂ ਹਰੇਕ ਨੂੰ ਸੁਨੇਹਾ ਲਗਾ ਕੇ ਕੁਰੈਕਟ ਕਰ ਸਕਾਂ। ਸੱਚਾਈ ਤਾਂ ਇਹ ਹੈ ਕਿ ਮੈਂ ਕੋਸ਼ਿਸ਼ ਵੀ ਘੱਟ ਕਰਦਾ ਹਾਂ। ਇਹ ਰਿਐਲਿਟੀ ਹੈ ਕਿ ਜਿਹੜੇ ਬੀ.ਪੀ.ਐਲ. ਜਾਂ ਨੀਲੇ ਕਾਰਡ ਬਣਦੇ ਹਨ, ਇਹ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਨਹੀਂ ਬਣਾਉਂਦਾ। ਇਹ ਜਨਰਲ ਐਡਮਿਨਸਟ੍ਰੇਸ਼ਨ ਵਾਲੇ ਬਣਾਉਂਦੇ ਹਨ। ਮੈਂ ਹਾਊਸ ਨੂੰ ਮੁੜ ਦੱਸਣਾ ਚਾਹੁੰਦਾ ਹਾਂ. (ਵਿਘਨ) ਪਲੀਜ਼, ਸੁਣ ਲਓ। ਮਸਾਂ ਮੌਕਾ ਮਿਲਿਆ ਹੈ।

ਸ਼੍ਰੀ ਸੁਨੀਲ ਜਾਖੜ (ਬੈਠੇ-ਬੈਠੇ) : ਤੁਸੀਂ ਹੀ ਨਹੀਂ ਆਉਂਦੇ।

ਮੰਤਰੀ : ਜਾਖੜ ਸਾਹਿਬ, ਪਲੀਜ਼। (ਸਰਦਾਰ ਬਲਵਿੰਦਰ ਸਿੰਘ ਬੈਂਸ ਵੱਲੋਂ ਵਿਘਨ) ਸਪੀਕਰ ਸਾਹਿਬ, ਮੈਂ ਬੈਠ ਹੀ ਜਾਂਦਾ ਹਾਂ।

ਮਾਨਯੋਗ ਸਪੀਕਰ : ਬੈਂਸ ਸਾਹਿਬ, ਮੰਤਰੀ ਜੀ ਜਵਾਬ ਦੇ ਰਹੇ ਹਨ। Please sit down.

ਮੰਤਰੀ : ਸਪੀਕਰ ਸਾਹਿਬ, ਮੈਂ ਇਹ ਨਹੀਂ ਕਹਿਣਾ ਚਾਹੁੰਦਾ ਕਿ ਮੈਂ ਕਿਸੇ ਗੱਲ ਤੋਂ ਭੱਜਦਾ ਹਾਂ। ਸਪੀਕਰ ਸਾਹਿਬ, ਮੈਂ ਤਾਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਕਾਰਡ ਫੂਡ ਐਂਡ ਸਪਲਾਈ ਡਿਪਾਰਟਮੈਂਟ ਨਹੀਂ ਬਣਾਉਂਦਾ। ਇਸ ਦਾ ਬਕਾਇਦਾ ਪ੍ਰੋਸੀਜ਼ਰ ਹੈ ਜਿਹੜਾ ਜਨਰਲ ਐਡਮਨਿਸਟ੍ਰੇਸ਼ਨ ਵਿੱਚ ਐਪਲੀਕੇਸ਼ਨਾਂ ਲੈਣ ਦਾ ਗੌਰਮਿੰਟ ਆਫ਼ ਇੰਡੀਆ ਨੇ ਡਿਫਾਈਨ ਕੀਤਾ ਹੈ। ਉਸ ਰਾਹੀਂ ਐਪਲੀਕੇਸ਼ਨਾਂ ਆਉਂਦੀਆਂ ਹਨ ਅਤੇ ਉਨ੍ਹਾਂ ਦੀ ਸਕਰੂਟਨੀ ਹੁੰਦੀ ਹੈ। ਫਿਰ ਪ੍ਰੋਸੈਸ ਹੋ ਕੇ ਫਾਈਨਲ ਲਿਸਟ ਫੂਡ ਸਪਲਾਈ ਡਿਪਾਰਟਮੈਂਟ ਕੋਲ ਆ ਜਾਂਦੀ ਹੈ। ਜਿੰਨੀ ਸਾਡੀ ਕਾਬਲੀਅਤ ਹੈ, ਉਸ ਮੁਤਾਬਿਕ ਉਸ ਲਿਸਟ ਦਾ ਰਜਿਸਟਰ ਬਣਾਇਆ ਜਾਂਦਾ ਹੈ। ਗਲਤੀ ਸਾਰਿਆਂ ਤੋਂ ਹੁੰਦੀ ਹੈ, ਮੈਂ ਨਹੀਂ ਕਹਿੰਦਾ ਕਿ ਸਾਡੇ ਤੋਂ ਗਲਤੀ ਨਹੀਂ ਹੁੰਦੀ। ਮੈਂ ਇਹ ਪਹਿਲਾਂ ਵੀ ਬੇਨਤੀ ਕੀਤੀ ਹੈ, ਮੈਂ ਫੂਡ ਸਪਲਾਈ ਡਿਪਾਰਟਮੈਂਟ ਦੇ ਪਰਸਪੈਕਟਿਵ ਤੋਂ ਬੇਨਤੀ ਕਰਦਾ ਹਾਂ ਕਿ ਇਕ ਕਰੋੜ ਬਹੁਤ ਵੱਡੀ ਫਿਗਰ ਹੈ ਅਤੇ ਇਸ ਨੂੰ ਚੈੱਕ ਕਰਨਾ ਮੁਸ਼ਕਿਲ

ਕੰਮ ਹੈ। ਅਸੀਂ ਹਰੇਕ ਨੂੰ ਅਧਾਰ ਕਾਰਡ ਰਾਹੀਂ ਜੋੜ ਰਹੇ ਹਾਂ। ਪਹਿਲਾਂ ਜਿਹੜਾ ਸਿਸਟਮ ਅਧਾਰ ਕਾਰਡ ਤੋਂ ਬਗੈਰ ਸੀ, ਉਸ ਨੂੰ ਖਤਮ ਕੀਤਾ ਹੈ। ਇਕ ਇਕ ਪਿੰਡ ਦੇ ਇਕ ਇਕ ਡਿਪੂ ਵਿੱਚ ਕਿੰਨੇ ਬੈਨੀਫਿਸ਼ਰੀਜ਼ ਹਨ, ਪੰਜਾਬ ਦੇ 12,000 ਦੇ ਕਰੀਬ ਪਿੰਡ ਹਨ, ਜਿੰਨੇ ਵੀ ਸ਼ਹਿਰਾਂ ਦੇ ਡਿਪੂ ਹੋਲਡਰ ਹਨ, ਅਸੀਂ ਹਰੇਕ ਦਾ ਈ-ਰਜਿਸਟਰ ਬਣਾ ਕੇ ਉਸ ਅਨੁਸਾਰ ਵੰਡ ਕਰ ਰਹੇ ਹਾਂ। ਮੈਂ ਇਹ ਨਹੀਂ ਕਹਿੰਦਾ ਕਿ ਉਹ ਰਜਿਸਟਰ ਠੀਕ ਹਨ, ਜਿਵੇਂ ਵੰਡਾਂਗੇ, ਗਲਤੀਆਂ ਨਿਕਲਣਗੀਆਂ। ਕਿਸੇ ਦਾ ਅਧਾਰ ਨੰਬਰ ਗਲਤ ਹੋ ਸਕਦਾ ਹੈ, ਕਿਸੇ ਦਾ ਕੁਝ ਹੋਰ ਗਲਤ ਹੋ ਸਕਦਾ ਹੈ। ਉਹ ਸਭ ਠੀਕ ਕਰਕੇ ਅਸੀਂ ਫੇਰ ਡੀਲ ਕਰ ਰਹੇ ਹਾਂ ਅਤੇ 3-4 ਮਹੀਨਿਆਂ ਵਿੱਚ 2-3 ਵੰਡਾਂ ਆਉਣਗੀਆਂ। ਕਦੇ ਖੰਡ, ਕਦੇ ਦਾਲ ਅਤੇ ਕਦੇ ਕੈਰੋਸੀਨ ਦੀ ਵੰਡ। ਇਸ ਵਾਸਤੇ ਅਸੀਂ ਆਪਣੇ ਰਜਿਸਟਰ ਠੀਕ ਕਰ ਲਵਾਂਗੇ ਅਤੇ ਉਸ ਤੋਂ ਬਾਅਦ ਕਾਰਡ ਇਸ਼ੂ ਕਰਾਂਗੇ।

ਜੋ ਬੀਬੀ ਜੀ ਨੇ ਕਿਹਾ ਹੈ ਕਿ ਮੇਰੇ ਕੋਲ ਆਰ.ਟੀ.ਆਈ. ਅਨੁਸਾਰ ਇਹ ਫਿਗਰ ਹੈ, ਕੱਲ੍ਹ ਜਾਖੜ ਸਾਹਿਬ ਵੀ ਕਹਿ ਰਹੇ ਸਨ ਕਿ ਮੇਰੇ ਕੋਲ ਆਰ.ਟੀ.ਆਈ. ਦਾ ਕਾਗਜ਼ ਹੈ। ਤੁਸੀਂ ਮੈਨੂੰ ਉਹ ਕਾਗਜ਼ ਦੇ ਦਿਆ ਕਰੋ ਤਾਂ ਕਿ ਮੈਂ ਦੇਖ ਤਾਂ ਲਵਾਂ ਕਿ ਉਹ ਕੀ ਹੈ? ਜਾਖੜ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਉਹ ਕਾਗਜ਼ ਮੈਨੂੰ ਦਿਖਾ ਦਿਓ ਕਿਉਂਕਿ ਕਈ ਵਾਰ ਦੱਸਣ-ਸਮਝਾਉਣ ਵਿੱਚ ਫਰਕ ਪੈ ਜਾਂਦਾ ਹੈ। ਮੈਂ ਵੈਸੇ ਅੱਜ ਜਾਖੜ ਸਾਹਿਬ ਦੇ ਪਿੰਡ ਦਾ ਰਜਿਸਟਰ ਲੈ ਕੇ ਆਇਆ ਹਾਂ ਕਿ ਜੇਕਰ ਇਹ ਕੁਐਸਚਨ ਕਰਨਗੇ ਤਾਂ ਮੈਂ ਇਹ ਇਨ੍ਹਾਂ ਨੂੰ ਦੇ ਦੇਵਾਂਗਾ ਕਿਉਂਕਿ ਇਨ੍ਹਾਂ ਨੇ ਮੇਰੇ ਕੋਲ ਕਮਰੇ ਵਿੱਚ ਤਾਂ ਆਉਣਾ ਨਹੀਂ। ਮੈਂ ਇੱਥੇ ਹੀ ਰਜਿਸਟਰ ਦੇ ਦੇਵਾਂਗਾ। ਮੈਂ ਤਾਂ ਇੱਕ ਪ੍ਰੋਫਾਰਮਾ ਦਿਖਾਉਣਾ ਹੈ ਕਿ ਇਸ ਪ੍ਰੋਫਾਰਮੇ ਤੇ ਬਣ ਰਿਹਾ ਹੈ, ਜੇ ਇਨ੍ਹਾਂ ਦੀ ਇਸ ਸਬੰਧੀ ਕੋਈ ਸੁਜੈਸ਼ਨ ਹੈ, ਜੇ ਸਾਡੇ ਤੋਂ ਕੋਈ ਕਮੀ-ਪੇਸ਼ੀ ਰਹਿ ਗਈ ਹੈ ਤਾਂ ਇਹ ਦੱਸਣ। ਜੇ ਕੋਈ ਗੱਲ ਹੈ ਤਾਂ ਇਹ ਪਾਜੇਟਿਵ ਵੇਅ ਨਾਲ ਗੱਲ ਕਰਨ। ਅਸੀਂ ਉਸ ਨੂੰ ਚੇਂਜ ਕਰ ਦੇਵਾਂਗੇ, ਇੰਪਰੂਵ ਕਰ ਦੇਵਾਂਗੇ। ਮੈਂ ਇਨ੍ਹਾਂ ਨਾਲ ਖੜ੍ਹਾ ਹਾਂ। (ਵਿਘਨ) ਮੈਨੂੰ ਕੰਪਲੀਟ ਕਰ ਲੈਣ ਦਿਉ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ (ਵਿਘਨ)

ਮਾਨਯੋਗ ਸਪੀਕਰ : ਮੈਡਮ ਨੂੰ ਪੁੱਛ ਲਉ ਜੀ।

ਸ਼੍ਰੀ ਸੁਨੀਲ ਜਾਖੜ : ਮੇਰਾ ਸੁਝਾਅ ਹੈ ਕਿ ਜੇ ਇਹ ਕਿਸੇ ਜ਼ਿਲ੍ਹੇ ਦੀ ਇਨਕੁਆਰੀ ਨਹੀਂ ਕਰਵਾਉਂਦੇ ਤਾਂ ਸਿਰਫ ਸਾਡੇ ਪਿੰਡ ਦੀ ਇਨਕੁਆਰੀ ਕਰਵਾ ਦਿਉ ਜੀ।

ਮੰਤਰੀ : ਸਰ, ਇਨਕੁਆਰੀ ਦੀ ਗੱਲ ਹੀ ਨਹੀਂ ਹੈ।

ਸ਼੍ਰੀ ਸੁਨੀਲ ਜਾਖੜ : ਬਿਲਕੁਲ ਇਨਕੁਆਰੀ ਦੀ ਗੱਲ ਹੈ ਜੀ। ਮੈਂ ਫਿਗਰ ਦੇਵਾਂਗਾ। (ਵਿਘਨ) ਮੈਂ ਕਮਰੇ ਵਿੱਚ ਆ ਕੇ ਮੁਆਫੀ ਮੰਗ ਲਵਾਂਗਾ। ਸਾਡੇ ਪਿੰਡ ਦੀ ਇਨਕੁਆਰੀ ਕਰਵਾ ਦਿਉ ਜੀ ਤਾਂ ਗੱਲ ਨਿਬੜ ਗਈ।

ਮੰਤਰੀ : ਸਪੀਕਰ ਸਾਹਿਬ, ਮੈਂ ਜਿਹੜੀ ਗੱਲ ਕਰ ਰਿਹਾ ਹਾਂ, ਉਹ ਟਰਾਂਪੇਰੈਂਸੀ ਦੀ ਕਰ ਰਿਹਾ ਹਾਂ, ਮੈਂ ਇਨਕੁਆਰੀਆਂ ਦੀ ਗੱਲ ਨਹੀਂ ਕਰ ਰਿਹਾ। ਅਸੀਂ ਹਰੇਕ ਪਿੰਡ ਦਾ ਅਤੇ ਹਰੇਕ ਡਿਪੂ ਦਾ ਰਿਕਾਰਡ ਬਣਾਇਆ ਹੋਇਆ ਹੈ, ਜਿਹੜਾ ਕੋਈ ਮੇਰੇ ਤੋਂ ਇਹ ਰਿਕਾਰਡ ਲੈਣਾ ਚਾਹਵੇ, ਮੈਂ ਐਕਸਟਰਾ ਮਾਈਲ ਜਾ ਕੇ ਇਹ ਰਿਕਾਰਡ ਵੀ ਦੇ ਦਿੰਦਾ ਹਾਂ ਜੀ। (ਵਿਘਨ) ਪਲੀਜ਼। ਜੇ ਬੀਬੀ ਜੀ ਦੀ ਵੀ ਕੋਈ ਗੱਲ ਹੈ, ਇਹ ਦੱਸ ਦੇਣ। ਬੀਬੀ ਜੀ ਮੈਨੂੰ ਮਿਲੇ ਵੀ ਹਨ। ਮੈਂ ਇਨ੍ਹਾਂ ਦਾ ਬਹੁਤ ਵੈਲਕਮ ਕਰਦਾ ਹਾਂ। ਇਨ੍ਹਾਂ ਨੇ ਮੈਨੂੰ ਬੜੇ ਕੀਮਤੀ ਸੁਝਾਅ ਦਿੱਤੇ ਸੀ। ਅਸੀਂ ਇਨ੍ਹਾਂ ਦੇ ਸੁਝਾਅ ਵੀ ਇੰਪਲੀਮੈਂਟ ਕੀਤੇ ਹਨ। ਜੇ ਹੁਣ 4011 ਨੂੰ ਇਹ ਗਲਤ ਕਹਿੰਦੇ ਹਨ ਅਤੇ ਆਰ.ਟੀ.ਆਈ ਅਨੁਸਾਰ ਕੁਝ ਹੋਰ ਫਿਗਰ ਹੈ, ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਕੋਲ ਤਾਂ 4011 ਹੀ ਹੈ। ਮੈਂ ਕਾਈਂਡਲੀ ਕਹਿੰਦਾ ਹਾਂ ਕਿ ਹੋ ਸਕਦਾ ਹੈ ਕਿ ਮੇਰੇ ਕੋਲੋਂ ਕੋਈ ਗਲਤੀ ਹੋ ਗਈ ਹੋਵੇ, ਤੁਸੀਂ ਰਿਕਾਰਡ ਦਿਖਾ ਦੇਣਾ, ਜੇ ਕੋਈ ਗੱਲ ਹੋਵੇਗੀ ਤਾਂ ਮੈਂ ਦੱਸ ਦੇਵਾਂਗਾ। ਵੈਸੇ, ਜਿਹੜਾ ਤੁਹਾਡਾ ਹਲਕਾ ਹੈ, ਉਸ ਵਿੱਚ ਟੋਟਲ ਨੰਬਰ ਆਫ, ਦੇਖੋ, ਕਿਉਂਕਿ ਇਹ ਬੜਾ ਵੱਡਾ ਕੰਮ ਹੈ। ਜੇ ਕੰਮ ਕਰਾਂਗੇ ਤਾਂ ਗਲਤੀਆਂ ਵੀ ਹੋਣਗੀਆਂ, ਤੁਸੀਂ ਸੁਝਾਅ ਵੀ ਦਿਉਗੇ ਅਤੇ ਅਸੀਂ ਠੀਕ ਵੀ ਕਰਵਾਵਾਂਗੇ। ਜੇ ਕੰਮ ਹੀ ਨਹੀਂ ਕਰਾਂਗੇ ਤਾਂ ਗਲਤੀਆਂ ਵੀ ਨਹੀਂ ਹੋਣਗੀਆਂ। ਸੋ, ਤੁਹਾਡੇ ਹਲਕੇ ਵਿੱਚ ਜੋ ਟੋਟਲ ਇਲੀਜੀਬਲ ਫੈਮਿਲੀਜ਼ ਹਨ, ਮੇਰੇ ਕੋਲ ਰਿਕਾਰਡ ਮੁਤਾਬਕ ਉਹ ਤਕਰੀਬਨ 20,900 ਹਨ। (ਵਿਘਨ) ਇਸ 20,900 ਦੀ ਫਿਗਰ ਵਿਚੋਂ ਜੇ ਤੁਹਾਡੇ ਹਲਕੇ ਵਿੱਚ 18000 ਹੋਰ ਇਲੀਜੀਬਲ

ਬਣ ਗਏ ਹਨ ਤਾਂ ਇਹ ਸੈਂਸ ਨਹੀਂ ਬਣਦੀ। ਸੋ, ਇਸ 20,900 ਵਿਚੋਂ ਜੇ 4000 ਹੋਰ ਬਣਿਆ ਹੈ, probably that is more correct figure and I would go by that figure, ਜੋ ਮੇਰੇ ਕੋਲ ਫਿਗਰ ਹੈ, ਮੈਂ ਉਸ ਹਿਸਾਬ ਨਾਲ ਕਹਾਂਗਾ।

ਸ਼੍ਰੀਮਤੀ ਅਰੁਨਾ ਚੌਧਰੀ : ਸਪੀਕਰ ਸਾਹਿਬ, ਮੰਤਰੀ ਜੀ ਨੇ ਕਾਫ਼ੀ ਡਿਟੇਲ ਵਿੱਚ ਦੱਸਿਆ ਹੈ ਪਰ ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦੀ ਹਾਂ ਕਿ ਇਹ ਕੋਈ ਛੋਟੀ ਜਿਹੀ ਗਲਤੀ ਨਹੀਂ ਹੈ। 18668 ਵਿੱਚ ...

ਮਾਨਯੋਗ ਸਪੀਕਰ : ਤੁਸੀਂ ਸਿੱਧੀ ਸਪਲੀਮੈਂਟਰੀ ਪੁੱਛੋ। ਮੰਤਰੀ ਜੀ ਨੇ ਡਿਟੇਲ ਵਿੱਚ ਦੱਸ ਦਿੱਤਾ ਹੈ। ਧੰਨਵਾਦ ਜੀ।

ਸ਼੍ਰੀਮਤੀ ਅਰੁਨਾ ਚੌਧਰੀ : ਮੈਂ ਇਹ ਸਾਰੀ ਇਨਫਰਮੇਸ਼ਨ ਮੰਤਰੀ ਜੀ ਨੂੰ ਦੇਣ ਨੂੰ ਤਿਆਰ ਹਾਂ। ਮੈਂ ਇਹ ਦੇ ਦੇਵਾਂਗੀ। ਸਿਰਫ ਇੰਨੀ ਐਸ਼ੋਰੈਂਸ ਦੇ ਦਿਉ ਕਿ ਤੁਹਾਡੇ ਜਵਾਬ ਵਿੱਚ ਹੈ ਕਿ 30 ਸਤੰਬਰ ਤੱਕ ਇਹ ਸਾਰੀ ਰੀਵੈਰੀਫਿਕੇਸ਼ਨ ਹੋ ਜਾਵੇਗੀ। 18591 ਜੋ ਲਾਭਪਾਤਰੀ ਰਹਿ ਗਏ ਹਨ, ਕੀ ਉਨ੍ਹਾਂ ਦੀ ਵੈਰੀਫਿਕੇਸ਼ਨ 30 ਸਤੰਬਰ ਤੱਕ ਹੋ ਜਾਵੇਗੀ?

ਮੰਤਰੀ : ਸਪੀਕਰ ਸਾਹਿਬ, ਬੀਬੀ ਜੀ ਨੇ ਪੁੱਛਿਆ ਹੈ ਇਸ ਦਾ ਜਵਾਬ ਤਾਂ ਦੇਣਾ ਬਣਦਾ ਹੈ। (ਵਿਘਨ)

ਮਾਨਯੋਗ ਸਪੀਕਰ : 1800 ਤੋਂ 18591 ਤੁਸੀਂ ਕਿਵੇਂ ਬਣਾ ਲਵੋਗੇ?

ਮੰਤਰੀ : ਬੀਬੀ ਜੀ, ਆਪਾਂ ਥੋੜ੍ਹੀ ਜਿਹੀ ਰਿਅਲਿਸਟਿਕ ਗੱਲ ਕਰੀਏ। ਇਹ ਸਾਡੇ ਮਹਿਕਮੇ ਨੇ ਕਰਨੀ ਹੈ। ਮੈਂ ਫਿਰ ਵੀ ਪੁੱਛ ਕੇ, ਸਭ ਕੁਝ ਕਰਵਾ ਕੇ ਜਿੰਨਾ ਹੋ ਸਕਿਆ ਤੁਹਾਨੂੰ ਦੱਸ ਦੇਵਾਂਗਾ। ਇਹ ਨਾ ਕਰੋ ਕਿ ਜੇ 30 ਸਤੰਬਰ ਕਹਿ ਦਿੱਤਾ ਹੈ, ਉਸ ਤੇ ਸਟਿੱਕ ਹੋਇਆ ਜਾਵੇ। ਜੋ ਸਟੇਟ ਵਲੋਂ ਡੀ.ਸੀਜ਼ ਨੂੰ ਡਾਇਰੈਕਸ਼ਨ ਹੈ ਕਿ 30 ਸਤੰਬਰ ਤੱਕ ਕੀਤਾ ਜਾਵੇ.. (ਵਿਘਨ) ਮੈਂ ਪੂਰੀ ਕੋਸ਼ਿਸ਼ ਕਰਾਂਗਾ ਕਿ ਇਸ ਤਰੀਕ ਤੱਕ ਇਹ ਹੋ ਜਾਵੇ। (ਵਿਘਨ)

ਮਾਨਯੋਗ ਸਪੀਕਰ : ਮੈਡਮ ਜੀ, ਤੁਹਾਡਾ ਅਗਲਾ ਪ੍ਰਸ਼ਨ ਹੈ।

ਸ਼੍ਰੀਮਤੀ ਅਰੁਨਾ ਚੌਧਰੀ : 30 ਤਾਰੀਖ ਦੀ ਡੇਟ ਤੁਹਾਡੀ ਦਿੱਤੀ ਹੋਈ ਹੈ ਜੀ। ਮੈਂ ਉਹੀ ਪੁੱਛ ਰਹੀ ਹਾਂ ਕਿ ਕੀ ਉਦੋਂ ਤੱਕ ਇਹ ਕੰਪਲੀਟ ਹੋ ਜਾਵੇਗਾ? ਜੇ ਨਹੀਂ ਹੋ ਸਕਦਾ ਤਾਂ ਮੈਨੂੰ ਕੋਈ ਟਾਈਮ ਬਾਊਂਡ ਦੱਸ ਦਿਉ।

ਮੰਤਰੀ : ਮੈਂ ਪੂਰੀ ਕੋਸ਼ਿਸ਼ ਕਰ ਰਿਹਾ ਹਾਂ ਕਿ ਇਸ ਸਮੇਂ ਤੱਕ ਇਹ ਹੋ ਜਾਵੇ ਪਰ ਜੇ ਮੈਂ ਥੋੜ੍ਹਾ ਜਿਹਾ ਲੇਟ ਹੋ ਗਿਆ ਤਾਂ ਤੁਸੀਂ ਵੀ ਮਾਈਂਡ ਨਹੀਂ ਕਰੋਗੇ। I will try my best.

ਮੀਰਥਲ-ਦੀਨਾ ਨਗਰ ਸੜਕ ਨੂੰ ਚੌੜਾ ਕਰਨਾ

***2110. ਸ਼੍ਰੀਮਤੀ ਅਰੁਨਾ ਚੌਧਰੀ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਜ਼ਿਲ੍ਹਾ ਗੁਰਦਾਸਪੁਰ ਵਿਚ ਚੱਕੀ ਨਦੀ ਦੇ ਪੁਲ ਸਮੇਤ ਪਹੁੰਚ ਸੜਕਾਂ, ਮੀਰਥਲ ਤੋਂ ਦੀਨਾਨਗਰ ਨੂੰ ਜੋੜਨ ਵਾਲੀ ਸੜਕ ਨੂੰ ਮੁੜ ਤੋਂ ਸਿੱਧਾ ਕਰਨ ਅਤੇ ਚੌੜਾ ਕਰਨ ਲਈ ਜ਼ਮੀਨ ਐਕੁਆਇਰ ਕਰਨ ਦੇ ਸਮੁੱਚੇ ਪ੍ਰੋਜੈਕਟ ਲਈ ਮਨਜੂਰਸ਼ੁਦਾ ਅਨੁਮਾਨ ਲਾਗਤ ਕਿੰਨੀ ਹੈ ਅਤੇ ਇਸ ਸਬੰਧ ਵਿੱਚ ਕਿੰਨੀ ਰਕਮ ਜਾਰੀ ਕੀਤੀ ਗਈ/ਜਾਰੀ ਕੀਤੀ ਜਾਣ ਵਾਲੀ/ਖਰਚ ਕੀਤੀ ਗਈ ਅਤੇ ਕਿੰਨੀ ਰਕਮ ਬਕਾਇਆ ਪਈ ਹੈ;

(ਅ) ਉਪਰੋਕਤ ਪ੍ਰੋਜੈਕਟ ਕਿਸ ਮਿਤੀ ਨੂੰ ਪੂਰਾ ਕੀਤਾ ਜਾਣਾ ਸੀ, ਪੂਰਾ ਹੋਣ ਦੀ ਆਰਜ਼ੀ ਮਿਤੀ ਅਤੇ ਮੌਜੂਦਾ ਸਥਿਤੀ ਕੀ ਹੈ ਅਤੇ ਦੇਰੀ ਦੇ ਕੀ ਕਾਰਨ ਹਨ?

ਸਰਦਾਰ ਜਨਮੇਜਾ ਸਿੰਘ ਸੇਖੋਂ : ਸ਼੍ਰੀਮਾਨ ਜੀ, (ੳ) ਜ਼ਿਲ੍ਹਾ ਗੁਰਦਾਸਪੁਰ ਵਿੱਚ ਚੱਕੀ ਨਦੀ ਦੇ ਪੁਲ ਸਮੇਤ ਪਹੁੰਚ ਸੜਕਾਂ, ਮੀਰਥਲ ਤੋਂ ਦੀਨਾਨਗਰ ਨੂੰ ਜੋੜਨ ਵਾਲੀ ਸੜਕ ਨੂੰ ਮੁੜ ਤੋਂ ਸਿੱਧਾ ਕਰਨ ਅਤੇ ਚੌੜਾ ਕਰਨ ਲਈ ਜ਼ਮੀਨ ਐਕੁਆਇਰ ਕਰਨ ਦੇ ਸਮੁੱਚੇ ਪ੍ਰੋਜੈਕਟ ਲਈ ਪੰਜਾਬ ਸਰਕਾਰ ਵੱਲੋਂ 67.85 ਕਰੋੜ ਰੁਪਏ ਦੀ ਪ੍ਰਸ਼ਾਸਕੀ ਪ੍ਰਵਾਨਗੀ ਮਿਤੀ 3.11.2011 ਨੂੰ ਜਾਰੀ ਕੀਤੀ ਗਈ ਸੀ। ਇਸ ਪ੍ਰੋਜੈਕਟ ਤੇ ਹੁਣ ਤੱਕ 38.03 ਕਰੋੜ ਰੁਪਏ ਦੀ ਰਾਸ਼ੀ ਪੀ.ਆਈ.ਡੀ.ਬੀ. ਵੱਲੋਂ ਜਾਰੀ ਕੀਤੀ ਗਈ ਜੋ ਕਿ ਖਰਚ ਹੋ ਚੁੱਕੀ ਹੈ। ਇਸ ਖਰਚੇ ਵਿੱਚ 8.80 ਕਰੋੜ ਰੁਪਏ ਲਗਭਗ 77 ਏਕੜ ਦੀ ਭੌਂ ਪ੍ਰਾਪਤੀ ਦਾ ਖਰਚਾ ਹੈ। ਹਾਈ ਲੈਵਲ ਪੁਲ ਨੂੰ ਜੋੜਨ ਵਾਲੀ ਮੀਰਥਲ/ਦੀਨਾਨਗਰ ਸੜਕ (ਲੰਬਾਈ 13.68 ਕਿਲੋਮੀਟਰ) ਨੂੰ ਸਰਕਾਰ ਵੱਲੋਂ ਬੀ.ਓ.ਟੀ.ਮੋਡ ਤੇ ਅਪਗਰੇਡ ਕਰਨ ਲਈ ਫੈਸਲਾ ਕੀਤਾ ਗਿਆ ਹੈ। ਫੀਡਬੈਕ ਇਨਫ੍ਰਾ ਪ੍ਰਾਈਵੇਟ ਲਿਮਿਟਡ ਨੂੰ ਟਰਾਂਜੈਕਸ਼ਨ ਸਲਾਹਕਾਰ ਨਿਯੁਕਤ ਕੀਤਾ ਗਿਆ ਹੈ ਤਾਂ ਜੋ ਲੋੜੀਂਦੇ ਬਿਡਿੰਗ

ਦਸਤਾਵੇਜ਼ ਤਿਆਰ ਕੀਤੇ ਜਾ ਸਕਣ । ਇਨ੍ਹਾਂ ਬਿੱਡਾਂ ਨੂੰ ਦਸੰਬਰ, 2015 ਤੱਕ ਮੰਗੇ ਜਾਣ ਦੀ ਸੰਭਾਵਨਾ ਹੈ।

(ਅ) ਚੱਕੀ ਨਦੀ ਤੇ ਉਚਾ ਪੁਲ ਅਤੇ ਇਸ ਦੀਆਂ ਅਪਰੋਚਾਂ ਦਾ ਕੰਮ ਮਿਤੀ 17.8.2011 ਨੂੰ ਸ਼ੁਰੂ ਕੀਤਾ ਗਿਆ ਜੋ ਕਿ ਮਿਤੀ 16.10.2012 ਨੂੰ ਖਤਮ ਕੀਤਾ ਜਾਣਾ ਸੀ। ਪਰੰਤੂ ਹੇਠ ਲਿਖੇ ਕਾਰਨਾਂ ਕਰਕੇ ਇਹ ਕੰਮ ਮਿਤੀ 30.11.2014 ਤੱਕ ਮੁਕੰਮਲ ਹੋ ਸਕਿਆ:-

(1) ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਮਿਤੀ 7.5.2012 ਨੂੰ ਭੌਂ ਪ੍ਰਾਪਤੀ ਦੇ ਸਬੰਧ ਵਿੱਚ ਸਟੇਅ ਆਰਡਰ ਜਾਰੀ ਕੀਤੇ ਗਏ ਜੋ ਕਿ ਮਿਤੀ 21.7.2012 ਨੂੰ ਸਮਾਪਤ ਹੋਏ।

(2) ਅਚਾਨਕ ਆਏ ਹੜ੍ਹਾਂ ਕਾਰਨ ਕਾਫਰ ਡੈਮ ਅਤੇ ਅਸਥਾਈ ਪੁਲ ਦਾ ਰੁੜ ਜਾਣਾ।

(3) ਮਾਈਨਿੰਗ ਦੀ ਸਮੱਸਿਆ ਕਰਕੇ ਉਸਾਰੀ ਲਈ ਲੋੜੀਂਦੇ ਮੈਟੀਰੀਅਲ ਦੀ ਘਾਟ।

(4) ਮੌਕੇ ਤੇ ਪ੍ਰਤੀਕੂਲ ਹਾਲਤਾਂ।

ਜਿੱਥੋਂ ਤੱਕ ਮੀਰਥਲ-ਦੀਨਾ ਨਗਰ ਸੜਕ ਨੂੰ ਬੀ.ਓ.ਟੀ. ਮੋਡ ਤੇ ਅਪਗ੍ਰੇਡ ਕਰਨ ਦਾ ਸਬੰਧ ਹੈ ਇਨ੍ਹਾਂ ਦੀਆਂ ਬਿੱਡਾਂ ਦਸੰਬਰ, 2015 ਤੱਕ ਮੰਗੇ ਜਾਣ ਦੀ ਸੰਭਾਵਨਾ ਹੈ ਅਤੇ ਸੜਕ ਦੀ ਅਪਗ੍ਰੇਡੇਸ਼ਨ ਦਾ ਕੰਮ ਦਸੰਬਰ, 2017 ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ।

ਸ੍ਰੀਮਤੀ ਅਰੁਨਾ ਚੌਧਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਪੀ.ਆਈ.ਡੀ.ਬੀ. ਰਾਹੀਂ ਇਸ ਸਾਰੇ ਪ੍ਰਾਜੈਕਟ ਦਾ ਟੋਟਲ ਅਮਾਊਂਟ 67.85 ਕਰੋੜ ਸੈਂਕਸ਼ਨ ਹੋਇਆ ਸੀ। ਇਸ ਵਿਚ ਅੱਪਗਰੇਡੇਸ਼ਨ ਆਫ ਰੋਡਜ਼, ਪੁਲ ਅਤੇ ਕਿਸਾਨਾਂ ਨੂੰ ਲੈਂਡ ਐਕੁਆਇਰ ਕਰਨ ਦੀ ਜਿਹੜੀ 8 ਕਰੋੜ ਦੀ ਕੰਪਨਸੇਸ਼ਨ ਹੈ, ਉਹ ਵੀ ਦਿੱਤੀ ਗਈ ਸੀ। ਫਿਰ ਇਸ ਨੂੰ ਬੀ.ਓ.ਟੀ. ਵਿਚ ਕਨਵਰਟ ਕਰਨ ਦਾ ਕੀ ਮਤਲਬ ਹੈ ਜਦੋਂ ਕਿ 29.82 ਕਰੋੜ ਰੁਪਏ ਦੀ ਸੈਂਕਸ਼ਨ ਹਾਲੇ ਵੀ ਵਿਭਾਗ ਕੋਲ ਹੈ। ਇਸ ਤੋਂ ਇਲਾਵਾ ਜਿਹੜਾ ਓਰੀਜੀਨਲ ਪ੍ਰਾਜੈਕਟ ਹੈ, ਉਸ ਵਿਚ ਵੀ ਇਸ ਨੂੰ ਬੀ.ਓ.ਟੀ. ਵਿਚ ਕਨਵਰਟ ਕਰਨ ਦਾ ਕੋਈ ਜ਼ਿਕਰ ਨਹੀਂ ਹੈ। ਇਹ ਲਿੰਕ ਰੋਡ ਹੈ, ਲਿੰਕ

[ਸ਼੍ਰੀਮਤੀ ਅਰੁਨਾ ਚੌਧਰੀ]

ਰੋਡ ਤੇ ਇਹ ਵਾਇਬਲ ਵੀ ਨਹੀਂ ਹੈ, ਤੁਸੀਂ ਇਕ ਵਾਰੀ ਬਿੱਡ ਕਰਕੇ ਦੇਖ ਲਈ ਹੈ, ਉਥੇ ਕੋਈ ਵੀ ਪ੍ਰਾਈਵੇਟ ਪਲੇਅਰ ਨਹੀਂ ਆਇਆ। ਇਹ ਤਾਂ ਗਰੀਬ ਮਾਰ ਹੈ। ਸੋ, ਮੈਂ ਪੁੱਛਣਾ ਚਾਹੁੰਦੀ ਹਾਂ ਕਿ ਤੁਸੀਂ ਇਸੇ ਅਮਾਉਂਟ ਵਿਚ ਇਸ ਲਿੰਕ ਰੋਡ ਨੂੰ ਕਦੋਂ ਤੱਕ ਕੰਪਲੀਟ ਕਰ ਦਿਓਗੇ। ਅੱਗੇ ਹੀ ਇਹ ਚਾਰ ਸਾਲ ਡਿਲੇਅ ਹੋ ਚੁੱਕੀ ਹੈ।

ਮਾਨਯੋਗ ਸਪੀਕਰ : ਹਾਂ ਜੀ, ਮੰਤਰੀ ਸਾਹਿਬ, ਤੁਸੀਂ ਕੋਈ ਟਾਈਮ ਫਿਕਸ ਕਰ ਸਕਦੇ ਹੋ ਜਾਂ ਨਹੀਂ?

ਮੰਤਰੀ : ਸਪੀਕਰ ਸਾਹਿਬ, ਦਸੰਬਰ, 2015 ਤੱਕ ਬਿੱਡਾਂ ਮੰਗੇ ਜਾਣ ਦੀ ਸੰਭਾਵਨਾ ਹੈ। 2017 ਤੱਕ ਅੱਪਗਰੇਡ ਕਰਨ ਦਾ ਟਾਈਮ ਦਿੱਤਾ ਹੈ।

ਮਾਨਯੋਗ ਸਪੀਕਰ : ਹਾਂ ਜੀ, ਨੈਕਸਟ ਸਵਾਲ।

ਪ੍ਰਾਇਮਰੀ ਹੈਲਥ ਸੈਂਟਰ, ਮੁੱਦਕੀ ਵਿੱਚ ਡਾਕਟਰਾਂ ਦੀਆਂ ਖਾਲੀ ਪੋਸਟਾਂ ਭਰਨਾ

***2059. ਸਰਦਾਰ ਜੋਗਿੰਦਰ ਸਿੰਘ ਜਿੰਦੂ :** ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ –

(ੳ) ਜ਼ਿਲ੍ਹਾ ਫ਼ਿਰੋਜ਼ਪੁਰ ਵਿੱਚ ਪੈਂਦੇ ਪ੍ਰਾਇਮਰੀ ਹੈਲਥ ਸੈਂਟਰ, ਮੁੱਦਕੀ ਵਿੱਚ ਡਾਕਟਰਾਂ ਦੀਆਂ ਕੁੱਲ ਕਿੰਨੀਆਂ ਪੋਸਟਾਂ ਮਨਜ਼ੂਰਸ਼ੁਦਾ ਹਨ ਅਤੇ ਇਸ ਵੇਲੇ ਕੁੱਲ ਕਿੰਨੇ ਡਾਕਟਰ ਇੱਥੇ ਤਾਇਨਾਤ ਹਨ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਖਾਲੀ ਪੋਸਟਾਂ ਜੇਕਰ ਹੋਣ ਤਾਂ ਕਿਸ ਮਿਤੀ ਤੋਂ ਖਾਲੀ ਪਈਆਂ ਹਨ ਅਤੇ ਇਨ੍ਹਾਂ ਪੋਸਟਾਂ ਨੂੰ ਕਦੋਂ ਤੱਕ ਭਰ ਦਿੱਤਾ ਜਾਵੇਗਾ?

ਸ਼੍ਰੀ ਸੁਰਜੀਤ ਕੁਮਾਰ ਜਿਆਨੀ : ਸ਼੍ਰੀਮਾਨ ਜੀ, ਪ੍ਰਾਇਮਰੀ ਹੈਲਥ ਸੈਂਟਰ ਮੁੱਦਕੀ, ਜ਼ਿਲ੍ਹਾ ਫ਼ਿਰੋਜ਼ਪੁਰ ਵਿਖੇ ਡਾਕਟਰਾਂ (ਮੈਡੀਕਲ ਅਫਸਰਾਂ) ਦੀਆਂ ਕੁੱਲ ਦੋ ਅਸਾਮੀਆਂ ਮਨਜ਼ੂਰਸ਼ੁਦਾ ਹਨ ਅਤੇ ਦੋਵੇਂ ਅਸਾਮੀਆਂ ਮਿਤੀ 19-2-2014 ਅਤੇ ਮਿਤੀ 01-12-2014 ਤੋਂ ਖਾਲੀ ਹਨ। ਵਿਭਾਗ ਵਿੱਚ ਡਾਕਟਰਾਂ ਦੀਆਂ ਖਾਲੀ ਅਸਾਮੀਆਂ ਨੂੰ ਭਰਨ ਲਈ ਸਰਕਾਰ ਵੱਲੋਂ ਲਗਾਤਾਰ ਪ੍ਰਕਿਰਿਆ ਜਾਰੀ ਹੈ।

ਸਰਦਾਰ ਜੋਗਿੰਦਰ ਸਿੰਘ ਜਿੰਦੂ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮੁੱਦਕੀ ਬਹੁਤ ਵੱਡਾ ਕਸਬਾ ਹੈ। ਇਸ ਦੇ ਨਾਲ 20-25 ਪਿੰਡ ਲੱਗਦੇ ਹਨ। ਇਸ ਨੂੰ ਜਿਹੜੀ ਰੋਡ ਲੱਗਦੀ ਹੈ, ਉਹ ਵੀ ਜੀ.ਟੀ. ਰੋਡ ਹੈ, ਉਥੇ ਰੋਜ਼ ਕਈ ਐਕਸੀਡੈਂਟ ਹੁੰਦੇ ਹਨ, ਉਥੇ ਕਿਸੇ ਨੂੰ ਫਸਟ ਏਡ ਵੀ ਨਹੀਂ ਮਿਲਦੀ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਥੇ ਕਦੋਂ ਤੱਕ ਡਾਕਟਰ ਮੁਹੱਈਆ ਕਰਵਾ ਦੇਣਗੇ?

ਮਾਨਯੋਗ ਸਪੀਕਰ : ਹਾਂ ਜੀ ਮੰਤਰੀ ਸਾਹਿਬ, ਕਦੋਂ ਤੱਕ ਡਾਕਟਰ ਭੇਜ ਦਿਉਗੇ, ਇਹ ਬਹੁਤ ਔਖਾ ਹੈ, ਇੰਨੀ ਦੇਰ ਤੋਂ ਬਿਨਾ ਡਾਕਟਰ ਤੋਂ ਹਸਪਤਾਲ ਦਾ ਕੰਮ ਕਿਵੇਂ ਚੱਲੇਗਾ?

ਮੰਤਰੀ : ਸਪੀਕਰ ਸਾਹਿਬ, ਪੀ.ਪੀ.ਐਸ.ਸੀ. ਰਾਹੀਂ 404 ਸੀਟਾਂ ਭਰਨ ਦੀ ਪ੍ਰਕਿਰਿਆ ਪੂਰੀ ਹੋ ਚੁੱਕੀ ਹੈ, ਇਸ ਵਿਚ 164 ਡਾਕਟਰਾਂ ਨੇ ਜੁਆਇਨ ਕਰ ਲਿਆ ਹੈ, ਬਾਕੀਆਂ ਨੇ ਹਾਲੇ ਜੁਆਇਨ ਕਰਨਾ ਹੈ। ਅਸੀਂ 15-20 ਦਿਨਾਂ ਵਿਚ ਇਕ ਡਾਕਟਰ ਲਗਾ ਦਿਆਂਗੇ।

ਮਾਨਯੋਗ ਸਪੀਕਰ : ਜਲਦੀ ਲਗਾ ਦਿਓ। ਹਾਂ ਜੀ, ਅਗਲਾ ਸਵਾਲ।

ਰਾਸ਼ਟਰੀ ਕ੍ਰਿਸੀ ਵਿਕਾਸ ਯੋਜਨਾ ਅਤੇ ਨੈਸ਼ਨਲ ਫੂਡ ਸਕਿਉਰਿਟੀ ਮਿਸ਼ਨ ਤਹਿਤ ਫੰਡ ਦੇਣੇ

***2091. ਸ਼੍ਰੀ ਸੁਨੀਲ ਜਾਖੜ :** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਸਾਲ 2013-14 ਅਤੇ 2014-15 ਦੌਰਾਨ ਕੇਂਦਰ ਸਰਕਾਰ ਨੇ ਰਾਜ ਦੇ ਖੇਤੀਬਾੜੀ ਮਹਿਕਮੇ ਨੂੰ ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ (Stream 1, Stream II and diversification) ਅਤੇ ਨੈਸ਼ਨਲ ਫੂਡ ਸਕਿਉਰਿਟੀ ਮਿਸ਼ਨ ਤਹਿਤ ਕੁੱਲ ਕਿੰਨੀ ਰਕਮ ਐਲੋਕੇਟ ਕੀਤੀ ਸੀ;

(ਅ) ਐਲੋਕੇਟ ਹੋਏ ਫੰਡ ਵਿੱਚੋਂ ਖਰਚ ਕਰਨ ਦੇ ਵੇਰਵੇ ਕੀ ਹਨ;

(ੲ) ਸਾਲ 2014-15 ਦੌਰਾਨ ਰਾਜ ਸਰਕਾਰ ਦੁਆਰਾ ਨੈਸ਼ਨਲ ਫੂਡ ਸਕਿਉਰਿਟੀ ਮਿਸ਼ਨ ਤਹਿਤ ਕਿਸਾਨਾਂ ਨੂੰ ਕਣਕ ਦੇ ਬੀਜ ਤੇ ਪ੍ਰਤੀ ਕੁਇੰਟਲ ਕਿੰਨੇ ਰੁਪਏ ਸਬਸਿਡੀ ਦਿੱਤੀ ਗਈ ਸੀ?

ਸਰਦਾਰ ਤੋਤਾ ਸਿੰਘ : (ੳ) ਸਾਲ 2013-14 ਅਤੇ 2014-15 ਦੌਰਾਨ ਕੇਂਦਰ ਸਰਕਾਰ ਨੇ ਰਾਜ ਦੇ ਖੇਤੀਬਾੜੀ ਮਹਿਕਮੇ ਨੂੰ ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ (ਸਟਰੀਮ I, II ਅਤੇ ਡਾਈਵਰਸੀਫਿਕੇਸ਼ਨ) ਅਤੇ ਨੈਸ਼ਨਲ ਫੂਡ ਸਕਿਉਰਿਟੀ ਮਿਸ਼ਨ ਤਹਿਤ ਕੁੱਲ 1056.69 ਕਰੋੜ ਰੁਪਏ ਐਲੋਕੇਟ ਕੀਤੇ ਗਏ ਸਨ।

(ਅ) ਸਾਲ 2013-14 ਅਤੇ 2014-15 ਦੌਰਾਨ ਕੇਂਦਰ ਸਰਕਾਰ ਨੇ ਰਾਜ ਦੇ ਖੇਤੀਬਾੜੀ ਮਹਿਕਮੇ ਨੂੰ ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ (ਸਟਰੀਮ I, II ਅਤੇ ਡਾਈਵਰਸੀਫਿਕੇਸ਼ਨ) ਅਤੇ ਨੈਸ਼ਨਲ ਫੂਡ ਸਕਿਉਰਿਟੀ ਮਿਸ਼ਨ ਤਹਿਤ ਕੁੱਲ 573.27 ਕਰੋੜ ਰੁਪਏ ਖਰਚ ਕੀਤੇ ਗਏ ਸਨ।

(ੲ) ਸਾਲ 2014-15 ਦੌਰਾਨ ਰਾਜ ਸਰਕਾਰ ਦੁਆਰਾ ਨੈਸ਼ਨਲ ਫੂਡ ਸਕਿਉਰਿਟੀ ਮਿਸ਼ਨ ਤਹਿਤ ਕਿਸਾਨਾਂ ਨੂੰ ਕਣਕ ਦੇ ਬੀਜ ਤੇ 700/- ਰੁਪਏ ਪ੍ਰਤੀ ਕੁਇੰਟਲ ਸਬਸਿਡੀ ਦਿੱਤੀ ਗਈ ਸੀ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੇਰੇ ਕੋਲ ਲਿਖਤੀ ਜਵਾਬ ਆ ਗਿਆ ਹੈ, ਸਿਰਫ ਇਕ ਮਿੰਟ ਰਹਿ ਗਿਆ ਹੈ। ਇਹ ਬਾਕੀ ਗੱਲਾਂ ਛੱਡ ਕੇ ਕੇਵਲ ਇਹ ਜਵਾਬ ਦੇ ਦੇਣ ਕਿ ਕੀ ਇਨ੍ਹਾਂ ਕੋਲ ਇੱਕ ਹਜ਼ਾਰ ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਕਣਕ ਦੇ ਬੀਜ ਤੇ ਸਬਸਿਡੀ ਆਈ ਸੀ ਜਾਂ ਨਹੀਂ? ਜੇਕਰ ਆਈ ਸੀ ਤਾਂ ਇਨ੍ਹਾਂ ਨੇ ਕਿਸਾਨਾਂ ਨੂੰ ਕਿੰਨੀ ਦਿੱਤੀ ਹੈ?

ਮੰਤਰੀ : ਸਪੀਕਰ ਸਾਹਿਬ, ਅਸੀਂ 700/- ਰੁਪਏ ਪ੍ਰਤੀ ਕੁਇੰਟਲ ਸਬਸਿਡੀ ਦਿੱਤੀ ਹੈ।

ਸ਼੍ਰੀ ਸੁਨੀਲ ਜਾਖੜ : ਕਿਸਾਨ ਵਾਸਤੇ ਸਿਰਫ 700/- ਰੁਪਿਆ। ਤੁਸੀਂ ਯਾਦ ਕਰੋ ਲੰਗਾਹ ਸਾਹਿਬ ਦੇ ਟਾਈਮ ਵਿੱਚ ਵੀ 700/- ਰੁਪਏ ਹੀ ਸੀ। ਇਹ ਬੜੀ ਹੈਰਾਨੀ ਦੀ ਗੱਲ ਹੈ... (ਵਿਘਨ)(ਸ਼ੋਰ)

ਮਾਨਯੋਗ ਸਪੀਕਰ : ਮੈਨੂੰ ਅਗਲਾ ਮਸਲਾ ਲੈ ਲੈਣ ਦਿਉ। ਪ੍ਰਸ਼ਨ ਕਾਲ ਖਤਮ ਹੁੰਦਾ ਹੈ। ਬਾਕੀ ਰਹਿੰਦੇ ਪ੍ਰਸ਼ਨ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਦੀ ਨਿਯਮਾਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਸਮਝੇ ਜਾਣ।

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

ਐਸ.ਡੀ.ਐਮ./ਤਹਿਸੀਲਦਾਰ/ਨਾਇਬ ਤਹਿਸੀਲਦਾਰ ਨੂੰ ਸਰਕਾਰੀ ਮਕਾਨ ਮਹੁੱਈਆ ਕਰਨਾ

*2080. **ਸਰਦਾਰ ਗੁਰਚਰਨ ਸਿੰਘ ਬੋਪਾਰਾਏ :** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਬ-ਡਵੀਜ਼ਨ, ਰਾਏਕੋਟ ਵਿਖੇ ਐਸ.ਡੀ.ਐਮ., ਤਹਿਸੀਲਦਾਰ ਅਤੇ ਨਾਇਬ ਤਹਿਸੀਲਦਾਰ ਲਈ ਸਰਕਾਰੀ ਮਕਾਨ ਉਪਲਬਧ ਨਹੀਂ ਹਨ; ਜੇਕਰ ਅਜਿਹਾ ਹੋਵੇ ਤਾਂ ਉਕਤ ਅਫਸਰਾਂ ਨੂੰ ਸਰਕਾਰੀ ਮਕਾਨ ਮੁਹੱਈਆ ਕਰਨ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ?

ਸਰਦਾਰ ਬਿਕਰਮ ਸਿੰਘ ਮਜੀਠੀਆ : ਹਾਂ ਜੀ। ਇਹ ਠੀਕ ਹੈ ਕਿ ਸਬ-ਡਵੀਜ਼ਨ ਰਾਏਕੋਟ ਵਿਖੇ ਐਸ.ਡੀ.ਐਮ.,ਤਹਿਸੀਲਦਾਰ ਅਤੇ ਨਾਇਬ ਤਹਿਸੀਲਦਾਰ ਲਈ ਸਰਕਾਰੀ ਮਕਾਨ ਉਪਲਬਧ ਨਹੀਂ ਹਨ।

ਇਸ ਸਬੰਧੀ ਰਾਜ ਸਰਕਾਰ ਵਲੋਂ ਹੇਠ ਅਨੁਸਾਰ ਕਦਮ ਚੁੱਕੇ ਜਾ ਰਹੇ ਹਨ। ਪੂਰੇ ਰਾਜ ਵਿਚ ਐਸ.ਡੀ.ਐਮ, ਤਹਿਸੀਲਦਾਰ ਅਤੇ ਨਾਇਬ ਤਹਿਸੀਲਦਾਰ ਦੀ ਸਰਕਾਰੀ ਰਿਹਾਇਸ਼ ਦੀ ਘਾਟ ਹੋਣ ਦਾ ਸਰਵੇ ਕਰਵਾਇਆ ਜਾ ਚੁੱਕਾ ਹੈ। ਇਨ੍ਹਾਂ ਅਫਸਰਾਂ ਲਈ ਸਰਕਾਰੀ ਮਕਾਨਾਂ ਨੂੰ ਬਣਾਉਣ ਲਈ ਸਰਕਾਰ ਦੇ ਪੱਧਰ ਤੇ ਵੱਖ ਵੱਖ ਪੜਾਵਾਂ ਵਿਚ ਫੰਡਜ਼ ਉਪਲਬਧ ਕਰਾਉਣ ਦਾ ਫੈਸਲਾ ਲਿਆ ਜਾਣਾ ਹੈ।

ਮਿਉਂਸਿਪਲ ਕੌਂਸਲ ਨਾਭਾ ਵਿੱਚ ਸੀਵਰੇਜ ਪਾਉਣਾ

*2085. **ਸਰਦਾਰ ਸਾਧੂ ਸਿੰਘ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਮਿਉਂਸਿਪਲ ਕੌਂਸਲ, ਨਾਭਾ ਦੀ ਹਦੂਦ ਅੰਦਰ 100 ਪ੍ਰਤੀਸ਼ਤ ਸੀਵਰੇਜ ਵਿਛਾ ਦਿੱਤਾ ਗਿਆ ਹੈ; ਜੇਕਰ ਨਹੀਂ ਤਾਂ ਕਿੰਨੇ ਖੇਤਰ ਵਿੱਚ ਸੀਵਰੇਜ ਨਹੀਂ ਪਾਇਆ ਗਿਆ ਹੈ;

(ਅ) ਕੀ ਉਪਰੋਕਤ ਸ਼ਹਿਰ ਦੀ ਕੌਂਸਲ ਦੀ ਹੱਦ ਅੰਦਰ ਮੌਜੂਦਾ ਸੀਵਰੇਜ

[ਸਰਦਾਰ ਸਾਧੂ ਸਿੰਘ]

ਨਿਰਵਿਘਨ ਚੱਲ ਰਿਹਾ ਹੈ; ਜੇਕਰ ਨਹੀਂ ਤਾਂ ਇਸਦੇ ਕੀ ਕਾਰਣ ਹਨ;

(ੲ) ਸਰਕਾਰ ਵੱਲੋਂ ਨਾਭਾ ਵਿੱਚ 100 ਪ੍ਰਤੀਸ਼ਤ ਸੀਵਰੇਜ ਮੁਹੱਈਆ ਕਰਨ ਲਈ ਕੀ ਕਦਮ ਚੁੱਕੇ ਜਾ ਰਹੇ ਹਨ?

ਸ਼੍ਰੀ ਅਨਿਲ ਜੋਸ਼ੀ : (ੳ) ਨਗਰ ਕੌਂਸਲ ਨਾਭਾ ਦੀ ਹਦੂਦ ਅੰਦਰ 35 ਪ੍ਰਤੀਸ਼ਤ ਸੀਵਰੇਜ ਪਿਆ ਹੋਇਆ ਹੈ ਅਤੇ 65 ਪ੍ਰਤੀਸ਼ਤ ਖੇਤਰ ਵਿੱਚ ਸੀਵਰੇਜ ਪੈਣਾ ਅਜੇ ਬਾਕੀ ਹੈ।

(ਅ) ਨਾਭਾ ਸ਼ਹਿਰ ਵਿਚ ਸੀਵਰੇਜ ਦੀ ਦੇਖਭਾਲ ਦਾ ਕੰਮ ਹਾਲ ਦੀ ਘੜੀ ਨਗਰ ਕੌਂਸਲ ਨਾਭਾ ਕੋਲ ਹੈ, ਜਿਨ੍ਹਾਂ ਕੋਲ ਇਸ ਕੰਮ ਦੀ ਦੇਖ-ਭਾਲ ਲਈ ਮੁਕੰਮਲ ਸਟਾਫ ਨਹੀਂ ਹੈ। ਇਸ ਕੰਮ ਦੀ ਦੇਖ-ਭਾਲ ਸੀਵਰੇਜ ਬੋਰਡ ਵੱਲੋਂ ਕਰਵਾਉਣ ਲਈ ਨਗਰ ਕੌਂਸਲ ਵੱਲੋਂ ਮਤਾ ਪ੍ਰਵਾਨ ਕੀਤਾ ਜਾ ਚੁੱਕਿਆ ਹੈ ਅਤੇ ਇਹ ਕੰਮ ਸੀਵਰੇਜ ਬੋਰਡ ਵੱਲੋਂ ਅਗਲੇ ਵਿੱਤੀ ਸਾਲ ਵਿੱਚ ਸੰਭਾਲ ਲਿਆ ਜਾਵੇਗਾ, ਜਿਸ ਉਪਰੰਤ ਇਸ ਵਿੱਚ ਸੁਧਾਰ ਆ ਜਾਵੇਗਾ।

(ੲ) ਨਾਭਾ ਵਿਖੇ 100 ਪ੍ਰਤੀਸ਼ਤ ਸੀਵਰੇਜ ਕਵਰ ਕਰਨ ਲਈ ਡਿਟੇਲਡ ਪ੍ਰੋਜੈਕਟ ਰਿਪੋਰਟ ਬਣਾਈ ਗਈ ਹੈ। ਹਾਲ ਦੀ ਘੜੀ ਪਹਿਲੇ ਪੜਾਅ ਵਿੱਚ ਮੌਜੂਦਾ ਸੀਵਰੇਜ ਸਿਸਟਮ ਵਿੱਚ 18 ਕਿਲੋਮੀਟਰ ਸੀਵਰ ਲਾਈਨਾਂ ਲਗਾਉਣ ਦੀ ਤਜਵੀਜ਼ ਹੈ, ਜਿਨ੍ਹਾਂ ਦੀ ਲਾਗਤ 5 ਕਰੋੜ ਰੁਪਏ ਹੈ। ਇਸ ਦੇ ਟੈਂਡਰ ਇੱਕ ਮਹੀਨੇ ਵਿੱਚ ਮੰਗ ਲਏ ਜਾਣਗੇ। ਸੀਵਰੇਜ ਚਾਲੂ ਕਰਨ ਤੋਂ ਪਹਿਲਾਂ ਸੀਵੇਜ ਟਰੀਟਮੈਂਟ ਪਲਾਂਟ ਸਥਾਪਤ ਕਰਨ ਦੀ ਜ਼ਰੂਰਤ ਹੈ, ਜਿਸ ਦੀ ਲਾਗਤ ਲਗਭਗ 14 ਕਰੋੜ ਰੁਪਏ ਬਣਦੀ ਹੈ। ਹਾਲ ਦੀ ਘੜੀ ਐਸ.ਟੀ.ਪੀ. ਲਈ ਕੋਈ ਜਗ੍ਹਾ ਉਪਲਬਧ ਨਹੀਂ ਹੈ। ਜੋ ਜਗ੍ਹਾ ਢੁੱਕਵੀਂ ਹੈ, ਉਥੇ ਤੱਕ ਪਹੁੰਚਣ ਲਈ ਰੇਲਵੇ ਲਾਈਨ ਕਰਾਸ ਕਰਨ ਦੀ ਜ਼ਰੂਰਤ ਪਵੇਗੀ। ਜਗ੍ਹਾ ਉਪਲੱਬਧ ਹੋਣ ਅਤੇ ਰੇਲਵੇ ਵਿਭਾਗ ਤੋਂ ਕਰਾਸਿੰਗ ਦੀ ਮਨਜ਼ੂਰੀ ਮਿਲਣ ਉਪਰੰਤ ਤੁਰੰਤ ਇਸ ਦੇ ਵੀ ਟੈਂਡਰ ਲਗਾ ਦਿੱਤੇ ਜਾਣਗੇ।

ਕਾਸੂਬੇਗ ਡਿਸਟਰੀਬਿਊਟਰੀ ਦੀ ਰੀਮਾਡਲਿੰਗ ਕਰਨਾ

***2058. ਸਰਦਾਰ ਜੋਗਿੰਦਰ ਸਿੰਘ ਜਿੰਦੂ:** ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿਭਾਗ ਵੱਲੋਂ ਆਪਣੇ ਪੱਤਰ ਮਿਤੀ 14 ਜਨਵਰੀ, 2014 ਰਾਹੀਂ ਕਾਸੂਬੇਗ ਡਿਸਟਰੀਬਿਊਟਰੀ ਆਰ.ਡੀ.0–85608 ਟੂ ਫੀਡ ਮਹਿਮਾ ਮਾਈਨਰ ਦੀ ਰੀਮਾਡਲਿੰਗ ਦੇ ਪ੍ਰਾਜੈਕਟ ਲਈ 625.79 ਲੱਖ ਰੁਪਏ ਪਾਸ ਕੀਤੇ ਗਏ ਅਨੁਮਾਨ ਦੀ ਪੈਰਵੀ ਵਿੱਚ ਹੁਣ ਤੱਕ ਇਸ ਦੀ ਰੀਮਾਡਲਿੰਗ ਦਾ ਕਿੰਨਾ ਕੰਮ ਹੋ ਚੁੱਕਾ ਹੈ ਅਤੇ ਬਾਕੀ ਰਹਿੰਦਾ ਕੰਮ ਕਦੋਂ ਤੱਕ ਪੂਰਾ ਕੀਤਾ ਜਾਵੇਗਾ?

ਸਰਦਾਰ ਸ਼ਰਨਜੀਤ ਸਿੰਘ ਢਿੱਲੋਂ : ਕਾਸੂਬੇਗ ਡਿਸਟ੍ਰੀਬਿਊਟਰੀ ਆਰ.ਡੀ. 0–85608 ਟੂ ਫੀਡ ਮਹਿਮਾ ਮਾਈਨਰ ਦੀ ਰੀਮਾਡਲਿੰਗ ਦਾ ਪ੍ਰੋਜੈਕਟ ਅਨੁਮਾਨ ਜਨਵਰੀ, 2014 ਵਿੱਚ 625.79 ਲੱਖ ਰੁਪਏ ਦਾ ਪਾਸ ਕੀਤਾ ਗਿਆ ਸੀ। ਇਹ ਕੰਮ ਭਾਰਤ ਸਰਕਾਰ ਵੱਲੋਂ ਫੰਡਜ਼ ਉਪਲਬਧ ਹੋਣ ਤੇ ਸ਼ੁਰੂ ਕਰਵਾਇਆ ਜਾਵੇਗਾ।

ਅਧਿਆਪਕਾਂ ਦੀ ਘਾਟ ਪੂਰੀ ਕਰਨਾ

***2061. ਸ਼੍ਰੀਮਤੀ ਹਰਪ੍ਰੀਤ ਕੌਰ ਮੁਖਮੈਲਪੁਰਾ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਘਨੌਰ ਦੇ ਸਕੂਲਾਂ ਵਿੱਚ ਅਧਿਆਪਕਾਂ ਦੀ ਘਾਟ ਨੂੰ ਕਦੋਂ ਤੱਕ ਪੂਰਾ ਕੀਤਾ ਜਾਵੇਗਾ?

ਡਾਕਟਰ ਦਲਜੀਤ ਸਿੰਘ ਚੀਮਾ: ਇਸ ਹਲਕੇ ਵਿੱਚ ਵੱਖ ਵੱਖ ਵਿਸ਼ਿਆਂ ਵਿੱਚ ਪ੍ਰਾਇਮਰੀ ਅਤੇ ਸੈਕੰਡਰੀ ਪੱਧਰ ਦੀਆਂ 4282 ਪੋਸਟਾਂ ਵਿਚੋਂ 4064 ਪੋਸਟਾਂ ਭਾਵ 95% ਪੋਸਟਾਂ ਭਰੀਆਂ ਹੋਈਆਂ ਹਨ । ਵਿਭਾਗ ਵੱਲੋਂ 559 ਮਾਸਟਰ ਕਾਡਰ ਅਧਿਆਪਕਾਂ ਨੂੰ ਸਤੰਬਰ, 2015 ਵਿੱਚ ਹੀ ਆਰਡਰ ਦਿੱਤੇ ਜਾ ਰਹੇ ਹਨ। ਸੈਕੰਡਰੀ ਪੱਧਰ ਤੇ 8130 ਅਤੇ ਐਲੀਮੈਂਟਰੀ ਪੱਧਰ ਤੇ 3522 ਅਸਾਮੀਆਂ ਭਰਨ ਦੀ ਮਨਜ਼ੂਰੀ ਹੋ ਚੁੱਕੀ ਹੈ। ਇਸ ਤੋਂ ਇਲਾਵਾ 300 ਅੱਪਰ ਪ੍ਰਾਇਮਰੀ ਅਤੇ 764 ਰਮਸਾ ਦੇ ਅਧਿਆਪਕਾਂ ਦੀ ਭਰਤੀ ਦਾ ਕੰਮ ਅੰਤਿਮ ਪੜਾਅ ਤੇ ਹੈ। ਇਸ ਲਈ ਹਲਕਾ ਘਨੌਰ ਵਿੱਚ 5% ਖਾਲੀ ਪਈਆਂ ਅਸਾਮੀਆਂ ਨੂੰ ਨੇੜ ਭਵਿੱਖ ਵਿੱਚ ਨਵੀਂ ਭਰਤੀ ਰਾਹੀਂ ਭਰਨ ਦੇ ਉਪਰਾਲੇ ਕੀਤੇ ਜਾਣਗੇ।

ਲਿੰਕ ਸੜਕਾਂ ਦੀ ਮੁਰੰਮਤ ਕਰਨਾ

*2166. **ਸਰਦਾਰ ਜਗਮੋਹਨ ਸਿੰਘ ਕੰਗ :** ਕੀ ਲੋਕ ਨਿਰਮਾਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜ਼ਿਲ੍ਹਾ ਐਸ. ਏ.ਐਸ.ਨਗਰ ਵਿੱਚ ਬੂਥਗੜ੍ਹ ਤੋਂ ਮਾਣਕਪੁਰ ਸ਼ਰੀਫ ਇਤਿਹਾਸਕ ਪੀਰ ਦੀ ਦਰਗਾਹ ਸੰਗਤਪੁਰਾ-ਖਿਜ਼ਰਾਬਾਦ ਤੱਕ ਸੜਕ ਦੀ ਹਾਲਤ ਬਹੁਤ ਖਸਤਾ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਕਦੋਂ ਤੱਕ ਮਜ਼ਬੂਤ ਅਤੇ ਚੌੜਾ ਕੀਤਾ ਜਾਵੇਗਾ?

ਸਰਦਾਰ ਜਨਮੇਜਾ ਸਿੰਘ ਸੇਖੋਂ : ਸ਼੍ਰੀਮਾਨ ਜੀ, ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿੱਚ ਬੂਥਗੜ੍ਹ ਤੋਂ ਇਤਿਹਾਸਕ ਮਾਣਕਪੁਰ ਸ਼ਰੀਫ ਵਿਖੇ ਪੀਰ ਦੀ ਦਰਗਾਹ ਅਤੇ ਸੰਗਤਪੁਰਾ ਖਿਜਰਾਬਾਦ ਸੜਕਾਂ ਹਾਲ ਦੀ ਘੜੀ ਮੁਰੰਮਤ ਲਈ ਡਿਊ ਨਹੀਂ ਹਨ। ਇਨ੍ਹਾਂ ਸੜਕਾਂ ਤੇ ਕਈ ਥਾਵਾਂ ਤੇ ਬਾਰਿਸ਼ਾਂ ਕਾਰਨ ਪੈਚ ਪੈ ਗਏ ਹਨ। ਇਨ੍ਹਾਂ ਸੜਕਾਂ ਨੂੰ ਸਰਕਾਰ ਵੱਲੋਂ ਉਲੀਕੇ ਜਾਣ ਵਾਲੇ ਲਿੰਕ ਸੜਕਾਂ ਦੇ ਪੈਚ-ਵਰਕ ਪ੍ਰੋਗਰਾਮ ਲਈ ਪਹਿਲ ਦੇ ਅਧਾਰ ਤੇ ਤਜਵੀਜ਼ ਕਰ ਦਿੱਤਾ ਜਾਵੇਗਾ।

ਬੂਥਗੜ੍ਹ ਤੋਂ ਇਤਿਹਾਸਕ ਮਾਣਕਪੁਰ ਸ਼ਰੀਫ ਸੜਕ ਨੂੰ 10 ਫੁੱਟ ਤੋਂ 22 ਫੁੱਟ ਚੌੜਾ ਅਤੇ ਮਜ਼ਬੂਤ ਕਰਨ ਲਈ ਭੌਂ ਪ੍ਰਾਪਤੀ ਦਾ ਕੰਮ ਅਜੇ ਚੱਲ ਰਿਹਾ ਹੈ। ਇਸ ਸੜਕ ਨੂੰ ਲੋੜੀਂਦੇ ਫੰਡ ਮਿਲਣ ਉਪਰੰਤ ਇਕ ਸਾਲ ਵਿੱਚ ਪੂਰਾ ਕਰ ਲਿਆ ਜਾਵੇਗਾ।

ਸਾਫ ਪੀਣਯੋਗ ਪਾਣੀ ਮੁਹੱਈਆ ਕਰਨਾ

*2086. **ਸਰਦਾਰ ਸਾਧੂ ਸਿੰਘ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਨਾਭਾ ਸ਼ਹਿਰ ਵਿੱਚ ਜਲ ਸਪਲਾਈ ਸਿਸਟਮ ਦੀ ਮੌਜੂਦਾ ਸਥਿਤੀ ਕੀ ਹੈ;

(ਅ) ਉਕਤ ਸ਼ਹਿਰ ਦੀ 100 ਪ੍ਰਤੀਸ਼ਤ ਜਨ ਸੰਖਿਆ ਨੂੰ ਸਾਫ ਪੀਣਯੋਗ ਪਾਣੀ ਮੁਹੱਈਆ ਕਰਵਾਉਣ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ?

ਸ਼੍ਰੀ ਅਨਿਲ ਜੋਸ਼ੀ : (ੳ) ਅਤੇ (ਅ) ਨਾਭਾ ਸ਼ਹਿਰ ਵਿਚ ਸਾਰੀ ਜਨਸੰਖਿਆ ਨੂੰ ਸਾਫ ਪੀਣ ਵਾਲਾ ਪਾਣੀ ਮੁਹੱਈਆ ਕਰਾਉਣ ਲਈ ਹੁਡਕੋ ਸਕੀਮ ਅਧੀਨ ਕੰਮ ਮੁਕੰਮਲ ਕਰ ਦਿੱਤਾ ਗਿਆ ਹੈ।

ਨਵੀਂ ਤਰਮਾਲਾ ਲਿੰਕ ਚੈਨਲ ਵਿੱਚ ਪਾਣੀ ਛੱਡਣਾ

***2067. ਸਰਦਾਰ ਗੁਰਤੇਜ ਸਿੰਘ ਘੁੜਿਆਣਾ :** ਕੀ ਸਿੰਚਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਲੰਬੀ ਡਿਸਟਰੀਬਿਊਟਰੀ ਵਿਚੋਂ ਕੱਢੀ ਗਈ ਨਵੀਂ ਤਰਮਾਲਾ ਲਿੰਕ ਚੈਨਲ ਜੋ ਪੂਰੀ ਤਰ੍ਹਾਂ ਤਿਆਰ ਹੈ, ਵਿੱਚ ਪਾਣੀ ਕਦੋਂ ਛੱਡੇ ਜਾਣ ਦੀ ਤਜਵੀਜ਼ ਹੈ?

ਸਰਦਾਰ ਸ਼ਰਨਜੀਤ ਸਿੰਘ ਢਿੱਲੋਂ : ਤਰਮਾਲਾ ਲਿੰਕ ਚੈਨਲ ਨੂੰ ਲੰਬੀ ਡਿਸਟ੍ਰੀਬਿਊਟਰੀ ਵਿਚੋਂ ਪਾਣੀ ਦਿੱਤਾ ਜਾਣਾ ਹੈ। ਲੰਬੀ ਡਿਸਟ੍ਰੀਬਿਊਟਰੀ ਦੇ ਬਾਕੀ ਕੰਮ ਨੂੰ ਮੁਕੰਮਲ ਕਰਨ ਲਈ ਅਗਸਤ, 2015 ਮਹੀਨੇ ਵਿੱਚ ਸਰਕਾਰ ਵੱਲੋਂ ਫੰਡਜ਼ ਜਾਰੀ ਕਰ ਦਿੱਤੇ ਹਨ। ਲੰਬੀ ਡਿਸਟ੍ਰੀਬਿਊਟਰੀ ਦਾ ਬਾਕੀ ਕੰਮ ਸ਼ੁਰੂ ਕਰਨ ਲਈ ਦਰੱਖਤ ਕਟਵਾਉਣ ਲਈ ਮਨਜ਼ੂਰੀ ਲੈਣ ਦਾ ਕੇਸ ਜੰਗਲਾਤ ਵਿਭਾਗ ਨੂੰ ਭੇਜਿਆ ਹੋਇਆ ਹੈ। ਜੰਗਲਾਤ ਵਿਭਾਗ ਵੱਲੋਂ ਮਨਜ਼ੂਰੀ ਆਉਣ ਉਪਰੰਤ ਲੰਬੀ ਰਜਬਾਹੇ ਦੀ ਬੰਦੀ ਲੈ ਕੇ ਮੁੜ ਉਸਾਰੀ ਦਾ ਕੰਮ ਮੁਕੰਮਲ ਕਰਕੇ ਤਰਮਾਲਾ ਲਿੰਕ ਚੈਨਲ ਵਿੱਚ ਪਾਣੀ ਛੱਡੇ ਜਾਣ ਦੀ ਤਜਵੀਜ਼ ਹੈ।

MATTERS RAISED DURING ZERO HOUR

ਸਰਦਾਰ ਗੁਰਕੀਰਤ ਸਿੰਘ : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇੱਕ ਜ਼ਰੂਰੀ ਮਸਲਾ ਸਥਾਨਕ ਸਰਕਾਰ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ। ਇਥੇ ਮੁੱਖ ਮੰਤਰੀ ਜੀ ਅਤੇ ਡਿਪਟੀ ਮੁੱਖ ਮੰਤਰੀ ਜੀ ਵੀ ਬੈਠੇ ਹਨ। ਸਪੀਕਰ ਸਾਹਿਬ, ਅੱਜ ਖੰਨਾ ਦੇ ਅੰਦਰ ਲੋਕ ਰਾਜ ਨੂੰ ਤਾਰ ਤਾਰ ਕਰਨ ਵਾਲੀ ਘਟਨਾ ਵਾਪਰੀ ਹੈ। ਉਥੋਂ ਦੇ ਮਿਊਂਸਿਪਲ ਕਮੇਟੀ ਦੇ ਪ੍ਰਧਾਨ ਦੇ ਦਫਤਰ ਵਿੱਚ ਪਹਿਲੀ ਵਾਰ ਪੁਲਿਸ ਦਾਖਲ ਹੋਈ ਹੈ ਔਰ ਮੇਰੇ ਕੋਲ ਇਹ ਤਸਵੀਰ ਹੈ (ਫੋਟੋ ਦਿਖਾਉਂਦੇ ਹੋਏ) ਕਿ ਪ੍ਰਧਾਨ ਦੀ ਕੁਰਸੀ ਤੇ ਜਾ ਕੇ ਡੀ.ਐਸ.ਪੀ. ਬੈਠਿਆ ਹੈ, ਜਿਹੜਾ ਪ੍ਰਧਾਨ ਸੀ ਉਸ ਨੂੰ ਦਫਤਰ ਵਿੱਚ ਆਉਣ ਦੀ ਆਗਿਆ ਨਹੀਂ ਦਿੱਤੀ ਗਈ।

ਮਾਨਯੋਗ ਸਪੀਕਰ : ਤੁਸੀਂ ਕੋਈ ਵੀ ਕਾਗਜ਼ ਜਾਂ ਫੋਟੋ ਹਾਊਸ ਵਿੱਚ ਲਹਿਰਾ ਨਹੀਂ ਸਕਦੇ।

ਸਰਦਾਰ ਗੁਰਕੀਰਤ ਸਿੰਘ : ਮੈਂ ਸਰਕਾਰ ਦੇ ਧਿਆਨ ਵਿੱਚ ਲਿਆਉਣਾ

[ਸਰਦਾਰ ਗੁਰਕੀਰਤ ਸਿੰਘ]

ਚਾਹੁੰਦਾ ਹਾਂ ਅਤੇ ਸਰਕਾਰ ਤੋਂ ਮੰਗ ਵੀ ਕਰਦਾ ਹਾਂ ਕਿ ਜਿਹੜੇ ਇਹੋ ਜਿਹੇ ਅਫਸਰ ਹਨ, ਉਨ੍ਹਾਂ ਦੇ ਖਿਲਾਫ ਕਾਰਵਾਈ ਹੋਣੀ ਚਾਹੀਦੀ ਹੈ ਕਿਉਂਕਿ ਇੱਕ ਇਲੈਕਟਿਡ ਪ੍ਰਧਾਨ ਦੀ ਕੁਰਸੀ ਤੇ ਜਾ ਕੇ ਬੈਠਣਾ, ਮੈਂ ਸਮਝਦਾ ਹਾਂ ਕਿ ਇਹ ਇੱਕ ਬਹੁਤ ਹੀ ਮੰਦਭਾਗੀ ਘਟਨਾ ਹੈ। ਸਥਾਨਕ ਸਰਕਾਰਾਂ ਬਾਰੇ ਮੰਤਰੀ ਬੈਠੇ ਹਨ, ਇਸ ਵਿਭਾਗ ਦਾ ਵੀ ਫਰਜ਼ ਬਣਦਾ ਹੈ ਕਿ ਕੀ ਇਹ breach of protocol ਨਹੀਂ ਹੋਇਆ? ਇਸ ਦੇ ਨਾਲ ਨਾਲ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਮਿਉਂਸਿਪਲ ਕਮੇਟੀ ਨੂੰ ਬਣੇ ਹੋਏ 6 ਮਹੀਨੇ ਹੋ ਗਏ ਹਨ ਅਤੇ ਉਥੋਂ ਦੇ ਪ੍ਰਧਾਨ ਦੀ 'ਏ' ਕਲਾਸ ਕਮੇਟੀ ਹੈ ਤਾਂ ਉਥੇ ਹਾਲੇ ਤੱਕ ਸਬੰਧਤ ਐਸ.ਡੀ.ਐਮ. ਨੇ ਸਰਕਾਰੀ ਗੱਡੀ ਵੀ ਉਨ੍ਹਾਂ ਨੂੰ ਨਹੀਂ ਦਿੱਤੀ। ਮਿਉਂਸਿਪਲ ਕਮੇਟੀ ਦੇ ਪ੍ਰਧਾਨ ਦੀ ਗੱਡੀ ਐਸ.ਡੀ.ਐਮ ਦੇ ਕੋਲ ਹੈ। ਇਥੋਂ ਪਤਾ ਲੱਗਦਾ ਹੈ ਕਿ ਜਿਹੜੇ ਚੁਣੇ ਹੋਏ ਨੁਮਾਇੰਦੇ ਹਨ ਉਨ੍ਹਾਂ ਦੀ ਕੀ ਕਦਰ ਹੈ? ਸਪੀਕਰ ਸਾਹਿਬ, ਮੈਂ ਇਹ ਤੁਹਾਡੇ ਰਾਹੀਂ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਸਰਕਾਰ ਇਸ ਤੇ ਆਪਣਾ ਜਵਾਬ ਦੇਵੇ।

ਮਾਨਯੋਗ ਸਪੀਕਰ : ਤੁਹਾਡਾ ਪੁਆਇੰਟ ਆ ਗਿਆ ਹੈ।

ਸਰਦਾਰ ਬਲਬੀਰ ਸਿੰਘ ਸਿੱਧੂ : ਸਰ, ਮੰਤਰੀ ਸਾਹਿਬ ਜਵਾਬ ਦੇਣ।

ਮਾਨਯੋਗ ਸਪੀਕਰ: ਤੁਸੀਂ ਉਨ੍ਹਾਂ ਦੇ ਧਿਆਨ ਵਿੱਚ ਲਿਆਉਣਾ ਸੀ, ਉਹ ਲਿਆ ਦਿੱਤਾ ਹੈ। That is more than sufficient. I cannot compel the Government ਕਿ ਤੁਸੀਂ ਇਸ ਦਾ ਜਵਾਬ ਜ਼ਰੂਰ ਦਿਓ।

(ਇੱਕ ਆਵਾਜ਼ : ਤੁਹਾਡੇ ਤਾਂ neighbour ਹਨ।)

ਮਾਨਯੋਗ ਸਪੀਕਰ : ਮੈਂ ਕਹਿਣਾ ਚਾਹੁੰਦਾ ਹਾਂ ਕਿ neighbour ਦਾ ਇਹ ਮਤਲਬ ਨਹੀਂ ਹੈ ਕਿ ਮੈਂ ਜਿਹੜੀ ਗੱਲ irrelevant ਹੈ ਉਸ ਨੂੰ ਰਿਕਾਰਡ ਤੇ ਲੈ ਆਵਾਂ..(ਵਿਘਨ) (ਸ਼ੋਰ) ** ** Nothing should be recorded.

ਸਰਦਾਰ ਬਲਬੀਰ ਸਿੰਘ ਸਿੱਧੂ : ਮਾਨਯੋਗ ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਅਤੇ ਡਿਪਟੀ ਮੁੱਖ ਮੰਤਰੀ ਜੀ ਬੈਠੇ ਹਨ। ਮੈਂ ਇੱਕ ਬੜਾ ਅਹਿਮ ਮਸਲਾ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ। ਇੱਕ ਫਲਾਈ ਓਵਰ ਸੈਕਟਰ-49 ਤੋਂ ਲੈ ਕੇ ਪਿੰਡ ਪੱਕੀ ਰੁੜਕੀ ਤੱਕ ਬਣਾਇਆ ਜਾ ਰਿਹਾ ਹੈ।

** Not recorded as ordered by the Chair.

ਸੈਕਟਰ-49 ਚੰਡੀਗੜ੍ਹ ਵਿੱਚ ਪੈਂਦਾ ਹੈ ਅਤੇ ਪਿੰਡ ਪੱਕੀ ਰੁੜਕੀ ਮੋਹਾਲੀ ਵਿੱਚ ਪੈਂਦਾ ਹੈ। ਇਹ ਜਿਹੜਾ ਫਲਾਈ ਓਵਰ ਬਣਨਾ ਹੈ, ਮੋਹਾਲੀ ਦਾ ਸਾਰਾ 6 ਫੇਜ਼, ਹਸਪਤਾਲ, ਬੱਸ ਸਟੈਂਡ, ਮਿਲਕ ਪਲਾਂਟ....

ਮਾਨਯੋਗ ਸਪੀਕਰ : ਇਹ ਸਾਰੀ future ਦੀ ਗੱਲ ਹੈ।

ਸਰਦਾਰ ਬਲਬੀਰ ਸਿੰਘ ਸਿੱਧੂ : ਮੈਂ ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਫਲਾਈਓਵਰ ਹੈ ਉਸ ਦਾ ਫਾਇਦਾ ਮੋਹਾਲੀ ਨੂੰ ਤਾਂ ਹੋਵੇ। ਉਹ ਮੋਹਾਲੀ ਦੇ ਮਿਲਕ ਪਲਾਂਟ ਤੋਂ ਬਣਾਇਆ ਜਾਵੇ। ਇਸ ਫਲਾਈ ਓਵਰ ਦਾ ਮੋਹਾਲੀ ਵਾਸੀਆਂ ਨੂੰ ਤਾਂ ਫਾਇਦਾ ਹੋਵੇ।

ਮਾਨਯੋਗ ਸਪੀਕਰ : ਤੁਸੀਂ ਬੈਠੋ ਜੀ। ਹਾਂ ਜੀ, ਮੋਫਰ ਸਾਹਿਬ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਮੈਂ ਸਰਕਾਰ ਦੇ ਸਾਹਮਣੇ ਇੱਕ ਮਸਲਾ ਰੱਖਣਾ ਚਾਹੁੰਦਾ ਹਾਂ। ਸੀ.ਐਮ. ਸਾਹਿਬ ਅਤੇ ਡਿਪਟੀ ਸੀ.ਐਮ. ਸਾਹਿਬ ਬੈਠੇ ਹਨ। ਅੱਜ ਕਿਸਾਨ ਮਰ ਰਿਹਾ ਹੈ। ਕਿਸਾਨ ਬਠਿੰਡੇ ਧਰਨੇ ਲਗਾ ਰਹੇ ਹਨ। ਪਹਿਲਾਂ ਤਾਂ ਪੁਲਿਸ ਰਾਹੀਂ ਉਨ੍ਹਾਂ ਨੂੰ ਕੁਟਵਾਉਂਦੇ ਸਨ ਪਰ ਹੁਣ ਤਿੰਨ ਦਿਨ ਪਹਿਲਾਂ ਉਥੇ ਅਵਾਰਾ ਪਸ਼ੂ ਲਿਆ ਕੇ ਛੱਡੇ ਜਿਸ ਨਾਲ 10 ਕਿਸਾਨ ਜ਼ਖਮੀ ਹੋ ਗਏ ਅਤੇ ਇੱਕ ਕਿਸਾਨ ਦੀ ਮੌਤ ਹੋਈ ਹੈ। ਜੱਟ, ਕਿਸਾਨ ਮਰ ਰਹੇ ਹਨ, ਬਹੁਤ ਬੁਰਾ ਹਾਲ ਹੈ। ਉਸ ਤੋਂ ਬਾਅਦ ਕੱਲ੍ਹ ਲੇਡੀਜ਼ ਧਰਨੇ ਤੇ ਬੈਠੀਆਂ ਸਨ। ਉਥੇ ਫਿਰ ਆਵਾਰਾ ਪਸ਼ੂ ਛੱਡੇ। ਕੀ ਉਸ ਨੂੰ ਕੰਟਰੋਲ ਨਹੀਂ ਕੀਤਾ ਜਾ ਸਕਦਾ ਸੀ? ਲੋਕਾਂ ਨੂੰ ਰੋਂਦਿਆਂ ਨੂੰ ਚੁੱਪ ਨਹੀਂ ਕਰਵਾ ਸਕਦੇ, ਉਨ੍ਹਾਂ ਦੀ ਹਿਫਾਜ਼ਤ ਨਹੀਂ ਕਰ ਸਕਦੇ। ਜਿਹੜੇ ਕਿਸਾਨ ਧਰਨੇ ਤੇ ਆਉਂਦੇ ਹਨ, ਉਨ੍ਹਾਂ ਦੀ ਰੱਖਿਆ ਕਰਨੀ ਚਾਹੀਦੀ ਹੈ।

ਮਾਲ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ) (ਬੈਠੇ-ਬੈਠੇ) : ਇਸ ਵਿੱਚ ਕਾਂਗਰਸ ਦਾ ਹੱਥ ਹੈ (ਵਿਘਨ)

ਮਾਨਯੋਗ ਸਪੀਕਰ : ਹਾਂ ਜੀ, ਨਾਗਰਾ ਸਾਹਿਬ।

ਸਰਦਾਰ ਕੁਲਜੀਤ ਸਿੰਘ ਨਾਗਰਾ : ਸਪੀਕਰ ਸਾਹਿਬ, ਧੰਨਵਾਦ। ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜੇ ਪੰਜਾਬ ਵਿੱਚ ਸੁਵਿਧਾ ਸੈਂਟਰ ਚੱਲ ਰਹੇ ਹਨ, ਮੈਂ ਉਥੋਂ ਇਹ ਲੈ ਕੇ ਆਇਆ ਹਾਂ (ਇੱਕ ਫਾਈਲ ਦਿਖਾਉਂਦੇ ਹੋਏ)....

Mr. Speaker : Don't Show the papers, please.

ਸਰਦਾਰ ਕੁਲਜੀਤ ਸਿੰਘ ਨਾਗਰਾ : ਸਪੀਕਰ ਸਾਹਿਬ, ਜਿਹੜੇ ਪੰਜਾਬ ਵਿੱਚ ਸੁਵਿਧਾ ਸੈਂਟਰ ਚੱਲ ਰਹੇ ਹਨ, (ਇੱਕ ਫਾਇਲ ਦਿਖਾਉਂਦੇ ਹੋਏ) ਮੈਂ ਉਨ੍ਹਾਂ ਬਾਰੇ ਮੁੱਖ ਮੰਤਰੀ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ..

ਮਾਨਯੋਗ ਸਪੀਕਰ : ਪਹਿਲਾਂ ਇਸ ਨੂੰ ਥੱਲੇ ਰੱਖ ਦਿਉ।

ਸਰਦਾਰ ਕੁਲਜੀਤ ਸਿੰਘ ਨਾਗਰਾ : ਸਪੀਕਰ ਸਾਹਿਬ, ਇਹ ਦੱਸਣਾ ਤਾਂ ਜ਼ਰੂਰੀ ਹੈ ਕਿਉਂਕਿ ਆਹ ਇੱਕ ਫਾਈਲ ਹੈ...

ਮਾਨਯੋਗ ਸਪੀਕਰ : ਮੈਂ ਜਦੋਂ ਇੱਕ ਵਾਰੀ ਕਹਿ ਦਿੱਤਾ ਹੈ ਕਿ ਇਸ ਫਾਈਲ ਨੂੰ ਹੇਠਾਂ ਰੱਖ ਦਿਉ।

ਸਰਦਾਰ ਕੁਲਜੀਤ ਸਿੰਘ ਨਾਗਰਾ : ਸਪੀਕਰ ਸਾਹਿਬ, ਇਸ ਫਾਈਲ ਵਿੱਚ ਇੱਕ ਕਾਗਜ਼ ਹੈ ਜਿਹੜੀ ਮਾਰਕੀਟ ਵਿੱਚ ਸਾਢੇ ਤਿੰਨ ਰੁਪਏ ਦੀ ਫਾਈਲ ਹੈ ਅਤੇ ਇਸ ਵਿੱਚ ਇੱਕ ਰੁਪਏ ਦਾ ਕਾਗਜ਼ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਜੇ ਸੁਵਿਧਾ ਸੈਂਟਰ ਤੋਂ ਕੋਈ ਵੀ ਕੰਮ ਕਰਵਾਉਣ ਵਾਸਤੇ ਫਾਈਲ ਲਈ ਜਾਂਦੀ ਹੈ ਜਿਵੇਂ ਕਿ ਇੱਕ ਫਾਈਲ ਨਾਮ ਚੇਂਜ ਕਰਵਾਉਣ ਦੀ ਹੈ ਤਾਂ ਇਸ ਦੇ 50 ਰੁਪਏ ਲਏ ਜਾਂਦੇ ਹਨ। (ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਜਿੰਨੀਆਂ ਵੀ ਫਾਈਲਾਂ ਲਈਆਂ ਜਾਂਦੀਆਂ ਹਨ, ਚਾਹੇ ਲਾਇਸੰਸ ਬਣਾਉਣਾ ਹੈ, ਦੋ ਪੇਪਰਾਂ ਦੇ ਵਿੱਚ 500 ਰੁਪਿਆ ਇੱਕ ਫਾਈਲ ਦਾ ਲਿਆ ਜਾਂਦਾ ਹੈ। ਮੈਂ ਤੁਹਾਡੇ ਦੁਆਰਾ ਮੁੱਖ ਮੰਤਰੀ ਸਾਹਿਬ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹ ਸੁਵਿਧਾ ਸੈਂਟਰ ਅਸੁਵਿਧਾ ਸੈਂਟਰ ਵਿੱਚ ਬਦਲ ਚੁੱਕੇ ਹਨ। ਤਿੰਨ ਪੇਪਰਾਂ ਨੂੰ ਸਰਕਾਰ 100-100 ਰੁਪਏ ਵਿੱਚ ਵੇਚ ਰਹੀ ਹੈ।

ਮਾਨਯੋਗ ਸਪੀਕਰ : ਧੰਨਵਾਦ।

ਸਰਦਾਰ ਰਣਦੀਪ ਸਿੰਘ : ਸਪੀਕਰ ਸਾਹਿਬ, ਤੁਹਾਡਾ ਧੰਨਵਾਦ। ਮੈਂ ਤੁਹਾਨੂੰ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ...

ਮਾਨਯੋਗ ਸਪੀਕਰ : ਮੈਨੂੰ ਬੇਨਤੀ ਨਾ ਕਰੋ, ਤੁਸੀਂ ਆਪਣੀ ਗੱਲ ਕਰੋ।

ਸਰਦਾਰ ਰਣਦੀਪ ਸਿੰਘ : ਮੈਂ ਤੁਹਾਨੂੰ ਇੱਕ ਜ਼ਰੂਰੀ ਗੁਜ਼ਾਰਿਸ਼ ਕਰਨੀ ਹੈ। ਮੈਂ ਸਵਾਲ ਦਿੱਤੇ ਹੋਣਗੇ, ਤੁਸੀਂ ਵੀ ਜ਼ਰੂਰ ਸਵੀਕਾਰ ਕੀਤੇ ਹੋਣਗੇ। ਇਸ ਵਿੱਚ ਮੈਂ ਇਹ ਵੀ ਸਵਾਲ ਕੀਤਾ ਹੈ ਜਿਸ ਅਧੀਨ ਤੁਸੀਂ ਕਿਹਾ ਹੈ ਕਿ ਮੈਂ

ਸਵੀਕਾਰ ਕਰ ਲਏ ਹਨ। ਸਦਨ ਕੱਲ੍ਹ ਨੂੰ ਮੁੱਕਣ ਵਾਲਾ ਹੈ ਅਤੇ ਮੇਰੇ ਸਵਾਲ ਹਾਲੇ ਤੱਕ ਨਹੀਂ ਲੱਗੇ। ਪਿਛਲੇ ਸਦਨ ਵਿੱਚ ਵੀ ਮੇਰੇ ਨਾਲ ਇਹੀ ਹੋਇਆ ਸੀ। ਇੱਕ ਐਸਾ ਸਵਾਲ ਹੈ ਜਿਸ ਵਿਚ ਫੂਡ ਐਂਡ ਸਪਲਾਈ ਮਹਿਕਮੇ ਨੂੰ ਬਕਾਇਦਾ ਚਾਰਜਸ਼ੀਟ ਕਰਨ ਨੂੰ ਕਿਹਾ ਹੈ..

Mr. Speaker : Please listen me. ਤੁਸੀਂ ਇਹ ਨਾ ਸਮਝੋ ਕਿ ਮੈਂ ਕਿਸੇ ਨਾਲ ਡਿਸਕ੍ਰੀਮੀਨੇਸ਼ਨ ਕਰਦਾ ਹਾਂ। ਜੇਕਰ ਇਨ੍ਹਾਂ ਦੇ ਸਵਾਲ ਜ਼ਿਆਦਾ ਲੱਗਦੇ ਹਨ, ਤੁਹਾਡੇ ਨਹੀਂ ਲੱਗਦੇ ਤਾਂ ਤੁਸੀਂ ਮੈਨੂੰ ਕਹੋ ਕਿ ਉਨ੍ਹਾਂ ਦੇ ਜ਼ਿਆਦਾ ਲੱਗੇ ਹਨ, ਮੇਰੇ ਸਵਾਲ ਘੱਟ ਲੱਗੇ ਹਨ।

ਸਰਦਾਰ ਰਣਦੀਪ ਸਿੰਘ : ਸਪੀਕਰ ਸਾਹਿਬ, ਮੇਰੇ ਹੀ ਕੱਟਣੇ ਹਨ । (ਵਿਘਨ)

ਮਾਨਯੋਗ ਸਪੀਕਰ : ਇਹ ਮੇਰੇ ਵੱਸ ਦੀ ਗੱਲ ਥੋੜ੍ਹਾ ਹੈ। ਮੈਨੂੰ ਤੁਹਾਡੇ ਨਾਲ ਕੋਈ ਦੁਸ਼ਮਣੀ ਨਹੀਂ ਹੈ। (ਸ਼ੋਰ) ਤੁਹਾਡੇ ਸਵਾਲ ਡੇਟ ਵਾਈਜ਼ ਪ੍ਰਾਇਰਟੀ ਦੇ ਬੇਸ ਤੇ ਲੱਗਦੇ ਹਨ। ਮੈਨੂੰ ਤੁਹਾਡੇ ਨਾਲ ਕੋਈ ਦੁਸ਼ਮਣੀ ਨਹੀਂ ਹੈ। Please sit down now. (ਵਿਘਨ) ਮੇਰੀ ਇੱਕ ਹੋਰ ਬੇਨਤੀ ਹੈ। ਇਸ ਦੇ ਨਾਲ ਹੀ ਮੈਂ ਹਾਊਸ ਦੇ ਆਨਰੇਬਲ ਮੈਂਬਰਜ਼ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਤੁਸੀਂ ਸਵਾਲ ਦੇਣੇ ਹਨ, ਬਜਾਏ ਇਸ ਗੱਲ ਦੇ ਕਿ ਤੁਸੀਂ ਸੈਸ਼ਨ ਦੇ ਅਖੀਰ ਵਿੱਚ ਆ ਕੇ ਸਵਾਲ ਦਿਉ, ਚੰਗਾ ਇਹ ਹੈ ਕਿ ਤੁਸੀਂ ਸੈਸ਼ਨ ਤੋਂ 10-15 ਦਿਨ ਪਹਿਲਾਂ, ਮਹੀਨਾ-ਦੋ ਮਹੀਨੇ ਪਹਿਲਾਂ ਸਵਾਲ ਦੇ ਦਿਉ that I will accept. ਜਿਵੇਂ-ਜਿਵੇਂ ਸੀਰੀਅਲ ਵਾਈਜ਼ ਸਵਾਲ ਆਈ ਜਾਣਗੇ, ਉਨ੍ਹਾਂ ਨੂੰ ਸੀਰੀਅਲ ਨੰਬਰ ਲੱਗਦਾ ਰਹੇਗਾ। ਜੇਕਰ ਕਿਸੇ ਨੂੰ ਸੀਰੀਅਲ ਨੰਬਰ ਕੱਟ ਕੇ ਦਿੱਤਾ ਜਾਂਦਾ ਹੈ ਤਾਂ ਤੁਹਾਡਾ ਗਿਲਾ ਜਾਇਜ਼ ਹੈ। ਜਿਵੇਂ ਸੀਰੀਅਲ ਵਾਈਜ਼ ਸਵਾਲ ਆਉਣਗੇ ਉਸੇ ਤਰ੍ਹਾਂ ਹੀ ਅਸੀਂ ਲਗਾਉਣੇ ਹਨ। ਇਹ ਬਿਲਕੁਲ ਨਹੀਂ ਹੈ ਕਿ ਮੈਂ ਕਿਸੇ ਨਾਲ ਡਿਸਕ੍ਰਿਮੀਨੇਟ ਕਰਦਾ ਹਾਂ।

ਸਰਦਾਰ ਰਣਦੀਪ ਸਿੰਘ : ਸਪੀਕਰ ਸਾਹਿਬ, ਧੰਨਵਾਦ, ਤੁਸੀਂ ਮੈਨੂੰ ਜ਼ੀਰੋ ਆਵਰ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਸਰਕਾਰ ਦਾ ਧਿਆਨ ਬੜੇ ਅਹਿਮ ਮੁੱਦੇ ਤੇ ਦਿਵਾਉਣਾ ਚਾਹੁੰਦਾ ਹਾਂ। ਤੁਹਾਨੂੰ ਯਾਦ ਹੋਵੇਗਾ ਕਿ ਇਸ ਸਦਨ ਦੇ ਪਿਛਲੇ ਤੋਂ ਪਿਛਲੇ ਸੈਸ਼ਨ ਵਿੱਚ ਵੀ ਮੈਂ ਬੇਨਤੀ ਕੀਤੀ ਸੀ ਤਾਂ ਸੀ.ਐਮ. ਸਾਹਿਬ ਨੇ ਵੀ ਕਿਹਾ ਸੀ ਕਿ ਸ਼ੈਲਰ ਵਾਲੇ ਚਾਰਜਸ਼ੀਟ ਨਹੀਂ ਕੀਤੇ ਜਾਣਗੇ।

[ਸਰਦਾਰ ਰਣਦੀਪ ਸਿੰਘ]

ਉਸ ਦਾ ਵਿਸ਼ੇਸ਼ ਕਾਰਨ ਇਹ ਸੀ ਕਿ ਮੈਂ ਤੁਹਾਡੇ ਜ਼ਰੀਏ ਮੁੱਖ ਮੰਤਰੀ ਸਾਹਿਬ ਨੂੰ ਗੁਜ਼ਾਰਿਸ਼ ਕੀਤੀ ਸੀ ਕਿ ਜਿਹੜੇ ਸ਼ੈਲਰ ਵਾਲਿਆਂ ਨੂੰ ਧੱਕੇ ਨਾਲ ਚਾਰਜਸ਼ੀਟ ਕੀਤਾ ਜਾ ਰਿਹਾ ਹੈ ਤਾਂ ਇਸ ਨਾਲ 300-400 ਸ਼ੈਲਰ ਵਾਲੇ ਅਫੈਕਟਿਡ ਹਨ। ਅਖੀਰ ਵਿੱਚ ਕੀ ਹੋਇਆ ਕਿ ਉਹ ਸ਼ੈਲਰ ਵਾਲੇ ਹਾਈ ਕੋਰਟ ਚਲੇ ਗਏ। ਹਾਈ ਕੋਰਟ ਦਾ ਡਾਇਰੈਕਟਿਵ ਮੇਰੇ ਕੋਲ ਪਿਆ ਹੈ, ਜਿਸ ਵਿੱਚ ਹਾਈ ਕੋਰਟ ਨੇ ਬਕਾਇਦਾ ਲਿਖਿਆ ਹੈ, ਇਸ ਸਬੰਧ ਵਿੱਚ ਪੰਜਾਬ ਸਰਕਾਰ ਨੇ ਸਟੇਅ ਵੀ ਮੰਗਣ ਦੀ ਕੋਸ਼ਿਸ਼ ਕੀਤੀ ਸੀ ਲੇਕਿਨ ਹਾਈ ਕੋਰਟ ਨੇ ਜੋ ਕਿਹਾ ਉਹ ਮੈਂ ਪੜ੍ਹ ਕੇ ਸੁਣਾ ਦਿੰਦਾ ਹਾਂ..

ਮਾਨਯੋਗ ਸਪੀਕਰ : ਨਹੀਂ, ਆਰਡਰ ਨਹੀਂ ਪੜ੍ਹ ਸਕਦੇ। You can quote only.

ਸਰਦਾਰ ਰਣਦੀਪ ਸਿੰਘ : ਸਪੀਕਰ ਸਾਹਿਬ, ਮੈਂ ਅਖੀਰ ਦੀ ਇੱਕ ਲਾਈਨ ਪੜ੍ਹ ਰਿਹਾ ਹਾਂ। As the investigation in the matter has been entrusted specially to the CBI, no separate relief is allowed in Petition No. CRM M 23891 of 2011. ਜਿਹੜੇ ਸਰਕਾਰ ਅਧੀਨ ਫੂਡ ਐਂਡ ਸਪਲਾਈ ਮਹਿਕਮੇ ਦੇ ਸਰਕਾਰੀ ਕਰਮਚਾਰੀ ਹਨ, ਉਨ੍ਹਾਂ ਨੂੰ ਚਾਰਜਸ਼ੀਟ ਕਰਨ ਲਈ ਹਾਈ ਕੋਰਟ ਨੇ ਕਿਹਾ ਹੈ। ਸੀ.ਬੀ.ਆਈ. ਨੇ ਬਕਾਇਦਾ ਇਹ ਚਾਰਜਸ਼ੀਟ ਪੇਸ਼ ਕੀਤੀ ਹੈ, ਜਿਹੜੀ ਮੈਂ ਨਾਲ ਲੈ ਕੇ ਆਇਆ ਹਾਂ। ਸੀ.ਬੀ.ਆਈ ਦੀ ਇਨਕੁਆਰੀ ਆਫ ਪੀ.ਨੰਬਰ, ਪੀ.ਈ.ਸੀ.ਐਚ.ਜੀ. 2014 ਏ.007 ਮਿਤੀ 10.06.2014 registered in CBI ACB Chandigarh. ਸਪੀਕਰ ਸਾਹਿਬ, ਮੈਂ ਸਰਕਾਰ ਦਾ ਧਿਆਨ ਇਸ ਮਸਲੇ ਵੱਲ ਦਿਵਾਉਣਾ ਚਾਹੁੰਦਾ ਹਾਂ। ਮੈਂ ਮੰਤਰੀ ਜੀ ਦਾ ਬੜਾ ਸਤਿਕਾਰ ਕਰਦਾ ਹਾਂ, ਇਨ੍ਹਾਂ ਦੇ ਦਾਦਾ ਜੀ ਕਾਂਗਰਸ ਵੱਲੋਂ ਸਾਡੇ ਬਜ਼ੁਰਗਾਂ ਨਾਲ ਕੰਮ ਕਰਦੇ ਰਹੇ ਹਨ ਅਤੇ ਮੁੱਖ ਮੰਤਰੀ ਰਹੇ ਹਨ। ਇਨ੍ਹਾਂ ਨੇ ਹੁਣੇ ਹੀ ਕਿਹਾ ਹੈ ਕਿ ਕੋਈ ਵਿਤਕਰਾ ਨਹੀਂ ਹੋਣਾ। (ਵਿਘਨ) ਸਪੀਕਰ ਸਾਹਿਬ, ਮੈਂ ਤਾਂ ਜ਼ਿਕਰ ਕਰ ਰਿਹਾ ਹਾਂ ਕਿਉਂਜੋ ਮੇਰੇ ਨਾਲ ਵਾਪਰਿਆ ਹੈ। ਆਹ, ਮੇਰੇ ਕੋਲ ਆਰ.ਟੀ.ਆਈ. ਰਾਹੀਂ ਇਨ੍ਹਾਂ ਦੇ ਮਹਿਕਮੇ ਕੋਲੋਂ ਮੰਗੀ ਹੋਈ ਇਨਫਰਮੇਸ਼ਨ ਹੈ....

ਮਾਨਯੋਗ ਸਪੀਕਰ : ਇਹ ਲੈਕਚਰ ਕਰਨ ਦਾ ਮੌਕਾ ਨਹੀਂ ਹੈ। ਤੁਸੀਂ ਜਿਹੜਾ ਕੋਈ ਸਰਕਾਰ ਦੇ ਧਿਆਨ ਵਿਚ ਲਿਆਉਣਾ ਹੈ, ਉਹ ਤੁਸੀਂ ਲਿਆ ਦਿੱਤਾ ਹੈ।

ਸਰਦਾਰ ਰਣਦੀਪ ਸਿੰਘ : ਸਪੀਕਰ ਸਾਹਿਬ, ਮੈਂ ਸਰਕਾਰ ਦੇ ਧਿਆਨ ਵਿਚ ਇਹ ਗੱਲ ਤਾਂ ਲਿਆ ਰਿਹਾ ਹਾਂ ਕਿਉਂਕਿ ਇੱਕ ਮੈਂਬਰ ਦੀ ਤੌਹੀਨ ਹੋਈ ਹੈ, ਉਹ ਵੀ ਆਰ.ਟੀ.ਆਈ. ਰਾਹੀਂ ਹੋਈ ਹੈ।

ਮਾਨਯੋਗ ਸਪੀਕਰ : ਚਲੋ, ਤੁਹਾਡਾ ਮਸਲਾ ਸਰਕਾਰ ਦੇ ਧਿਆਨ ਵਿਚ ਆ ਗਿਆ ਹੈ। ਹਾਂ ਜੀ, ਨੈਕਸਟ ਚੰਨੀ ਜੀ।

ਸਰਦਾਰ ਰਣਦੀਪ ਸਿੰਘ : ਸਪੀਕਰ ਸਾਹਿਬ, ਮੈਨੂੰ ਇਕ ਮਿੰਟ ਦੇ ਦਿਉ। ਮੈਂ ਇਕ ਮਿੰਟ ਵਿਚ ਹੀ ਮੁਕਾ ਦਿਆਂਗਾ।

ਮਾਨਯੋਗ ਸਪੀਕਰ : ਤੁਹਾਡਾ ਕੰਮ ਹੋ ਗਿਆ ਹੈ। I have given you more than sufficient time.

ਸਰਦਾਰ ਰਣਦੀਪ ਸਿੰਘ : ਸਪੀਕਰ ਸਾਹਿਬ, ਸਰਕਾਰ ਨੂੰ ਸੀ.ਬੀ.ਆਈ. ਦੇ ਤਹਿਤ ਚਾਰਜਸ਼ੀਟ ਹੋਈ ਹੋਵੇ ਅਤੇ ਮੈਂਬਰ ਉਸ ਦੀ ਇਨਫਰਮੇਸ਼ਨ ਮੰਗ ਰਿਹਾ ਹੋਵੇ, ਉਹ ਨਹੀਂ ਦਿੱਤੀ ਜਾ ਰਹੀ, ਮੈਂ ਉਹ ਕਾਪੀ ਵੀ ਨਾਲ ਲੈ ਕੇ ਆਇਆ ਹਾਂ। ਮੰਤਰੀ ਜੀ ਕਹਿੰਦੇ ਹਨ ਕਿ ਕਿਸੇ ਨਾਲ ਨਜਾਇਜ਼ ਨਾ ਹੋਵੇ... (ਵਿਘਨ) ** **

Mr. Speaker : Thank you. Your point has come. Please sit down. Nothing is going to be recorded now. This is the time only to bring the matter before the House and not for discussion.

ਸਰਦਾਰ ਰਣਦੀਪ ਸਿੰਘ (ਬੈਠਦੇ ਹੋਏ) : ਸਪੀਕਰ ਸਾਹਿਬ, ਮੈਂ ਤੁਹਾਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਕੁਰੱਪਸ਼ਨ ਕਰਨੀ ਜਾਇਜ਼ ਹੈ?

ਮਾਨਯੋਗ ਸਪੀਕਰ : ਨਹੀਂ ਜੀ, ਪਲੀਜ਼। ਹਾਂ ਜੀ, ਚੰਨੀ ਜੀ, ਤੁਸੀਂ ਬੋਲੋ। (ਵਿਘਨ)(ਸ਼ੋਰ) Please donnot waste the time of the House.

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਮੈਂ ਆਪ ਜੀ ਦਾ ਧਿਆਨ ਪੰਜਾਬ ਵਿਚ ਆਵਾਜਾਈ ਦੇ ਸਾਧਨਾਂ ਅਰਥਾਤ ਸਰਕਾਰੀ ਬੱਸਾਂ ਦੇ ਘਾਟੇ ਵੱਲ ਅਤੇ ਉਨ੍ਹਾਂ ਦੇ ਖੜਕਣੇਪਨ ਵੱਲ ਅਤੇ ਪ੍ਰਾਈਵੇਟ ਬੱਸਾਂ ਵੱਲੋਂ ਜੋ ਪੰਜਾਬ ਵਿਚ ਧੱਕੇਸ਼ਾਹੀ ਕੀਤੀ ਜਾ ਰਹੀ ਹੈ, ਉਸ ਵੱਲ ਦਿਵਾਉਣਾ ਚਾਹੁੰਦਾ ਹਾਂ। ਮੈਂ ਸਿਰਫ ਦੋ ਮਿੰਟ ਵਿਚ ਉਹ ਗੱਲ ਕਰਨੀ ਚਾਹੁੰਦਾ ਹਾਂ।

** Not recorded as ordered by the Chair.

ਮਾਨਯੋਗ ਸਪੀਕਰ : ਨਹੀਂ ਜੀ। ਤੁਸੀਂ ਜੋ ਧਿਆਨ ਵਿੱਚ ਲਿਆਉਣਾ ਹੈ, ਉਸ ਦੀ ਗੱਲ ਕਰੋ।

ਸਰਦਾਰ ਚਰਨਜੀਤ ਸਿੰਘ ਚੰਨੀ : ਮੇਰੇ ਹਲਕੇ ਦਾ ਬੰਦਾ ਸਵਰਨ ਸਿੰਘ ਜੋ ਕਿ ਪ੍ਰਾਈਵੇਟ ਬੱਸ ਨੇ ਮਾਰਿਆ ਹੈ, ਉਸ ਬਾਰੇ ਮੈਂ ਗੱਲ ਕਰਨੀ ਚਾਹੁੰਦਾ ਹਾਂ।

ਮਾਨਯੋਗ ਸਪੀਕਰ : ਤੁਸੀਂ ਜੋ ਧਿਆਨ ਵਿੱਚ ਲਿਆਉਣਾ ਹੈ, ਉਹ ਗੱਲ ਕਰੋ।

ਸਰਦਾਰ ਚਰਨਜੀਤ ਸਿੰਘ ਚੰਨੀ : ਮੈਂ ਉਹੀ ਗੱਲ ਕਰ ਰਿਹਾ ਹਾਂ ਜੀ। ਇਸ ਤਰ੍ਹਾਂ ਹੈ ਕਿ ਪੰਜਾਬ ਰੋਡਵੇਜ਼ ਨੂੰ ਪਿਛਲੇ 8 ਸਾਲਾਂ ਤੋਂ 745 ਕਰੋੜ ਰੁਪਏ ਦਾ ਘਾਟਾ ਪਿਆ ਹੈ। ਹਰ ਸਾਲ ਦੇ ਘਾਟੇ ਦਾ ਵੇਰਵਾ ਮੇਰੇ ਪਾਸ ਹੈ। ਇਹ ਘਾਟਾ ਸਿਰਫ ਤੇ ਸਿਰਫ ਪ੍ਰਾਈਵੇਟ ਬੱਸਾਂ ਜਿਹੜੀਆਂ ਕਿ ਮੁੱਖ ਮੰਤਰੀ ਦੇ ਪਰਿਵਾਰ ਨਾਲ ਸਬੰਧਤ ਹਨ, ਉਨ੍ਹਾਂ ਨੂੰ ਫਾਇਦਾ ਦੇਣ ਵਾਸਤੇ ਦਿੱਤਾ ਜਾ ਰਿਹਾ ਹੈ।

Mr. Speaker : No, No. Nothing is going to be recorded. (ਵਿਘਨ) (ਸ਼ੋਰ) ਹਾਂ ਜੀ, ਕੰਗ ਸਾਹਿਬ ਜੀ।

ਸਰਦਾਰ ਚਰਨਜੀਤ ਸਿੰਘ ਚੰਨੀ: **

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ (ਸਰਦਾਰ ਵਿਰਸਾ ਸਿੰਘ ਵਲਟੋਹਾ): (ਬਿਨਾਂ ਇਜਾਜ਼ਤ ਤੋਂ): ਸਪੀਕਰ ਸਾਹਿਬ, ** **

ਮਾਨਯੋਗ ਸਪੀਕਰ : ਤੁਸੀਂ ਵੀ ਜ਼ਰੂਰੀ ਅਜਿਹਾ ਕਰਨਾ ਹੁੰਦਾ ਹੈ? Nothing should be recorded. ਤੁਸੀਂ ਬਗੈਰ ਮਤਲਬ ਉਠ ਕੇ ਰੌਲਾ ਪਾਉਣਾ ਸ਼ੁਰੂ ਕਰ ਦਿੰਦੇ ਹੋ। (ਵਿਘਨ) (ਸ਼ੋਰ) ਤੁਸੀਂ ਵੀ ਚੇਅਰ ਤੋਂ ਬਗੈਰ ਪੁੱਛੇ ਉਠੇ ਹੋ।

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ : ਸਪੀਕਰ ਸਾਹਿਬ, ਮੈਂ ਆਪਣੀ ਗੱਲ ਕਰ ਰਿਹਾ ਹਾਂ ** **

Mr. Speaker : You are challenging the Chair. No. Please sit down. (Thumping by the Opposition Benches.)

Chief Parlimentary Secretary, Rural Water Supply & Sanitation: Sir, No challenge.

** Not recorded as ordered by the Chair.

ਮਾਨਯੋਗ ਸਪੀਕਰ : ਇਹ ਮੈਟਰ ਆ ਚੁੱਕਾ ਹੈ। ਹਾਂ ਜੀ, ਕੰਗ ਸਾਹਿਬ, ਤੁਸੀਂ ਬੋਲੋ।

ਸਰਦਾਰ ਜਗਮੋਹਨ ਸਿੰਘ ਕੰਗ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਦਾ ਧਿਆਨ ਇਕ ਬਹੁਤ ਹੀ ਅਹਿਮ ਮਸਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਜ਼ਿਲ੍ਹਾ ਐਸ.ਏ.ਐਸ. ਨਗਰ ਵਿਚ ਕੁਰਾਲੀ-ਸਿਸਵਾਂ ਰੋਡ ਉਤੇ ਬੜੌਦੀ ਕੋਲ ਟੋਲ ਪਲਾਜ਼ਾ ਲੱਗਿਆ ਹੋਇਆ ਹੈ। ਉਥੇ ਸ਼ਰੇਆਮ ਲੁੱਟ ਹੋ ਰਹੀ ਹੈ। ਇਹ ਗਰੀਬ ਇਲਾਕਾ ਹੈ ਅਤੇ ਇੱਥੇ ਗਰੀਬ ਕਿਸਾਨ ਹਨ। ਉਨ੍ਹਾਂ ਨੇ ਟੋਲ ਪਲਾਜ਼ਾ ਦੇ ਰੇਟ ਦੁੱਗਣੇ ਰੱਖੇ ਹੋਏ ਹਨ। ਮੈਂ ਧੰਨਵਾਦੀ ਹਾਂ ਮੁੱਖ ਮੰਤਰੀ ਜੀ ਦਾ ਜਿਨ੍ਹਾਂ ਨੂੰ ਮੈਂ ਦੋ ਮਹੀਨੇ ਪਹਿਲਾਂ ਮਿਲਿਆ ਸੀ ਅਤੇ ਉਨ੍ਹਾਂ ਨੇ ਦਖਲ ਦੇ ਕੇ ਮਿੰਨੀ ਬੱਸਾਂ ਦੇ ਰੇਟ ਘਟਾ ਦਿੱਤੇ ਸਨ ਲੇਕਿਨ ਅਜੇ ਤੱਕ ਦੂਜਾ ਫੈਸਲਾ ਨਹੀਂ ਹੋਇਆ। ਲੋਕ ਉਥੇ ਤਿੰਨ ਮਹੀਨੇ ਤੋਂ ਭੁੱਖ ਹੜਤਾਲ ਤੇ ਬੈਠੇ ਹਨ ਉਥੇ ਹਾਹਾਕਾਰ ਮੱਚੀ ਪਈ ਹੈ। ਮੇਰੀ ਪੁਰਜ਼ੋਰ ਬੇਨਤੀ ਹੈ ਕਿ ਇਹ ਟੋਲ ਪਲਾਜ਼ਾ ਉਥੋਂ ਚੁੱਕਿਆ ਜਾਵੇ।

ਸਰਦਾਰ ਨਵਤੇਜ ਸਿੰਘ ਚੀਮਾ : ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਹੈ। ਮੈਂ ਤੁਹਾਡੇ ਰਾਹੀਂ ਉਪ ਮੁੱਖ ਮੰਤਰੀ ਸਾਹਿਬ ਜਿਨ੍ਹਾਂ ਪਾਸ ਸਪੋਰਟਸ ਮਹਿਕਮਾ ਵੀ ਹੈ, ਉਨ੍ਹਾਂ ਦੇ ਧਿਆਨ ਵਿਚ ਇਕ ਬਹੁਤ ਹੀ ਅਹਿਮ ਮਸਲਾ ਲੈ ਕੇ ਆਉਣਾ ਚਾਹੁੰਦਾ ਹਾਂ ਕਿ ਪਿੰਡਾਂ ਵਿਚ ਆਮ ਪੰਚਾਇਤਾਂ ਟੂਰਨਾਮੈਂਟ ਕਰਵਾਉਂਦੀਆਂ ਹਨ। ਅੱਜ ਮੈਨੂੰ ਤੀਜੀ ਵਾਰੀ ਮਾਨਯੋਗ ਹਾਈ ਕੋਰਟ ਵਿਚ ਜਾ ਕੇ ਟੂਰਨਾਮੈਂਟ ਦੀ ਪਰਮਿਸ਼ਨ ਲੈਣੀ ਪਈ ਹੈ। ਪਹਿਲਾਂ ਡੀ.ਐਸ.ਪੀ., ਡੀ.ਸੀ. ਲਿਖਤੀ ਇਸ ਦੀ ਪਰਮਿਸ਼ਨ ਦੇ ਦਿੰਦੇ ਹਨ ਪਰ ਬਾਅਦ ਵਿੱਚ ਦਬਾਅ ਕਾਰਨ ਪਰਮਿਸ਼ਨ ਕੈਂਸਲ ਕਰ ਦਿੰਦੇ ਹਨ । ਸਾਨੂੰ ਮਾਨਯੋਗ ਹਾਈ ਕੋਰਟ ਵਿੱਚ ਆ ਕੇ ਪਰਮਿਸ਼ਨ ਲੈਣੀ ਪੈਂਦੀ ਹੈ । ਇੱਕ ਪਿੰਡ ਦੇ ਟੂਰਨਾਮੈਂਟ ਵਾਸਤੇ ਅਸੀਂ ਹਾਈ ਕੋਰਟ ਆ ਕੇ ਪਰਮਿਸ਼ਨ ਲਈਏ, ਇਹ ਕਿੱਥੋਂ ਦਾ ਇਨਸਾਫ ਹੈ ? ਮੈਂ ਡਿਪਟੀ ਸੀ. ਐਮ. ਸਾਹਿਬ ਨੂੰ ਪਹਿਲਾਂ ਵੀ ਬੇਨਤੀ ਕੀਤੀ ਸੀ ਕਿ ਇਸ ਬਾਰੇ ਕੋਈ ਪਾਲਿਸੀ ਬਣਾਈ ਜਾਵੇ ਤਾਂ ਕਿ ਆਪਣਾ ਕੋਈ ਵੀ ਪਿੰਡ ਕਿਸੇ ਵੀ ਸਮੇਂ ਟੂਰਨਾਮੈਂਟ ਕਰਵਾਵੇ, ਉਸ ਵਿੱਚ ਕੋਈ ਰੋਕ ਨਹੀਂ ਹੋਣੀ ਚਾਹੀਦੀ।

ਦੂਜੀ, ਮੈਂ ਮਾਲ ਮੰਤਰੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਝੱਖੜ ਨਾਲ ਬਹੁਤ ਨੁਕਸਾਨ ਹੋਇਆ ਹੈ । (ਵਿਘਨ)

Mr. Speaker : Zero Hour is over. ਸਰਦਾਰ ਚਰਨਜੀਤ ਸਿੰਘ ਚੰਨੀ । ਧਿਆਨ ਦਿਵਾਊ ਮਤਾ ।

CALLING ATTENTION NOTICES UNDER RULE 66

(ਕ੍ਰਮ ਨੰ: 6)

ਸਰਦਾਰ ਚਰਨਜੀਤ ਸਿੰਘ ਚੰਨੀ : ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ ਅਰਥਾਤ ਸਮੁੱਚੇ ਪੰਜਾਬ ਵਿੱਚ ਲਿੰਕ ਰੋਡਜ਼ ਦੀ ਹਾਲਤ ਬਹੁਤ ਖਰਾਬ ਹੋ ਗਈ ਹੈ, ਜਿਸ ਕਾਰਨ ਇਨ੍ਹਾਂ ਸੜਕਾਂ ਤੇ ਪੇਂਡੂ ਆਵਾਜਾਈ ਬਹੁਤ ਮੁਸ਼ਕਿਲ ਹੋ ਗਈ ਹੈ ਅਤੇ ਸਰਕਾਰ ਵੱਲੋਂ ਇਨ੍ਹਾਂ ਸੜਕਾਂ ਦੀ ਮੁਰੰਮਤ ਨਾ ਕਰਨ ਕਾਰਣ ਲੋਕਾਂ ਵਿੱਚ ਸਰਕਾਰ ਪ੍ਰਤੀ ਭਾਰੀ ਰੋਹ ਪਾਇਆ ਜਾ ਰਿਹਾ ਹੈ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

ਖੇਤੀਬਾੜੀ ਮੰਤਰੀ (ਸਰਦਾਰ ਤੋਤਾ ਸਿੰਘ) : ਮਾਨਯੋਗ ਸਪੀਕਰ ਸਾਹਿਬ, ਇਸ ਵੇਲੇਂ ਪੰਜਾਬ ਵਿੱਚ ਸੜਕਾਂ ਦੀ ਲੰਬਾਈ 60,244 ਕਿਲੋਮੀਟਰ ਹੈ । ਸਰਕਾਰ ਵੱਲੋਂ ਇਨ੍ਹਾਂ ਸੜਕਾਂ ਦੀ ਮੁਰੰਮਤ ਤੇ ਲਗਾਤਾਰ ਧਿਆਨ ਦਿੱਤਾ ਜਾ ਰਿਹਾ ਹੈ । ਮੌਜੂਦਾ ਪਾਲਿਸੀ ਮੁਤਾਬਕ ਲਿੰਕ ਸੜਕਾਂ ਦੀ ਮੁਰੰਮਤ ਹਰ ਛੇ ਸਾਲ ਬ਼ਾਅਦ ਕੀਤੀ ਜਾਣੀ ਹੁੰਦੀ ਹੈ ਪਰ ਲਿੰਕ ਸੜਕਾਂ ਦੀ ਮੁਰੰਮਤ ਬਾਰੇ ਅੰਤਿਮ ਫੈਸਲਾ ਫੰਡਜ਼ ਦੀ ਉਪਲਬਧਤਾ ਅਤੇ ਲਿੰਕ ਸੜਕਾਂ ਦੀ ਹਾਲਤ ਦੇ ਆਧਾਰ ਤੇ ਕੀਤਾ ਜਾਂਦਾ ਹੈ । ਸਾਲ 2007-08 ਅਤੇ 2014-15 ਤੱਕ ਸੂਬੇ ਵਿੱਚ 2686.96 ਕਰੋੜ ਰੁਪਏ ਦੀ ਲਾਗਤ ਨਾਲ 25725 ਕਿਲੋਮੀਟਰ ਦੀ ਲੰਬਾਈ ਦੀਆਂ ਲਿੰਕ ਸੜਕਾਂ ਦੀ ਰਿਪੇਅਰ ਕੀਤੀ ਗਈ ਹੈ। ਸਾਲ 2015-16 ਲਈ ਸਰਕਾਰ ਨੇ ਇਸ ਕੰਮ ਲਈ 1200 ਕਰੋੜ ਰੁਪਏ ਦਾ ਉਪਬੰਧ ਕੀਤਾ ਹੈ ਜਿਸ ਨਾਲ 1095 ਕਰੋੜ ਰੁਪਏ ਦੀ ਲਾਗਤ ਨਾਲ 7188 ਕਿਲੋਮੀਟਰ ਲਿੰਕ ਸੜਕਾਂ ਦੀ ਰਿਪੇਅਰ ਕੀਤੀ ਜਾ ਰਹੀ ਹੈ ਅਤੇ 72.38 ਕਰੋੜ ਰੁਪਏ ਦੀ ਲਾਗਤ ਨਾਲ 7874 ਕਿਲੋਮੀਟਰ ਲਿੰਕ ਸੜਕਾਂ ਤੇ ਪੈਚ ਵਰਕ ਕੀਤਾ ਜਾ ਰਿਹਾ ਹੈ । ਇਸ ਤੋਂ ਇਲਾਵਾ 29 ਕਰੋੜ ਰੁਪਏ ਦੀ ਲਾਗਤ ਨਾਲ 257 ਕਿਲੋਮੀਟਰ ਕੱਚੇ

ਰਸਤਿਆਂ ਨੂੰ ਇੱਟਾਂ ਦੇ ਖੜਵੰਜੇ ਲਗਾਏ ਜਾਣਗੇ । ਉਪਰੰਤ ਲਿੰਕ ਸੜਕਾਂ ਦੇ ਕੰਮ ਤੋਂ ਬਾਅਦ 35940 ਕਿਲੋਮੀਟਰ ਸੜਕਾਂ ਤੇ ਮਾਈਨਰ ਰਿਪੇਅਰ ਦਾ ਕੰਮ ਕੀਤਾ ਜਾਣਾ ਬਣਦਾ ਹੈ । ਹੁਣ ਸਰਕਾਰ ਵੱਲੋਂ ਇਹ ਉਪਰਾਲਾ ਕੀਤਾ ਜਾ ਰਿਹਾ ਹੈ ਕਿ ਬਾਕੀ ਸੜਕਾਂ ਨੂੰ ਵੀ ਮੋਡਰੇਟ ਬਣਾਉਣ ਲਈ ਇਨ੍ਹਾਂ ਤੇ ਮਾਈਨਰ ਪੈਚ ਵਰਕ ਕੀਤਾ ਜਾਵੇ । ਇਸ ਤੇ 400 ਕਰੋੜ ਰੁਪਏ ਖਰਚ ਆਉਣ ਦਾ ਅਨੁਮਾਨ ਹੈ । ਸਰਕਾਰ ਦਾ ਯਤਨ ਹੈ ਕਿ ਇਨ੍ਹਾਂ ਫੰਡਜ਼ ਦਾ ਵੀ ਪ੍ਰਬੰਧ ਛੇਤੀ ਤੋਂ ਛੇਤੀ ਕੀਤਾ ਜਾਵੇ ਤਾਂ ਜੋ ਲੋਕਾਂ ਨੂੰ ਲਿੰਕ ਸੜਕਾਂ ਦੀ ਸਹੂਲਤ ਦਿੱਤੀ ਜਾ ਸਕੇ । ਸਪੀਕਰ ਸਾਹਿਬ, ਕਿਉਂ ਜੋ ਸਰਦਾਰ ਚਰਨਜੀਤ ਸਿੰਘ ਚੰਨੀ, ਐਮ.ਐਲ. ਏ. ਹਲਕਾ ਸ੍ਰੀ ਚਮਕੌਰ ਸਾਹਿਬ ਦੀ ਨੁਮਾਇੰਦਗੀ ਕਰਦੇ ਹਨ, ਇਸ ਲਈ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਸਾਲ 2014-15 ਦੌਰਾਨ ਇਸ ਹਲਕੇ ਵਿੱਚ 133.52 ਕਿਲੋਮੀਟਰ ਲਿੰਕ ਸੜਕਾਂ ਦੀ ਮੁਰੰਮਤ 24.14 ਕਰੋੜ ਰੁਪਏ ਨਾਲ ਕੀਤੀ ਗਈ ਹੈ । ਇਸ ਦੇ ਨਾਲ ਨਾਲ ਸਾਲ 2015-16 ਦੇ ਰੋਡ ਰਿਪੇਅਰ ਪ੍ਰੋਗਰਾਮ ਤਹਿਤ ਇਸ ਹਲਕੇ ਵਿੱਚ 66.63 ਕਿਲੋਮੀਟਰ ਲੰਬਾਈ ਦੀਆਂ ਸੜਕਾਂ ਦੀ ਖਾਸ ਮੁਰੰਮਤ, 185.64 ਕਿਲੋਮੀਟਰ ਸੜਕਾਂ ਤੇ ਪੈਚ ਵਰਕ ਦਾ ਕੰਮ ਅਤੇ ਡੇਢ ਕਿਲੋਮੀਟਰ ਦੇ ਰਸਤੇ ਤੇ ਇੱਟਾਂ ਦਾ ਖੜਵੰਜਾ ਲਗਾਉਣ ਲਈ ਕੁੱਲ 10.77 ਕਰੋੜ ਰੁਪਏ ਦੀ ਪ੍ਰਵਾਨਗੀ ਦਿੱਤੀ ਜਾ ਚੁੱਕੀ ਹੈ ਤੇ ਇਹ ਕੰਮ ਵੀ ਸ਼ੁਰੂ ਕੀਤੇ ਜਾ ਚੁੱਕੇ ਹਨ । ਆਸ ਹੈ ਕਿ ਵਿਭਾਗ ਇਹ ਸਾਰਾ ਕੰਮ 9-10 ਮਹੀਨਿਆਂ ਵਿੱਚ ਮੁਕੰਮਲ ਕਰ ਲਵੇਗਾ ।

ਮਾਨਯੋਗ ਸਪੀਕਰ : ਇੰਨਾ ਕੰਮ ਸਾਡੇ ਹਲਕੇ ਵਿੱਚ ਨਹੀਂ ਹੋਇਆ, ਜਿੰਨਾ ਤੁਹਾਡੇ ਹਲਕੇ ਵਿੱਚ ਹੋ ਗਿਆ ਹੈ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਮੈਂ ਦੱਸ ਦਿੰਦਾ ਹਾਂ ਕਿ ਅਸਲੀਅਤ ਕੀ ਹੈ ? ਅਸਲੀਅਤ ਜੋ ਮੰਤਰੀ ਜੀ ਨੇ ਦੱਸੀ ਹੈ, ਉਹ ਸਹੀ ਨਹੀਂ ਹੈ । ਮੈਂ ਆਪਣੇ ਹਲਕੇ ਵਿੱਚ ਵਿਚਰਦਾ ਹਾਂ । ਹਾਲਾਤ ਇਹ ਹੈ ਕਿ ਪਿੱਠ ਦੁੱਖਣ ਲੱਗ ਪਈ ਹੈ ਤੇ ਰੋਜ਼ ਮਾਲਸ਼ ਕਰਵਾਉਣੀ ਪੈਂਦੀ ਹੈ । ਮੈਂ ਆਪ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਦੋਂ ਜੀ. ਟੀ. ਰੋਡ ਤੇ ਜਾਈਏ, ਕੇਂਦਰ ਸਰਕਾਰ ਵੱਲੋਂ ਨੈਸ਼ਨਲ ਹਾਈਵੇਜ਼ ਬਹੁਤ ਵਧੀਆ ਬਣਾਈਆਂ ਗਈਆਂ ਹਨ । ਉਹ ਚਾਹੇ ਪਿਛਲੀ ਸਰਕਾਰ ਦੀ ਦੇਣ ਹੈ, ਇਸ ਵਿੱਚ ਮੈਂ ਨਹੀਂ ਜਾਣਾ ਚਾਹੁੰਦਾ ਪਰ ਜਿਉਂ ਹੀ ਲਿੰਕ ਰੋਡਜ਼ ਤੇ ਉਤਰਦੇ ਹਾਂ, ਜੀਅ ਕਰਦਾ ਹੈ ਕਿ ਗੱਡੀ ਤੋਂ

[ਸਰਦਾਰ ਚਰਨਜੀਤ ਸਿੰਘ ਚੰਨੀ]

ਉਤਰ ਕੇ ਅਸੀਂ ਨਾਲ ਨਾਲ ਤੁਰੀਏ । ਸਾਡੀਆਂ ਸੜਕਾਂ ਦੀ ਹਾਲਾਤ ਇਹ ਹੈ । ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ ਤਿੰਨ ਸਾਲਾਂ ਵਿੱਚ ਪ੍ਰਧਾਨ ਮੰਤਰੀ ਸੜਕ ਯੋਜਨਾ ਤਹਿਤ ਕਿੰਨਾ ਪੈਸਾ ਕੇਂਦਰ ਸਰਕਾਰ ਤੋਂ ਆਇਆ ਤੇ ਕਿੰਨਾ ਅੱਗੇ ਖਰਚ ਹੋ ਗਿਆ ਹੈ ? ਇਨ੍ਹਾਂ ਨੇ ਮੇਰੇ ਹਲਕੇ ਬਾਰੇ ਕਿਹਾ ਹੈ । ਮੇਰੇ ਹਲਕੇ ਨੂੰ ਮੋਰਿੰਡੇ ਤੋਂ ਸਿੱਧੀ ਰੋਡ ਜਾਂਦੀ ਹੈ । ਉਥੇ ਹੁਣ ਦੋ ਮਹੀਨੇ ਬਾਅਦ ਜੋੜ ਮੇਲਾ ਆਉਣ ਵਾਲਾ ਹੈ ਜਿਹੜਾ ਕਿ ਸ਼ਹੀਦਾਂ ਦੀ ਯਾਦ ਵਿੱਚ ਲੱਗਦਾ ਹੈ । ਦੂਜੇ ਪਾਸੇ ਸ੍ਰੀ ਫਤਹਿਗੜ੍ਹ ਸਾਹਿਬ ਵੀ ਜੋੜ ਮੇਲਾ ਆਉਣ ਵਾਲਾ ਹੈ, ਹਲਕੇ ਦੇ ਐਮ. ਐਲ. ਏ. ਸਾਹਿਬ ਬੈਠੇ ਹਨ । ਦੋਵੇਂ ਪਾਸੇ ਤੋਂ ਸੜਕਾਂ ਦੀ ਬਹੁਤ ਹੀ ਮਾੜੀ ਹਾਲਤ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਮੈਂ ਅੱਜ ਇਥੇ ਬੇਲੇ ਤੋਂ, ਚਮਕੌਰ ਸਾਹਿਬ ਤੋਂ ਆਉਣਾ ਸੀ। ਮੈਂ ਵਾਇਆ ਰੋਪੜ ਆਇਆ ਹਾਂ, ਉਸ ਸੜਕ ਉਪਰ ਇੰਨਾ ਬੁਰਾ ਹਾਲ ਹੈ ਕਿਉਂਕਿ ਫਿਰ ਮੈਨੂੰ ਪੌਣਾ ਘੰਟਾ ਲੱਗਣਾ ਸੀ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕਿੰਨਾ ਪੈਸਾ ਸੈਂਟਰ ਵੱਲੋਂ ਆਇਆ ਅਤੇ ਉਸ ਵਿਚੋਂ ਇਨ੍ਹਾਂ ਨੇ ਕਿੰਨਾ ਲਗਾਇਆ ਅਤੇ ਕਿੰਨਾ ਪੈਸਾ ਡਾਈਵਰਟ ਹੋ ਕੇ ਅਜੇ ਤੱਕ ਸੜਕਾਂ ਤੇ ਨਹੀਂ ਲੱਗਿਆ.......

Mr. Speaker : Thank you.

ਸਰਦਾਰ ਚਰਨਜੀਤ ਸਿੰਘ ਚੰਨੀ : ਦੂਸਰਾ, ਜਿਹੜੀਆਂ ਮੇਰੇ ਹਲਕੇ ਦੀਆਂ ਸੜਕਾਂ ਹਨ, ਉਨ੍ਹਾਂ ਤੇ ਅਜੇ ਤੱਕ ਕੰਮ ਸ਼ੁਰੂ ਨਹੀਂ ਹੋਇਆ। ਇਨ੍ਹਾਂ ਨੇ ਕਹਿ ਦਿੱਤਾ ਹੈ ਕਿ ਕੰਮ ਸ਼ੁਰੂ ਹੋ ਗਿਆ ਹੈ। ਇਹ ਸੜਕਾਂ ਕਦੋਂ ਤੱਕ ਬਣ ਜਾਣਗੀਆਂ ਅਤੇ ਪੰਜਾਬ ਦੀਆਂ ਸੜਕਾਂ ਦੀ ਹਾਲਤ ਕਦੋਂ ਤੱਕ ਸੁਧਾਰੀ ਜਾਵੇਗੀ? ਮੁਆਫ ਕਰਨਾ ਜੀ, ਮੈਂ ਇਹ ਵੀ ਪੁੱਛ ਲੈਣਾ ਚਾਹੁੰਦਾ ਹਾਂ ਕਿ ਪਿਛਲੇ ਪੰਜ ਸਾਲਾਂ ਤੋਂ ਪੰਜਾਬ ਦੀਆਂ ਕਿੰਨੀਆਂ ਅਜਿਹੀਆਂ ਸੜਕਾਂ ਹਨ, ਜਿਨ੍ਹਾਂ ਦੀ ਰਿਪੇਅਰ ਨਹੀਂ ਹੋਈ।

ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਵਿਸਥਾਰ ਨਾਲ ਸਾਰੀ ਗੱਲ ਦੱਸ ਦਿੱਤੀ ਹੈ। ਜੇਕਰ ਕੋਈ ਵੱਖਰੀ ਗੱਲ ਹੈ, ਜਿਵੇਂ ਇਹ ਪ੍ਰਧਾਨ ਮੰਤਰੀ ਯੋਜਨਾ ਅਧੀਨ ਸੜਕਾਂ ਬਾਰੇ ਕਹਿੰਦੇ ਹਨ, ਇਹ ਜੇ ਆਪਣੇ ਧਿਆਨ ਦਿਵਾਊ ਮਤੇ ਵਿੱਚ ਲਿਖ ਦਿੰਦੇ ਤਾਂ ਮੈਂ ਉਹ ਵੀ ਅੰਕੜੇ ਲੈ ਕੇ ਆਉਂਦਾ। ਮੈਂ ਮੰਡੀ ਬੋਰਡ ਨਾਲ ਸਬੰਧਤ ਸਾਰੇ ਅੰਕੜੇ ਲੈ ਕੇ ਆਇਆ ਹਾਂ ਕਿਉਂਕਿ ਇਨ੍ਹਾਂ ਨੇ ਧਿਆਨ ਦਿਵਾਊ ਮਤਾ ਹੀ ਮੰਡੀ ਬੋਰਡ ਨਾਲ ਸਬੰਧਤ ਰੱਖਿਆ ਸੀ। ਬਾਕੀ ਜਿਹੜੀ ਪ੍ਰਧਾਨ

ਮੰਤਰੀ ਯੋਜਨਾ ਅਧੀਨ ਸੜਕਾਂ ਦੀ ਗੱਲ ਕੀਤੀ ਹੈ, ਇਹ ਵੀ ਮੈਂ ਮਹਿਕਮੇ ਤੋਂ ਪਤਾ ਲੈ ਕੇ ਆਪ ਇਨ੍ਹਾਂ ਕੋਲ ਅਫਸਰ ਭੇਜਾਂਗਾ। ਉਹ ਸਾਰੀ ਗੱਲ ਦੱਸ ਦੇਣਗੇ।

ਮਾਨਯੋਗ ਸਪੀਕਰ : ਇਹ ਇਸ ਨਾਲ ਕਨਸਰਨਡ ਨਹੀਂ ਹੈ, that will have to be given separately.

ਸਰਦਾਰ ਚਰਨਜੀਤ ਸਿੰਘ ਚੰਨੀ : ਚਲੋ, ਸ੍ਰੀ ਚਮਕੌਰ ਸਾਹਿਬ ਦੇ ਜੋੜ ਮੇਲੇ ਦੀ ਸੜਕ ਦੀ ਗੱਲ ਕਰ ਲਵੋ, ਉਹ ਵੀ ਤਾਂ ਲਿੰਕ ਰੋਡ ਹੈ।

ਮਾਨਯੋਗ ਸਪੀਕਰ : ਲਿੰਕ ਸੜਕਾਂ ਦਾ ਸਵਾਲ ਵੱਖਰਾ ਹੈ ਔਰ ਪ੍ਰਧਾਨ ਮੰਤਰੀ ਯੋਜਨਾ ਅਧੀਨ ਸੜਕਾਂ ਲਈ ਵੱਖਰਾ ਕੁਐਸਚਨ ਹੈ।

ਸਰਦਾਰ ਕੁਲਜੀਤ ਸਿੰਘ ਨਾਗਰਾ : ਸਪੀਕਰ ਸਾਹਿਬ, ...

ਮਾਨਯੋਗ ਸਪੀਕਰ : ਨਾਗਰਾ ਜੀ , please sit down.

ਸਰਦਾਰ ਕੁਲਜੀਤ ਸਿੰਘ ਨਾਗਰਾ : ਸਪੀਕਰ ਸਾਹਿਬ, ਇਹ ਮੇਰੇ ਹਲਕੇ ਨਾਲ ਸਬੰਧਤ ਹੈ .....

ਮਾਨਯੋਗ ਸਪੀਕਰ : ਮੈਂ ਕਿਹਾ ਜੀ, please sit down, this is not your question. ..(ਵਿਘਨ)... ਨਹੀਂ ਜੀ, ਨਹੀਂ। ਹਾਂ ਜੀ, ਚੰਨੀ ਜੀ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ...

ਸਰਦਾਰ ਕੁਲਜੀਤ ਸਿੰਘ ਨਾਗਰਾ : ਸਪੀਕਰ ਸਾਹਿਬ, **

Mr. Speaker : Please sit down. Nothing is going to be recorded.

ਸਰਦਾਰ ਚਰਨਜੀਤ ਸਿੰਘ ਚੰਨੀ : ਪੰਜਾਬ ਦੇ ਵਿੱਚ ਪਿਛਲੇ ਸਾਲਾਂ ਤੋਂ ਕਿੰਨੀਆਂ ਸੜਕਾਂ ਨਹੀਂ ਬਣੀਆਂ, ਉਹ ਲਿੰਕ ਸੜਕਾਂ ਕਦੋਂ ਤੱਕ ਪੱਕੀਆਂ ਹੋ ਜਾਣਗੀਆਂ? ਦੂਸਰਾ, ਸਾਡੇ ਜਿਹੜੇ ਦੋ ਜੋੜ ਮੇਲੇ ਹੁੰਦੇ ਹਨ, ਉਨ੍ਹਾਂ ਵਿੱਚ ਪੰਜਾਬ ਦੇ ਸਾਰੇ ਲੋਕਾਂ ਦੀ ਸ਼ਰਧਾ ਹੈ, ਸਾਹਿਬਜ਼ਾਦੇ ਅਜੀਤ ਸਿੰਘ, ਜੁਝਾਰ ਸਿੰਘ, ਜੋਰਾਵਰ ਸਿੰਘ, ਫਤਹਿ ਸਿੰਘ ਜੀ ਦੇ ਨਾਵਾਂ ਤੇ ਜਿਹੜੇ ਜੋੜ ਮੇਲੇ ਹੁੰਦੇ ਹਨ ਉਨ੍ਹਾਂ

** Not recorded as ordered by the Chair.

[ਸਰਦਾਰ ਚਰਨਜੀਤ ਸਿੰਘ ਚੰਨੀ]

ਨੂੰ ਜਿਹੜੀਆਂ ਸੜਕਾਂ ਜੋੜਦੀਆਂ ਹਨ, ਉਹ ਕਦੋਂ ਤੱਕ ਪੱਕੀਆਂ ਕਰ ਦਿੱਤੀਆਂ ਜਾਣਗੀਆਂ ?

ਮਾਨਯੋਗ ਸਪੀਕਰ : ਜਥੇਦਾਰ ਜੀ, ਉਹ ਸੜਕਾਂ ਵੀ ਜਲਦੀ ਰਿਪੇਅਰ ਕਰਵਾ ਦਿਓ।

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਮੈਂ ਆਪਣਾ ਸੀਨੀਅਰ ਅਫਸਰ ਭੇਜ ਕੇ, ਜਿਹੜੀਆਂ ਸੜਕਾਂ ਸ੍ਰੀ ਚਮਕੌਰ ਸਾਹਿਬ ਦੇ ਜੋੜ ਮੇਲੇ ਨੂੰ ਜੋੜਦੀਆਂ ਹਨ, ਉਨ੍ਹਾਂ ਨੂੰ ਪਹਿਲ ਦੇ ਆਧਾਰ ਤੇ ਠੀਕ ਕਰਨ ਦੀ ਕੋਸ਼ਿਸ਼ ਕਰਾਂਗੇ।

(ਕ੍ਰਮ ਨੰ: 8)

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ ਸਮੁੱਚੇ ਪੰਜਾਬ ਵਿੱਚ ਅਨੁਸੂਚਿਤ ਜਾਤੀ ਦੇ ਪੜ੍ਹਾਈ ਕਰ ਰਹੇ ਬੱਚਿਆਂ ਨੂੰ ਵਜ਼ੀਫਾ ਨਹੀਂ ਮਿਲ ਰਿਹਾ, ਜਿਸ ਕਾਰਨ ਉਨ੍ਹਾਂ ਦੀ ਪੜ੍ਹਾਈ ਵਿੱਚ ਵਿਘਨ ਪੈ ਰਿਹਾ ਹੈ ਅਤੇ ਅਜਿਹੇ ਬੱਚਿਆਂ ਦੇ ਮਾਪੇ ਚਿੰਤਤ ਹੋ ਰਹੇ ਹਨ। ਸਰਕਾਰ ਦੇ ਅਵੇਸਲੇ ਰਵੱਈਏ ਕਾਰਨ ਉਨ੍ਹਾਂ ਵਿੱਚ ਰੋਹ ਪੈਦਾ ਹੋ ਰਿਹਾ ਹੈ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ ਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ (ਸਰਦਾਰ ਗੁਲਜਾਰ ਸਿੰਘ ਰਣੀਕੇ) : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਮਾਨਯੋਗ ਮੈਂਬਰ ਸਾਹਿਬ ਨੂੰ ਪੁੱਛੀ ਗਈ ਜਾਣਕਾਰੀ ਦੱਸਣਾ ਚਾਹੁੰਦਾ ਹਾਂ। ਪੋਸਟ ਮੈਟਰਿਕ ਦਾ 437 ਕਰੋੜ 67 ਲੱਖ ਰੁਪਿਆ ਫੀਸਾਂ ਦਾ ਦਿੱਤਾ ਗਿਆ ਹੈ ਇਸ ਨਾਲ 2, 18,328 ਸਾਲ 2013-14 ਦੇ ਵਿਦਿਆਰਥੀ ਕਵਰ ਹੋਏ ਹਨ। ਸਾਲ 2014-15 ਦੇ 2,51,479 ਵਿਦਿਆਰਥੀ ਹਨ। ਕੁੱਲ 4,69,807 ਵਿਦਿਆਰਥੀ ਬਣਦੇ ਹਨ । ਇਸੇ ਤਰ੍ਹਾਂ ਹੀ ਪ੍ਰੀ-ਮੈਟਰਿਕ ਲਈ

87,79,00,000 ਰੁਪਏ ਵਜ਼ੀਫਿਆਂ ਦਾ ਹੈ। 14,723 ਵਿਦਿਆਰਥੀ 2012-13 ਦੇ ਹਨ। 1,85,930 ਵਿਦਿਆਰਥੀ 2013-14 ਦੇ ਹਨ। 1,89,705 ਵਿਦਿਆਰਥੀ 2014-15 ਦੇ ਹਨ। ਇਹ ਕੁੱਲ 3,90,358 ਵਿਦਿਆਰਥੀ ਹਨ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਮੈਂ ਇੱਕ ਤਾਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਲ 2013-14 ਵਿੱਚ 280.80 ਕਰੋੜ ਰੁਪਿਆ ਕੇਂਦਰ ਸਰਕਾਰ ਵੱਲੋਂ ਆਇਆ ਜਿਹੜਾ ਕਿ ਸਾਲ 2013-14 ਦਾ ਸੀ। ਲੇਕਿਨ ਸਰਕਾਰ ਨੇ ਜਿਹੜੇ ਪਿਛਲੇ ਬਕਾਏ ਸਨ ਉਨ੍ਹਾਂ ਨੂੰ ਹੀ ਕਵਰ ਕੀਤਾ ਹੈ, ਉਨ੍ਹਾਂ ਨੂੰ ਪਿਛਲਿਆਂ ਬਕਾਇਆਂ ਵਿੱਚ ਕਰ ਦਿੱਤਾ ਤੇ ਜਿਹੜੇ ਪਿਛਲੇ ਬਕਾਏ ਹਨ, ਉਹ ਕਿਥੇ ਗਏ? ਉਹ ਪੈਸਾ ਕਿਥੇ ਗਿਆ? ਉਸ ਬਾਰੇ ਮੰਤਰੀ ਜੀ ਮੈਨੂੰ ਦੱਸਣ ਕਿ 280 ਕਰੋੜ ਰੁਪਿਆ ਪਿਛਲੇ ਬਕਾਇਆਂ ਦਾ ਕੀ ਤੁਸੀਂ ਭਰ ਦਿੱਤਾ ਹੈ? ਜਿਹੜਾ ਪਿਛਲਾ ਪੈਸਾ ਆਇਆ ਸੀ ਉਹ ਕਿਥੇ ਗਿਆ? ਇਕ ਤਾਂ ਮੈਂ ਮੰਤਰੀ ਜੀ ਤੋਂ ਇਹ ਸਵਾਲ ਪੁੱਛਣਾ ਚਾਹੁੰਦਾ ਹਾਂ । ਦੂਸਰਾ ਪੁਰਾਣੇ ਡਿਊਜ਼ ਇਨ੍ਹਾਂ ਨੇ ਦੇ ਦਿੱਤੇ..

ਮਾਨਯੋਗ ਸਪੀਕਰ : ਹਾਂ ਜੀ, ਰਣੀਕੇ ਜੀ ਦੱਸੋ ।

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਜਿਹੜਾ ਮਾਨਯੋਗ ਮੈਂਬਰ ਸਾਹਿਬ ਨੂੰ ਖਦਸ਼ਾ ਹੈ ਉਹ 2013-14 ਦਾ 149 ਕਰੋੜ 53 ਲੱਖ ਰੁਪਿਆ ਬੈਕਲਾਗ ਦਾ ਹੈ, 2014-15 ਵਿਚ 227 ਕਰੋੜ 34 ਲੱਖ ਆਇਆ, ਇਹ 376 ਕਰੋੜ 87 ਲੱਖ ਰੁਪਿਆ ਬਣਦਾ ਹੈ । ਇਸ ਵਿੱਚ 60.80 ਕਰੋੜ ਰੁਪਏ ਪਾ ਕੇ ਟੋਟਲ ਬਣ ਜਾਂਦਾ ਹੈ ਇਹ 437 ਕਰੋੜ 67 ਲੱਖ ਰੁਪਿਆ ਬਣਦਾ ਹੈ। ਇਸ ਤੋਂ ਇਲਾਵਾ ਸਾਡਾ 245 ਕਰੋੜ ਬਕਾਇਆ ਆਉਣ ਵਾਲਾ ਹੈ, ਉਹ ਬੈਕਲਾਗ ਵੀ ਅਜੇ ਇਸ ਦਾ ਹੈ, ਉਹ 2014-15 ਦਾ ਹੈ। ਉਹ ਜਦੋਂ ਆ ਗਿਆ ਤਾਂ ਜਿਹੜਾ ਬਕਾਇਆ ਬੈਕਲਾਗ ਦਾ ਹੈ, ਉਹ ਰਕਮਾਂ ਪੂਰੀਆਂ ਚਲੀਆਂ ਜਾਣਗੀਆਂ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਸੌਰੀ, ਮੈਨੂੰ ਇਹ ਪੁੱਛਣਾ ਪੈ ਰਿਹਾ ਹੈ..

ਮਾਨਯੋਗ ਸਪੀਕਰ: ਉਨ੍ਹਾਂ ਨੇ ਜਵਾਬ ਦੇ ਦਿੱਤਾ ਹੈ, ਕੰਪਲੀਟ ਹੋ ਗਿਆ ਹੈ... (ਵਿਘਨ)

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਇਹ 2014-15 ਦੇ ਪੜ੍ਹ ਰਹੇ ਹਨ, 376 ਕਰੋੜ ਤੇ ਪਲੱਸ ਜਿਹੜਾ ਤੁਸੀਂ ਪੈਸਾ ਪੜ੍ਹਿਆ ਹੈ। ਇਕ ਵਾਰੀ ਤੁਸੀਂ ਫਿਰ ਵੇਖ ਲਵੋ ਕਿਉਂਕਿ ਕੱਲ੍ਹ ਨੂੰ ਸਾਡਾ ਇਸ ਦੇ ਉਤੇ ਪ੍ਰਿਵਿਲਿਜ ਮੋਸ਼ਨ ਆਉਣਾ ਹੈ। ਜਿਹੜੇ ਤੁਸੀਂ ਉੱਤਰ ਦਿੱਤੇ ਹਨ, ਇਹ ਸਾਨੂੰ ਰਿਸੀਵ ਨਹੀਂ ਹੋਏ, ਇਸ ਲਈ ਤੁਸੀਂ ਇੱਕ ਵਾਰੀ ਫਿਰ ਵੇਖ ਲਵੋ । 376 ਕਰੋੜ ਵਾਲਾ ਜਿਹੜਾ ਪੜ੍ਹੀ ਜਾ ਰਹੇ ਹਨ, ਇਹ ਚੈੱਕ ਕਰ ਲਵੋ। 2013-14 ਵਿੱਚ 280 ਕਰੋੜ 81 ਲੱਖ ਰੁਪਿਆ ਤੁਹਾਨੂੰ ਆਇਆ ਸੀ you have specifically replied ਕਿ ਇਹ ਪੈਸਾ ਸਿਰਫ 2013-14 ਦਾ ਹੈ ਜਦ ਕਿ ਤੁਸੀਂ 2013-14 ਦੇ ਵਿੱਚ ਸਿਰਫ 31 ਕਰੋੜ ਰੁਪਿਆ ਵੰਡਿਆ ਹੈ, ਬਾਕੀ ਪੈਸਾ ਪੁਰਾਣੇ ਸਾਲਾਂ ਦਾ ਦਿੱਤਾ ਹੈ you are already in the breach of privilege of this House. You are misleading the House. Sorry, Speaker Sahib, ਇਸ ਦੇ ਉਤੇ ਅਸੀਂ ਕੱਲ੍ਹ ਪ੍ਰਿਵਲਿਜ ਮੋਸ਼ਨ ਲੈ ਕੇ ਆਵਾਂਗੇ, let us not waste the time of the House.

Mr. Speaker : That I will see tomorrow. ਹਾਂ ਜੀ, ਚਰਨਜੀਤ ਸਿੰਘ ਜੀ ਅੱਗੇ ਚਲੋ। ਤੁਸੀਂ ਸਪਲੀਮੈਂਟਰੀ ਪੁੱਛੋ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਇਸ ਦੇ ਨਾਲ ਨਾਲ ਇਹ ਵੀ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਕਾਲਜਾਂ ਵਿੱਚ ਡਬਲ ਡਬਲ ਐਂਟਰੀਆਂ ਕਰਕੇ..

ਮਾਨਯੋਗ ਸਪੀਕਰ : ਤੁਹਾਡੀ ਸਪਲੀਮੈਂਟਰੀ ਕੀ ਹੈ?

ਸਰਦਾਰ ਚਰਨਜੀਤ ਸਿੰਘ ਚੰਨੀ : ਮੈਂ ਇਹੋ ਹੀ ਸਪਲੀਮੈਂਟਰੀ ਕਰ ਰਿਹਾ ਹਾਂ ਕਿ ਜਿਹੜਾ ਸਕਾਲਰਸ਼ਿਪ ਦਾ ਪੈਸਾ ਕੇਂਦਰ ਸਰਕਾਰ ਤੋਂ ਆਇਆ, ਉਹ ਕਾਲਜਾਂ ਵਾਲਿਆਂ ਨੇ ਕੀ ਕੀਤਾ ਕਿ ਫਰਜ਼ੀ ਐਂਟਰੀਆਂ ਕੀਤੀਆਂ ਤੇ ਦੋ ਦੋ ਕਾਲਜਾਂ ਵਿੱਚ ਐਂਟਰੀਆਂ ਕੀਤੀਆਂ । (ਵਿਘਨ) ਸਪੀਕਰ ਸਾਹਿਬ, ਮੈਨੂੰ ਸਵਾਲ ਤਾਂ ਪੁੱਛ ਲੈਣ ਦਿਉ। 1400 ਬੱਚਿਆਂ ਦਾ 7 ਕਰੋੜ ਰੁਪਿਆ ਇਨ੍ਹਾਂ ਨੇ ਮਿਸ-ਐਪਰੋਪ੍ਰੀਏਟ ਕੀਤਾ ਹੈ ਅਤੇ ਕਾਲਜ ਵਾਲਿਆਂ ਜਾਂ ਸਰਕਾਰ ਦੇ ਬੰਦਿਆਂ ਨੇ ਮਿਲ ਕੇ ਉਹ ਪੈਸਾ ਖਾ ਲਿਆ। ਮੈਂ ਉਨ੍ਹਾਂ ਬਾਰੇ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ। ਅੱਜ ਵੀ ਅਖਬਾਰਾਂ ਵਿਚ ਖਬਰਾਂ ਲੱਗੀਆਂ ਹਨ, ਇਨ੍ਹਾਂ ਨੇ ਪੜ੍ਹੀਆਂ ਹੋਣਗੀਆਂ। ਇਨ੍ਹਾਂ ਨੂੰ ਗੱਲ ਦਾ ਪਤਾ ਹੈ। ਉਸ ਦੇ ਬਾਰੇ ਇਹ ਦੱਸ ਦੇਣ ਕਿ ਪੈਸਾ

ਕਿਸ ਤਰ੍ਹਾਂ ਮਿਸ-ਐਪਰੋਪ੍ਰੀਏਟ ਹੋਇਆ ਹੈ?

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਵੱਡਾ ਖਦਸ਼ਾ ਇਨ੍ਹਾਂ ਨੂੰ ਇਹ ਹੈ ਕਿ ਸ਼ਾਇਦ ਪੈਸੇ ਬਦਲੇ ਗਏ ਹਨ, ਪੈਸੇ ਲੇਟ ਤਾਂ ਹੋ ਸਕਦੇ ਹਨ, ਲੇਟ ਹੋਏ ਹਨ, ਸਾਡੇ ਵਲੋਂ ਦੇਣੇ ਉਦੋਂ ਹੀ ਹਨ ਜਦੋਂ ਖਜ਼ਾਨੇ ਵੱਲੋਂ ਸਾਨੂੰ ਮਿਲ ਜਾਣਗੇ। ਅਸੀਂ ਆਪਣੇ ਮਹਿਕਮੇ ਕੋਲ ਕੋਈ ਪੈਸਾ ਨਹੀਂ ਟਿਕਣ ਦਿੰਦੇ। ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਬਕਾਇਆ ਸੀ, ਉਹ 280.81 ਕਰੋੜ ਰੁਪਿਆ ਸੀ। ਇਹ ਸਾਲ 2007-2008 ਤੋਂ 2011 ਅਤੇ 2012 ਦਾ ਸੀ। ਇਹ ਸਾਨੂੰ 100.81 ਕਰੋੜ ਫੀਸਾਂ ਦਾ ਮਿਲਿਆ ਤੇ 2012-13 ਦਾ 148.25 ਕਰੋੜ ਬਕਾਇਆ ਸੀ ਅਤੇ ਸਾਲ 2013-14 ਦਾ 37 ਕਰੋੜ 75 ਲੱਖ ਬਕਾਇਆ ਹੈ। ਇਹ ਟੋਟਲ 280.81 ਕਰੋੜ ਰੁਪਿਆ ਬਣ ਜਾਂਦਾ ਹੈ, ਇਹ ਬੱਚਿਆਂ ਨੂੰ ਚਲਿਆ ਗਿਆ ਹੈ। ਮੈਂ ਇਸ ਬਾਰੇ ਤੁਹਾਨੂੰ ਡੇਟਾਂ ਵੀ ਦੇ ਦਿਆਂਗਾ, ਤਰੀਕਾਂ ਵੀ ਦੇ ਦਿਆਂਗਾ ਕਿ ਕਦੋਂ ਇਹ ਰਿਲੀਜ਼ ਹੋਈਆਂ ਹਨ ਅਤੇ ਜਦੋਂ ਅੱਗੇ ਏਜੰਸੀਆਂ ਨੂੰ ਦੇ ਦਿੱਤਾ ਤਾਂ ਉਹ ਵੀ ਮਿਲ ਜਾਣਗੇ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਜਵਾਬ ਤਾਂ ਆਇਆ ਨਹੀਂ ਹੈ...

ਸ਼੍ਰੀ ਸੁਨੀਲ ਜਾਖੜ : ਸੌਰੀ, ਚੰਨੀ ਸਾਹਿਬ। ਸਪੀਕਰ ਸਾਹਿਬ, ਇਹ ਬੜਾ ਅਹਿਮ ਮਸਲਾ ਹੈ, ਇਹ ਬੱਚਿਆਂ ਦੇ ਭਵਿੱਖ ਦਾ ਮਸਲਾ ਹੈ। ਸੋ, ਮੇਰੇ ਕਹਿਣ ਦਾ ਭਾਵ ਹੈ ਕਿ ਜੋ ਇਨ੍ਹਾਂ ਨੇ ਕੈਚ ਵਰਡ ਕਿਹਾ ਹੈ ਕਿ ਜਦੋਂ ਸਾਡੇ ਕੋਲ ਡਿਪਾਰਟਮੈਂਟ ਕੋਲ ਪੈਸਾ ਆ ਜਾਂਦਾ ਹੈ ਤਾਂ ਅਸੀਂ ਵੰਡ ਦਿੰਦੇ ਹਾਂ। ਸਪੀਕਰ ਸਾਹਿਬ, ਇਹ ਆਪਣਾ ਖਾਤਾ ਖੋਲ੍ਹ ਕੇ ਵੇਖਣ। ਜੇ ਮੈਨੂੰ ਪਤਾ ਹੁੰਦਾ ਕਿ ਅੱਜ ਤੁਹਾਡੀ ਇਸ ਬਾਰੇ ਕਾਲ ਅਟੈਨਸ਼ਨ ਲੱਗੀ ਹੈ ਤਾਂ ਮੈਂ ਕਾਗਜ਼ ਲੈ ਕੇ ਆਉਂਦਾ ਪਰ ਮੈਂ ਆਪਣੀ ਮੈਮੋਰੀ ਕੋਟ ਕਰ ਰਿਹਾ ਹਾਂ ਕਿ ਤੁਹਾਡੇ ਕੋਲ ਪ੍ਰੀ-ਮੈਟ੍ਰਿਕ ਦੇ 2013-14 ਦੇ 60 ਕਰੋੜ ਰੁਪਏ ਆਏ ਹਨ। ਤੁਸੀਂ ਮੈਨੂੰ ਜਿਹੜਾ ਜਵਾਬ ਦਿੱਤਾ ਹੈ, ਜਿਹੜਾ ਪਰਸੋਂ ਰਿਸੀਵ ਹੋਇਆ ਹੈ, ਇਨ੍ਹਾਂ ਦੇ ਉਸ ਵਿਚੋਂ 21 ਕਰੋੜ ਰੁਪਿਆ ਵੰਡਿਆ ਦਰਸਾਇਆ ਹੈ। ਦੋ ਸਾਲ ਦਾ 40 ਕਰੋੜ ਰੁਪਿਆ ਫਾਈਨਾਂਸ ਮਹਿਕਮੇ ਕੋਲ ਪਿਆ ਹੈ। ਇਹ ਕਹਿ ਰਹੇ ਹਨ ਕਿ ਜਿਹੜਾ ਸਾਡੇ ਮਹਿਕਮੇ ਕੋਲ ਪੈਸਾ ਆ ਗਿਆ, ਉਹ ਅਸੀਂ ਵੰਡ ਦਿੱਤਾ। ਫੇਰ ਉਹ 40 ਕਰੋੜ ਕਿੱਥੇ ਹੈ? ਇਹ ਸਾਡੇ ਵੱਲੋਂ ਐਲੀਗੇਸ਼ਨ ਹੈ ਕਿ 40 ਕਰੋੜ ਰੁਪਿਆ ਐਲੋਕੇਟ

[ਸ਼੍ਰੀ ਸੁਨੀਲ ਜਾਖੜ]

ਹੋਇਆ ਹੈ, this is misappropriation of funds. They have diverted those funds. ਸਪੀਕਰ ਸਾਹਿਬ, ਇਸ ਮਸਲੇ ਤੇ ਬਹਿਸ ਕਰਵਾ ਲਓ।

ਮੰਤਰੀ : ਮੈਂ ਤਿਆਰੀ ਕਰਕੇ ਆਇਆ ਹਾਂ ਅਤੇ ਜਵਾਬ ਦੇਵਾਂਗਾ।

ਸ਼੍ਰੀ ਸੁਨੀਲ ਜਾਖੜ : ਤਿਆਰੀ ਕਰਨੀ ਵੀ ਚਾਹੀਦੀ ਹੈ ਕਿਉਂਕਿ ਇਹ ਬਹੁਤ ਅਹਿਮ ਮਸਲਾ ਹੈ।

ਮੰਤਰੀ : ਮੈਂ ਤੁਹਾਡੀ ਪੂਰੀ ਤਸੱਲੀ ਕਰਵਾਵਾਂਗਾ ਅਤੇ ਇਕ ਇਕ ਪੈਸੇ ਦਾ ਹਿਸਾਬ ਦੇਵਾਂਗਾ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ.....

Mr. Speaker : Please sit down. ਬੈਠ ਜਾਓ।

ਮੰਤਰੀ : ਚੰਨੀ ਸਾਹਿਬ, ਇਕ ਮਿੰਟ। ਪਹਿਲਾਂ ਜਾਖੜ ਸਾਹਿਬ ਦੀ ਗੱਲ ਦਾ ਜਵਾਬ ਦੇ ਦੇਵਾਂ।

Mr. Speaker : Next item. ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼ ਪੱਤਰ। (ਵਿਘਨ, ਸ਼ੋਰ) ਮੰਤਰੀ ਸਾਹਿਬ, ਬੈਠ ਜਾਓ।

ਮੰਤਰੀ : ਸਪੀਕਰ ਸਾਹਿਬ, ਮੈਂ 60 ਕਰੋੜ ਬਾਰੇ ਦੱਸਣ ਲੱਗਿਆ ਹਾਂ। ਇਹ ਰਕਮ 60.21 ਕਰੋੜ ਹੈ। ਸਾਨੂੰ ਇਸ ਦੀ ਪਹਿਲੀ ਕਿਸ਼ਤ 17.73 ਕਰੋੜ ਰਿਲੀਜ਼ ਹੋਈ ਹੈ।

ਸ਼੍ਰੀ ਸੁਨੀਲ ਜਾਖੜ : ਜਿਹੜੀ ਕਿਸ਼ਤ ਮਾਰਚ, 2013 ਵਿੱਚ ਜਾਰੀ ਹੋਈ ਸੀ।

ਮੰਤਰੀ : ਇਕ ਮਿੰਟ ਹੁਣ ਸੁਣ ਲਓ। ਮੈਂ ਤੁਹਾਨੂੰ ਸਾਰਾ ਰਿਕਾਰਡ ਦੇਵਾਂਗਾ। ਤੁਸੀਂ ਇੱਲਤਾਂ ਕਿਉਂ ਕਰਦੇ ਹੋ? ਤੁਸੀਂ ਬੜੇ ਸਿਆਣੇ ਹੋ ਅਤੇ ਤੁਹਾਨੂੰ ਸਿਆਸਤ ਵਿਰਾਸਤ ਵਿੱਚ ਮਿਲੀ ਹੈ। ਅਸੀਂ ਤਾਂ ਹੁਣ ਸ਼ੁਰੂ ਕੀਤੀ ਹੈ। ਤੁਸੀਂ ਇੰਨੇ ਕਾਹਲੇ ਕਿਉਂ ਪੈਂਦੇ ਹੋ? ਅਸੀਂ ਤਾਂ ਪੈਂਦੇ ਨਹੀਂ?

ਸ਼੍ਰੀ ਸੁਨੀਲ ਜਾਖੜ : ਮੈਂ ਲੋਕਾਂ ਦੀ ਗੱਲ ਕਰ ਰਿਹਾ ਹਾਂ, ਕੋਈ ਸਿਆਸਤ ਨਹੀਂ ਕਰ ਰਿਹਾ।

Mr. Speaker : Jakhar ji, no debate, please. ਬੈਠ ਜਾਓ।

ਮੰਤਰੀ : ਨਾਲੇ ਇਹ ਮੁੱਦਾ ਵੀ ਗਰੀਬਾਂ ਦਾ ਹੈ ਅਤੇ ਤੁਸੀਂ ** ਦੇ ਖਿਲਾਫ਼

** Expunged/Not recorded as ordered by the Chair.

ਕਹੀ ਜਾਂਦੇ ਹੋ? ਮੈਂ ਤੁਹਾਨੂੰ ਇਕੱਲੇ ਇਕੱਲੇ ਪੈਸੇ ਦਾ ਹਿਸਾਬ ਦੇਵਾਂਗਾ।(ਵਿਘਨ, ਸ਼ੋਰ) ਕਿਉਂ ਨਹੀਂ ਤੁਸੀਂ ਉਸ ਵਕਤ ਗਰੀਬਾਂ ਦਾ ਹੱਕ ਦੇ ਦਿੱਤਾ। (ਸ਼੍ਰੀ ਸੁਨੀਲ ਜਾਖੜ ਅਤੇ ਸਰਦਾਰ ਚਰਨਜੀਤ ਸਿੰਘ ਚੰਨੀ ਵੱਲੋਂ ਵਿਘਨ) ਹੁਣ ਤੁਸੀਂ ਸੁਣ ਲਓ।

Mr. Speaker : Please sit down. ਚੰਨੀ ਜੀ, ਬੈਠ ਜਾਓ।

ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸਪੀਕਰ ਸਾਹਿਬ, ਇਹ ਕਾਲ ਅਟੈਂਸ਼ਨ ਹੈ ਜਾਂ ਸਪਲੀਮੈਂਟਰੀਜ਼ ਚੱਲ ਰਹੀਆਂ ਹਨ?

ਸ਼੍ਰੀ ਸੁਨੀਲ ਜਾਖੜ : ਇਹ ਗਰੀਬਾਂ ਦਾ ਸਵਾਲ ਹੈ।

ਸੰਸਦੀ ਮਾਮਲੇ ਮੰਤਰੀ : ਗਰੀਬਾਂ ਦਾ ਠੇਕਾ ਤੁਹਾਡੇ ਕੋਲ ਨਹੀਂ, ਹੁਣ ਸਾਡੇ ਕੋਲ ਹੈ। ਸਪੀਕਰ ਸਾਹਿਬ, ਸਵਾਲ ਇਹ ਹੈ ਕਿ ਕੀ ਕਾਲ ਅਟੈਂਸ਼ਨ ਵਿੱਚ ਕਿਸੇ ਦੂਜੇ ਮੈਂਬਰ ਦੀ ਸਪਲੀਮੈਂਟਰੀ ਆ ਸਕਦੀ ਹੈ? (ਵਿਘਨ, ਸ਼ੋਰ)

ਸ਼੍ਰੀ ਸੁਨੀਲ ਜਾਖੜ : ਗਰੀਬਾਂ ਵਾਸਤੇ ਤਾਂ ਅਸੀਂ ਜ਼ਰੂਰ ਬੋਲਾਂਗੇ।

ਸੰਸਦੀ ਮਾਮਲੇ ਮੰਤਰੀ : ਤੁਹਾਡੇ ਵੱਲ ਕੋਈ ਗਰੀਬ ਨਹੀਂ ਹੈ, ਸਾਰੇ ਸਰਮਾਏਦਾਰ ਹਨ। ਸਾਰੇ ਪਿੰਡਾਂ ਦੇ ਮਾਲਕ ਬੈਠੇ ਹਨ।(ਵਿਘਨ, ਸ਼ੋਰ)

Mr. Speaker : Please sit down. This is not discussion hour.

ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ : ਮੈਂ ਇਨ੍ਹਾਂ ਨੂੰ ਇਕ ਇਕ ਪੈਸੇ ਦਾ ਹਿਸਾਬ ਦੇਵਾਂਗਾ.. (ਵਿਘਨ, ਸ਼ੋਰ)

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ,....

Mr. Speaker: No, no. You have asked your supplementary. Only one supplementary is allowed. Please sit down. ਤੁਸੀਂ ਆਪਣੀ ਸਪਲੀਮੈਂਟਰੀ ਪੁੱਛ ਲਈ ਹੈ। ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼ ਪੱਤਰ। (ਵਿਘਨ, ਸ਼ੋਰ) ਸਾਰੇ ਬੈਠ ਜਾਓ। ਮੰਤਰੀ ਜੀ, ਇਨ੍ਹਾਂ ਨੂੰ ਲਿਖਤੀ ਜਵਾਬ ਦੇ ਦਿਓ। (ਵਿਘਨ, ਸ਼ੋਰ) Please sit down now.

ਵਿੱਤ ਮੰਤਰੀ (ਸਰਦਾਰ ਪਰਮਿੰਦਰ ਸਿੰਘ ਢੀਂਡਸਾ) : ਸਪੀਕਰ ਸਾਹਿਬ....(ਵਿਘਨ, ਸ਼ੋਰ)

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, * *

Mr. Speaker : This is not the question. This is not a Question Hour. Not to be recorded.

ਵਿੱਤ ਮੰਤਰੀ : ਸਪੀਕਰ ਸਾਹਿਬ, ਪਹਿਲਾਂ ਤਾਂ ਇਹ ਕਿਹੜੇ ਸਾਲ ਦਾ ਵਜ਼ੀਫਾ ਹੈ ਅਤੇ ਦੂਸਰਾ ਕਿਹੜੇ ਸਾਲ ਵਿੱਚ ਰਿਲੀਜ਼ ਹੋਇਆ ਹੈ, ਇਹ ਡਿਫਰੈਂਟ ਚੀਜ਼ਾਂ ਹਨ। ਜਦ ਸਾਡੇ ਕੋਲ ਗੌਰਮਿੰਟ ਆਫ਼ ਇੰਡੀਆ ਦਾ ਪੈਸਾ ਆਉਂਦਾ ਹੈ, ਉਸ ਤੋਂ ਬਾਅਦ ਅਸੀਂ ਰਿਲੀਜ਼ ਕਰਦੇ ਹਾਂ। ਅੱਜ ਵੀ ਬੀ.ਸੀ. ਸਟੂਡੈਂਟਸ ਦਾ ਦੋ ਸਾਲ ਪਹਿਲਾਂ ਦਾ ਬਕਾਇਆ ਨਹੀਂ ਆਇਆ ਹੈ। ਇਹ ਸਕੀਮ ਗੌਰਮਿੰਟ ਆਫ਼ ਇੰਡੀਆ ਦੀ ਹੈ। ਜਦੋਂ ਗੌਰਮਿੰਟ ਆਫ਼ ਇੰਡੀਆ ਤੋਂ ਸਾਨੂੰ ਪੈਸਾ ਰਿਸੀਵ ਹੋਵੇਗਾ, ਅਸੀਂ ਅੱਗੇ ਉਨ੍ਹਾਂ ਨੂੰ ਵਜ਼ੀਫ਼ਾ ਦੇ ਦੇਵਾਂਗੇ। ਕੇਂਦਰ ਸਰਕਾਰ ਤੋਂ ਸਾਲ-ਡੇਢ ਸਾਲ ਬਾਅਦ ਜਾਂ ਦੋ ਸਾਲ ਬਾਅਦ ਜਦੋਂ ਵੀ ਪੈਸੇ ਆਉਣਗੇ, ਅਸੀਂ ਉਦੋਂ ਹੀ ਇਹ ਰਿਲੀਜ਼ ਕਰਾਂਗੇ। ਹੁਣ ਇਹ ਜਿਹੜੀ ਸਾਲ 2012-13 ਦੀ ਗੱਲ ਕਰਦੇ ਹਨ, ਸਾਲ 2007-08 ਦਾ ਪੈਸਾ ਸਾਲ 2012-13 ਵਿੱਚ ਰਿਲੀਜ਼ ਹੋਇਆ ਹੈ, ਉਹ ਅਸੀਂ ਉਨ੍ਹਾਂ ਨੂੰ ਉਸੇ ਸਾਲ ਰਿਲੀਜ਼ ਕਰ ਦਿੱਤਾ। ਜਿਹੜਾ ਪੈਸਾ ਬਚ ਗਿਆ ਸੀ ਉਹ on account of debt, existing year ਵਿਚ ਅਸੀਂ ਰਿਲੀਜ਼ ਕਰ ਦਿੱਤਾ। ਅੱਜ ਵੀ ਪਿਛਲੇ ਸਾਲਾਂ ਦੇ ਬਕਾਏ ਰਹਿੰਦੇ ਹਨ ਪਰ ਜਿਹੜੇ ਗੌਰਮਿੰਟ ਆਫ਼ ਇੰਡੀਆ ਤੋਂ ਪੈਸੇ ਆਉਂਦੇ ਹਨ, ਉਹ ਅਸੀਂ ਸਾਰੇ ਦੇ ਸਾਰੇ ਰਿਲੀਜ਼ ਕਰ ਚੁੱਕੇ ਹਾਂ। ਜਿਹੜਾ ਹੋਰ ਪੈਸਾ ਆਵੇਗਾ, ਉਹ ਵੀ ਰਿਲੀਜ਼ ਕਰ ਦੇਵਾਂਗੇ। ਗੌਰਮਿੰਟ ਆਫ਼ ਇੰਡੀਆ ਦੀ ਸਕੀਮ ਹੈ, ਉਹ ਜਦੋਂ ਪੈਸੇ ਭੇਜਣਗੇ ਤਾਂ ਹੀ ਅਸੀਂ ਰਿਲੀਜ਼ ਕਰਾਂਗੇ।

ਮਾਨਯੋਗ ਸਪੀਕਰ : ਫਾਈਨਾਂਸ ਮਨਿਸਟਰ ਸਾਹਿਬ, ਇਕ ਗੱਲ ਦਾ ਖਿਆਲ ਜ਼ਰੂਰ ਰੱਖੋ, ਇਹ ਨਾ ਹੋਵੇ ਕਿ ਬੱਚਾ ਪਾਸ ਹੋ ਜਾਵੇ, ਉਸ ਤੋਂ ਬਾਅਦ ਪੈਸੇ ਮਿਲਣ। ਥੋੜ੍ਹੀ ਕੋਸ਼ਿਸ਼ ਕਰੋ ਕਿ ਪੈਸੇ ਨਾਲ ਦੀ ਨਾਲ ਮਿਲ ਜਾਣ।

ਵਿੱਤ ਮੰਤਰੀ : ਸਪੀਕਰ ਸਾਹਿਬ, ਇਹ ਗੌਰਮਿੰਟ ਆਫ ਇੰਡੀਆ ਦੀ ਸਕੀਮ ਹੈ। (ਵਿਘਨ)(ਸ਼ੋਰ)

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਕਾਲਜਾਂ ਦੇ ਜਿਹੜੇ ਪੈਸੇ ਖਾਧੇ ਸੀ, ਮੈਂ ਉਨ੍ਹਾਂ ਲਈ ਇਨਕੁਆਰੀ ਮੰਗ ਰਿਹਾ ਹਾਂ ਜੀ। (ਵਿਘਨ,(ਸ਼ੋਰ)

** Not recorded as ordered by the Chair.

ਮਾਨਯੋਗ ਸਪੀਕਰ: ਹੁਣ ਏਜੰਡੇ ਦੀ ਅਗਲੀ ਆਈਟਮ। ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼-ਪੱਤਰ। ਸੰਸਦੀ ਮਾਮਲਿਆਂ ਦੇ ਮੰਤਰੀ ਸ਼੍ਰੀ ਮਦਨ ਮੋਹਨ ਮਿੱਤਲ ਜੀ।

PAPERS LAID ON THE TABLE OF THE HOUSE

ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸ਼੍ਰੀਮਾਨ ਜੀ, ਮੈਂ:

1. ਪੰਜਾਬ ਬੁਨਿਆਦੀ ਢਾਂਚਾ (ਵਿਕਾਸ ਅਤੇ ਵਿਨਿਯਮਨ) ਸੋਧਨਾ ਆਰਡੀਨੈਂਸ, 2015 (2015 ਦਾ ਪੰਜਾਬ ਆਰਡੀਨੈਂਸ ਨੰ: 2) ਸਦਨ ਦੀ ਮੇਜ਼ ਤੇ ਰੱਖਦਾ ਹਾਂ ਜਿਵੇਂ ਕਿ ਭਾਰਤ ਦੇ ਸੰਵਿਧਾਨ ਦੇ ਅਨੁਛੇਦ 213 (2)(ੳ) ਅਧੀਨ ਲੋੜੀਂਦਾ ਹੈ।

1-ੳ. ਪੰਜਾਬ ਰਾਜ ਵਿਧਾਨ ਮੰਡਲ (ਅਯੋਗਤਾ ਤੇ ਰੋਕ) ਸੋਧਨਾ ਆਰਡੀਨੈਂਸ, 2015 (2015 ਦਾ ਪੰਜਾਬ ਆਰਡੀਨੈਂਸ ਨੰ: 4) ਸਦਨ ਦੀ ਮੇਜ਼ ਤੇ ਰੱਖਦਾ ਹਾਂ ਜਿਵੇਂ ਕਿ ਭਾਰਤ ਦੇ ਸੰਵਿਧਾਨ ਦੇ ਅਨੁਛੇਦ 213 (2)(ੳ) ਅਧੀਨ ਲੋੜੀਂਦਾ ਹੈ।

2. ਸਾਲ 2012-13 ਲਈ ਜਲੰਧਰ ਵਿਕਾਸ ਅਥਾਰਿਟੀ (ਜੇ.ਡੀ.ਏ.) ਦੇ ਲੇਖਿਆਂ ਦੇ ਸਾਲਾਨਾ ਵਿਵਰਣ ਸਦਨ ਦੀ ਮੇਜ਼ ਤੇ ਰੱਖਦਾ ਹਾਂ ਜਿਵੇਂ ਕਿ ਪੰਜਾਬੀ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 ਦੀ ਧਾਰਾ 53 (5) ਅਧੀਨ ਲੋੜੀਂਦਾ ਹੈ।

3. ਸਾਲ 2012-13 ਲਈ ਅੰਮ੍ਰਿਤਸਰ ਵਿਕਾਸ ਅਥਾਰਿਟੀ, ਅੰਮ੍ਰਿਤਸਰ (ਏ.ਡੀ.ਏ.) ਦੇ ਲੇਖਿਆਂ ਦੇ ਸਾਲਾਨਾ ਵਿਵਰਣ ਸਦਨ ਦੀ ਮੇਜ਼ ਤੇ ਰੱਖਦਾ ਹਾਂ ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 ਦੀ ਧਾਰਾ 53 (5) ਅਧੀਨ ਲੋੜੀਂਦਾ ਹੈ।

4. ਸਾਲ 2013-14 ਲਈ ਗਰੇਟਰ ਲੁਧਿਆਣਾ ਖੇਤਰ ਵਿਕਾਸ ਅਥਾਰਿਟੀ, ਲੁਧਿਆਣਾ (ਗਲਾਡਾ) ਦਾ ਵਿੱਤੀ ਵਿਵਰਣ ਸਦਨ ਦੀ ਮੇਜ਼ ਤੇ ਰੱਖਦਾ ਹਾਂ ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 ਦੀ ਧਾਰਾ 53(5) ਅਧੀਨ ਲੋੜੀਂਦਾ ਹੈ।

[ਸੰਸਦੀ ਮਾਮਲੇ ਮੰਤਰੀ]

5. ਸਾਲ 2013-14 ਲਈ ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਲਿਮਟਿਡ ਦੀ 48ਵੀਂ ਸਾਲਾਨਾ ਰਿਪੋਰਟ ਅਤੇ ਲੇਖਾ ਸਦਨ ਦੀ ਮੇਜ਼ ਤੇ ਰੱਖਦਾ ਹਾਂ ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।

6. ਸਾਲ 2012-13 ਅਤੇ 2013-14 ਲਈ ਸਥਾਨਕ ਆਡਿਟ ਵਿਭਾਗ ਦੀਆਂ ਸਾਲਾਨਾ ਪ੍ਰਬੰਧਕੀ ਰਿਪੋਰਟਾਂ ਸਦਨ ਦੀ ਮੇਜ਼ ਤੇ ਰੱਖਦਾ ਹਾਂ।

7. ਸਾਲ 2012-13 ਲਈ ਪੰਜਾਬ ਐਗਰੋ ਫੂਡ ਗ੍ਰੇਨਜ਼ ਕਾਰਪੋਰੇਸ਼ਨ ਲਿਮਟਿਡ (ਪੀ.ਏ.ਐਫ.ਸੀ.) ਦੀ 11ਵੀਂ ਸਾਲਾਨਾ ਰਿਪੋਰਟ ਅਤੇ ਲੇਖੇਂ ਸਦਨ ਦੀ ਮੇਜ਼ ਤੇ ਰੱਖਦਾ ਹਾਂ ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।

8. ਸਾਲ 2012-13 ਲਈ ਪੰਜਾਬ ਵਿੱਤ ਕਾਰਪੋਰੇਸ਼ਨ ਚੰਡੀਗੜ੍ਹ ਦੀ 60ਵੀਂ ਸਾਲਾਨਾ ਰਿਪੋਰਟ ਸਦਨ ਦੀ ਮੇਜ਼ ਤੇ ਰੱਖਦਾ ਹਾਂ ਜਿਵੇਂ ਕਿ ਰਾਜ ਵਿੱਤ ਕਾਰਪੋਰੇਸ਼ਨ ਐਕਟ, 1951 ਦੀ ਧਾਰਾ 37(7) ਅਧੀਨ ਲੋੜੀਂਦਾ ਹੈ।

9. ਸਾਲ 2012-13 ਲਈ ਪੰਜਾਬ ਸੂਚਨਾ ਅਤੇ ਪ੍ਰਸਾਰਣ ਤਕਨਾਲੋਜੀ ਕਾਰਪੋਰੇਸ਼ਨ ਲਿਮਟਿਡ ਦੀ 37ਵੀਂ ਸਾਲਾਨਾ ਰਿਪੋਰਟ ਸਦਨ ਦੀ ਮੇਜ਼ ਤੇ ਰੱਖਦਾ ਹਾਂ ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।

10. ਸਾਲ 2012-13 ਲਈ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਦੀ ਤੀਜੀ ਸਾਲਾਨਾ ਰਿਪੋਰਟ ਸਦਨ ਦੀ ਮੇਜ਼ ਤੇ ਰੱਖਦਾ ਹਾਂ ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।

11. ਸਾਲ 2010-11 ਲਈ ਪੰਜਾਬ ਸੈਰ ਸਪਾਟਾ ਵਿਕਾਸ ਕਾਰਪੋਰੇਸ਼ਨ ਲਿਮਟਿਡ ਦੀ 32ਵੀਂ ਸਾਲਾਨਾ ਰਿਪੋਰਟ ਅਤੇ ਲੇਖੇ ਸਦਨ ਦੀ ਮੇਜ਼ ਤੇ ਰੱਖਦਾ ਹਾਂ ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ ਅਤੇ;

12. ਸਾਲ 2011-12 ਲਈ ਨੀਮ ਚਮੇਲੀ ਟੂਰਿਸਟ ਕੰਪਲੈਕਸ ਲਿਮਟਿਡ ਦੀ 9ਵੀਂ ਸਾਲਾਨਾ ਰਿਪੋਰਟ ਅਤੇ ਲੇਖੇ ਸਦਨ ਦੀ ਮੇਜ਼ ਤੇ ਰੱਖਦਾ ਹਾਂ

ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।

ਮਾਨਯੋਗ ਸਪੀਕਰ : ਹੁਣ, ਸੰਸਦੀ ਮਾਮਲਿਆਂ ਦੇ ਮੰਤਰੀ, ਸ਼੍ਰੀ ਮਦਨ ਮੋਹਨ ਮਿੱਤਲ ਜੀ ਸਰਕਾਰੀ ਮਤਾ ਪੇਸ਼ ਕਰਨਗੇ ਪਰ ਇਸ ਤੋਂ ਪਹਿਲਾਂ ਕਿ ਇਸ ਮਤੇ ਤੇ ਡਿਸਕਸ਼ਨ ਸ਼ੁਰੂ ਹੋਵੇ, ਮੈਂ ਇੱਕ ਬੇਨਤੀ ਜ਼ਰੂਰ ਕਰਨੀ ਚਾਹੁੰਦਾ ਹਾਂ । ਉਹ ਇਹ ਕਿ ਜੋ ਤੁਹਾਨੂੰ ਡੈਮੋਕਰੇਸੀ ਵਿੱਚ ਰਾਈਟ ਹੈ, ਉਸ ਨੂੰ ਤੁਸੀਂ ਯੂਜ਼ ਕਰੋ ਲੇਕਿਨ, ਮੈਂ ਇਸ ਵਿੱਚ ਜ਼ਰੂਰ ਇਹ ਚਾਹਵਾਂਗਾ ਕਿ during discussion ਦੂਸਰੇ ਨੂੰ ਡਿਸਟਰਬ ਕਰਨ ਦੀ ਬਜਾਏ, ਜਦੋਂ ਤੁਹਾਡੀ ਵਾਰੀ ਆਵੇ, ਜੋ ਕੁਝ ਕਹਿਣਾ ਹੈ, ਤੁਸੀਂ ਉਦੋਂ ਕਹਿ ਲਵੋ। ਲੇਕਿਨ ਜਦੋਂ ਕੋਈ ਦੂਸਰਾ ਬੋਲ ਰਿਹਾ ਹੈ, ਉਸ ਦੌਰਾਨ ਦੂਸਰੇ ਨੂੰ ਡਿਸਟਰਬ ਕਰਨਾ, ਮੈਂ ਸਮਝਦਾ ਹਾਂ ਕਿ ਉਦੋਂ ਬੋਲ ਕੇ ਤੁਸੀਂ ਉਸ ਦੇ ਰਾਈਟ ਵਿੱਚ ਰੁਕਾਵਟ ਪਾ ਰਹੇ ਹੋ। ਦੂਜੀ ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਆਪੋਜ਼ੀਸ਼ਨ ਅਤੇ ਰੂਲਿੰਗ ਪਾਰਟੀ, ਆਪਾਂ ਜਿਸ ਮਸਲੇ ਤੇ ਡਿਸਕਸ਼ਨ ਕਰਨ ਜਾ ਰਹੇ ਹਾਂ, ਇਹ ਬਹੁਤ ਅਹਿਮ ਮਸਲਾ ਹੈ। ਇਸ ਲਈ ਇਸ ਤੇ ਡਿਸਕਸ਼ਨ ਬੜੀ ਸੀਰੀਅਸਲੀ ਹੋਵੇ ਔਰ ਪੂਰੀ ਡਿਸਕਸ਼ਨ without any interference ਹੋਵੇ ।

ਜਾਖੜ ਸਾਹਿਬ, ਮੈਂ ਇੱਕ ਹੋਰ ਬੇਨਤੀ ਜ਼ਰੂਰ ਕਰਨੀ ਚਾਹੁੰਦਾ ਹਾਂ। ਮੈਂ ਲੋਕ ਸਭਾ ਵਿੱਚ ਵੀ ਦੇਖਿਆ ਹੈ ਕਿ ਜਦੋਂ ਪ੍ਰਧਾਨ ਮੰਤਰੀ ਸਾਹਿਬ ਨੇ ਬੋਲਣਾ ਹੋਵੇ, ਉਦੋਂ ਤਕਰੀਬਨ ਸਾਰਾ ਹਾਊਸ ਬੈਠਦਾ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਬਾਦਲ ਸਾਹਿਬ ਦਾ ਵੀ ਹਮੇਸ਼ਾ ਇਹ ਗਿਲਾ ਹੈ ਅਤੇ ਮੈਂ ਵੀ ਮਹਿਸੂਸ ਕਰਦਾ ਹਾਂ ਕਿ ਜਦੋਂ ਬਾਦਲ ਸਾਹਿਬ ਨੇ ਬੋਲਣਾ ਹੁੰਦਾ ਹੈ, ਉਦੋਂ ਆਪਾਂ ਚਲੇ ਜਾਂਦੇ ਹਾਂ। ਮੈਂ ਇਹ ਚਾਹਵਾਂਗਾ, ਮੇਰੀ ਰਿਕੁਐਸਟ ਹੈ, ਇਹ ਕੋਈ ਆਰਡਰ ਨਹੀਂ ਕਿ ਜਦੋਂ ਬਾਦਲ ਸਾਹਿਬ ਨੇ ਬੋਲਣਾ ਹੈ, ਉਦੋਂ ਜ਼ਰੂਰ ਤੁਸੀਂ ਸੀਟਾਂ ਤੇ ਬੈਠਣਾ। ਜਾਣ-ਆਉਣ ਵਾਲੀ ਕਾਰਵਾਈ ਭਾਵੇਂ ਪਹਿਲਾਂ ਕਰ ਆਵੋ, ਮੈਂ ਇਹ ਨਹੀਂ ਕਹਿੰਦਾ ਕਿ ਉਹ ਤੁਸੀਂ ਨਾ ਕਰੋ। ਇਹ ਆਪਣਾ ਰਾਈਟ ਹੈ ਲੇਕਿਨ ਮੈਂ ਇਹ ਜ਼ਰੂਰ ਚਾਹਵਾਂਗਾ ਕਿ ਜਦੋਂ ਸੀ.ਐਮ. ਸਾਹਿਬ ਨੇ ਬੋਲਣਾ ਹੈ, ਉਦੋਂ ਸਾਰੇ ਜ਼ਰੂਰ

[ਮਾਨਯੋਗ ਸਪੀਕਰ]

ਸੀਟਾਂ ਤੇ ਬੈਠੋ। ਸੁਹਣਾ ਹੀ ਉਦੋਂ ਲਗਦਾ ਹੈ ਜਦੋਂ ਆਪੋਜ਼ੀਸ਼ਨ ਅਤੇ ਰੂਲਿੰਗ ਪਾਰਟੀ ਆਪਣੀਆਂ ਸੀਟਾਂ ਤੇ ਬੈਠੀ ਹੋਵੇ ਅਤੇ ਇੱਕ ਦੂਜੇ ਨੂੰ ਸੁਣ ਰਹੀ ਹੋਵੇ। ਇਸ ਲਈ ਮੇਰੀ ਇਹ ਸਪੈਸ਼ਲ ਤੌਰ ਤੇ ਬੇਨਤੀ ਹੈ ਕਿ ਜਦੋਂ ਬਾਦਲ ਸਾਹਿਬ ਨੇ ਬੋਲਣਾ ਹੈ...

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੇਰੀ ਇੱਕ ਬੇਨਤੀ ਹੈ। ਤੁਸੀਂ ਸਤਿਕਾਰਯੋਗ ਹੋ, ਜਿਹੜੀ ਤੁਸੀਂ ਗੱਲ ਕੀਤੀ ਹੈ, ਠੀਕ ਹੈ, ਸਾਰਿਆਂ ਨੂੰ ਇੱਥੇ ਮਿਲ-ਜੁਲ ਕੇ ਬੈਠ ਕੇ ਬਹਿਸ ਕਰਨੀ ਚਾਹੀਦੀ ਹੈ। ਇਸੇ ਕਾਰਨ ਹੀ ਅਸੀਂ ਆਪਣਾ ਐਡਜਰਨਮੈਂਟ ਮੋਸ਼ਨ ਵੀ ਵਿਦਡਰਾਅ ਕਰ ਲਿਆ ਹੈ ਕਿ ਬਹਿਸ ਹੋਣੀ ਚਾਹੀਦੀ ਹੈ। ਮੈਂ ਚਾਹੁੰਦਾ ਹਾਂ ਕਿ ਮਿਲ-ਜੁਲ ਕੇ ਬਹਿਸ ਹੋਣੀ ਚਾਹੀਦੀ ਹੈ। ਸਪੀਕਰ ਸਾਹਿਬ, ਮੈਨੂੰ ਇੱਕ ਤੁਹਾਡੇ ਨਾਲ ਵੀ ਗਿਲਾ ਹੈ ਜੀ।

ਮਾਨਯੋਗ ਸਪੀਕਰ: ਦੱਸੋ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਜਦੋਂ ਮਾਨਯੋਗ ਸੀ.ਐਮ. ਸਾਹਿਬ ਬੋਲਦੇ ਹਨ, ਉਦੋਂ ਤਾਂ ਸਾਰੇ ਟੀ.ਵੀ. ਚੈਨਲਾਂ ਤੇ ਦਿਖਾਇਆ ਜਾਂਦਾ ਹੈ। ਮੈਂ ਅੱਜ ਦੇਖੀ ਜਾਂਦਾ ਸੀ ਕਿ ਅੱਜ ਚੈਨਲ ਨਹੀਂ ਲੱਗੇ।

ਮਾਨਯੋਗ ਸਪੀਕਰ : ਮੇਰੀ ਗੱਲ ਸੁਣੋ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਪਹਿਲਾਂ ਮੇਰੀ ਗੱਲ ਸੁਣ ਲਵੋ ਜੀ। ਪਿਛਲੀ ਵਾਰ੍ਹੀ ਤੁਸੀਂ ਆਪਣੇ ਹਾਊਸ ਦੀ ਰਿਕਾਰਡਿੰਗ ਦੇ ਦਿੱਤੀ। ਪੀ.ਟੀ.ਸੀ. ਵਾਲੇ ਉਸੇ ਰਿਕਾਰਡਿੰਗ ਨੂੰ ਦੱਬੀ ਤੁਰੀ ਫਿਰਦੇ ਰਹੇ। ਸਾਡੇ ਬੰਦਿਆਂ ਨੇ ਤੁਹਾਡੇ ਤੋਂ ਰਿਕਾਰਡਿੰਗ ਮੰਗੀ ਸੀ, ਤੁਸੀਂ ਨਹੀਂ ਦਿੱਤੀ। **** ਸਾਡੀ ਜਿਹੜੀ ਗੱਲ ਹੈ, ਉਹ ਵੀ ਰਿਕਾਰਡਿੰਗ ਵਿੱਚ ਚੱਲੇ। Bound the PTC to give both the parties equal time.

ਮਾਨਯੋਗ ਸਪੀਕਰ : ਮੈਂ ਤੁਹਾਡੀ ਇਸੇ ਗੱਲ ਨੂੰ ਰੋਕਣ ਲਈ ਸਾਰਿਆਂ ਨੂੰ ਅਤੇ ਪੀ.ਟੀ.ਸੀ. ਨੂੰ ਵੀ ਬੰਦ ਕਰ ਦਿੱਤਾ ਹੈ।

ਸ਼੍ਰੀ ਸੁਨੀਲ ਜਾਖੜ : ਕਿਉਂ ਬੰਦ ਕਰ ਦਿੱਤਾ ਹੈ ਜੀ?

ਮਾਨਯੋਗ ਸਪੀਕਰ : ਗੱਲ ਸੁਣੋ। ਮੈਂ ਇਸ ਨੂੰ ਐਨਕਰਜਿੰਗ ਨਹੀਂ ਸਮਝਦਾ ਜਿਹੜਾ ਆਪਾਂ ਬੰਦ ਕਰ ਲਿਆ ਹੈ, ਤੁਸੀਂ ਹਾਲਾਤ ਐਸੇ ਕਰੀਏਟ ਕਰ ਦਿੱਤੇ ਕਿ ਸਾਨੂੰ ਅਖੀਰ ਨੂੰ ਇਹ ਬੰਦ ਕਰਨਾ ਪਿਆ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਜਿਹੜੀ

** Expunged as ordered by the Chair.

ਇਹ ਬਹਿਸ ਹੋਵੇਗੀ, ਇਸ ਨੂੰ ਟੈਲੀਕਾਸਟ ਕਰਵਾਉ, ਪੰਜਾਬ ਦੇ ਕਿਸਾਨ ਜਿਹੜੇ ਬਠਿੰਡੇ ਵਿੱਚ ਪੰਜ ਦਿਨਾਂ ਤੋਂ ਬੈਠੇ ਹਨ, ਉਨ੍ਹਾਂ ਨੂੰ ਪਤਾ ਲੱਗੇ, ਪੂਰੀ ਬਹਿਸ ਟੈਲੀਕਾਸਟ ਹੋਣੀ ਚਾਹੀਦੀ ਹੈ। It should be telecast. ਅਗਰ ਤੁਹਾਡਾ ਪੀ.ਟੀ.ਸੀ. ਨਹੀਂ ਕਰਦਾ ਤਾਂ ਦੂਰਦਰਸ਼ਨ ਵਾਲਿਆਂ ਨੂੰ ਬੁਲਾਉ। (ਵਿਘਨ) ਲੋਕ ਸਭਾ ਤੇ ਰਾਜ ਸਭਾ ਤੋਂ ਇਹ ਦਿਖਾਈ ਜਾਣੀ ਚਾਹੀਦੀ ਹੈ। ਰਾਜ ਸਭਾ ਵਾਲਾ ਚੈਨਲ ਵਿਹਲਾ ਪਿਆ ਰਹਿੰਦਾ ਹੈ, ਉਨ੍ਹਾਂ ਨੂੰ ਕਹੋ ਕਿ ਇੱਥੇ ਵਾਲੀ ਡਿਬੇਟ ਰਾਤ ਨੂੰ ਦੋ ਘੰਟੇ ਲਈ ਚਲਾ ਦੇਣ।

ਮਾਨਯੋਗ ਸਪੀਕਰ : ਦੇਖੋ, ਮੇਰੀ ਬੇਨਤੀ ਹੈ ਕਿ ਤੁਹਾਡਾ ਗਿਲਾ ਇਹ ਸੀ ਕਿ ਸਾਨੂੰ ਟੈਲੀਕਾਸਟ ਨਹੀਂ ਕਰਦੇ। ਇਨ੍ਹਾਂ ਦਾ ਅਤੇ ਲੋਕਾਂ ਦਾ ਗਿਲਾ ਇਹ ਸੀ ਕਿ ਆਪੋਜ਼ੀਸ਼ਨ ਪਾਰਟੀ ਡਿਸਟਰਬ ਕਰਦੀ ਹੈ। ਇਸ ਕਰਕੇ ਮੈਂ ਤਾਂ ਇਹ ਫੈਸਲਾ ਕਰ ਦਿੱਤਾ। (ਵਿਘਨ)

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਅਸੀਂ ਮੰਗ ਕਰ ਰਹੇ ਹਾਂ ਕਿ you are the custodian of the House. ਅਸੀਂ ਤੁਹਾਡਾ ਸਤਿਕਾਰ ਕਰਦੇ ਹਾਂ ਪਰ ਸਾਡੀ ਵੀ ਸੁਣੋ, ਪੰਜਾਬ ਦੇ ਕਿਸਾਨਾਂ ਬਾਰੇ ਗੱਲ ਕਰਨ ਲਈ ਅਸੀਂ ਤੁਹਾਨੂੰ ਬੇਨਤੀ ਕਰਕੇ ਟਾਈਮ ਲਿਆ ਹੈ। ਸੋ, ਦੂਰਦਰਸ਼ਨ, ਲੋਕ ਸਭਾ ਟੀ.ਵੀ. ਵਾਲਿਆਂ ਨੂੰ ਬੇਨਤੀ ਕਰੋ ਕਿ ਰਾਤ ਨੂੰ ਟੈਲੀਕਾਸਟ ਕਰਨ, ਵਿਹਲੇ ਟਾਈਮ ਚਲਾ ਦੇਣ, ਜਦੋਂ ਕ੍ਰਿਸ਼ੀ ਗਿਆਨ ਦਿੰਦੇ ਹਨ, ਉਸ ਸਮੇਂ ਚਲਾ ਦਿਓ।

ਮਾਨਯੋਗ ਸਪੀਕਰ: ਸੰਸਦੀ ਮਾਮਲੇ ਮੰਤਰੀ ਮਤਾ ਪੇਸ਼ ਕਰਨ ਜੀ।

OFFICIAL RESOLUTION REG. TAKING UP THE MATTER WITH THE CENTRAL GOVERNMENT TO ENSURE FOR THE FARMERS REMUNERATIVE PRICES, APPROPRIATE ARRANGEMENTS FOR PROCUREMENT OF CROPS, PROVIDING NECESSARY QUALITY INPUTS AT AFFORDABLE RATES AND INSURANCE OF CROPS

ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

"ਕਿ ਇਹ ਸਦਨ ਕਿਸਾਨਾਂ ਦੇ ਵਧਦੇ ਆਰਥਿਕ ਸੰਕਟ ਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕਰਦਾ ਹੈ ਅਤੇ ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ ਖੇਤੀਬਾੜੀ ਦੇ ਵਿਕਾਸ ਦੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਤੇ ਪੁਨਰ ਵਿਚਾਰ ਕਰਕੇ ਇਨ੍ਹਾਂ ਨੂੰ ਇਸ ਤਰ੍ਹਾਂ ਸੋਧਿਆ ਜਾਵੇ ਕਿ ਕਿਸਾਨੀ ਨੂੰ ਛੇਤੀ ਤੋਂ ਛੇਤੀ ਇਸ ਡੂੰਘੇ ਆਰਥਿਕ ਸੰਕਟ ਵਿੱਚੋਂ ਕੱਢਿਆ ਜਾ ਸਕੇ।

ਕਿਸਾਨਾਂ ਨੂੰ ਇਸ ਆਰਥਿਕ ਸੰਕਟ ਵਿੱਚੋਂ ਕੱਢਣ ਲਈ ਪੰਜਾਬ ਸਰਕਾਰ ਭਾਰਤ ਸਰਕਾਰ ਨਾਲ ਮਾਮਲਾ ਟੇਕ-ਅੱਪ ਕਰਕੇ ਇਹ ਸੁਨਿਸ਼ਚਿਤ ਕਰੇ ਕਿ ਕਿਸਾਨਾਂ ਨੂੰ ਉਨ੍ਹਾਂ ਦੀਆਂ ਫਸਲਾਂ ਲਈ ਲਾਹੇਵੰਦ ਭਾਅ ਅਤੇ ਖਰੀਦ ਦੇ ਢੁੱਕਵੇਂ ਪ੍ਰਬੰਧ ਕੀਤੇ ਜਾਣ ਅਤੇ ਉਨ੍ਹਾਂ ਲਈ ਜ਼ਰੂਰੀ ਕੁਆਲਿਟੀ ਇਨਪੁੱਟ ਸਮੇਂ ਸਿਰ ਵਾਜਬ ਕੀਮਤ ਤੇ ਉਪਲਬਧ ਕਰਵਾਏ ਜਾਣ। ਭਾਰਤ ਸਰਕਾਰ ਨੂੰ ਇਹ ਵੀ ਬੇਨਤੀ ਕੀਤੀ ਜਾਵੇ ਕਿ ਉਹ ਕਿਸਾਨਾਂ ਦੀਆਂ ਸਾਰੀਆਂ ਫਸਲਾਂ ਦਾ ਬੀਮਾ ਵੀ ਯਕੀਨੀ ਬਣਾਏ।"

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ –

"ਕਿ ਇਹ ਸਦਨ ਕਿਸਾਨਾਂ ਦੇ ਵੱਧਦੇ ਆਰਥਿਕ ਸੰਕਟ ਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕਰਦਾ ਹੈ ਅਤੇ ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ ਖੇਤੀਬਾੜੀ ਦੇ ਵਿਕਾਸ ਦੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਤੇ ਪੁਨਰ ਵਿਚਾਰ ਕਰਕੇ ਇਨ੍ਹਾਂ ਨੂੰ ਇਸ ਤਰ੍ਹਾਂ ਸੋਧਿਆ ਜਾਵੇ ਕਿ ਕਿਸਾਨੀ ਨੂੰ ਛੇਤੀ ਤੋਂ ਛੇਤੀ ਇਸ ਡੂੰਘੇ ਆਰਥਿਕ ਸੰਕਟ ਵਿੱਚੋਂ ਕੱਢਿਆ ਜਾ ਸਕੇ।

ਕਿਸਾਨਾਂ ਨੂੰ ਇਸ ਆਰਥਿਕ ਸੰਕਟ ਵਿੱਚੋਂ ਕੱਢਣ ਲਈ ਪੰਜਾਬ ਸਰਕਾਰ ਭਾਰਤ ਸਰਕਾਰ ਨਾਲ ਮਾਮਲਾ ਟੇਕ-ਅੱਪ ਕਰਕੇ ਇਹ ਸੁਨਿਸ਼ਚਿਤ ਕਰੇ ਕਿ ਕਿਸਾਨਾਂ ਨੂੰ ਉਨ੍ਹਾਂ ਦੀਆਂ ਫਸਲਾਂ ਲਈ ਲਾਹੇਵੰਦ ਭਾਅ ਅਤੇ ਖਰੀਦ ਦੇ ਢੁੱਕਵੇਂ ਪ੍ਰਬੰਧ ਕੀਤੇ ਜਾਣ ਅਤੇ ਉਨ੍ਹਾਂ ਲਈ ਜ਼ਰੂਰੀ ਕੁਆਲਿਟੀ ਇਨਪੁੱਟ ਸਮੇਂ ਸਿਰ ਵਾਜਬ ਕੀਮਤ ਤੇ ਉਪਲਬਧ ਕਰਵਾਏ ਜਾਣ। ਭਾਰਤ ਸਰਕਾਰ ਨੂੰ ਇਹ ਵੀ ਬੇਨਤੀ ਕੀਤੀ ਜਾਵੇ ਕਿ ਉਹ ਕਿਸਾਨਾਂ ਦੀਆਂ ਸਾਰੀਆਂ ਫਸਲਾਂ ਦਾ ਬੀਮਾ ਵੀ ਯਕੀਨੀ ਬਣਾਏ।"

ਮਾਨਯੋਗ ਸਪੀਕਰ : ਇਸ ਮਤੇ ਤੇ ਬਹਿਸ ਲਈ ਦੋ ਘੰਟੇ ਦਾ ਸਮਾਂ

ਨਿਸ਼ਚਿਤ ਕੀਤਾ ਗਿਆ ਹੈ। ਇੱਕ ਘੰਟਾ ਰੂਲਿੰਗ ਪਾਰਟੀ ਲਈ ਅਤੇ ਇੱਕ ਘੰਟਾ ਆਪੋਜ਼ੀਸ਼ਨ ਪਾਰਟੀ ਲਈ ਹੈ। ਲੋੜ ਮੁਤਾਬਿਕ ਇਸ ਨੂੰ ਵਧਾ ਦਿੱਤਾ ਜਾਵੇਗਾ। ਹਾਂ ਜੀ, ਮਿੱਤਲ ਸਾਹਿਬ।

ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸਪੀਕਰ ਸਾਹਿਬ, ਮੈਂ ਧੰਨਵਾਦ ਕਰਦਾ ਹਾਂ ਕਿ ਤੁਸੀਂ ਇਸ ਮਤੇ ਨੂੰ ਸਦਨ ਵਿਚ ਰੱਖਣ ਦੀ ਮਨਜ਼ੂਰੀ ਦਿੱਤੀ ਹੈ । ਇਸ ਮਤੇ ਤੇ ਸਾਰੇ ਮੈਂਬਰ ਸਾਹਿਬਾਨ ਆਪਣੇ ਵਿਚਾਰ ਰੱਖਣਗੇ ਕਿ ਅਸੀਂ ਕਿਵੇਂ ਕਿਸਾਨਾਂ ਦੀ ਮਦਦ ਕਰ ਸਕਦੇ ਹਾਂ। ਤੁਸੀਂ ਸਾਰੇ ਮੈਂਬਰ ਸਾਹਿਬਾਨਾਂ ਨੂੰ ਮੌਕਾ ਦੇ ਰਹੇ ਹੋ ਕਿ ਕਿਸਾਨ ਦੀ ਹਾਲਤ ਨੂੰ ਕਿਵੇਂ ਚੰਗਾ ਬਣਾਇਆ ਜਾਵੇ, ਇਸ ਤੇ ਵਿਚਾਰ ਦੇਣ ਤਾਂ ਕਿ ਖੇਤੀਬਾੜੀ ਨੂੰ ਉਤਸ਼ਾਹਿਤ ਕਰ ਸਕੀਏ। ਪੰਜਾਬ ਖੇਤੀਬਾੜੀ ਤੇ ਨਿਰਭਰ ਕਰਦਾ ਹੈ, ਵੈਸੇ ਤਾਂ ਅਗਰ ਸਾਰੇ ਦੇਸ਼ ਵਿੱਚ ਕਿੱਤੇ ਦੇ ਹਿਸਾਬ ਨਾਲ ਦੇਖਿਆ ਜਾਵੇ ਤਾਂ ਬਹੁਗਿਣਤੀ ਖੇਤੀਬਾੜੀ ਤੇ ਨਿਰਭਰ ਕਰਦੀ ਹੈ। ਪਰ ਸਾਡੀ ਬਦਕਿਸਮਤੀ ਹੈ ਕਿ ਦੇਸ਼ ਦੀ ਅਬਾਦੀ ਵਧਦੀ ਗਈ ਅਤੇ ਫਸਲ ਘਟਦੀ ਗਈ ਔਰ ਇਥੇ ਭੁੱਖਮਰੀ ਵਧੀ ਤਾਂ ਅਸੀਂ ਦੂਸਰੇ ਦੇਸ਼ਾਂ ਤੋਂ ਅਨਾਜ ਮੰਗਵਾ ਕੇ ਆਪਣੇ ਪਰਿਵਾਰਾਂ ਦਾ ਢਿੱਡ ਭਰਦੇ ਸੀ। ਪਰ ਇਕ ਬਹੁਤ ਛੋਟੇ ਕੱਦ ਦਾ ਪ੍ਰਧਾਨ ਮੰਤਰੀ ਆਇਆ ਜਿਹੜਾ ਕਿ ਬਹੁਤ ਦਲੇਰ ਸੀ। ਉਸ ਨੇ ਇਕ ਨਵਾਂ ਸਲੋਗਨ ਦਿੱਤਾ: ਜੈ ਜਵਾਨ, ਜੈ ਕਿਸਾਨ। ਜੈ ਜਵਾਨ ਦੇ ਸਲੋਗਨ ਨਾਲ ਅਸੀਂ 1965 ਦੀ ਲੜਾਈ ਜਿੱਤੀ, ਜਿਹੜਾ ਕਿ ਹੁਣ ਅਸੀਂ 50ਵਾਂ ਸਾਲ ਮਨਾ ਰਹੇ ਹਾਂ ਔਰ ਜੈ ਕਿਸਾਨ ਦੇ ਨਾਹਰੇ ਨਾਲ ਹਿੰਦੁਸਤਾਨ ਦੇ ਕਿਸਾਨ ਨੂੰ ਇਕ ਨਵਾਂ ਹੁੰਗਾਰਾ ਮਿਲਿਆ। ਇਸ ਸਲੋਗਨ ਦੇ ਤਹਿਤ ਪੰਜਾਬ ਦੇ ਕਿਸਾਨ ਨੇ ਬਹੁਤ ਮਿਹਨਤ ਕੀਤੀ । ਜੇਕਰ ਉਸ ਸਮੇਂ ਕਿਸਾਨੀ ਨੂੰ ਹੌਂਸਲਾ ਨਾ ਮਿਲਦਾ ਤਾਂ ਸ਼ਾਇਦ ਅਸੀਂ ਅੱਜ ਵੀ ਅਮਰੀਕਾ ਅਤੇ ਦੂਸਰੇ ਦੇਸ਼ਾਂ ਤੋਂ ਅਨਾਜ ਮੰਗਣ ਤੋਂ ਬੱਚ ਨਹੀਂ ਸੀ ਸਕਦੇ। ਇਸੇ ਦੌਰਾਨ ਕਿਸਾਨ ਦੀ ਹਾਲਤ ਸੁਧਾਰਨ ਵਾਸਤੇ ਪਹਿਲੀ ਵਾਰ ਐਗਰੀਕਲਚਰ ਪ੍ਰਾਈਸ ਕਮਿਸ਼ਨ ਮੁਕੱਰਰ ਹੋਇਆ।

ਮਾਨਯੋਗ ਸਪੀਕਰ : ਇਕ ਸੈਕਿੰਡ ਮਿੱਤਲ ਸਾਹਿਬ, ਜਿਹੜਾ ਮੰਤਰੀ ਸਾਹਿਬ ਨੇ ਕਿਹਾ ਸੀ ਕਿ ਮੈਨੂੰ ** ** ਕਰਕੇ ਸੰਬੋਧਨ ਕਰਦੇ ਹਨ, ਉਹ ਐਕਸਪੰਜ ਕਰ ਦੇਣਾ ਜੀ।

** Expunged as ordered by the Chair.

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਗਰੀਬ ** ** ਸ਼ਬਦ ਇਸਤੇਮਾਲ ਕੀਤਾ ਸੀ, ਪਤਾ ਨਹੀਂ ਤੁਸੀਂ ਮੇਰੇ ਤੇ ਇੰਨਾ ਵੱਡਾ ਇਲਜ਼ਾਮ ਕਿਉਂ ਲਗਾ ਦਿੱਤਾ ਹੈ।

Mr. Speaker: Please sit down.

ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ (ਸਰਦਾਰ ਗੁਲਜਾਰ ਸਿੰਘ ਰਣੀਕੇ) : ਇੱਕ ਪਾਸੇ ਤਾਂ ਤੁਸੀਂ ** ** ਦੀ ਗੱਲ ਕਰਦੇ ਹੋ ਤੇ ਮੈਂ ਵੀ ਤਾਂ ** ** ਹੀ ਹਾਂ ਜੋ ਮੰਤਰੀ ਬਣਿਆ ਹਾਂ...(ਵਿਘਨ) (ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮਾਨਯੋਗ ਮੈਂਬਰ ਰਾਣਾ ਗੁਰਜੀਤ ਸਿੰਘ ਆਪਣੀ ਸੀਟ ਤੇ ਖੜ੍ਹੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

Mr. Speaker : This is not the way. You should first ask the Chair and then you should speak.

Rana Gurjit Singh: Sorry, Sir.

ਸੰਸਦੀ ਮਾਮਲੇ ਮੰਤਰੀ : ਸਰ, ਐਗਰੀਕਲਚਰ ਪ੍ਰਾਈਸ ਕਮਿਸ਼ਨ ਕੇਂਦਰ ਦੇ ਵਿੱਚ ਬਣਿਆ ਉਸ ਨੇ ਪਹਿਲੀ ਵਾਰ ਕਿਸਾਨ ਨੂੰ ਇੱਕ ਮਿਨੀਮਮ ਸਪੋਰਟ ਪ੍ਰਾਈਸ ਦਿੱਤੀ। ਮੈਨੂੰ ਯਾਦ ਹੈ ਕਿ ਉਸ ਵਕਤ 14/- ਰੁਪਏ ਮਣ ਕਣਕ ਵਿਕਦੀ ਹੁੰਦੀ ਸੀ ਔਰ ਪਹਿਲੀ ਵਾਰ ਜਿਹੜਾ ਰੇਟ ਦਿੱਤਾ ਸੀ ਉਹ ਇਸ ਤਰ੍ਹਾਂ ਦਾ ਦਿੱਤਾ ਸੀ ਜਿਸ ਨਾਲ ਕਿਸਾਨ ਨੂੰ ਲੱਗਾ ਕਿ ਮੇਰੀ ਗੱਲ ਦਾ ਮੁੱਲ ਪਿਆ ਹੈ।

ਸਰ, ਪੰਜਾਬ ਦੇ ਵਿੱਚ ਐਸੀ ਹਾਲਤ ਵੀ ਸੀ ਜਦੋਂ ਸ਼ੂਗਰ ਇੰਡਸਟਰੀ ਸ਼ੁਰੂ ਹੋਈ। ਕਿਸਾਨਾਂ ਤੋਂ ਜ਼ਬਰਦਸਤੀ ਗੰਨਾ ਲਿਆ ਜਾਂਦਾ ਸੀ। ਬੌਂਡ ਭਰਾਏ ਜਾਂਦੇ ਸੀ। ਪੁਲਿਸ ਉਨ੍ਹਾਂ ਨੂੰ ਅਲਾਓ ਨਹੀਂ ਸੀ ਕਰਦੀ ਕਿ ਉਹ ਆਪਣੀ ਦੇਸੀ ਖੰਡ ਕੱਢ ਸਕਣ ਜਾਂ ਆਪਣਾ ਗੰਨਾ ਪੀੜ ਸਕਣ। ਉਨ੍ਹਾਂ ਦੀਆਂ ਘਲਾੜੀਆਂ ਚੁੱਕ ਕੇ ਥਾਣੇ ਲਿਆਈਆਂ ਜਾਂਦੀਆਂ ਸਨ। ਹੌਲੀ ਹੌਲੀ ਪ੍ਰੋਸੈਸ ਵਧਦਾ ਹੋਇਆ ਸ਼ੂਗਰ ਮਿੱਲਾਂ ਤੱਕ ਆ ਗਿਆ। ਕਿਸਾਨ ਦੇ ਗੰਨੇ ਦੀ ਠੀਕ ਉਜਰਤ ਮਿਲਣ ਲੱਗ ਗਈ ਅਤੇ ਗੰਨੇ ਤੋਂ ਚੀਨੀ ਪੈਦਾ ਹੋਣ ਲੱਗੀ। ਲੋਕਾਂ ਵਿੱਚ ਸਾਡੀ ਚੀਨੀ ਮਨਜ਼ੂਰ ਹੋ

** Expunged as ordered by the Chair.

ਗਈ। ਕਿਸਾਨ ਨੂੰ ਉਸ ਦਾ ਬਹੁਤ ਲਾਭ ਹੋਇਆ। ਲੇਕਿਨ ਇੱਕ ਸਟੇਜ ਐਸੀ ਆਈ ਕਿ ਜਿੰਨਾ ਅਨਾਜ ਸੀ ਉਹ ਸਾਰਾ ਐਫ.ਸੀ.ਆਈ. ਖਰੀਦਦੀ ਸੀ। ਫਿਰ ਪੰਜਾਬ ਦੀਆਂ ਏਜੰਸੀਆਂ ਨੂੰ ਲੱਗਿਆ ਕਿ ਇਹ ਸਾਰਾ ਅਨਾਜ ਲੈ ਜਾਂਦੇ ਹਨ, ਸਾਨੂੰ ਆਪਣੇ ਵਾਸਤੇ ਵੀ ਉਨ੍ਹਾਂ ਤੋਂ ਲੈਣਾ ਪੈਂਦਾ ਹੈ। ਦੂਜੀਆਂ ਪੰਜਾਬ ਸਰਕਾਰ ਦੀਆਂ ਏਜੰਸੀਆਂ ਜਿਹੜੀਆਂ ਕਿ ਫੂਡ ਡਿਪਾਰਟਮੈਂਟ ਨੇ ਸ਼ੁਰੂ ਕੀਤੀਆਂ ਸਨ, ਉਨ੍ਹਾਂ ਨੇ ਖਰੀਦਣਾ ਸ਼ੁਰੂ ਕੀਤਾ। ਅੱਜ ਇਹ ਹਾਲਤ ਹੈ ਕਿ ਸਾਰਾ ਅਨਾਜ ਜਿਹੜਾ ਪੰਜਾਬ ਤੋਂ ਖਰੀਦਿਆ ਜਾਂਦਾ ਹੈ, ਉਸ ਵਿੱਚੋਂ ਸਭ ਤੋਂ ਘੱਟ ਐਫ.ਸੀ.ਆਈ. ਖਰੀਦਦੀ ਹੈ, ਬਾਕੀ ਪੰਜਾਬ ਦੀਆਂ ਏਜੰਸੀਆਂ ਖਰੀਦਦੀਆਂ ਹਨ। ਇਸ ਨਾਲ ਇੱਕ ਬਹੁਤ ਵੱਡੀ ਕ੍ਰਾਂਤੀ ਆਈ। ਸਰਕਾਰ ਅਤੇ ਪ੍ਰਾਈਵੇਟ ਲੋਕਾਂ ਦੇ ਉੱਦਮਾਂ ਨਾਲ ਉਪਾਅ ਕੀਤਾ। ਲੇਕਿਨ ਕਿਸਾਨ ਅੱਜ ਵੀ ਖੁਸ਼ ਨਹੀਂ ਹੈ। ਕਿਸਾਨ ਹਾਲੇ ਵੀ ਔਖਾ ਹੈ। ਕਿਸਾਨ ਦੀਆਂ ਬਹੁਤ ਸਾਰੀਆਂ ਸਮੱਸਿਆਵਾਂ ਹਨ। ਕਿਸਾਨ ਜਿਸ ਦਿਨ ਫਸਲ ਉਗਾ ਕੇ ਆਉਂਦਾ ਹੈ, ਉਸ ਦਿਨ ਤੋਂ ਲੈ ਕੇ ਜਦੋਂ ਤੱਕ ਫਸਲ ਪੱਕ ਨਹੀਂ ਜਾਂਦੀ, ਉਦੋਂ ਤੱਕ ਕਿਸਾਨ ਚਿੰਤਤ ਰਹਿੰਦਾ ਹੈ। ਜਦੋਂ ਫਸਲ ਪੱਕ ਜਾਂਦੀ ਹੈ, ਕੱਟੀ ਜਾਂਦੀ ਹੈ, ਖਲਵਾੜੇ ਵਿੱਚ ਆ ਜਾਂਦੀ ਹੈ ਅਤੇ ਉਸ ਤੋਂ ਬਾਅਦ ਜਦੋਂ ਮੰਡੀ ਵਿੱਚ ਜਾਂਦੀ ਹੈ ਤਾਂ ਵੀ ਉਸ ਨੂੰ ਉਥੇ ਬੈਠਣਾ ਪੈਂਦਾ ਹੈ। ਮੰਡੀ ਵਿੱਚ ਜਦੋਂ ਤੱਕ ਫਸਲ ਤੁਲ ਕੇ ਬਿੱਲ ਨਹੀਂ ਬਣਦਾ, ਕਿਸਾਨ ਨੂੰ ਉਦੋਂ ਤੱਕ ਨਹੀਂ ਲੱਗਦਾ ਕਿ ਮੇਰੇ ਪੈਸੇ ਆ ਗਏ। ਸੋ, ਕਿਸਾਨ ਦਾ ਜਿੰਨਾ ਵੀ ਕੰਮ ਹੈ ਉਹ ਕੁਦਰਤ ਤੇ ਨਿਰਭਰ ਹੈ। ਕੁਦਰਤ ਨਰਾਜ਼ ਹੋ ਜਾਵੇ ਤਾਂ ਕਿਸਾਨ ਦਾ ਕੁਝ ਬਚਦਾ ਨਹੀਂ ਹੈ। ਕੁਦਰਤ ਖੁਸ਼ਹਾਲ ਹੋ ਜਾਵੇ ਤਾਂ ਕਿਸਾਨ ਨੂੰ ਸਾਹ ਆਉਂਦਾ ਹੈ। ਪੰਜਾਬ ਦੇ ਕਿਸਾਨ ਦੀ ਹਾਲਤ ਦਿਨ ਪ੍ਰਤੀ ਦਿਨ ਨੁਕਸਾਨ ਵਾਲੇ ਪਾਸੇ ਜਾ ਰਹੀ ਹੈ। ਉਸ ਦੇ ਕੁਝ ਕਾਰਨ ਹਨ। ਕਾਸਟ ਆਫ ਇਨਪੁਟ ਬਹੁਤ ਜ਼ਿਆਦਾ ਵੱਧ ਗਈ ਹੈ। ਉਸ ਨੂੰ ਕੰਟਰੋਲ ਕਰਨ ਦੀ ਲੋੜ ਹੈ। ਇਸ ਨੂੰ ਹੋਰ ਘਟਾਉਣ ਦੀ ਲੋੜ ਹੈ। ਅਗਰ ਅਸੀਂ ਕਾਸਟ ਆਫ ਇਨਪੁਟ ਘਟਾ ਕੇ ਦਿਆਂਗੇ ਅਤੇ ਕੁਆਲਿਟੀ ਦੀ ਇਨਪੁਟ ਦਿਆਂਗੇ ਤਾਂ ਉਸ ਦੀ ਪ੍ਰੋਡਕਸ਼ਨ ਅੱਛੀ ਹੋ ਸਕਦੀ ਹੈ। ਉਸ ਦੇ ਵਿੱਚ ਕਾਫੀ ਤਰਮੀਮ ਕਰਨ ਦੀ ਲੋੜ ਹੈ। ਪੰਜਾਬ ਸਰਕਾਰ ਨੇ ਭਾਵੇਂ 1961 ਦੇ ਵਿੱਚ ਮੰਡੀ ਬੋਰਡ ਦਾ ਕਾਨੂੰਨ ਬਣਾ ਕੇ ਮੰਡੀਆਂ ਸਥਾਪਤ ਕੀਤੀਆਂ ਹਨ ਪਰ ਬਹੁਤ ਸਾਰੇ ਸੂਬਿਆਂ ਵਿੱਚ ਅਜਿਹਾ ਅੱਜ ਵੀ ਨਹੀਂ ਹੈ। ਸਾਡਾ ਪਰਚੇਜ਼ ਸਿਸਟਮ ਬਾਕੀ

[ਸੰਸਦੀ ਮਾਮਲੇ ਮੰਤਰੀ]

ਸੂਬਿਆਂ ਨਾਲੋਂ ਬਹੁਤ ਅੱਛਾ ਹੈ। ਮੈਂ 1997 ਵਿੱਚ ਜਦੋਂ ਫੂਡ ਮਨਿਸਟਰ ਸੀ, ਉਸ ਸਮੇਂ ਦੇ ਫੂਡ ਮਨਿਸਟਰ ਆਫ ਇੰਡੀਆ ਇਥੇ ਆਏ, ਉਨ੍ਹਾਂ ਨੂੰ ਮੈਂ ਮੰਡੀਆਂ ਦਿਖਾਈਆਂ। ਉਹ ਬਿਹਾਰ ਦੇ ਸੀ। ਉਨ੍ਹਾਂ ਨੇ ਕਿਹਾ ਕਿ ਤੁਹਾਡੇ ਤਾਂ ਬਹੁਤ ਵਧੀਆ ਸਿਸਟਮ ਹੈ। ਉਨ੍ਹਾਂ ਨੇ ਕਿਹਾ ਕਿ ਤੁਸੀਂ ਮੈਨੂੰ ਆਪਣਾ ਐਕਟ ਦਿਓ। ਸਾਡੇ ਜਿਹੜੇ ਅੱਜ ਦੇ ਚੀਫ ਸੈਕਟਰੀ ਹਨ, ਇਹ ਉਦੋਂ ਐਫ.ਸੀ.ਆਈ. ਦੇ ਰਿਜ਼ਨਲ ਮੈਨੇਜਰ ਸਨ । ਉਨ੍ਹਾਂ ਦੀ ਡਿਊਟੀ ਲਗਾਈ ਅਤੇ ਉਨ੍ਹਾਂ ਨੇ ਜਾ ਕੇ ਪ੍ਰੋਸੀਜਰ ਸਮਝਾਇਆ। ਸੋ, ਅਸੀਂ ਬਹੁਤ ਕੁਝ ਕੀਤਾ ਅਤੇ ਕਿਸਾਨਾਂ ਨੂੰ ਸੰਭਾਲਣ ਦੀ ਕੋਸ਼ਿਸ਼ ਕੀਤੀ। ਕਿਸਾਨ ਦੀ ਇਨਪੁਟ ਕਾਸਟ ਘਟਾਉਣ ਵਾਸਤੇ ਪੰਜਾਬ ਸਰਕਾਰ ਨੇ ਸਾਲ 1997 ਵਿੱਚ ਬਾਦਲ ਸਾਹਿਬ ਦੀ ਅਗਵਾਈ ਵਿੱਚ ਸਰਕਾਰ ਬਣੀ ਤਾਂ ਪਹਿਲਾ ਮਤਾ ਇਹ ਪਾਸ ਕੀਤਾ ਕਿ ਕਿਸਾਨਾਂ ਨੂੰ ਬਿਜਲੀ-ਪਾਣੀ ਮੁਫਤ ਦਿੱਤੀ ਜਾਵੇ। ਬਿਜਲੀ ਦੇ ਰੇਟ ਘਟਾ ਦਿੱਤੇ, ਬਿਲਕੁਲ ਮੁਆਫ ਕਰ ਦਿੱਤੇ। ਕਿਸਾਨ ਦੀ ਫਸਲ ਚੰਗੀ ਵੀ ਹੁੰਦੀ ਰਹੀ ਅਤੇ ਜ਼ਿਆਦਾ ਵੀ ਹੋਈ। ਪੰਜਾਬ ਦੀ ਜਿਹੜੀ ਲੈਂਡ ਹੈ, ਉਹ ਘੱਟ ਹੈ, ਦੇਸ਼ ਦੇ ਜਿਉਗਰਾਫੀਕਲ ਏਰੀਏ ਦੇ ਤੌਰ ਤੇ ਕੇਵਲ 1.53% ਹੈ। ਲੇਕਿਨ ਪੰਜਾਬ ਦੇ ਕਿਸਾਨ ਨੇ ਜਿਹੜੀ ਫਸਲ ਦਿੱਤੀ ਹੈ, ਉਸ ਨੂੰ ਜੇ ਹਿੰਦੁਸਤਾਨ ਨਾਲ ਕੰਪੇਅਰ ਕੀਤਾ ਜਾਵੇ ਤਾਂ 4.5% ਏਰੀਆ ਕਲਟੀਵੇਟਿਡ ਹੈ। ਇੱਥੇ 98% ਜ਼ਮੀਨ ਇਰੀਗੇਟਿਡ ਹੈ। ਚਾਹੇ ਟਿਊਬਵੈੱਲ ਨਾਲ ਇਰੀਗੇਟਿਡ ਹੈ ਚਾਹੇ ਨਹਿਰਾਂ ਨਾਲ ਹੈ। ਇਹ ਸਭ ਕੁਝ ਹੋਣ ਦੇ ਬਾਵਜੂਦ ਵੀ ਜੇਕਰ ਕਿਸਾਨ ਖੁਸ਼ ਨਹੀਂ ਤਾਂ ਨੀਤੀਆਂ ਵਿੱਚ ਪਰਿਵਰਤਨ ਕਰਨ ਦੀ ਜ਼ਰੂਰਤ ਹੈ। ਇੱਕ ਇਨਸਾਨ ਜਿਸ ਨੇ ਹਰੀ ਕ੍ਰਾਂਤੀ ਲਿਆਂਦੀ, ਉਸ ਦੀ ਇੱਕ ਗੱਲ ਮੈਨੂੰ ਯਾਦ ਹੈ, ਉਹ ਸ਼ਰਦ ਪਵਾਰ ਹਨ ਜਿਹੜਾ ਕਿ ਆਈ.ਆਰ.ਐਸ.ਅਫਸਰ ਸੀ। ਉਸ ਨੇ ਅਸਤੀਫਾ ਦੇ ਕੇ 5 ਏਕੜ ਜ਼ਮੀਨ ਲੈ ਕੇ ਉਸ ਤੇ ਖੇਤੀ ਕੀਤੀ ਤਾਂ ਉਨ੍ਹਾਂ ਨੇ ਖੇਤਕਾਰ, ਮਜ਼ਦੂਰ ਅਤੇ ਕਿਸਾਨ ਦੀਆਂ ਸਮੱਸਿਆਵਾਂ ਸਮਝੀਆਂ ਅਤੇ ਉਹ ਪੂਰੇ ਦੇਸ਼ ਵਿੱਚ ਉਜਾਗਰ ਕੀਤੀਆਂ। ਇਸ ਨਾਲ ਕਿਸਾਨ ਦੀ ਆਵਾਜ਼ ਅੱਗੇ ਉਠੀ। ਚੌਧਰੀ ਚਰਨ ਸਿੰਘ, ਚੌਧਰੀ ਦੇਵੀ ਲਾਲ ਅਤੇ ਬਹੁਤ ਸਾਰੇ ਲੋਕ ਜਿਨ੍ਹਾਂ ਨੇ ਕਿਸਾਨਾਂ ਵਾਸਤੇ ਅੱਗੇ ਵੱਧ ਕੇ ਕੰਮ ਕੀਤਾ। ਮੈਂ ਕਿਸੇ ਦੇ ਬੜਾਵੇ ਦੀ ਗੱਲ ਨਹੀਂ ਕਰਦਾ ਪਰ ਕਹਿੰਦਾ ਹਾਂ ਕਿ ਮੁੱਖ ਮੰਤਰੀ, ਸਰਦਾਰ ਪਰਕਾਸ਼ ਸਿੰਘ ਬਾਦਲ is the champion as far as the problems of the farmers are concerned. ਇਨ੍ਹਾਂ ਨੇ ਹਮੇਸ਼ਾ ਕਿਸਾਨਾਂ ਦੀਆਂ ਸਮੱਸਿਆਵਾਂ ਹੱਲ ਕਰਨ ਵਾਸਤੇ ਪਹਿਲ ਅਪਣਾਈ ਅਤੇ ਬਾਕੀ

ਸਾਰੀਆਂ ਗੱਲਾਂ ਨੂੰ ਦਰਜਾ ਦੋ ਉਤੇ ਰੱਖਿਆ ਹੈ। ਇਹ ਕਿਸਾਨਾਂ ਦੀਆਂ ਸਮੱਸਿਆਵਾਂ ਹੱਲ ਕਰਨ ਲਈ ਕਦੇ ਪਿੱਛੇ ਨਹੀਂ ਹਟੇ। ਸੋ, ਇਸ ਸਦਨ ਦੇ ਸਾਹਮਣੇ ਇਹ ਜਿਹੜਾ ਮਤਾ ਲਿਆਂਦਾ ਗਿਆ ਹੈ, ਇਹ ਕਿਸੇ ਪੁਲੀਟੀਕਲ ਕੰਸੀਡਿਰੇਸ਼ਨ ਤੇ ਨਹੀਂ ਲਿਆਂਦਾ ਗਿਆ, ਰਾਜਨੀਤਿਕ ਮੱਤਭੇਦ ਕਾਰਨ ਨਹੀਂ ਲਿਆਂਦਾ, ਸਗੋਂ ਇਸ ਕਰਕੇ ਲਿਆਂਦਾ ਗਿਆ ਹੈ ਕਿਉਂਕਿ ਸਾਹਮਣੇ ਬੈਠੇ ਆਨਰੇਬਲ ਮੈਂਬਰ ਵੀ ਕਿਸਾਨੀ ਨਾਲ ਸਬੰਧਤ ਹਨ। ਜੋ ਇੱਧਰਲੇ ਪਾਸੇ ਬੈਠੇ ਹਨ ਉਹ ਵੀ ਕਿਸਾਨੀ ਨਾਲ ਸਬੰਧਤ ਹਨ। ਪੰਜਾਬ ਦਾ ਕੋਈ ਇਨਸਾਨ ਅਜਿਹਾ ਨਹੀਂ ਜਿਸ ਨੂੰ ਕਿਸਾਨੀ ਦਾ ਪਤਾ ਨਹੀਂ ਹੈ। ਮੈਂ ਖੁਦ ਇੱਕ ਫਾਰਮਿੰਗ ਫੈਮਿਲੀ ਦਾ ਤਾਂ ਨਹੀਂ ਪਰ ਫਾਰਮਰਜ਼ ਦੀ ਗੱਲ ਸਮਝਣ ਵਾਸਤੇ, ਮੇਰਾ ਡੈਫੀਨਿਟ ਮੱਤ ਹੈ ਕਿ ਜਿਸ ਬੰਦੇ ਨੇ ਰਾਜਨੀਤੀ ਵਿੱਚ ਆਉਣਾ ਹੈ, ਜਿਸ ਨੇ ਆਮ ਆਦਮੀ ਦੀ ਸਮੱਸਿਆ ਨੂੰ ਸਮਝਣਾ ਹੈ ਉਸ ਨੂੰ ਖੇਤੀ ਜ਼ਰੂਰ ਆਉਣੀ ਚਾਹੀਦੀ ਹੈ। ਸਪੀਕਰ ਸਾਹਿਬ, ਮੈਂ ਇਸ ਲਈ ਸਪੈਸ਼ਲੀ ਜ਼ਮੀਨ ਪਰਚੇਜ਼ ਕੀਤੀ ਅਤੇ ਡਿਵੈਲਪ ਕੀਤਾ ਅਤੇ ਫਸਲਾਂ ਉਗਾਈਆਂ। ਇੱਕ ਵਾਰ ਮੈਂ ਫਸਲ ਬੀਜ ਕੇ ਆਇਆ ਅਤੇ ਬੀਜ, ਖਾਦ ਪਾ ਕੇ ਸੁਹਾਗਾ ਮਾਰ ਕੇ ਆਇਆ ਪਰ ਜਦੋਂ ਘਰ ਪਹੁੰਚਿਆ ਤਾਂ ਮੀਂਹ ਪੈ ਗਿਆ ਅਤੇ ਮੇਰੀ ਪਾਈ ਖਾਦ ਵੀ ਹੜ੍ਹ ਗਈ। ਮੈਨੂੰ ਉਦੋਂ ਮਹਿਸੂਸ ਹੋਇਆ ਕਿ ਕਿਸਾਨ ਜਦੋਂ ਫਸਲ ਬੀਜ ਕੇ ਆਉਂਦਾ ਹੈ, ਉਸ ਦੇ ਮਨ ਦੀ ਕੀ ਦਸ਼ਾ ਹੁੰਦੀ ਹੈ। ਮੈਨੂੰ ਤਾਂ ਕੋਈ ਜ਼ਿਆਦਾ ਨੁਕਸਾਨ ਮਹਿਸੂਸ ਨਹੀਂ ਹੋਇਆ ਕਿਉਂਕਿ ਮੈਂ ਵਕਾਲਤ ਦਾ ਕੰਮ ਵੀ ਕਰਦਾ ਸੀ। ਪਰ ਅਜਿਹੀ ਸਥਿਤੀ ਵਿਚ ਆਮ ਕਿਸਾਨ ਦੀ ਕੀ ਹਾਲਤ ਹੁੰਦੀ ਹੋਵੇਗੀ। ਕਿਸਾਨ ਇੱਕ ਐਸੀ ਜਾਤੀ ਹੈ, ਕਿਸਾਨ ਸਮਾਜ ਦਾ ਇੱਕ ਐਸਾ ਹਿੱਸਾ ਹੈ ਜਿਹੜਾ ਕਿ ਧੁੱਪ, ਛਾਂ, ਤੂਫਾਨ ਕੁਝ ਵੀ ਹੋਵੇ, ਉਸ ਨੇ ਆਪਣੇ ਖੇਤ ਵਿੱਚ ਜਾਣਾ ਹੀ ਜਾਣਾ ਹੈ। ਉਸ ਵਾਸਤੇ ਆਰਾਮ ਕਰਨ ਦਾ ਕੋਈ ਸਮਾਂ ਨਹੀਂ ਹੈ। ਇਸ ਲਈ ਕਿਸਾਨ ਦੀ ਚਿੰਤਾ ਜੇਕਰ ਅਸੀਂ ਨਹੀਂ ਕਰਾਂਗੇ ਤਾਂ ਪੰਜਾਬ ਅਤੇ ਹਿੰਦੁਸਤਾਨ ਤਰੱਕੀ ਨਹੀਂ ਕਰ ਸਕਦਾ। ਮੈਂ ਪੰਜਾਬ ਦੇ ਕਿਸਾਨ ਨੂੰ ਵਧਾਈ ਦਿੰਦਾ ਹਾਂ। ਆਤੰਕਵਾਦ ਦੇ ਦਿਨਾਂ ਵਿੱਚ ਕਿੰਨਾ ਔਖਾ ਸਮਾਂ ਸੀ। ਇਹ ਪੰਜਾਬ ਦਾ ਹੀ ਕਿਸਾਨ ਸੀ ਕਿ ਜਿਸ ਨੇ ਅਨਾਜ ਪੈਦਾ ਕਰਕੇ ਲੋਕਾਂ ਨੂੰ ਖਾਣ ਲਈ ਅਨਾਜ ਦਿੱਤਾ। ਖੇਤਾਂ ਵਿੱਚ ਆਤੰਕਵਾਦੀ ਛੁਪੇ ਹੁੰਦੇ ਸਨ ਅਤੇ ਉਨ੍ਹਾਂ ਦੇ ਬੱਚੇ ਚੁੱਕ ਲੈਂਦੇ ਸਨ। ਰਾਜਨੀਤਿਕ ਲੋਕ ਵੀ ਬਹੁਤ ਮਾਰੇ ਗਏ। ਮੈਂ ਇਹ ਨਹੀਂ ਕਹਿੰਦਾ

[ਸੰਸਦੀ ਮਾਮਲੇ ਮੰਤਰੀ]

ਕਿ ਉਨ੍ਹਾਂ ਨਾਲ ਘੱਟ ਬੁਰੀ ਹੋਈ ਹੈ। ਲੇਕਿਨ ਉਨ੍ਹਾਂ ਨੇ ਫਿਰ ਵੀ ਛੁਪਦ-ਲੁਕਦੇ, ਇੱਧਰੋਂ-ਉਧਰੋਂ ਜਾ ਕੇ ਆਪਣੇ ਖੇਤ ਵਿੱਚ ਬੀਜ ਵੀ ਬੀਜੇ, ਪਾਣੀ ਵੀ ਲਗਾਇਆ ਅਤੇ ਉਨ੍ਹਾਂ ਦਿਨਾਂ ਵਿੱਚ ਵੀ ਅਨਾਜ ਦੀ ਪੈਦਾਵਾਰ ਘਟਣ ਨਹੀਂ ਦਿੱਤੀ। ਪੰਜਾਬ ਦੇ ਕਿਸਾਨ ਨੇ ਸਾਰੇ ਹਿੰਦੁਸਤਾਨ ਵਿੱਚ ਉਨ੍ਹਾਂ ਸੂਬਿਆਂ ਵਿੱਚ ਜਾ ਕੇ ਵੀ ਅਨਾਜ ਉਗਾ ਦਿੱਤਾ ਜਿੱਥੇ ਕਦੇ ਕਣਕ ਨਹੀਂ ਸੀ ਉੱਗ ਸਕਦੀ। ਰਾਜਸਥਾਨ ਵਿੱਚ ਕਾਲੀ ਮਿੱਟੀ ਸੀ, ਉਥੇ ਜਾ ਕੇ ਕਣਕ ਉਗਾ ਦਿੱਤੀ। ਤਰਾਈ ਦੇ ਏਰੀਏ ਵਿੱਚ ਸ਼ੇਰ ਅਤੇ ਸੱਪਾਂ ਤੋਂ ਇਲਾਵਾ ਤਾਂ ਕੁਝ ਨਹੀਂ ਹੁੰਦਾ ਸੀ। ਉਨ੍ਹਾਂ ਸਾਰਿਆਂ ਨੂੰ ਪਾਸੇ ਕਰਕੇ ਜੰਗਲ ਕੱਟ ਕੇ ਉਸ ਜ਼ਮੀਨ ਵਿੱਚ ਵੀ ਫਸਲ ਉਗਾ ਦਿੱਤੀ। ਇਹੀ ਕਾਰਨ ਹੈ ਕਿ ਅੱਜ ਪੰਜਾਬ ਦੀ ਫਸਲ ਤੋਂ ਇਲਾਵਾ ਹਿੰਦੁਸਤਾਨ ਦੇ ਦੂਜੇ ਸੂਬਿਆਂ ਵਿੱਚ ਵੀ ਅਨਾਜ ਹੋ ਗਿਆ ਹੈ। ਇੱਕ ਜ਼ਮਾਨਾ ਸੀ, ਐਫ.ਸੀ.ਆਈ. ਵਾਲੇ ਕਹਿੰਦੇ ਸੀ ਕਿ ਕੁਝ ਵੀ ਕਰੋ ਬੱਸ ਸਾਨੂੰ ਅਨਾਜ ਦੇ ਦਿਉ। ਅੱਜ ਉਹ ਸਾਡੇ ਅਨਾਜ ਵਿੱਚ ਨੁਕਸ ਕੱਢਦੇ ਹਨ। ਬੜਾ ਕੁਝ ਹੁੰਦਾ ਹੈ। ਸੋ, ਸਪੀਕਰ ਸਾਹਿਬ, ਮੈਂ ਇਹ ਮਤਾ ਇਸ ਲਈ ਪੇਸ਼ ਕੀਤਾ ਹੈ ਕਿ ਕਿਸਾਨ ਵਾਸਤੇ ਕਦੀ ਸੋਕਾ ਪੈ ਜਾਂਦਾ ਹੈ ਅਤੇ ਕਦੀ ਬਾਰਸ਼ ਜ਼ਿਆਦਾ ਪੈ ਜਾਂਦੀ ਹੈ। ਮੈਂ ਮਾਨਯੋਗ ਮੁੱਖ ਮੰਤਰੀ ਜੀ ਨੂੰ ਵਧਾਈ ਦਿੰਦਾ ਹਾਂ। ਪਹਿਲਾਂ ਮੇਰੇ ਸਾਥੀਆਂ ਦੀ ਸਰਕਾਰ (ਆਪੋਜ਼ੀਸ਼ਨ ਵੱਲ ਇਸ਼ਾਰਾ) ਸਮੇਂ ਫਲੱਡ ਆਉਣ ਤੇ ਕਿਸਾਨਾਂ ਨੂੰ 3600 ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਂਦਾ ਸੀ। ਪ੍ਰੰਤੂ ਬਾਦਲ ਸਾਹਿਬ ਨੇ 8000 ਰੁਪਏ ਪ੍ਰਤੀ ਏਕੜ ਦਾ ਮੁਆਵਜ਼ਾ ਦਿੱਤਾ ਹੈ।ਇਸ ਸਾਲ ਕਾਟਨ ਬੀਜਣ ਵਾਲੇ ਕਿਸਾਨਾਂ ਨਾਲ ਬੜਾ ਧੱਕਾ ਹੋਇਆ ਹੈ। ਕੁਝ ਕਿਸਾਨਾਂ ਨੇ ਤਾਂ ਕਾਟਨ ਖਰਾਬ ਹੋਣ ਕਾਰਨ ਆਪਣੇ ਖੇਤਾਂ ਵਿਚ ਹੱਲ ਹੀ ਵਾਹ ਦਿੱਤਾ ਹੈ। ਜਿਨ੍ਹਾਂ ਲੋਕਾਂ ਨੇ ਆਪਣੇ ਟੋਟਲ ਖੇਤ ਵਾਹ ਦਿੱਤੇ ਸਨ, ਉਨ੍ਹਾਂ ਨੂੰ 10 ਕਰੋੜ ਰੁਪਿਆ ਮੁੱਖ ਮੰਤਰੀ ਜੀ ਨੇ ਰਿਲੀਜ਼ ਕੀਤਾ ਹੈ। ਮੈਂ ਉਨ੍ਹਾਂ ਨੂੰ ਇਸ ਗੱਲ ਤੇ ਵਧਾਈ ਦਿੰਦਾ ਹਾਂ ਕਿ ਇੰਨੇ ਸ਼ਾਰਟ ਨੋਟਿਸ ਤੇ ਅਤੇ ਇੰਨੀ ਜਲਦੀ ਕਾਰਵਾਈ ਕੀਤੀ ਹੈ। (ਟਰੇਜ਼ਰੀ ਬੈਂਚਿਜ ਵੱਲੋਂ ਥੰਪਿੰਗ) ਉਨ੍ਹਾਂ ਨੇ ਬਾਕੀਆਂ ਦੀ ਸਪੈਸ਼ਲ ਗਿਰਦਾਵਰੀ ਦਾ ਆਦੇ ਸ਼ ਦਿੱਤਾ ਹੈ ਤਾਂ ਕਿ ਉਨ੍ਹਾਂ ਨੂੰ ਵੀ ਮੁਆਵਜ਼ਾ ਮਿਲ ਸਕੇ। ਅਸੀਂ ਸੋਕੇ ਦੇ ਦਿਨਾਂ ਵਿਚ ਵੀ ਇਸੇ ਤਰ੍ਹਾਂ ਮੁਆਵਜ਼ਾ ਦਿੰਦੇ ਹਾਂ। ਮੈਂ ਚਾਹਾਂਗਾ ਕਿ ਇਸ ਮਸਲੇ ਰਾਹੀਂ ਜੇਕਰ ਕਿਸਾਨ ਨੂੰ ਬਚਾਉਣਾ ਹੈ, ਉਸ ਵਾਸਤੇ ਇੰਸ਼ੋਰੈਂਸ ਕਰਨੀ ਵੀ ਬਹੁਤ ਜ਼ਰੂਰੀ ਹੈ ਅਤੇ ਉਸ ਦੀ ਜਿਣਸ ਦਾ ਵਾਜਬ ਭਾਅ ਦੇਣਾ ਵੀ ਜ਼ਰੂਰੀ ਹੈ। ਪੰਜਾਬ ਦਾ ਕਿਸਾਨ ਖੇਤੀਬਾੜੀ ਕਰਨ ਵਾਸਤੇ ਇੰਨਾ ਕੁਆਲੀਫਾਈਡ ਹੈ ਅਤੇ ਉਸ ਨੂੰ ਇੰਨੀ ਸਮਝ ਹੈ, ਉਹ ਇੰਨੀ ਜ਼ਿਆਦਾ

ਮਿਹਨਤ ਕਰਨ ਦਾ ਆਦੀ ਹੈ ਕਿ ਅਸੀਂ ਕਿਸਾਨ ਨੂੰ ਕੋਈ ਜਿਣਸ ਕਹਾਂਗੇ ਤਾਂ ਉਹ ਉਸ ਨੂੰ ਉਗਾ ਦੇਵੇਗਾ ਬਸ਼ਰਤੇ ਕਿ ਉਸ ਨੂੰ ਇਸ ਗੱਲ ਦੀ ਸਕਿਓਰਿਟੀ ਹੋਵੇ ਕਿ ਜਦੋਂ ਉਹ ਉਸ ਜਿਣਸ ਨੂੰ ਮੰਡੀ ਵਿਚ ਲਿਜਾਵੇਗਾ ਤਾਂ ਉਸ ਨੂੰ ਲਾਹੇਵੰਦ ਕੀਮਤ ਮਿਲੇ ਤੇ ਇਸ ਦੀ ਖਰੀਦ ਹੋ ਸਕੇ। ਕਿਸਾਨ ਲੋਕਾਂ ਨੂੰ ਐਨਕਰੇਜਮੈਂਟ ਹੋਈ ਅਤੇ ਉਨ੍ਹਾਂ ਨੇ ਚਾਵਲਾਂ ਦੀ ਥਾਂ ਤੇ ਸਾਰੀ ਬਾਸਮਤੀ ਲਗਾ ਦਿੱਤੀ। ਪਿਛਲੇ ਸਾਲ ਬਾਸਮਤੀ ਦਾ ਰੇਟ ਬੜਾ ਵੱਧ ਗਿਆ ਸੀ ਪ੍ਰੰਤੂ ਇਸ ਵਾਰੀ ਘੱਟ ਗਿਆ ਹੈ। ਇਸ ਤਰ੍ਹਾਂ ਕਿਸਾਨ ਵਾਸਤੇ ਬੜੀ ਮੁਸ਼ਕਲ ਹੋ ਗਈ ਹੈ। ਇਸ ਕਰਕੇ ਜੇਕਰ ਅਸੀਂ ਡਾਈਵਰਸੀਫਿਕੇਸ਼ਨ ਕਰਨੀ ਹੈ, ਕਿਸਾਨ ਇਸ ਨੂੰ ਕਰਨ ਵਾਸਤੇ ਤਿਆਰ ਹੈ ਅਤੇ ਉਸ ਨੂੰ ਕੋਈ ਦਿੱਕਤ ਨਹੀਂ ਹੈ। ਜਿਹੜੀ ਚੀਜ਼ ਉਨ੍ਹਾਂ ਵਾਸਤੇ ਕਰਨ ਦੀ ਲੋੜ ਹੈ ਜਿਹੜੀਆਂ ਡਾਈਵਰਸੀਫਾਈਡ ਕਰਾਪਸ ਆਉਂਦੀਆਂ ਹਨ, ਉਨ੍ਹਾਂ ਵਾਸਤੇ ਕੀਮਤ ਅਸੈਸ ਕਰਕੇ, ਬਣਦੀ ਕੀਮਤ ਦਿੱਤੀ ਜਾਵੇ। ਉਨ੍ਹਾਂ ਵਾਸਤੇ ਮੰਡੀ ਮੁਕੱਰਰ ਕੀਤੀ ਜਾਵੇ ਜਿਥੇ ਕਿ ਉਨ੍ਹਾਂ ਦੀ ਇਹ ਫਸਲ ਵਿਕ ਜਾਵੇਗੀ ਅਤੇ ਉਨ੍ਹਾਂ ਨੂੰ ਮਿਹਨਤ ਦਾ ਪੂਰਾ ਮਿਹਨਤਾਨਾ ਮਿਲੇ। ਅਸੀਂ ਕਣਕ ਅਤੇ ਧਾਨ ਦੇ ਚੱਲ ਰਹੇ ਸਰਕਲ ਤੋਂ ਤਾਂ ਹੀ ਬਚ ਸਕਦੇ ਹਾਂ । ਕਿਸਾਨ ਨੂੰ ਹੁਣ ਪਤਾ ਹੈ ਕਿ ਮੈਂ ਜਿੰਨਾ ਮਰਜ਼ੀ ਧਾਨ ਅਤੇ ਕਣਕ ਉਗਾ ਦਿਆਂ, ਸਰਕਾਰ ਨੇ ਖਰੀਦਣੀ ਹੀ ਹੈ। ਅਗਲੇ ਕੁਝ ਸਾਲਾਂ ਵਿਚ ਇਹ ਵੀ ਗਰੰਟਿਡ ਨਹੀਂ ਹੈ ਕਿ ਕਿਸਾਨ ਦੀ ਧਾਨ ਅਤੇ ਕਣਕ ਦੀ ਫਸਲ ਉੱਗੇਗੀ ਜਾਂ ਨਹੀਂ। ਕਾਰਨ ਇਹ ਹੈ ਕਿ ਪਾਣੀ ਦਾ ਜ਼ਮੀਨੀ ਲੈਵਲ ਬਹੁਤ ਹੀ ਥੱਲੇ ਜਾ ਰਿਹਾ ਹੈ। ਜੇਕਰ ਪਾਣੀ ਦਾ ਲੈਵਲ ਇਸੇ ਤਰ੍ਹਾਂ ਥੱਲੇ ਜਾਂਦਾ ਰਿਹਾ ਤਾਂ ਇਹ ਫਸਲਾਂ ਉਗਾਉਣ ਵਿਚ ਵੀ ਦਿੱਕਤ ਆਵੇਗੀ। ਇਸ ਲਈ ਕਿਸਾਨ ਨੂੰ ਡਾਈਵਰਸੀਫਿਕੇਸ਼ਨ ਵਾਸਤੇ ਐਨਕਰੇਜ ਕਰਨਾ ਹੈ। ਜੇਕਰ ਹਾਰਟੀਕਲਚਰ ਵਾਸਤੇ ਜਾਂ ਫਲੋਰੀਕਲਚਰ ਵਾਸਤੇ ਜਾਂ ਸਬਜ਼ੀਆਂ ਵਾਸਤੇ ਐਨਕਰੇਜ ਕਰਨਾ ਹੈ ਤਾਂ ਇਹ ਜ਼ਰੂਰੀ ਹੈ ਕਿ ਉਸ ਵਾਸਤੇ ਮਾਰਕੀਟ ਮੁਕੱਰਰ ਕੀਤੀ ਜਾਵੇ ਅਤੇ ਉਸ ਦਾ ਲਾਹੇਵੰਦ ਭਾਅ ਦਿੱਤਾ ਜਾਵੇ। ਮੈਂ ਭਾਰਤ ਸਰਕਾਰ ਦਾ ਅਤੇ ਮੁੱਖ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਕਿ ਅਸੀਂ ਪੰਜਾਬ ਵਿਚ ਇੰਟਰਨੈਸ਼ਨਲ ਏਅਰਪੋਰਟ ਚੰਡੀਗੜ੍ਹ ਵਿਚ ਬਣਾ ਦਿੱਤਾ ਹੈ। ਉਸ ਨਾਲ ਵੀ ਸਾਨੂੰ ਇਹ ਜੋ ਕਿਸਾਨ ਦੀ ਫਸਲ ਤਿਆਰ ਹੋਵੇਗੀ, ਉਸ ਨੂੰ ਬਾਹਰ ਭੇਜਣ

[ਸੰਸਦੀ ਮਾਮਲੇ ਮੰਤਰੀ]

ਵਾਸਤੇ ਸਹੂਲਤ ਮਿਲੇਗੀ। ਮੈਂ ਉਮੀਦ ਕਰਦਾ ਹਾਂ ਕਿ ਇਸ ਮਤੇ ਉਤੇ ਮੇਰੇ ਸਾਰੇ ਸਾਥੀ ਆਪਣੀ ਰਾਏ ਜ਼ਾਹਿਰ ਕਰਕੇ ਇਸ ਮਤੇ ਦਾ ਸਮਰਥਨ ਕਰਨਗੇ ਅਤੇ ਆਪਣੇ ਬਹੁਮੁੱਲੇ ਵਿਚਾਰ ਦੇਣਗੇ ਤਾਂ ਜੋ ਕੋਈ ਸਥਾਈ ਅਤੇ ਚਿੰਰਜੀਵੀ ਨੀਤੀ ਬਣਾਈ ਜਾ ਸਕੇ। ਪੰਜਾਬ ਖੇਤੀਬਾੜੀ ਵਿਚ ਇਕ ਮੁੱਢਲਾ ਸੂਬਾ ਹੈ, ਅਸੀਂ ਸਾਰੇ ਦੇਸ਼ ਵਾਸਤੇ ਵੀ ਇਕ ਮਾਰਗ ਦਰਸ਼ਕ ਬਣਾਂਗੇ। ਇਸ ਉਮੀਦ ਨਾਲ ਮੈਂ ਇਸ ਮਤੇ ਨੂੰ ਪੇਸ਼ ਕਰ ਰਿਹਾ ਹਾਂ। ਤੁਹਾਡਾ ਬਹੁਤ-ਬਹੁਤ ਧੰਨਵਾਦ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਕੀ ਪਹਿਲਾਂ ਮੈਂ ਬੋਲਣਾ ਹੈ ?

ਮਾਨਯੋਗ ਸਪੀਕਰ : ਉਨ੍ਹਾਂ ਨੇ ਮਤਾ ਪੇਸ਼ ਕਰ ਦਿੱਤਾ ਹੈ। ਤੁਸੀਂ ਬੋਲੋ। ਇਧਰੋਂ (ਟਰੇਜ਼ਰੀ ਬੈਂਚਾਂ ਵੱਲ ਇਸ਼ਾਰਾ) ਵੀ ਬੋਲਣਗੇ। ਮੇਰੇ ਕੋਲ ਲਿਸਟ ਆ ਗਈ ਹੈ।

Shri Sunil Jakhar : It is not for nothing that they say politics is a business where everything is possible.. (interruptions)

ਮਾਨਯੋਗ ਸਪੀਕਰ : ਮੈਂ ਕਿਹਾ ਕਿ ਤੁਹਾਡਾ ਕੋਈ ਗਿਲਾ ਨਾ ਰਹੇ। No murmuring please.

ਸ਼੍ਰੀ ਸੁਨੀਲ ਜਾਖੜ (ਅਬੋਹਰ) : ਮੈਂ ਤੁਹਾਨੂੰ ਵਧਾਈ ਦਿੰਦਾ ਹਾਂ। ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਅਭਾਰੀ ਹਾਂ ਕਿ ਤੁਸੀਂ ਮੈਨੂੰ ਇਕ ਅਹਿਮ ਮੁੱਦੇ ਉਤੇ ਬੋਲਣ ਦਾ ਮੌਕਾ ਦਿੱਤਾ ਹੈ। ਚਾਹੇ ਤੁਸੀਂ ਇਨ੍ਹਾਂ ਦਾ ਮਤਾ ਪੜ੍ਹ ਲਿਆ ਚਾਹੇ ਸਾਡੇ ਵਾਲਾ ਪੜ੍ਹ ਲਿਆ:

ਹੰਗਾਮਾ ਕਰਨਾ ਮੇਰੀ ਫਿਤਰਤ ਨਹੀਂ ਕਿ ਹਾਲਾਤ ਬਦਲਣੇ ਚਾਹੀਯੇ,

ਆਗ ਤੇਰੇ ਸੀਨੇ ਮੇਂ ਹੂਈ ਯਾ ਮੇਰੇ ਸੀਨੇ ਮੇਂ, ਆਗ ਜਲਣੀ ਚਾਹੀਯੇ।

ਮਤਾ ਚਾਹੇ ਬੀ. ਜੇ. ਪੀ. ਨੇ ਮੂਵ ਕੀਤਾ ਪਰ ਚਲੋ ਕੋਈ ਗੱਲ ਨਹੀਂ, ਗੱਲ ਕਿਸਾਨਾਂ ਦੀ ਕਰਨੀ ਹੈ । ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ ਪਿਛਲੇ ਸਾਲ ਤੇ ਲਿਆਉਣਾ ਚਾਹੁੰਦਾ ਹਾਂ । ਇਸ august ਹਾਊਸ ਵਿੱਚ, on this very podium, ਅੱਜ ਸਿਰਫ ਤੁਹਾਡੀ ਕੁਰਸੀ ਲੱਗੀ ਹੈ, ਉਸ ਦਿਨ ਇੱਥੇ ਪੰਜ ਕੁਰਸੀਆਂ ਲੱਗੀਆਂ ਸਨ । It was an international forum. ਕਾਮਨਵੈਲਥ

ਪਾਰਲੀਮੈਂਟਰੀ ਐਸੋਸੀਏਸ਼ਨ ਦੇ ਤਹਿਤ ਤੁਸੀਂ ਸਾਰਿਆਂ ਨੂੰ ਇੱਥੇ ਬੁਲਾਇਆ ਸੀ, ਐਗਰੀਕਲਚਰ ਕਮੇਟੀਆਂ ਨਾਲ ਰਿਲੇਟਿਡ ਸਾਰੇ ਹੈਡਜ਼ ਇੱਥੇ ਆਏ ਸਨ, we had a very enlightening discussion. ਉਸ ਦਿਨ ਮਾਨਯੋਗ ਸੀ. ਐਮ. ਸਾਹਿਬ ਨੇ ਇੱਕ ਗੱਲ ਕਹੀ ਸੀ ।

ਮਾਨਯੋਗ ਸਪੀਕਰ : ਇਹ ਕਾਮਨਵੈਲਥ ਪਾਰਲੀਮੈਂਟਰੀ ਐਸੋਸੀਏਸ਼ਨ ਸਾਰੀ ਵਰਲਡ ਦੀ ਕਮੇਟੀ ਸੀ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੈਂ ਵੀ ਇਹੀ ਕਿਹਾ ਹੈ ਕਿ ਜਿਹੜੀ ਕਾਮਨਵੈਲਥ ਪਾਰਲੀਮੈਂਟਰੀ ਐਸੋਸੀਏਸ਼ਨ ਦੀ ਐਗਰੀਕਲਚਰ ਨਾਲ ਸਬੰਧਤ ਕਮੇਟੀ ਸੀ, ਉਸ ਦੇ ਸਾਰੇ ਹੈਡਜ਼ ਇੱਥੇ ਸਨ । ਉਸ ਵਿੱਚ ਮਾਨਯੋਗ ਸੀ. ਐਮ. ਸਾਹਿਬ ਨੇ, on this very podium, he had said, ਕਿ ਪੰਜਾਬ ਦਾ ਜਿਹੜਾ ਕਲਚਰ ਹੈ ਇਹ ਐਗਰੀਕਲਚਰ ਹੈ। ਕਈਆਂ ਨੇ ਕਿਹਾ ਕਿ ਇੱਥੇ ਹੋਰ ਕੋਈ ਕਲਚਰ ਨਹੀਂ ਹੈ। There is some sort of nitpicking but ਮੈਂ ਕਿਸੇ ਗੱਲੋਂ ਤਾਂ ਇਨ੍ਹਾਂ ਦਾ ਕਾਇਲ ਹੋਵਾਂਗਾ । ਐਵੇਂ ਤਾਂ ਕੋਈ ਕਿਸੇ ਦਾ ਕਾਇਲ ਨਹੀਂ ਹੋਇਆ ਕਰਦਾ । ਮੈਂ ਇਸ ਸਟੇਜ ਤੇ ਇਨ੍ਹਾਂ ਦੇ ਬੋਲਣ ਤੋਂ ਪਹਿਲਾਂ ਕਿਹਾ ਸੀ ਕਿ we are fortunate. ਮੇਰੇ ਕਈ ਸਾਥੀ ਇਸ ਗੱਲ ਤੋਂ ਨਰਾਜ਼ ਵੀ ਹੋ ਜਾਂਦੇ ਹਨ ਪਰ ਮੈਂ ਕਹਿੰਦਾ ਹਾਂ ਕਿ Punjab is the only State where we have a Chief Minister who has farmed with his own hands, ਜਿਨ੍ਹਾਂ ਨੇ ਆਪਣੇ ਹੱਥੀਂ ਖੇਤੀ ਕੀਤੀ ਹੈ । ਮੈਂ ਇਸ ਗੱਲ ਦਾ ਕਾਇਲ ਹਾਂ । ਇਨ੍ਹਾਂ ਨੇ ਇੱਥੇ ਅੱਜ ਗੱਲ ਕੀਤੀ । ਸਦਨ ਵਿੱਚ ਐਗਰੀਕਲਚਰ ਦਾ ਮਤਾ ਆ ਰਿਹਾ ਹੈ, ਤਿੰਨ ਦਿਨ ਇੱਥੇ ਧੂਹ-ਖਿੱਚ ਹੁੰਦੀ ਰਹੀ । ਇਨ੍ਹਾਂ ਦਾ ਮਤਾ ਆਵੇਗਾ, ਮੇਰਾ ਮਤਾ ਆਵੇਗਾ ਪਰ ਜਦੋਂ ਮਤਾ ਆਇਆ ਹੈ, Matta (Resolution) is moved by the Parliamentary Affairs Minister. I don't care whether he is from BJP or somebody else, ਦੇਖੋ, why is it not moved by the Agriculture Minister?

ਮਾਨਯੋਗ ਸਪੀਕਰ : ਨਹੀਂ, ਇਹ ਨਹੀਂ । You can't challenge this. Any Minister can move it.

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਤੁਸੀਂ ਤਾਂ ਨਾ ਮੈਨੂੰ ਟੋਕੋ । ਮੈਂ ਚੈਲੰਜ ਨਹੀਂ ਕਰ ਰਿਹਾ । ਸਪੀਕਰ ਸਾਹਿਬ, ਮੈਂ ਤਾਂ ਆਪਣੇ ਮਨ ਦੀ ਬਾਤ ਕਰ ਰਿਹਾ ਹਾਂ, ਜਲੇ ਹੋਏ ਜ਼ਖਮ ਤੇ ਨਮਕ ਛਿੜਕਣੇ ਵਾਲੀ ਬਾਤ ਹੋ ਰਹੀ ਹੈ। ਕਿਸਾਨ ਦਾ ਮਤਾ ਆਵੇ ਤਾਂ ਇਹ ਮਤਾ ਪੰਜਾਬ ਦੇ ਹੋਮ ਮਨਿਸਟਰ ਨੂੰ ਪੇਸ਼ ਕਰਨਾ ਚਾਹੀਦਾ ਸੀ ਜਾਂ ਪੰਜਾਬ ਦੇ ਚੀਫ ਮਨਿਸਟਰ ਨੂੰ ਪੇਸ਼ ਕਰਨਾ ਚਾਹੀਦਾ ਸੀ ।

ਮਾਨਯੋਗ ਸਪੀਕਰ : ਜੇ ਪਾਰਲੀਮੈਂਟਰੀ ਅਫੇਅਰਜ਼ ਮਨਿਸਟਰ ਨੇ ਪੇਸ਼ ਕਰ ਦਿੱਤਾ ਹੈ, ਫਿਰ ਵੀ ਕੋਈ ਗੱਲ ਨਹੀਂ ।

Parliamentary Affairs Minister : Anybody can move this.

Mr. Speaker : I agree with you.

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੈਂ ਤਾਂ ਮੰਨ ਲਿਆ ਹੈ । Anybody can move this. I agree with you but I am highlighting the thing.

Parliamentary Affairs Minister : This is politics.

ਸ਼੍ਰੀ ਸੁਨੀਲ ਜਾਖੜ : ਮੈਂ ਹਾਈਲਾਈਟ ਕਰ ਰਿਹਾ ਹਾਂ । ਮੰਨ ਕੀ ਬਾਤ ਸਾਨੂੰ ਕਹਿ ਲੈਣ ਦਿਆ ਕਰੋ। ਸਪੀਕਰ ਸਾਹਿਬ, ਮੇਰੇ ਕਹਿਣ ਦਾ ਭਾਵ ਹੈ ਕਿ ਸਰਕਾਰ ਦੇ ਦਿਲ ਵਿੱਚ ਕਿਤੇ ਨਾ ਕਿਤੇ ਕਾਂਫੀਡੈਂਸ ਨਹੀਂ ਸੀ ਕਿ ਮੰਤਰੀ ਜੀ ਕੀ ਕਹਿਣਗੇ, ਕਿਹੜੇ ਮੂੰਹ ਨਾਲ ਕਹਿਣਗੇ, ਕਿਹੜੇ ਮੂੰਹ ਨਾਲ ਖੜ੍ਹੇ ਹੋ ਕੇ ਕਿਸਾਨੀ ਦੀ ਗੱਲ ਕਰਨਗੇ । ਇਸ ਕਰਕੇ ਉਨ੍ਹਾਂ ਨੂੰ ਅੱਗੇ ਕਰ ਦਿੱਤਾ ਹੈ ਪਰ still we accepted. ਇਨ੍ਹਾਂ ਨੇ ਜੋ ਮਤਾ ਲਿਆਂਦਾ ਹੈ, ਇਹ ਬਹੁਤ ਚੰਗੀ ਗੱਲ ਹੈ । ਇੱਥੇ ਇੰਨੀ ਖਿੱਚ-ਧੂਹ ਹੋਈ ਤੇ ਹਾਲਾਤ ਇਸ ਤਰ੍ਹਾਂ ਦੇ ਬਣੇ, ਕਿਉਂ ਨਾ ਇਹ ਹਾਲਾਤ ਬਣਨ । ਵੇਖੋ, ਹਿੰਦੁਸਤਾਨ ਵਿੱਚ ਬਦਲਾਓ ਆ ਗਿਆ । ਲੋਕ ਕਹਿੰਦੇ ਸਨ, ਬਦਲਾਓ ਲੈ ਕੇ ਆਓ, ਬਦਲਾਓ ਲੈ ਕੇ ਆਓ, ਬੜਾ ਬਦਲਾਅ ਆਇਆ। ਸਾਲ 2014 ਵਿੱਚ ਇੱਕ ਬੜੀ ਹਨੇਰੀ ਆਈ, ਬਦਲਾਅ ਆ ਗਿਆ । ਉਸ ਬਦਲਾਅ ਨਾਲ ਕੀ ਹੋਇਆ ? ਰਾਧੇ ਰਾਧੇ ਹੋਈ ਜਾ ਰਹੀ ਹੈ । ਮੈਂ ਪੰਜਾਬ ਵਿੱਚ ਰਾਧੇ ਦੀ ਗੱਲ ਨਹੀਂ ਕਰ ਰਿਹਾ, ਸਾਡੀ ਪਾਰਲੀਮੈਂਟ ਵਿੱਚ ਹਿੰਦੁਸਤਾਨ ਦੇ ਆਨਰੇਬਲ ਐਗਰੀਕਲਚਰ ਮਨਿਸਟਰ ਸਾਹਿਬ ਜਦੋਂ ਖੜ੍ਹੇ ਹੋ ਕੇ ਕਹਿੰਦੇ ਹਨ, ਕਿਸਾਨ ਆਤਮ ਹੱਤਿਆ ਕਰ ਰਿਹਾ ਹੈ, ਮੈਂ ਉਹ ਸ਼ਬਦ ਇਸਤੇਮਾਲ ਨਹੀਂ ਕਰ ਸਕਦਾ । ਸਾਡੇ ਐਗਰੀਕਲਚਰ ਮਨਿਸਟਰ੍ਹ ** ** ਜੀ

** Expunged as ordered by the Chair.

ਹਨ ਜਿਨ੍ਹਾਂ ਦੀ ਗੱਲ ਕਰ ਰਿਹਾ ਹਾਂ । ਤੁਸੀਂ ਕੋਈ ਹੋਰ ਨਾ ਸਮਝਣਾ । ਉਨ੍ਹਾਂ ਨੇ ਕੀ ਕਿਹਾ ਸੀ ? ਸਾਥੀ ਦੱਸਣ, ਮਿੱਤਲ ਸਾਹਿਬ ਉਠ ਕੇ ਜਾ ਰਹੇ ਹਨ, ਉਹ ਜਵਾਬ ਦੇਣ, ਉਨ੍ਹਾਂ ਨੇ ਕਿਹਾ ਸੀ ਕਿ ਜੋ ਕਿਸਾਨ ਆਤਮ ਹੱਤਿਆ ਕਰ ਰਹੇ ਹਨ, ਉਹ not because of his failure in the field...

Mr. Speaker : ** ** is not present in the House, that name should be expunged.

ਸ਼੍ਰੀ ਸੁਨੀਲ ਜਾਖੜ : ਮੈਂ ਐਗਰੀਕਲਚਰ ਮਨਿਸਟਰ ਕਹਿ ਲੈਂਦਾ ਹਾਂ । ਮੈਂ ਬਹੁਤ ਕੋਸ਼ਿਸ਼ ਕੀਤੀ ਸੀ ਕਿ ਰਾਧੇ ਰਾਧੇ ਵਿੱਚ ਹੀ ਕੰਮ ਚਲਾ ਦਿਆਂ ਪਰ it can be misconstrued ਕਿ ਪੰਜਾਬ ਵਿੱਚ ਇੱਕ ਹੋਰ ਰਾਧੇ ਰਾਧੇ ਹੋਈ ਪਈ ਹੈ । ਸਪੀਕਰ ਸਾਹਿਬ, ਉਨ੍ਹਾਂ ਨੇ ਕੀ ਕਿਹਾ ਕਿ suicides committed by the farmers are not only the failure of field but because of failure of his bedroom. (ਆਪੋਜ਼ੀਸ਼ਨ ਬੈਂਚਿਜ ਵੱਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਕੋਈ ਹੈ ਜਵਾਬ? ਕੋਈ ਐਨ. ਡੀ. ਏ. ਵਾਲਾ ਖੜ੍ਹਾ ਹੋ ਕੇ ਇਸ ਦਾ ਜਵਾਬ ਦੇਵੇਗਾ? I can't use the words that he used. I am only trying to be within the Parliamentary norms. ਉਨ੍ਹਾਂ ਨੇ ਜੋ ਸ਼ਬਦ ਕਹੇ, he seems to be talking on behalf of Pfizer. ਕੋਈ ਗੱਲ ਹੈ? ਹਿੰਦੁਸਤਾਨ ਦੇ ਵਿੱਚ, ਪੰਜਾਬ ਦੇ ਅੰਦਰ ਇਸ ਕਿਸਮ ਦਾ ਬਿਆਨ ਆ ਗਿਆ ਅਤੇ ਮਾਨਯੋਗ ਚੀਫ ਮਨਿਸਟਰ ਸਾਹਿਬ ਵੱਲੋਂ there was no reaction. ਚਲੋ ਹੋ ਗਈ ਜੀ ਗੱਲ। ਫਿਰ ਸਾਡਾ ਪੜੋਸੀ ਸੂਬਾ ਹੈ, ਤੁਸੀਂ ਫਿਰ ਕਹਿ ਦੇਵੋਗੇ ਕਿ that person is not present. ਪੜੋਸੀ ਸੂਬੇ ਦਾ ਐਗਰੀਕਲਚਰ ਮਨਿਸਟਰ ਕਹਿੰਦਾ ਹੈ, ਮੈਂ ਨਾਮ ਨਹੀਂ ਲੈਂਦਾ, ਕਹਿੰਦੇ ਹਨ, sorry, I do not want to be disrespectful to anybody and much less to him, ਉਹ ਕਹਿੰਦੇ ਹਨ ਕਿ ਜਿਹੜਾ ਕਿਸਾਨ ਆਤਮ ਹੱਤਿਆ ਕਰਦਾ ਹੈ, ਉਹ ਕਾਇਰ ਹੈ। ਸ਼ਾਬਾਸ਼। ਉਹ ਵੀ ਸ਼ਾਇਦ ਬੀ.ਜੇ.ਪੀ. ਦੇ ਹਨ। (ਵਿਰੋਧੀ ਧਿਰ ਵੱਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਉਹ ਕਹਿੰਦੇ ਕਾਇਰ ਹੈ। ਉਹ ਤਾਂ ਪੜੋਸੀਆਂ ਦੀ ਗੱਲ ਹੋ ਗਈ, ਆਪਾਂ

** Expunged as ordered by the Chair.

[ਸ਼੍ਰੀ ਸੁਨੀਲ ਜਾਖੜ]

ਆਪਣੀ ਘਰ ਬੀਤੀ ਵੀ ਕਰ ਲਈਏ। ਉਨ੍ਹਾਂ ਨੂੰ ਦੇਖਾ ਦੇਖੀ, ਕਿਸੇ ਨੇ ਲਗਾਮ ਨਹੀਂ ਪਾਈ। ਸਾਡੇ ਵਾਈਸ ਚਾਂਸਲਰ ਸਾਹਿਬ ਹਨ, ਕਮਾਲ ਹੋ ਗਈ ਸਾਹਿਬ he is Vice Chancellor of that institution, ਡਾ. ਐਮ.ਐਸ. ਰੰਧਾਵਾ ਦਾ ਨਾਮ ਤਾਂ ਪੰਜਾਬ ਦਾ ਬੱਚਾ ਬੱਚਾ ਜਾਣਦਾ ਹੈ। He was as much a contributor to the Green Revoltuion as Dr. Norman Borlaug. ਉਨ੍ਹਾਂ ਨੇ ਕੈਰੋਂ ਸਾਹਿਬ ਦੇ ਨਾਲ ਮਿਲ ਕੇ ਉਸ ਪੀ.ਏ.ਯੂ. ਦੀ ਸੰਰਚਨਾ ਕੀਤੀ ਹੈ, ਇਹ ਉਨ੍ਹਾਂ ਦੀ ਸੋਚ ਸੀ। ਪਰ ਸਾਡਾ ਵਾਈਸ ਚਾਂਸਲਰ ਕਹੇ ਕਿ ਸਾਡੇ ਕਿਸਾਨ ਕਮਲੇ ਹੋਏ ਹਨ। ਇਨ੍ਹਾਂ ਦੀ ਆਪਣੀ ਗਲਤੀ ਹੈ। ਬਿਲਕੁੱਲ ਸਾਹਿਬ। ਬਦਲੇ ਹਾਲਾਤ ਦੇ ਵਿੱਚ ਹੋ ਸਕਦਾ ਹੈ ਇਹ ਠੀਕ ਹੋਵੇ। I am also with him in a way, ਢਿੱਲੋਂ ਸਾਹਿਬ ਬਿਲਕੁਲ ਸਹੀ ਹਨ, ਕਿਉਂ? ਕਿਉਂਕਿ ਕੋਈ ਸਿਆਣਾ ਬੰਦਾ ਅੱਜ ਦੇ ਹਾਲਾਤ ਵਿੱਚ, ਜਿਵੇਂ ਮਿੱਤਲ ਸਾਹਿਬ ਕਹਿ ਰਹੇ ਸਨ, ਮੈਂ ਬਿਲਕੁਲ ਇਨ੍ਹਾਂ ਦੇ ਨਾਲ ਸਹਿਮਤ ਹਾਂ, ਸਿਆਣਾ ਬੰਦਾ ਅੱਜ ਖੇਤੀ ਨਹੀਂ ਕਰ ਸਕਦਾ because it is not a paying proposition. ਜਿਹੜਾ ਬੰਦਾ ਸਿਆਣਾ ਹੈ, ਜਿਹੜਾ ਦੋ ਤੇ ਦੋ ਚਾਰ ਸਮਝਦਾ ਹੈ he realized ਕਿ ਇਸ ਦੇ ਵਿਚੋਂ ਕੱਢਣ-ਘੱਤਣ ਨੂੰ ਕੁਝ ਹੈ ਨਹੀਂ, ਇਹ ਕਮਲਾ ਹੀ ਹੈ। ਕਹਿੰਦਾ ਆਸ਼ਕ ਕਰੇ ਜਾਂ ਕੋਈ ਦੀਵਾਨਾ ਕਰੇ। ਕਿਸਾਨ ਜਿਹੜੇ ਹਨ, ਉਹ ਆਸ਼ਕ ਹੋਏ ਫਿਰਦੇ ਹਨ। ਕਹਿੰਦੇ ਹਨ:-

" ਛੱਤ ਟਪਕਤੀ ਹੈ ਉਸ ਕੇ ਕੱਚੇ ਮਕਾਨ ਕੀ
ਔਰ ਉਹ ਨਾਸਮਝ ਫਿਰ ਭੀ ਬਰਸਾਤ ਕੀ ਦੁਆ ਕਰਤਾ ਹੈ।"

ਸਪੀਕਰ ਸਾਹਿਬ, ਉਹ ਕਿਸਾਨ ਹਨ, ਉਹ ਮਰ ਰਿਹਾ ਹੈ, ਉਹ ਟੁੱਟ ਰਿਹਾ ਹੈ ਪਰ ਫਿਰ ਵੀ ਝਾਕ ਲਗਾਈ ਬੈਠਾ ਹੈ ਕਿ ਉਥੋਂ ਕਿੱਲੇ ਵਿਚੋਂ ਦੋ ਕੁ ਮਣ ਦਾਣੇ ਹੋਣਗੇ ਅਤੇ ਜਾ ਕੇ ਜਵਾਕ ਪੜ੍ਹਾਵਾਂਗੇ। ਮੈਂ ਉਸ ਦੀ ਗੱਲ ਕਰ ਰਿਹਾ ਹਾਂ। He has depleted himself, he is eating upon himself, ਜਿਹੜਾ ਕਈ ਵਾਰ ਅੰਦਰੋਂ ਆਪਣੇ ਆਪ ਨੂੰ ਖਾਣ ਲੱਗ ਜਾਂਦਾ ਹੈ। ਬੁੜਾ ਸ਼ੇਰ ਜਿਸ ਨੂੰ ਕਹਿੰਦੇ ਹਨ। He has depleted his resources. The organic value of the soil has totally depleted. ਸਰ, ਜਿਹੜੀ ਸਾਇਲ ਦੀ ਆਰਗੈਨਿਕ ਵੈਲਿਯੂ ਹੈ, ਉਹ ਟੋਟਲੀ ਡਿਪਲੀਟਿਡ ਹੋ ਗਈ ਹੈ। ਜਿੰਨਾ ਕੁ ਉਸ ਵਿੱਚ ਫਰਟੇਲਾਈਜ਼ਰ ਪਾ ਲੈਂਦਾ ਹੈ, ਉਨਾ ਕੁ ਕੱਢ ਲੈਂਦਾ ਹੈ। ਮਿੱਤਲ ਸਾਹਿਬ ਨੇ ਵੀ ਅੱਜ ਬੜੀਆਂ ਸਿਆਣੀਆਂ ਸਿਆਣੀਆਂ ਗੱਲਾਂ ਕੀਤੀਆਂ ਹਨ ਕਿ ਪਾਣੀ ਦਾ

ਲੈਵਲ ਥੱਲੇ ਜਾ ਰਿਹਾ ਹੈ। ਉਸ ਨੇ ਪਾਣੀ ਕੱਢ ਦਿੱਤਾ। ਉਸ ਦੀ ਆਰਗੈਨਿਕ ਸਪਿਰਟ ਕੱਢ ਦਿੱਤੀ ਅਤੇ ਨਾਲ ਨਾਲ ਆਪਣਾ ਜੀਵਨ ਉਸ ਵਿਚੋਂ ਕੱਢ ਦਿੱਤਾ। ਭੁੱਖਾ ਸ਼ੇਰ ਜਿਹੜਾ ਹੈ, ਜਿਹੜਾ ਬੁੱਢਾ ਸ਼ੇਰ ਹੈ, ਉਹ ਸ਼ਿਕਾਰ ਸਮਝ ਕੇ ਚੱਬੀ ਜਾਂਦਾ ਹੈ ਪਰ ਖ਼ੂਨ ਉਸ ਦੇ ਆਪਣੇ ਜਬਾੜਿਆਂ ਦਾ ਹੁੰਦਾ ਹੈ, ਉਹ ਸਮਝੀ ਜਾਂਦਾ ਹੈ ਕਿ ਮੈਂ ਕਿਤੇ ਕੋਈ ਸ਼ਿਕਾਰ ਮਾਰਿਆ ਹੈ। ਇਹ ਕੋਈ ਕਮਲਾ ਬੰਦਾ ਹੀ ਕੰਮ ਕਰ ਸਕਦਾ ਹੈ, ਕੋਈ ਸਿਆਣਾ ਬੰਦਾ ਕੰਮ ਨਹੀਂ ਕਰ ਸਕਦਾ। ਹੋ ਸਕਦਾ ਹੈ ਕਿ ਢਿੱਲੋਂ ਸਾਹਿਬ ਨੇ ਸ਼ਾਇਦ ਉਸ ਪਾਸੇ ਝਾਤੀ ਮਾਰੀ ਹੋਵੇ। ਇਸ ਕਰਕੇ ਕਹਿ ਗਏ ਕਿ ਕਿਸਾਨ ਜਿਹੜੇ ਹਨ, ਇਹ ਕਮਲੇ ਹਨ, ਇਨ੍ਹਾਂ ਨੇ ਆਪਣੀ ਗਲਤੀ ਨਾਲ ਕਰ ਲਿਆ ਹੈ। ਸਪੀਕਰ ਸਾਹਿਬ, ਉਸ ਕਿਸਾਨ ਨੇ ਨਾ ਸਿਰਫ ਆਪਣਾ ਪ੍ਰੈਜ਼ੈਂਟ ਜੀਵਨ ਲਗਾ ਦਿੱਤਾ ਬਲਕਿ ਉਸ ਨੇ ਆਪਣੀਆਂ ਆਉਣ ਵਾਲੀਆਂ ਪੁਸ਼ਤਾਂ ਦਾ ਭਵਿੱਖ ਵੀ ਲੋਨ ਲੈ ਕੇ ਗਿਰਵੀ ਰੱਖ ਦਿੱਤਾ। ਉਸ ਨੇ ਇੰਨਾ ਕਰਜ਼ਾ ਚੁੱਕ ਰੱਖਿਆ ਹੈ। ਕਰਜ਼ੇ ਬਾਰੇ ਪਰਸੋਂ ਇਥੇ ਹਾਊਸ ਵਿੱਚ ਸਵਾਲ ਲੱਗਿਆ ਸੀ ਕਿ ਆਤਮ ਹੱਤਿਆ ਦੀ ਫਿਗਰ ਦੇ ਦਿਓ ਕਿ ਕਿਸਾਨ ਦੇ ਉਤੇ ਕਿੰਨਾ ਕਰਜ਼ਾ ਚੜ੍ਹਿਆ ਹੈ ਤਾਂ ਇਨ੍ਹਾਂ ਨੇ ਕਿਹਾ ਕਿ ਗੌਰਮਿੰਟ ਕੋਲ ਕੋਈ ਏਜੰਸੀ ਨਹੀਂ ਹੈ। ਉਸ ਦਿਨ ਚੀਮਾ ਸਾਹਿਬ ਬੋਲ ਰਹੇ ਸੀ, ਸੀ.ਐਮ. ਸਾਹਿਬ ਹੈ ਨਹੀਂ ਸੀ ਪਰ ਕਰਜ਼ੇ ਦੀ ਤਾਂ ਕਿਤੇ ਨਾ ਕਿਤੇ ਆਪਣੇ ਕੋਲ ਜਾਣਕਾਰੀ ਹੋਣੀ ਹੈ। ਸਾਨੂੰ ਇਸ ਗੱਲ ਦਾ ਕੋਈ ਵੱਡਾ ਗਿਲਾ ਨਹੀਂ ਕਿ ਸਾਡਾ ਕੋਈ ਵੱਡਾ ਲੀਡਰ ਪਿਨਸਟਰਾਈਫ ਸੂਟ ਪਹਿਨ ਕੇ ਤੁਰਿਆ ਫਿਰੇ, we have no objection, ਪਿਨਸਟਰਾਈਫ ਸੂਟ ਪਾ ਲਵੇ, ਪਰ ਸੀ.ਐਮ. ਸਾਹਿਬ ਤੋਂ ਜ਼ਿਆਦਾ ਕੋਈ ਨਹੀਂ ਜਾਣਦਾ। ਕਿਸੇ ਨੇ ਲੈਂਡ ਮਾਰਟਗੇਜ ਬੈਂਕ ਦੇ ਖਾਤੇ ਕੱਢ ਕੇ ਦੇਖੇ ਹੋਣੇ? ਉਥੇ ਜਿਹੜੀਆਂ ਸਟਰਾਈਫਜ਼ ਲੱਗੀਆਂ ਹਨ, ਆਹ ਜਿਹੜੇ ਸਾਡੇ ਵਰਗੇ ਚਿੱਟੇ ਲੀੜੇ ਪਾਈ ਫਿਰਦੇ ਹਨ, ਉਥੇ ਸਾਰਿਆਂ ਦੇ ਕਿੱਲਿਆਂ ਦੇ ਉਤੇ ਲਾਲ ਲਕੀਰਾਂ ਫੇਰੀਆਂ ਹੋਈਆਂ ਹਨ। ਇਹ ਪਿਨਸਟਰਾਈਫ ਦੇਖੋ ਸਾਹਿਬ। ਸਾਰਿਆਂ ਦੀਆਂ ਜ਼ਮੀਨਾਂ ਉਥੇ ਰਹਿਣ ਹਨ, ਗਿਰਵੀ ਹਨ। ਉਹ ਬਾਹਰ ਤੁਰੇ ਫਿਰਦੇ ਹਨ ਪਰ ਉਨ੍ਹਾਂ ਦੀ ਜਾਇਦਾਦਾਂ ਗਿਰਵੀ ਰੱਖੀਆਂ ਹੋਈਆਂ ਹਨ, ਉਥੇ ਲਾਈਨਾਂ ਲੱਗੀਆਂ ਹਨ। ਸਪੀਕਰ ਸਾਹਿਬ, ਅੱਜ ਹਾਲਾਤ ਇਹ ਬਣ ਜਾਣਗੇ ਕਿ ਪਿੰਡ ਦੇ ਪਿੰਡ ਗਿਰਵੀ ਹੋ ਜਾਣਗੇ। ਪਹਿਲਾਂ ਤਾਂ ਬੱਸਾਂ ਦੇ ਮਗਰ ਲੱਗਿਆ ਹੁੰਦਾ ਸੀ ਕਿ hypothecated

[ਸ੍ਰੀ ਸੁਨੀਲ ਜਾਖੜ]

to S.B.I, hypothecated to so and so. ਇਸੇ ਤਰ੍ਹਾਂ ਪਿੰਡਾਂ ਵਿੱਚ ਬੋਰਡ ਲੱਗੇ ਹੋਣਗੇ। ਬਾਦਲ ਸਾਹਿਬ ਦਾ ਉਸ ਦਿਨ ਦੌਰਾ ਵੀ ਸੀ। ਉਹ ਪਿੰਡ ਘੱਲੂਆਣੇ ਗਏ ਸੀ, ਉਹ ਪੂਰਾ ਪਿੰਡ ਹੀ ਨਿਲਾਮੀ ਤੇ ਵਿਕਾਊ ਹੈ। ਪਿੰਡ ਦੇ ਬਾਹਰ ਲੱਗਿਆ ਹੋਏਗਾ ਕਿ this village is hypothecated to Punjab and Sind Bank. ਉਸ ਕਿਸਾਨ ਦੀ ਅੱਜ ਗੱਲ ਕਰਨ ਨੂੰ ਇਥੇ ਖੜ੍ਹੇ ਹਾਂ। ਸਪੀਕਰ ਸਾਹਿਬ, ਉਸ ਨੂੰ ਕਿਸ ਤਰ੍ਹਾਂ ਬਚਾਓਗੇ ਕਿਉਂਕਿ ਉਸ ਦੀ ਜਿਹੜੀ ਜ਼ਮੀਨ ਹੈ, ਉਹ ਗਿਰਵੀ ਰੱਖ ਦਿੱਤੀ, ਉਸ ਦੀ ਜ਼ਮੀਨ ਦੇ ਉਤੇ ਵੀ ਅੱਖ ਰੱਖੀ ਬੈਠੇ ਸਨ ਜਿਵੇਂ ਗਿੱਧ ਹੁੰਦੇ ਹਨ ਉਸ ਤਰ੍ਹਾਂ ਅੱਖ ਰੱਖੀ ਬੈਠੇ ਸਨ, ਕਿਉਂ ਸਪੀਕਰ ਸਾਹਿਬ? ਜਦੋਂ ਤੱਕ ਕਿਸਾਨ ਕੋਲ ਜ਼ਮੀਨ ਹੈ it is an ongoing proposition as he uses it for agricultural purposes as this is not a viable or a profitable adventure but there is a caveat, Speaker Sahib. ਉਸ ਦਾ ਨਾਂ ਹੀ ਬਦਲ ਜਾਂਦਾ ਹੈ the moment the land is transferred to the land sharks, it is called Land Bank. ਡੀ.ਐਲ.ਐਫ. ਵਾਲਿਆਂ ਦੇ ਕਹਿੰਦੇ ਕਿ 95000 ਕਰੋੜ ਰੁਪਏ ਦੀ ਇਵੈਲਿਊਸ਼ਨ ਹੋਈ ਤਾਂ ਸ਼੍ਰੀਮਾਨ, ਸਾਡੇ ਵਿੱਚ ਇੱਕ ਅਬੋਹਰ ਦਾ ਰਿਸ਼ਤੇਦਾਰ ਸੀ, ਟੀ.ਡੀ.ਆਈ. ਵਾਲੇ ਇਥੇ ਤੁਰਦੇ ਫਿਰਦੇ ਹਨ, ਉਨ੍ਹਾਂ ਦੇ ਕੋਲੋਂ ਇਵੈਲਿਊਸ਼ਨ ਹੋਈ ਤਾਂ ਉਨ੍ਹਾਂ ਕੋਲ ਲੈਂਡ ਬੈਂਕ ਬਣ ਗਿਆ the moment the land is transferred from the farmers into hand of these builders. ਕਿਧਰ ਗਏ **, ਮੋਹਾਲੀ ਵਿੱਚ ਜਿਨ੍ਹਾਂ ਵਿਚ ਤੁਸੀਂ ਕੋਠੀਆਂ, ਮਲਟੀ ਸ਼ਟੋਰੀਜ਼ ਬਿਲਡਰਜ਼ ਨੇ ਪਾ ਰੱਖੀਆਂ ਹਨ ਉਥੇ ਜਦੋਂ ਤੱਕ ਕਿਸਾਨ ਕੋਲ ਜ਼ਮੀਨ ਸੀ ਤਾਂ ਕਿਸੇ ਕੋਲ ਝੁੱਗੀ ਨਹੀਂ ਸੀ ਪੈਂਦੀ । Today there are multi-storeyed buildings. ਅੱਜ ਸਾਡਾ ਧਿਆਨ ਹੈ। ਸੌਰੀ, I withdraw your name as you all know the realty market. ਮੈਂ, ਸਪੀਕਰ ਸਾਹਿਬ, ਇਸ ਕਰਕੇ ਕਹਿ ਰਿਹਾ ਹਾਂ ਕਿ ਆਹ ਜਿਹੜਾ ਜ਼ੀਰਕਪੁਰ ਹੈ, Zirakpur had turned into Zirokpur. ਇੱਥੇ ਸਾਲ 2007 ਤੋਂ ਪਹਿਲਾਂ ਜ਼ੀਰਕਪੁਰ ਦੇ ਵਿਚ ਜਿਊਰਿਕ ਨਾਲੋਂ ਪਰ ਸਕੁਅੇਰ ਮੀਟਰ ਕੀਮਤਾਂ ਜ਼ਿਆਦਾ ਸਨ ਅਤੇ ਹੁਣ ਤੱਕ ਵੀ ਸਨ ਪਰ ਆਹ ਜਦੋਂ ਬਦਲਾਅ ਆਉਣ ਦੀ ਹਵਾ ਆਈ ਹੈ, ਅੱਜ ਉਥੇ ਕੋਈ ਲੱਭ ਨਹੀਂ ਹੈ, ਅੱਜ ਉਥੇ ਸਾਰੇ ਦੇ ਸਾਰੇ ਰੁਲ ਗਏ ਹਨ but the

---

** Withdrawn by the Hon'ble Member.

thing is as long as ਜਦੋਂ ਤੱਕ ਇਨ੍ਹਾਂ ਦੇ ਕਿਸਾਨ ਕੋਲ ਜ਼ਮੀਨ ਹੈ ਤਾਂ ਉਦੋਂ ਤੱਕ ਉਸ ਜ਼ਮੀਨ ਦੀ ਕੀਮਤ ਨਹੀਂ ਪੈਂਦੀ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਲੋਕਾਂ ਵਿੱਚ ਬਾਦਲ ਸਾਹਿਬ ਨੇ ਵੀ ਇਸ ਗੱਲ ਉਤੇ ਕਈ ਵਾਰੀ ਜ਼ੋਰ ਦਿੱਤਾ ਹੈ ਕਿ ਪੰਜਾਬ ਦੀ ਜਿਹੜੀ ਲੈਂਡ ਐਕੂਜੀਸ਼ਨ ਪਾਲਿਸੀ ਹੈ ਉਹ ਬਿਹਤਰ ਹੈ ਪਰ ਉਥੇ ਜਿਹੜਾ ਜਾ ਕੇ ਮਸਾਂ ਲੈਂਡ ਐਕੂਜੀਸ਼ਨ ਨੂੰ ਰੋਕਿਆ ਹੈ ਉਸ ਦੀ ਅੱਖ ਇਸ ਜ਼ਮੀਨ ਦੇ ਉਤੇ ਸੀ। There is a conspiracy behind it and I could be totally off the track. ਅੱਜ ਜ਼ਮੀਨ ਦੇ ਵਿੱਚ ਸਭ ਤੋਂ ਵੱਡਾ ਧੰਦਾ ਕਿਹੜਾ ਹੈ, ਜਿਹੜੇ ਮਾੜਤ ਮੇਰੇ ਵਰਗੇ ਛੋਟੇ ਛੋਟੇ ਹਨ ਉਹ ਤਾਂ ਬਣ ਗਏ ਰਿਐਲਿਟੀ ਕੰਸਲਟੈਂਟ, ਉਨ੍ਹਾਂ ਨੇ ਆਪ ਦੇ ਬਾਹਰ ਲਗਾ ਲਿਆ ਰਿਐਲਿਟੀ ਕੰਸਲਟੈਂਟ, ਪ੍ਰਾਪਰਟੀ ਕੰਸਲਟੈਂਟ but the real game is of consolidation. ਜਿਹੜੇ ਬੰਦੇ ਕੋਲ ਜ਼ਮੀਨ ਇਕੱਠੀ ਹੈ, ਜਿਹੜਾ ਕੋਈ 50, 100, 200, 400 ਕਿੱਲੇ ਇਕੱਠੀ ਕਰੀ ਬੈਠਾ ਹੈ ਤਾਂ ਉਸ ਨੂੰ ਇਹ ਆ ਕੇ ਉਠਾ ਦੇਣ ਤਾਂ ਉਥੇ ਏਰੀਏ ਨੂੰ ਡਿਵੈਲਪ ਕਰਨ ਵਾਲੇ ਆ ਜਾਂਦੇ ਹਨ ਪਰ ਜਿਸ ਮਾੜਤ ਕੋਲ ਦੋ ਕੁ ਏਕੜ ਹੈ ਜਿਸ ਦਿਨ ਸਾਰੀ ਇਹ ਬੈਂਕਾਂ ਦੇ ਕੋਲ ਮਾਰਟਗੇਜ਼ ਹੋ ਕੇ, hypothecate ਹੋ ਕੇ ਉਹ ਲੈਂਡ ਬੈਂਕ ਬਣ ਗਏ, ਇਹੀ ਜਿਹੜੇ ਮਨੀ ਸ਼ਾਰਕਜ਼ ਹਨ, ਜਿਨ੍ਹਾਂ ਵਾਸਤੇ ਬਿਲ ਲੈ ਕੇ ਆ ਰਹੇ ਹੋ। ਡਿਪਟੀ ਸੀ. ਐਮ.ਸਾਹਿਬ ਬੈਠੇ ਨਹੀਂ ਹਨ, ਜਿਹੜੇ ਕਬੱਡੀ ਨੂੰ ਸਪਾਂਸਰ ਕਰਵਾਉਂਦੇ ਸੀ, he is the biggest land shark 40-50 ਹਜ਼ਾਰ ਕਰੋੜ ਰੁਪਏ ਦਾ ਘਪਲਾ ਹੈ because he has consolidated the land all around. ਗਰੀਬਾਂ ਨੂੰ ਟੁਕੜਾ ਦੇ ਦੇ ਕੇ ਆਪ ਇਕੱਠਾ ਕਰ ਲਿਆ। ਪਰਸੋਂ ਮੇਰੇ ਖਿਆਲ ਵਿਚ ਨੈਰੋਲੱਕ ਪੇਂਟ ਵਾਲਿਆਂ ਨੂੰ 250 ਕਰੋੜ ਰੁਪਏ ਨੂੰ ਮੰਡੀ ਗੋਬਿੰਦਗੜ੍ਹ ਵਿਖੇ 35 ਏਕੜ ਜ਼ਮੀਨ ਦਿੱਤੀ ਹੈ, 250 ਕਰੋੜ ਰੁਪਏ ਨੂੰ ਦਿੱਤੀ ਹੈ। ਡਿਪਟੀ ਸੀ.ਐਮ.ਸਾਹਿਬ ਬੈਠੇ ਨਹੀਂ ਹਨ, ਮੈਂ ਪੁੱਛਣਾ ਚਾਹਾਂਗਾ ਕਿ ਉਸ ਦਾ ਕਿਸਾਨ ਨੂੰ ਕੀ ਮਿਲਿਆ ਸੀ? ਸਪੀਕਰ ਸਾਹਿਬ, ਕਿਸਾਨ ਨੂੰ ਕੀ ਮਿਲਿਆ ਸੀ, ਕਿਸਾਨ ਤੱਕ ਪੈਸਾ ਪਹੁੰਚੇ ਕਿ ਨਹੀਂ ਪਹੁੰਚੇ ਉਸ ਦੀ ਗੱਲ ਕਰੋ। ਆਹ ਤਾਂ ਕਿਸਾਨੀ ਦੀ ਬੈਕਗਰਾਉਂਡ ਹੈ, ਜਿਹੜੀ ਉਨ੍ਹਾਂ ਨੇ ਟੱਚ ਕੀਤੀ ਹੈ ਪਰ ਇਸ ਵਿੱਚ ਅੱਗੇ ਜਾ ਕੇ ਸਪੀਕਰ ਸਾਹਿਬ, ਗਹਿਰਾਈ ਵਿਚ ਘੋਖ ਕਰੋਗੇ ਤਾਂ ਅੰਦਰ ਕੁਝ ਹੈ ਨਹੀਂ, ਕਿਸਾਨ ਅੰਦਰੋਂ ਖੋਖਲਾ ਹੋਇਆ ਪਿਆ ਹੈ ...

ਮੁੱਖ ਸੰਸਦੀ ਸਕੱਤਰ, ਉਦਯੋਗ ਅਤੇ ਵਣਜ (ਸ਼੍ਰੀ ਐਨ.ਕੇ.ਸ਼ਰਮਾ): ਸਪੀਕਰ ਸਾਹਿਬ, ਜਾਖੜ ਸਾਹਿਬ ਨੇ ਜ਼ਮੀਨ ਦੀਆਂ ਕੀਮਤਾਂ ਦੀਆਂ ਵੱਡੀਆਂ ਗੱਲਾਂ ਕੀਤੀਆਂ ਹਨ ਜਿਥੇ ਮੇਰੇ ਫਲੈਟ ਬਣੇ ਹਨ ਉਨ੍ਹਾਂ ਦੀ ਗੱਲ ਕੀਤੀ ਹੈ..

ਸ਼੍ਰੀ ਸੁਨੀਲ ਜਾਖੜ : ਮੈਂ ਤੁਹਾਡੀ ਨਹੀਂ ਕੀਤੀ, ਸਾਰੇ ਇਲਾਕੇ ਦੀ ਗੱਲ ਕੀਤੀ ਹੈ...

ਮੁੱਖ ਸੰਸਦੀ ਸਕੱਤਰ, ਉਦਯੋਗ ਤੇ ਵਣਜ : ਇੱਕ ਮਿੰਟ ਜਾਖੜ ਸਾਹਿਬ, ਮੇਰੀ ਇਕੋ ਹੀ ਬੇਨਤੀ ਹੈ ਕਿ ਜਿਥੇ ਮੇਰੇ ਫਲੈਟ ਬਣੇ ਹਨ ਉਥੇ ਕਾਂਗਰਸ ਦੀ ਗੌਰਮਿੰਟ ਨੇ ਜਿਮੀਂਦਾਰਾਂ ਤੋਂ ਜ਼ਮੀਨ ਐਕੁਆਇਰ ਕੀਤੀ ਸੀ ਤਾਂ ਉਨ੍ਹਾਂ ਨੇ ਕੀਮਤ ਪਤਾ ਕਿੰਨੀ ਦਿੱਤੀ ਸੀ, ਉਹ ਕੀਮਤ ਅੱਠ ਲੱਖ ਰੁਪਏ ਪ੍ਰਤੀ ਏਕੜ ਦਿੱਤੀ ਸੀ। (ਰੂਲਿੰਗ ਪਾਰਟੀ ਵੱਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਜ਼ੀਰਕਪੁਰ ਵਿਖੇ ਸਿੰਘਪੁਰੇ ਪਿੰਡ ਵਿੱਚ ਜਿਥੇ ਅੱਜ ਪੰਜ ਕਰੋੜ ਰੁਪਏ ਦਾ ਕਿੱਲਾ ਹੈ ਉਥੇ 300 ਏਕੜ ਜ਼ਮੀਨ ਕਾਂਗਰਸ ਸਰਕਾਰ ਨੇ ਐਕੁਆਇਰ ਕੀਤੀ ਸੀ ਤੇ ਅੱਠ ਲੱਖ ਰੁਪਿਆ ਕਿੱਲੇ ਦਾ ਦਿੱਤਾ ਸੀ ।

Mr. Speaker : You can say on your turn. ਤੁਸੀਂ ਆਪਣੀ ਵਾਰੀ ਤੇ ਗੱਲ ਕਰਕੇ ਕਹਿ ਸਕਦੇ ਹੋ। (ਵਿਘਨ) (ਸ਼ੋਰ)

ਮੁੱਖ ਸੰਸਦੀ ਸਕੱਤਰ, ਉਦਯੋਗ ਤੇ ਵਣਜ : ਮੈਂ ਕਹਿਣਾ ਚਾਹੁੰਦਾ ਹਾਂ ਕਿ ਸਰਦਾਰ ਪਰਕਾਸ਼ ਸਿੰਘ ਬਾਦਲ ਸਾਹਿਬ ਜੀ ਹਨ ਜਿਨ੍ਹਾਂ ਨੇ ਕਿਸਾਨਾਂ ਨੂੰ 12 ਲੱਖ ਰੁਪਏ ਦੇ ਹਿਸਾਬ ਨਾਲ ਦਿੱਤਾ ਹੈ (ਵਿਘਨ) ਉਹ ਵੀ 50 ਹਜ਼ਾਰ ਰੁਪਏ ਕਿੱਲੇ ਨੂੰ ਕਾਂਗਰਸ ਦੀ ਸਰਕਾਰ ਨੇ ਐਕੁਆਇਰ ਕੀਤੀ ਸੀ..(ਵਿਘਨ)

ਮਾਨਯੋਗ ਸਪੀਕਰ : ਹਾਂ ਜੀ, ਜਾਖੜ ਸਾਹਿਬ।

ਸਰਦਾਰ ਸਾਧੂ ਸਿੰਘ : ਸਪੀਕਰ ਸਾਹਿਬ, ਪੁਆਇੰਟ ਆਫ਼ ਆਰਡਰ।

ਮਾਨਯੋਗ ਸਪੀਕਰ : ਨਹੀਂ ਜੀ। ਜਾਖੜ ਸਾਹਿਬ ਬੋਲ ਰਹੇ ਹਨ, ਇਨ੍ਹਾਂ ਨੂੰ ਬੋਲ ਲੈਣ ਦਿਓ।

ਸਰਦਾਰ ਬਲਬੀਰ ਸਿੰਘ ਸਿੱਧੂ :**

ਮਾਨਯੋਗ ਸਪੀਕਰ : ਨਹੀਂ ਜੀ। ਜਾਖੜ ਸਾਹਿਬ ਨੂੰ ਬੋਲ ਲੈਣ ਦਿਓ।

** Not recorded as ordered by the Chair.

ਕੋਈ ਅਜਿਹੀ ਗੱਲ ਰਿਕਾਰਡ ਨਾ ਕੀਤੀ ਜਾਵੇ ਜਿਹੜੀ ਮੇਰੀ ਆਗਿਆ ਤੋਂ ਬਗੈਰ ਕਹੀ ਜਾ ਰਹੀ ਹੈ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਚਾਹੇ ਇਨ੍ਹਾਂ ਦੀ ਸਰਕਾਰ ਨੇ ਕੀਤੀ ਜਾਂ ਸਾਡੀ ਸਰਕਾਰ ਨੇ ਕੀਤੀ ਪਰ ਕਾਂਗਰਸ ਸਰਕਾਰ ਲੈ ਕੇ ਆਈ ਹੈ ਅਤੇ ਐਕੂਜੀਸ਼ਨ ਵਾਲਾ ਕਿੱਸਾ ਹੀ ਖਤਮ ਕਰ ਦਿੱਤਾ। ਐਕੂਜੀਸ਼ਨ ਬਿਨਾ ਕਿਸਾਨ ਦੀ ਮਨਜ਼ੂਰੀ ਤੋਂ ਨਹੀਂ ਹੋ ਸਕਦੀ ਕਿਉਂਕਿ ਕਿਸਾਨ..(ਵਿਘਨ) (ਸ਼ੋਰ)

Mr. Speaker : Silence please.

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ ਦਿਵਾਉਣਾ ਚਾਹੁੰਦਾ ਹਾਂ, ਉਸ ਦਿਨ ਜਦੋਂ ਮੈਂ ਐਡਜਰਨਮੈਂਟ ਮੋਸ਼ਨ ਲੈ ਕੇ ਆਇਆ ਸੀ, ਮੈਂ ਕਿਹਾ ਸੀ ਕਿ ਇਹ ਅਰਜੈਂਟ ਹੈ। It is an urgent matter and urgent in the sense because ਕਹਿੰਦੇ ਹਨ ਕਿ ਡੁੱਲ੍ਹੇ ਬੇਰਾਂ ਦਾ ਹਾਲੇ ਕੁਝ ਨਹੀਂ ਵਿਗੜਿਆ। I am coming to the present context. ਮੇਰੇ ਕਹਿਣ ਦਾ ਭਾਵ ਸੀ ਕਿ ਹਾਲੇ ਵੀ ਕਈ ਅਜਿਹੇ ਮਸਲੇ ਹਨ, ਜਿਨ੍ਹਾਂ ਵਿੱਚ ਇਮੀਜੀਏਟ ਇੰਟਰਵੈਂਸ਼ਨ could really help the farmers. ਜੇਕਰ ਅਸੀਂ ਹੰਗਾਮਾ ਖੜ੍ਹਾ ਕਰਨਾ ਹੁੰਦਾ ਤਾਂ ਇਹ ਕਹਿੰਦੇ ਕਿ ਦੇਖੋ ਇਹ ਇਸ ਪਾਸੇ ਤੁਰ ਪਏ ਹਨ ਅਤੇ ਰੌਲਾ ਪਾਉਣਗੇ ਕਿ ਅਸਤੀਫਾ ਦਿਓ, ਆਦਿ। ਅਸੀਂ ਕਿਹਾ ਕਿ ਅਸੀਂ ਕਿਸਾਨ ਦੀ ਹਾਲਤ ਬਾਰੇ ਗੱਲ ਕਰਾਂਗੇ ਕਿਉਂਕਿ ਹਾਲੇ ਟਾਈਮ ਹੈ। 1 ਤਰੀਕ ਤੋਂ ਹਾਲੇ ਝੋਨੇ ਦੀ ਪਰਚੇਜ਼ ਚਾਲੂ ਹੋਣੀ ਹੈ। ਮੇਰਾ ਪਹਿਲਾ ਸਵਾਲ ਇਹ ਹੈ, ਫੇਰ ਕਹਿਣਗੇ, ਮਾਨਯੋਗ ਕੈਰੋਂ ਸਾਹਿਬ ਬੈਠੇ ਹਨ, ਲਿਮਟਾਂ ਆ ਗਈਆਂ ਹਨ, ਕਲੀਅਰ ਹੋ ਗਈਆਂ ਹਨ? Whether the CC limits have been cleared? Speaker Sahib, Why I am asking because ਜਦੋਂ ਪਿਛਲੀ ਵਾਰੀ ਕਣਕ ਦਾ ਸੀਜ਼ਨ ਆਇਆ ਸੀ, ਤੁਹਾਨੂੰ ਪਤਾ ਹੈ ਉਸ ਵੇਲੇ ਲੋਕ ਕਿਵੇਂ ਰੋਲੇ ਸੀ। ਸੈਂਟਰ ਗੌਰਮਿੰਟ ਦੀ ਬਦਲਾਅ ਦਾ ਜਿਹੜਾ ਰਿਜ਼ਲਟ ਸੀ, ਉਹ ਪਰਚੇਜ਼ ਦੀ ਸੀ.ਸੀ. ਲਿਮਟ ਰੋਕ ਕੇ ਬਹਿ ਗਏ, ਉਹ ਕਹਿਣ ਲੱਗੇ ਕਿ ਪਹਿਲਾਂ ਪੁਰਾਣੇ ਖਾਤੇ ਕਲੀਅਰ ਕਰੋ। ਰਣੀਕੇ ਸਾਹਿਬ, ਮੈਂ ਤੁਹਾਨੂੰ ਨਹੀਂ ਕਹਿ ਰਿਹਾ। ਇਹ ਤੁਹਾਡੀ ਸਰਕਾਰ ਨੂੰ ਆਦਤ ਹੈ। ਇਨ੍ਹਾਂ ਨੇ ਖਾਤੇ ਇੰਨੇ ਰੋਲ ਰੱਖੇ ਹਨ ਕਿ ਕੋਈ

[ਸ਼੍ਰੀ ਸੁਨੀਲ ਜਾਖੜ]

ਅਕਾਊਂਟ ਮਿਲਦਾ ਹੀ ਨਹੀਂ। ਇਹ ਕਹਿੰਦੇ ਸਾਡੇ 20,000 ਕਰੋੜ ਨਿਕਲਦੇ ਹਨ ਅਤੇ ਉਹ ਕਹਿੰਦੇ ਹਨ ਕਿ ਸਾਡੇ 20,000 ਕਰੋੜ ਨਿਕਲਦੇ ਹਨ। Speaker Sahib, till last evening before I came here ਮੈਂ ਚੈੱਕ ਕੀਤਾ ਕਿ ਸ਼ਾਇਦ ਸੁਨੀਲ ਗਲਤ ਹੋਵੇ। Till last evening those C.C. limits have not been cleared. The Committee has been formed. ਸੈਂਟਰਲ ਗੌਰਮਿੰਟ ਨੇ ਪੰਜ ਮੈਂਬਰੀ ਕਮੇਟੀ ਬਣਾਈ ਹੈ, to reconcile these issues. ਉਸ ਦਾ ਨਤੀਜਾ ਕਦੋਂ ਆਵੇਗਾ? ਜਿਹੜਾ 2-3 ਦਿਨਾਂ ਤੋਂ ਮੀਂਹ ਪੈ ਰਿਹਾ ਹੈ, ਕਿਸਾਨ ਕੋਸ਼ਿਸ਼ ਕਰੇਗਾ ਕਿ ਮੈਂ ਫਸਲ ਵੱਢ ਕੇ ਲੈ ਆਵਾਂ ਅਤੇ ਇਹ ਕੰਮ ਛੇਤੀ ਨਿਬੇੜਾਂ ਪਰ ਇੱਥੇ ਇਹ ਕਹਿਣਗੇ ਕਿ ਸਾਡੇ ਕੋਲ ਸੀ.ਸੀ. ਲਿਮਟਾਂ ਨਹੀਂ ਆਈਆਂ। ਫੇਰ ਅਸੀਂ ਉਨ੍ਹਾਂ ਨੂੰ ਲੈ ਕੇ ਕਿੱਥੇ ਜਾਵਾਂਗੇ। ਇਸ ਲਈ ਅਸੀਂ ਇੱਥੇ ਇਵੇਂ ਨਾ ਕਹੀ ਜਾਈਏ, ਇੱਧਰੋਂ ਪਾਸ ਕਰ ਦਿੱਤਾ, ਉਧਰੋਂ ਪਾਸ ਕਰ ਦਿੱਤਾ। ਅੱਜ ਮੈਂ ਸਮਝਦਾ ਹਾਂ ਕਿ ਇਸ ਮੋਸ਼ਨ ਦਾ ਮਤਲਬ ਹੀ ਇਹੀ ਹੈ ਕਿ ਇਥੋਂ ਅਸੈਂਬਲੀ ਵਿਚੋਂ ਚੁੱਕ ਕੇ ਪਾਰਲੀਮੈਂਟ ਵਿੱਚ ਭੇਜ ਦੇਈਏ, ਪਾਸ ਕਰਕੇ ਉਥੇ ਭੇਜ ਦੇਈਏ, let it go there. ਉਹ ਜਾਣਨ ਅਤੇ ਉਨ੍ਹਾਂ ਦਾ ਕੰਮ ਜਾਣੇ। ਸੀ.ਸੀ. ਲਿਮਟ ਵਾਸਤੇ what steps have been taken we would like to know? ਉਸ ਵਾਸਤੇ ਕੀ ਕੀਤਾ ਗਿਆ ਹੈ? Has the Hon'ble Chief Minister taken up this issue with Prime Minister or Finance Minister? ਕੀ ਕੋਈ ਗੱਲ ਹੋਈ ਹੈ? ਅੱਜ 23 ਤਰੀਕ ਹੋ ਗਈ ਹੈ ਅਤੇ 7 ਦਿਨਾਂ ਨੂੰ ਮੰਡੀ ਵਿੱਚ ਫਸਲ ਆ ਜਾਣੀ ਹੈ। ਤੁਸੀਂ ਪਰਚੇਜ਼ ਚਾਲੂ ਕਰੋਗੇ ਪਰ ਤੁਹਾਡੇ ਕੋਲ ਲਿਮਟ ਨਹੀਂ ਹੈ ਤਾਂ ਉਥੇ ਹਾਹਾਕਾਰ ਮਚੇਗਾ। Speaker Sahib, on top of that ਮੈਂ ਪਹਿਲੀ ਵਾਰ ਦੇਖਿਆ ਹੈ, ਤੁਸੀਂ ਵਾਰ ਵਾਰ ਘੜੀ ਨਾ ਦੇਖੋ। ਡਰਾਓ ਨਾ।

ਮਾਨਯੋਗ ਸਪੀਕਰ : ਨਹੀਂ, ਮੈਂ ਘੜੀ ਨਹੀਂ ਦੇਖ ਰਿਹਾ।

ਸ਼੍ਰੀ ਸੁਨੀਲ ਜਾਖੜ : ਨਹੀਂ ਤੁਸੀਂ ਉੱਧਰ ਦੇਖਿਆ ਹੈ, ਮੈਂ ਕਿਹਾ ਕਿਤੇ ਕੰਮ ਕਰਨ ਲੱਗੇ ਹੋ ਅਤੇ ** ਪੜ੍ਹੋਗੇ।

ਮਾਨਯੋਗ ਸਪੀਕਰ : ਨਹੀਂ ਜੀ, ਨਹੀਂ ਇਹ ** ਸ਼ਬਦ ਐਕਸਪੰਜ ਕਰ ਦੇਣਾ। ਇਹ ਤੁਸੀਂ ਦੇਖਣਾ ਹੈ ਕਿ ਆਪਣੇ ਸਾਥੀਆਂ ਨੂੰ ਕਿੰਨਾ ਟਾਈਮ ਛੱਡਣਾ ਹੈ।

** Expunged as ordered by the Chair.

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਪਹਿਲੀ ਦਫਾ I call it an institutionalizing because Mafia Raj has been institutionalized. ਇਹ ਧਿਆਨ ਨਾਲ ਗੱਲ ਸੁਣਿਓ। ਇਹ ਗੱਲ ਆਪਾਂ ਸਾਰਿਆਂ ਨੂੰ ਇੰਪੈਕਟ ਕਰਦੀ ਹੈ। Corruption has been coercing. Cartelization has been institutionalized. ਸਰਕਾਰ ਨੇ ਗੋਡੇ ਟੇਕ ਦਿੱਤੇ, ਜਿਸ ਦਿਨ ਮੈਂ ਕਿਹਾ ਸੀ, ਡਿਪਟੀ ਸੀ.ਐਮ. ਸਾਹਿਬ ਔਖੇ ਹੋ ਗਏ ਤਾਂ ਮੈਂ ਕਿਹਾ ਕਿ ਤੁਸੀਂ ਹਰ ਮਨਿਸਟਰੀ ਵਿੱਚ ਦਖਲ ਦੇਣ ਲੱਗ ਜਾਂਦੇ ਹੋ। What is the Truck Union? Who is this Truck Union? Is it a legal entity? ਸਰਕਾਰ ਕਹਿੰਦੀ ਹੈ ਕਿ ਟਰੱਕ ਯੂਨੀਅਨ ਨਹੀਂ ਮੰਨਦੀ। ਟਰੱਕ ਯੂਨੀਅਨ ਨੇ ਰਫੜਾ ਪਾ ਰੱਖਿਆ ਹੈ। ਇਹ ਜਿਹੜੀ ਰੀਕੰਸੀਲੀਏਸ਼ਨ ਹੋਈ ਹੈ, ਉਸ ਵਿੱਚ ਸਭ ਤੋਂ ਵੱਡਾ ਘਪਲਾ ਹੀ ਇਹ ਹੋਵੇਗਾ, ਜਿਹੜੇ ਪਰ ਕਿਲੋਮੀਟਰ ਦੇ ਰੇਟ ਪਾ ਰੱਖੇ ਹਨ, ਜਿਹੜੇ ਸ਼ੇਰ ਟਰੱਕ ਯੂਨੀਅਨਾਂ ਤੇ ਜਥੇਦਾਰ ਬਿਠਾ ਰੱਖੇ ਹਨ, ਉਨ੍ਹਾਂ ਨੂੰ ਰੇਟ ਦੇਣ ਵਾਸਤੇ ਅੱਜ ਕਿਸਾਨ ਨੂੰ ਕਹਿ ਦਿੱਤਾ ਕਿ ਆਪਣੀ ਟਰਾਲੀ ਵਿੱਚ ਛੱਡ ਕੇ ਆਵੇਗਾ। Has the Government given in? ਇਹ ਗੌਰਮਿੰਟ ਹੈ ਜਾਂ ਕੀ ਹੈ? ਟਰੱਕ ਯੂਨੀਅਨ ਅੱਗੇ ਹਥਿਆਰ ਸੁੱਟ ਦਿੱਤੇ। ਕਿਸਾਨ ਨੂੰ ਰੋਲ ਦਿੱਤਾ। ਚਾਰ ਦਿਨ ਬਾਅਦ ਸ਼ੈਲਰਾਂ ਦੇ ਬਾਹਰ ਗੱਡੀ ਨਹੀਂ ਆਉਂਦੀ, ਟਰੱਕ ਨਹੀਂ ਆਉਂਦੇ ਤਾਂ ਕੀ ਉਹ ਚਾਰ ਦਿਨ ਉਥੇ ਬੈਠਾ ਰਹੇਗਾ? ਕੌਣ ਇਸ ਦਾ ਇਲਾਜ ਕਰੇਗਾ, ਕੀ ਮਿੱਤਲ ਸਾਹਿਬ ਕਰਨਗੇ? ਮੋਸ਼ਨ ਲਿਆਉਣਾ ਬੜਾ ਸੌਖਾ ਹੈ। ਪਾਰਲੀਮੈਂਟ ਨੂੰ ਭੇਜ ਦਿਓ। Speaker Sahib, these are practical issues. I am not talking of rocket science. This is very normal. It is happening everywhere. ਸਾਡੀ ਜਿਹੜੀ ਇੰਡਸਟਰੀਅਲ ਪਾਲਿਸੀ ਹੈ, ਇੰਡਸਟਰੀ ਨੂੰ ਟਰੱਕ ਯੂਨੀਅਨ ਲਈ ਬੈਠੀ ਹੈ। They are running their own shops, ਕੋਈ ਸਰਕਾਰ ਨਾਮ ਦੀ ਚੀਜ਼ ਨਹੀਂ ਹੈ। ਹੁਣ ਤਾਂ ਪਤਾ ਲੱਗ ਗਿਆ ਹੈ, ਸਰਕਾਰ ਕਹਿੰਦੀ ਹੈ ਕਿ ਯੂਨੀਅਨ ਵਾਲੇ ਨਹੀਂ ਮੰਨਦੇ। ਤੁਸੀਂ ਆਪਣੇ ਟਰੱਕਾਂ ਵਿੱਚ ਢੋਅ ਲਵੋ। ਸਪੀਕਰ ਸਾਹਿਬ, ਪੰਜਾਬ ਦੇ ਅੰਦਰ ਐਟਲੀਸਟ ਇਸ ਮਸਲੇ ਵਿੱਚ, I am sorry to say, we will not accept this. ਸਪੀਕਰ ਸਾਹਿਬ, ਪਹਿਲੀ ਦਫ਼ਾ ਮੈਂ ਕਹਿਣ ਲੱਗਾ ਹਾਂ। ਕਈ ਕਹਿੰਦੇ ਹਨ ਕਿ ਮੈਂ ਟੌਂਟ

[ਸ਼੍ਰੀ ਸੁਨੀਲ ਜਾਖੜ]

ਕਰਦਾ ਹਾਂ। ਮੈਂ ਟੌਂਟ ਨਹੀਂ ਕਰਦਾ। Politician by nature, ਕਹਿੰਦੇ ਹਨ ਕਿ he is a merchant of hope, ਲੋਕਾਂ ਨੂੰ ਸਬਜ਼ਬਾਗ ਦਿਖਾ ਕੇ, ਅਸੀਂ ਸੁਖਬੀਰ ਜੀ ਨੂੰ ਕਹਿ ਦਿੰਦੇ ਹਾਂ ਅਤੇ ਉਹ ਹੱਸ ਕੇ ਟਾਲ ਦਿੰਦੇ ਹਨ। ਉਤਲੇ ਮਰਚੈਂਟ ਦਿੱਲੀ ਬੈਠੇ ਹਨ, ਉਹ ਵੱਡੇ ਮਰਚੈਂਟ ਹਨ।ਉਨ੍ਹਾਂ ਦੀ ਇੱਕ ਗੱਲ ਹੈ, ਕਹਿ ਦਿੰਦੇ ਹਾਂ, merchant of hope. ਲੋਕਾਂ ਨੂੰ ਬੜੀਆਂ ਉਮੀਦਾਂ ਦਿੱਤੀਆਂ ਕਿ ਅੱਛੇ ਦਿਨ ਆਏਂਗੇ, ਅੱਛੇ ਦਿਨ ਆਏਂਗੇ। ਸਰ, ਇਹ ਅੱਛੇ ਦਿਨ ਆਏ ਪਏ ਹਨ। I am not bothered about ਕਿ ਬਾਕੀਆਂ ਦਾ ਕੀ ਹੁੰਦਾ ਹੈ? ਪੰਜਾਬ ਦਾ ਕਿਸਾਨ ਅੱਜ ਤੋਂ ਸੱਤ ਦਿਨਾਂ ਦੇ ਬਾਅਦ ਜਦੋਂ ਉਸ ਦੀ ਫਸਲ ਮੰਡੀ ਵਿਚ ਜਾਵੇਗੀ ਤਾਂ ਉਹ ਪ੍ਰੇਸ਼ਾਨ ਹੋਵੇਗਾ, ਵਿਚਾਰੇ ਬਾਸਮਤੀ ਵਾਲੇ ਤਾਂ ਹੁਣੇ ਹੀ ਆ ਗਏ ਹਨ, ਬਾਸਮਤੀ ਤਾਂ ਐਡਵਾਂਸ ਵਿੱਚ ਆ ਚੁੱਕੀ ਹੈ, ਮੈਨੂੰ ਕੱਲ੍ਹ ਤਰਨਤਾਰਨ ਤੋਂ ਫੋਨ ਆਇਆ ਸੀ, ਉਹ ਕਹਿੰਦੇ ਕਿ ਉਥੇ 25-30 ਹਜ਼ਾਰ ਬਾਸਮਤੀ ਦੀਆਂ ਬੋਰੀਆਂ ਆਈਆਂ ਹਨ। ਬਾਸਮਤੀ ਦਾ ਰੇਟ 1100 ਰੁਪਏ ਪ੍ਰਤੀ ਕੁਇੰਟਲ ਤੋਂ ਲੈ ਕੇ 1300 ਦੇ ਵਿਚਕਾਰ ਤੁਰਿਆ ਫਿਰਦਾ ਹੈ। It is not just a matter of farmer alone, ਸਰ, ਇਸ ਦਾ ਇੰਪੈਕਟ ਸੁਣੋ। ਇੱਕ ਮਿੰਟ ਮੈਂ ਦੱਸਣਾ ਚਾਹੁੰਦਾ ਹਾਂ। ਸਾਲ 2013 ਵਿੱਚ ਦੋ ਕਰੋੜ ਕੁਇੰਟਲ ਬਾਸਮਤੀ ਹੋਈ ਸੀ। ਇਸ ਦਾ ਉਦੋਂ 3800 ਰੁਪਏ ਪ੍ਰਤੀ ਕੁਇੰਟਲ ਰੇਟ ਸੀ। ਮੈਂ ਜੀ.ਡੀ.ਪੀ. ਜਾਂ ਜੀ.ਐਸ.ਡੀ.ਪੀ. ਮੁਤਾਬਕ ਨਹੀਂ ਦੱਸ ਰਿਹਾ, ਸਿੰਪਲ ਇਕਨਾਮਿਕਸ ਫਾਰਮੂਲੇ ਮੁਤਾਬਕ ਦੱਸ ਰਿਹਾ ਹਾਂ, ਉਦੋਂ ਕਿਸਾਨ ਦੀ ਜੇਬ ਵਿੱਚ ਟਨ-ਟਨਾ-ਟਨ 7600 ਕਰੋੜ ਰੁਪਿਆ ਗਿਆ ਸੀ। ਸਾਲ 2014 ਵਿੱਚ ਅੱਛੇ ਦਿਨ ਆ ਗਏ। ਉਦੋਂ ਰੇਟ 3800 ਤੋਂ ਘੱਟ ਕੇ ਸਿੱਧਾ 2800 ਰੁਪਏ ਤੇ ਆ ਗਿਆ। ਕਿਉਂਕਿ ਚੰਗੇ ਦਿਨ ਕਿਸਾਨ ਨੇ ਪਹਿਲਾਂ ਦੇਖੇ ਸੀ, ਉਹ ਮਾੜ੍ਹਾ ਜਿਉਂ ਬਾਸਮਤੀ ਬੀਜਣ ਲੱਗਿਆ, ਇਧਰੋਂ ਡਾਈਵਰਸੀਫਿਕੇਸ਼ਨ ਵਾਲਾ ਕੰਮ ਚਾਲੂ ਕਰ ਦਿੱਤਾ। ਕਹਿੰਦੇ ਕਿ ਇਹ 1121 ਲਗਾਉ, ਇਹ ਪਾਣੀ ਘੱਟ ਇਸਤੇਮਾਲ ਕਰਦੀ ਹੈ। 1509 ਲਗਾਵੋ, ਇਹ ਪਾਣੀ ਘੱਟ ਲੈਂਦੀ ਹੈ, ਇਸ ਦਾ gestation period ਬੜਾ ਛੋਟਾ ਹੈ। ਪਾਣੀ ਬਚਾਇਆ ਜਾਵੇ। ਪਾਣੀ ਬਚਾਉ, ਪਾਣੀ ਬਚਾਉ, ਕਿਹਾ ਗਿਆ। ਪਾਣੀ ਤਾਂ ਪਤਾ ਨਹੀਂ ਬਚਿਆ ਕਿ ਨਹੀਂ ਬਚਿਆ ਪਰ ਸਪੀਕਰ ਸਾਹਿਬ, ਕਿਸਾਨ ਦਾ ਪਾਣੀ ਕੱਢ ਦਿੱਤਾ। (ਆਪੋਜ਼ੀਸ਼ਨ ਬੈਂਚਿਜ ਵਲੋਂ ਥੰਪਿੰਗ) ਚਾਰ ਕਰੋੜ ਕੁਇੰਟਲ ਬਾਸਮਤੀ ਕਿਸਾਨ ਦੀ ਮੰਡੀਆਂ ਵਿੱਚ ਆਈ। ਡਾਕਟਰ ਮਨਮੋਹਨ ਸਿੰਘ, ਪ੍ਰਧਾਨ ਮੰਤਰੀ, ਯੂ.ਪੀ.ਏ. ਦੇ ਸਮੇਂ ਵਿੱਚ 3800 ਰੁਪਏ ਪ੍ਰਤੀ

ਕੁਇੰਟਲ ਵਿਕੀ ਸੀ। ਪਿਛਲੀ ਵਾਰੀ 2800 ਰੁਪਏ ਪ੍ਰਤੀ ਕੁਇੰਟਲ ਵਿਕੀ ਹੈ। ਕਿੰਨਾ ਪੈਸਾ ਆਇਆ? ਅੰਦਾਜ਼ਨ 11,200 ਕਰੋੜ ਰੁਪਿਆ ਟੋਟਲ ਫਿਗਰ ਹੈ, ਇਹ 2800 ਦੀ ਫਿਗਰ ਦੇ ਉਤੇ ਆਇਆ। ਸਮਝ ਲਵੋ ਕਿ ਕਦੇ 3000 ਰੁਪਏ ਪ੍ਰਤੀ ਕੁਇੰਟਲ ਅਤੇ ਕਦੇ 2600 ਤੇ ਕਦੇ 2800 ਰੁਪਏ ਪ੍ਰਤੀ ਕੁਇੰਟਲ ਰੇਟ ਆ ਗਿਆ। ਐਤਕੀਂ ਜਿਹੜੀ ਪੁਜੀਸ਼ਨ ਹੈ ਉਹ ਸੁਣ ਕੇ ਹੈਰਾਨੀ ਹੁੰਦੀ ਹੈ। ਢੀਂਡਸਾ ਸਾਹਿਬ, it is going to impact you, it is going to impact this Punjab economy, not only farmers ਅਤੇ ਜਿਹੜੇ ਐਸਟੀਮੇਟ ਲੱਗੇ ਹਨ ਕਿ 4 ਕਰੋੜ ਕੁਇੰਟਲ ਫਿਰ ਆਵੇਗੀ, ਫਿਰ ਇਸ ਚਾਰ ਕਰੋੜ ਕੁਇੰਟਲ ਦਾ ਰੇਟ ਕੀ ਹੋਵੇਗਾ? ਇਹ 1100 ਰੁਪਏ ਪ੍ਰਤੀ ਕੁਇੰਟਲ ਤੋਂ ਲੈ ਕੇ 1350 ਰੁਪਏ ਪ੍ਰਤੀ ਕੁਇੰਟਲ ਤੱਕ ਹੈ। ਕਿਸਾਨ ਦੀ ਜੇਬ ਵਿੱਚ ਟੋਟਲ ਕੀ ਆਵੇਗਾ? ਪਹਿਲਾਂ ਕਿਥੇ ਤਾਂ ਕਿਸਾਨਾਂ ਦੀ ਜੇਬ ਵਿੱਚ ਟੋਟਲ 11,200 ਰੁਪਿਆ ਆਇਆ ਸੀ ਪਰ ਐਤਕੀਂ 5000 ਕਰੋੜ ਰੁਪਿਆ ਆਵੇਗਾ। ਨੁਕਸਾਨ ਕਿੰਨਾ ਹੋ ਗਿਆ? ਇਹ ਤਕਰੀਬਨ 6000 ਜਾਂ 6500 ਕਰੋੜ ਰੁਪਏ ਦਾ ਨੁਕਸਾਨ ਹੋ ਗਿਆ। ਜੇ ਕਿਤੇ ਮੈਂ ਯੂ.ਪੀ.ਏ. ਗੌਰਮਿੰਟ ਵੇਲੇ ਦਾ 3800 ਰੁਪਏ ਪ੍ਰਤੀ ਕੁਇੰਟਲ ਦਾ ਰੇਟ ਲਗਾ ਦੇਵਾਂ ਤਾਂ ਨੁਕਸਾਨ 10,000 ਕਰੋੜ ਰੁਪਏ ਦੇ ਕਰੀਬ ਕਿਸਾਨ ਦਾ ਨੁਕਸਾਨ ਹੋਇਆ ਹੈ। The farmer is not begging. ਮੈਂ ਕਹਿੰਦਾ ਹਾਂ ਕਿ ਕਿਸਾਨ ਭੀਖ ਨਹੀਂ ਮੰਗਦਾ। ਕਿਸਾਨ ਆਪਣਾ ਹੱਕ ਮੰਗਦਾ ਹੈ। ਕਿਸਾਨ ਇਹ ਨਹੀਂ ਕਹਿੰਦਾ ਕਿ ਮੈਨੂੰ ਭੀਖ ਦੇ ਦਿਉ। ਉਹ ਆਪਣਾ ਮਾਣ ਤੇ ਮਿਹਨਤ ਦਾ ਮੁੱਲ ਮੰਗਦਾ ਹੈ। ਉਸ ਨੇ ਮਿਹਨਤ ਕਰਕੇ ਜਿਹੜਾ ਝਾੜ ਕੱਢਿਆ ਹੈ, ਉਸ ਨੂੰ ਲੈ ਕੇ ਉਹ ਐਜੀਟੇਸ਼ਨ ਕਰਦੇ ਹਨ। ਸਰ, ਬੜਾ ਸਿੰਪਲ ਹੈ ਇਹ ਕਹਿਣਾ, ਮੇਰੇ ਤੋਂ ਬਾਅਦ ਮੇਰੇ ਸਾਥੀ ਬੋਲਣਗੇ ਕਿ how can we control international market. ਬਿਲਕੁਲ ਸਾਹਿਬ, ਤੁਹਾਡੀ ਗੱਲ ਬਿਲਕੁਲ ਠੀਕ ਹੈ। ਇੱਕ ਸੈਂਟਰ ਵਿੱਚ PEDA ਨਾਮ ਦੀ ਏਜੰਸੀ ਹੈ। What is PEDA? It is for promotion of trade and permitting our agriculture produce in oversees market also and whom does this PEDA belong to? ਇਹ ਕਿਹੜੀ ਮਨਿਸਟਰੀ ਦੇ ਤਹਿਤ ਆਉਂਦੀ ਹੈ। ਜਿਹੜੀ ਸਾਡੇ ਰੂਲਿੰਗ ਪਾਰਟੀ ਦੇ ਮਨਿਸਟਰ ਹਨ ਉਨ੍ਹਾਂ ਕੋਲ ਹੈ, ਇਹ ਫੂਡ ਪ੍ਰੋਸੈਸਿੰਗ

[ਸ਼੍ਰੀ ਸੁਨੀਲ ਜਾਖੜ]

ਮਨਿਸਟਰੀ ਦੇ ਤਹਿਤ ਆਉਂਦੀ ਹੈ। What have we done, Sir? ਕਾਰਟਲਾਈਜੇਸ਼ਨ ਈਰਾਨ ਵਿੱਚ ਹੋਈ ਹੈ ਉਥੇ ਕੋਈ ਸਰਕਾਰੀ ਖਰੀਦ ਹੈ ਨਹੀਂ ਸੀ। It is our wrong foreign policies. ਚਲੋ ਲੋਕਾਂ ਨੇ ਮੇਰੇ ਖਿਲਾਫ ਫਤਵਾ ਦਿੱਤਾ। ਪਰ ਮੈਂ ਜਦੋਂ ਫਿਰੋਜ਼ਪੁਰ ਵਿੱਚ ਵੋਟਾਂ ਮੰਗਦਾ ਫਿਰਦਾ ਸੀ, ਮੈਂ ਕਹਿੰਦਾ ਸੀ ਕਿ ਭਰਾਵੋ ਮੇਰੀ ਗੱਲ ਸੁਣ ਲਵੋ ਕਿ ਜੇ ਇਹੀ ਸਰਕਾਰ ਆਈ ਤਾਂ ਇਹ ਬਾਸਮਤੀ ਰੁਲਦੀ ਫਿਰੇਗੀ। ਜਿਹੜੇ ਸਾਰਿਆਂ ਨੂੰ ਸਦਭਾਵਨਾ ਨਾਲ ਲੈ ਕੇ ਚੱਲਣ ਦੀ ਗੱਲ ਕਰਦੇ ਹਨ। ਆਪਣਾ ਮਾਲ ਮਿਡਲ ਈਸਟ ਵਿਚ ਜਾਣਾ ਹੈ ਅਤੇ ਉਨ੍ਹਾਂ ਨੇ ਨਾਲ ਦੀ ਨਾਲ ਟਾਈਟ ਕਰ ਦੇਣਾ ਹੈ, what kind of foreign policy are we running. ਆਪਾਂ ਕਿਵੇਂ ਪਰਮੋਟ ਕੀਤਾ ਹੈ। ਕੋਈ ਕਿਸੇ ਕੋਲ ਲਾਇਸੰਸ ਨਹੀਂ, ਕੋਈ ਕੁਝ ਨਹੀਂ, ਸਿੱਧਾ ਆਰਡਰ ਹੈ। ਰੇਟ ਟੁੱਟਦਾ ਟੁੱਟਦਾ ਉਨ੍ਹਾਂ ਨੇ ਕਾਰਟਲ ਬਣਾ ਲਿਆ। ਜੇ ਕਿਤੇ ਸਰਕਾਰੀ ਤੌਰ ਤੇ ਜਾ ਕੇ ਕੋਈ ਕਿਸਾਨੀ ਵਾਸਤੇ ਸੀਰੀਅਸ ਹੁੰਦਾ at least intervention could have been done, at least this whole thing could have been canalized. ਇਸ ਦੀ ਪਰਾਪਰ ਤਰੀਕੇ ਨਾਲ ਮਾਰਕੀਟਿੰਗ ਹੁੰਦੀ ਤਾਂ ਇਹੋ ਜਿਹੇ ਮਾੜੇ ਹਾਲ ਨਹੀਂ ਸੀ ਹੋਣੇ। ਕਿਸਾਨ ਦੀ ਜੇਬ ਵਿਚ ਤਾਂ ਪੈਸਾ ਆਇਆ ਜਾਂ ਨਹੀਂ, ਉਹ ਅਗਲੀ ਗੱਲ ਹੈ ਪਰ this has impacted the trade and industry also. I am talking about the agro based industry. I am talking about those ਆੜਤੀਆ, ਜਿਹੜੇ ਇਸ ਕੰਮ ਵਿਚ ਲੱਗੇ ਹਨ। ਕਹਿੰਦਾ, ਤੇਰਾ ਕਿਆ ਹੋਗਾ ਕਾਲੀਆ। ਸਾਡੇ ਬਾਗੜੀ ਵਿਚ ਇਕ ਕਹਾਵਤ ਹੈ ਕਿ ਇਕ ਬਜ਼ੁਰਗ ਦੇ ਦੋ ਬੇਟੀਆਂ ਸਨ ਤਾਂ ਉਸ ਨੇ ਇਕ ਕੁੜੀ ਤਾਂ ਮਿੱਟੀ ਦੇ ਬਰਤਨ ਬਣਾਉਣ ਵਾਲੇ ਦੇ ਘਰ ਵਿਆਹ ਦਿੱਤੀ ਅਤੇ ਦੂਜੀ ਕਿਸੇ ਜੱਟ ਦੇ ਘਰ ਵਿਆਹ ਦਿੱਤੀ। ਇਕ ਦਿਨ ਉਹ ਆਪਣੀਆਂ ਬੇਟੀਆਂ ਦਾ ਪਤਾ ਲੈਣ ਗਿਆ ਤਾਂ ਜਦੋਂ ਮਿੱਟੀ ਦੇ ਬਰਤਨ ਬਣਾਉਣ ਵਾਲਿਆਂ ਦੇ ਘਰ ਗਿਆ ਤਾਂ ਉਨ੍ਹਾਂ ਕਿਹਾ ਕਿ ਬਾਪੂ ਖੈਰ ਮੰਗੀਂ ਕਿਤੇ ਮੀਂਹ ਨਾ ਪੈ ਜਾਵੇ ਨਹੀਂ ਤਾਂ ਸਾਡੇ ਸਾਰੇ ਬਰਤਨ ਰੁੜ ਜਾਣਗੇ ਅਤੇ ਜਦੋਂ ਉਹ ਜੱਟ ਦੇ ਘਰ ਗਿਆ ਤਾਂ ਉਨ੍ਹਾਂ ਕਿਹਾ ਕਿ ਬਾਪੂ ਜੀ ਜੇਕਰ ਮੀਂਹ ਪਿਆ ਤਾਂ ਸਾਡੀ ਨਰਮੇ ਵਾਲੀ ਫਸਲ ਹੋ ਜਾਵੇਗੀ। ਜਦੋਂ ਉਹ ਘਰ ਵਾਪਸ ਆਇਆ ਤਾਂ ਘਰ ਵਾਲੀ ਨੇ ਪੁੱਛਿਆ ਕਿ ਕੀ ਦੇਖ ਕੇ ਆਏ ਹੋ ਤਾਂ ਬਜ਼ੁਰਗ ਕਹਿੰਦਾ ਕਿ ਜਾਂ ਤਾਂ ਟਾਂਡਿਆਂ ਵਾਲੇ ਨਹੀਂ ਜਾਂ ਭਾਂਡਿਆਂ ਵਾਲੇ ਨਹੀਂ। (ਹਾਸਾ) ਉਹ ਤਾਂ ਉਹ ਬਾਦਲ ਸੀ, ਜਿਸ ਵਿਚ ਕਿਸੇ ਇੱਕ ਨੇ ਬਚ ਜਾਣਾ

ਸੀ ਪਰ ਜਿਹੜੀ ਸਾਡੀ ਬਾਦਲ ਸਰਕਾਰ ਹੈ, ਇਸ ਵਾਰ ਤਾਂ ਨਾ ਟਾਂਡੇ ਵਾਲੇ ਰਹਿਣੇ ਹਨ ਅਤੇ ਨਾ ਭਾਂਡੇ ਵਾਲੇ ਰਹਿਣੇ ਹਨ। ਪੁੱਛੋ ਕਿਉਂ? ਮੇਰੇ ਕੋਲ ਫੈਕਟ ਐਂਡ ਫਿਗਰਜ਼ ਹਨ। ਜਿਹੜਾ ਲਿਕਵੀਡਿਟੀ ਕਰੰਚ ਹੈ, ਮਾਨਯੋਗ ਡਿਪਟੀ ਸੀ.ਐਮ.ਸਾਹਿਬ ਬੈਠੇ ਨਹੀਂ ਹਨ, ਉਨ੍ਹਾਂ ਦਾ ਇੰਟਰਸਟ ਹੀ ਐਗਰੀਕਲਚਰ ਵਿਚ ਲੰਮਾ ਚੌੜਾ ਨਹੀਂ ਹੈ, ਉਹ ਤਾਂ ਪੁਲਿਸ ਦੇ ਡੈਲੀਗੇਸ਼ਨ ਨਾਲ ਮੀਟਿੰਗਾਂ ਕਰ ਰਹੇ ਹੋਣਗੇ। ਮੈਂ ਪਹਿਲਾਂ ਤਾਂ ਫਾਜ਼ਿਲਕਾ ਦੀ ਗੱਲ ਕਰਨ ਲੱਗਿਆ ਸੀ ਪਰ ਫਿਰ ਮੈਂ ਕਿਹਾ ਕਿ ਛੱਡੋ ਜਲਾਲਾਬਾਦ ਦੀ ਗੱਲ ਕਰਦਾ ਹਾਂ, ਇਹ ਸ਼ੈਲਿੰਗ ਇੰਡਸਟਰੀ ਦਾ ਹੱਬ ਹੈ।ਗੁਰੂ ਹਰਸਹਾਇ,ਸਾਡੇ ਫਾਜ਼ਿਲਕਾ ਵਿਚ ਬਹੁਤ ਸਾਰੀ ਸ਼ੈਲਿੰਗ ਇੰਡਸਟਰੀ ਲੱਗੀ ਹੈ। ਪਿਛਲੇ ਕੁਝ ਦਿਨਾਂ ਤੋਂ ਹੋ ਕੀ ਰਿਹਾ ਹੈ, ਚਲੋ ਚੰਗਾ ਹੈ ਕਿ ਮਜੀਠੀਆ ਸਾਹਿਬ ਬੈਠੇ ਹਨ ਕਿਉਂਕਿ he is also interconnecting with this.. (ਵਿਘਨ) (ਸ਼ੋਰ)

ਮਾਲ ਤੇ ਮੁੜ ਵਸੇਬਾ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ) : ਸਪੀਕਰ ਸਾਹਿਬ, ਮੇਰੇ ਤੋਂ ਕੋਈ ਗਲਤੀ ਹੋ ਗਈ।

ਸ਼੍ਰੀ ਸੁਨੀਲ ਜਾਖੜ : ਨਹੀਂ ਜੀ, ਤੁਹਾਡੇ ਤੋਂ ਕੋਈ ਗਲਤੀ ਨਹੀਂ ਹੋਈ। ਮੈਂ ਤਰਨਤਾਰਨ ਦੇ ਮਸਲੇ ਬਾਰੇ ਗੱਲ ਕਰ ਰਿਹਾ ਹਾਂ।

ਮਾਲ ਤੇ ਮੁੜ ਵਸੇਬਾ ਮੰਤਰੀ : ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਛੇੜਨਾ ਨਹੀਂ ਚਾਹੁੰਦਾ ਸੀ ਪਰ ਮੇਰੇ ਦੋ ਤਿੰਨ ਦਰਦ ਉੱਠ ਰਹੇ ਹਨ।ਤੁਸੀਂ ਮੇਰੇ ਮਸਲੇ ਹੱਲ ਕਰਵਾ ਦਿਓ। ਸਰਦਾਰ ਸੁਖਬੀਰ ਸਿੰਘ ਬਾਦਲ ਇਥੇ ਨਹੀਂ ਬੈਠੇ, ਉਹ ਤਾਂ ਤੁਹਾਨੂੰ ਦਿਖ ਰਹੇ ਹਨ ਪਰ ਤੁਹਾਡੇ ਗੁਆਂਢੀ ਅਤੇ ਗੁਆਂਢਣ ਨਹੀਂ ਬੈਠੇ, ਉਹ ਤਾਂ ਤੁਹਾਨੂੰ ਦਿਖਦੇ ਨਹੀਂ। ਤੁਹਾਡੇ ਨਾਲ ਜਿਹੜੇ ਸੀਨੀਅਰ ਲੀਡਰ ਬੈਠਦੇ ਹਨ, ਤੁਹਾਨੂੰ ਉਨ੍ਹਾਂ ਦਾ ਨਾਮ ਚੇਤੇ ਨਹੀਂ ਆਇਆ। ਸਪੀਕਰ ਸਾਹਿਬ, ਮੈਂ ਉਸ ਦਿਨ ਵੀ ਗੱਲ ਕੀਤੀ ਸੀ। ਇਸ ਗੱਲ ਨੂੰ ਸਮਝਣਾ ਚਾਹੀਦਾ ਹੈ, ਇਨ੍ਹਾਂ ਦੇ ਦਰਦ ਨੂੰ ਸਮਝਣਾ ਚਾਹੀਦਾ ਹੈ.. **

ਮਾਨਯੋਗ ਸਪੀਕਰ : ਨਹੀਂ ਜੀ ਪਲੀਜ਼, ** ਬਾਰੇ ਜਿਹੜੇ ਸ਼ਬਦ ਬੋਲੇ ਗਏ ਹਨ, ਉਹ ਐਕਸਪੰਜ ਕਰ ਦੇਣਾ ਜੀ।

** Expunged as ordered by the Chair.

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਇਹ ਮੇਰੇ ਬੜੇ ਸਤਿਕਾਰਯੋਗ ਸਾਥੀ ਹਨ। ਮੈਂ ਐਵੇਂ ਕਿਸੇ ਨੂੰ ਚੂੰਡੀ ਵੱਡਣ ਵਾਸਤੇ ਕੋਈ ਗੱਲ ਨਹੀਂ ਕਰਦਾ।(ਵਿਘਨ) (ਸ਼ੋਰ) ਨਾਗਰਾ ਸਾਹਿਬ, ਪਲੀਜ਼ ਇਕ ਮਿੰਟ, ਮੈਂ ਜਿਹੜੀ ਗੱਲ ਕਰ ਰਿਹਾ ਸੀ।

ਮਾਨਯੋਗ ਸਪੀਕਰ : ਨਾਗਰਾ ਜੀ, ਤੁਸੀਂ ਤਾਂ ਡਿਸਟਰਬ ਨਾ ਕਰੋ।

ਸ਼੍ਰੀ ਸੁਨੀਲ ਜਾਖੜ : ਮੈਂ ਜਿਹੜੀ ਇੰਡਸਟਰੀ ਦੀ ਗੱਲ ਕਰਨ ਜਾ ਰਿਹਾ ਹਾਂ, ਉਹ ਸਾਡੇ ਫਾਜ਼ਿਲਕਾ, ਜਲਾਲਾਬਾਦ, ਗੁਰੂ ਹਰਸਹਾਇ ਨਾਲ ਰਿਲੇਟਡ ਹੈ ਅਤੇ ਤੁਹਾਡੇ ਤਰਨਤਾਰਨ ਦੇ ਏਰੀਏ ਵਿਚ ਕਿਉਂਕਿ ਤੁਸੀਂ ਉਥੋਂ ਸਾਰਿਆਂ ਦੇ ਸਰਪ੍ਰਸਤ ਹੋ, ਉਥੋਂ ਦੇ ਜਿਹੜੇ ਟਰੇਡਰ ਹਨ, ਉਨ੍ਹਾਂ ਦਾ ਪੈਸਾ ਮਿੱਲਰਜ਼ ਵਾਲਿਆਂ ਕੋਲ ਪਿਆ ਹੈ। ਜਿਹੜੇ ਸ਼ੈਲਰ ਹਨ, ਉਨ੍ਹਾਂ ਤੋਂ ਮਾਲ ਖਰੀਦ ਲਿਆ, ਹੁਣ ਸ਼ੈਲਰਾਂ ਵਿਚ ਮਾਲ ਪਿਆ ਹੈ, ਅੱਗੇ ਵਿਕਦਾ ਨਹੀਂ, ਮਹਿੰਗੀ ਖਰੀਦ ਰੱਖੀ ਹੈ ਪਰ ਇਸ ਦੀਆਂ ਕੀਮਤਾਂ ਟੁੱਟ ਗਈਆਂ। ਸਪੀਕਰ ਸਾਹਿਬ, ਇਕੱਲੇ ਜਲਾਲਾਬਾਦ ਅੰਦਰ ਸਾਲ 2013-14 ਵਿਚ 760 ਕਰੋੜ ਰੁਪਏ ਦੀ ਬਾਸਮਤੀ ਲੱਗੀ ਸੀ ਅਤੇ ਇਸ ਵਾਰ 240 ਕਰੋੜ ਦੀ ਲੱਗਣੀ ਹੈ। 500 ਕਰੋੜ ਰੁਪਿਆ ਤਾਂ ਗਿਆ ਹੀ ਗਿਆ ਅਤੇ ਜਿਹੜਾ ਹੁਣ 1500 ਕਰੋੜ ਰੁਪਿਆ ਸ਼ੈਲਰ ਵਾਲਿਆਂ ਦਾ ਅਤੇ ਟਰੇਡਰ ਉਨ੍ਹਾਂ ਤੋਂ ਮੰਗਦਾ ਹੈ, ਉਹ ਕਹਿੰਦੇ ਹਨ ਕਿ ਅਸੀਂ ਕਿਥੋਂ ਦੇਈਏ। ਇਸ ਵਿਚ ਹੋ ਕੀ ਰਿਹਾ ਹੈ, why I am mentioning the name of Deputy Chief Minister? It was not for taking any job or something else ਜਿਹੜੇ ਤੱਕੜੇ ਬੰਦੇ ਹਨ, ਜਿਨ੍ਹਾਂ ਦੇ ਸਰਪ੍ਰਸਤ ਤਕੜੇ ਹਨ, ਉਹ ਤਾਂ ਸ਼ੈਲਰਾਂ ਵਾਲਿਆਂ ਤੇ ਪਰਚੇ ਕਰਵਾ ਰਹੇ ਹਨ। ਸਪੀਕਰ ਸਾਹਿਬ, ਜਲਾਲਾਬਾਦ ਵਿੱਚ ਦੋ ਸ਼ੈਲਰ ਵਾਲਿਆਂ ਤੇ ਪਰਚੇ ਹੋਏ ਹਨ, ਇੱਕ ਤਾਂ ਕਬੂਤਰਬਾਜ਼ੀ ਦਾ ਹੋਇਆ, ਜਿਹੜਾ ਮਾੜ੍ਹਕ ਮਾਲਕ ਹੈ, ਉਹ ਮੇਰਾ ਖਿਆਲ ਹੈ ਕਿ ਸਾਰੀ ਉਮਰ ਪੰਜਾਬ ਵਿੱਚੋਂ ਬਾਹਰ ਨਹੀਂ ਗਿਆ ਹੋਵੇਗਾ। ਅਮਰੀਕਾ ਜਾਣਾ, ਬਾਹਰ ਕਿਸੇ ਨੂੰ ਭੇਜਣਾ ਜਾਂ ਹੋਰ ਕੋਈ ਗੱਲ ਹੈ, ਉਸ ਤੇ ਕਬੂਤਰਬਾਜ਼ੀ ਦਾ ਕੇਸ ਪਾਇਆ, ਇੱਕ ਜਿਹੜਾ ਸ਼ੈਲਰ ਵਾਲਾ ਹੈ, ਉਸ ਦੇ ਉਤੇ 307 ਦਾ ਕੇਸ ਪਾਇਆ the reason behind that is ਕਿ ਤਕੜਾ ਬੰਦਾ ਹੈ, ਉਸ ਤੇ ਪਰਚਾ ਕਰਵਾ ਕੇ ਕਹਿੰਦੇ ਹਨ ਕਿ ਜਾਂ ਤਾਂ ਪੇਮੈਂਟ ਲੈ ਕੇ ਆ, ਨਹੀਂ ਤਾਂ ਤੈਨੂੰ ਜੇਲ੍ਹ ਹੋਏਗੀ।

ਸਰਦਾਰ ਸਿਮਰਜੀਤ ਸਿੰਘ ਬੈਂਸ : ਜਾਖੜ ਸਾਹਿਬ, ਝੂਠੇ ਮੁਕੱਦਮੇਬਾਜ਼ੀ

ਦੀ ਗੱਲ ਹੈ। ਮੈਂ ਰੇਤ ਮਾਫੀਆ ਦੇ ਖਿਲਾਫ ਸੱਤਿਆਗ੍ਰਹਿ ਕੀਤਾ ਤਾਂ ਧਾਰਾ 307 ਦਾ ਮੁਕੱਦਮਾ ਤੇ ਲੁੱਟ ਖੋਹ ਦਾ ਮੁਕੱਦਮਾ ਮੇਰੇ ਤੇ ਮੇਰੇ ਸਾਥੀਆਂ ਦੇ ਖਿਲਾਫ ਦਰਜ ਕਰ ਦਿੱਤਾ। ਤੁਸੀਂ ਤਾਂ ਸ਼ੈਲਰ ਵਾਲਿਆਂ ਦੀ ਗੱਲ ਕਰਦੇ ਹੋ. **

Mr. Speaker : Not to be recorded.

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੇਰੇ ਕਹਿਣ ਦਾ ਭਾਵ ਹੈ ਕਿ where are we going, what is happening. ਉਨ੍ਹਾਂ ਦਾ ਕੌਣ ਹੈ? ਉਹ ਕਹਿੰਦੇ ਕਿ ਸਾਨੂੰ ਵੇਚ ਕੇ ਲੈ ਲਵੋ ਕਿਉਂਕਿ ਸ਼ੈਲਰਾਂ ਦੀ ਹੁਣ ਇੰਨੀ ਕੀਮਤ ਨਹੀਂ ਹੈ, ਕੀਮਤ ਤਾਂ 1/3 ਆ ਗਈ,ਕਿਥੇ 3800/- ਰੁਪਏ ਅਤੇ ਕਿਥੇ 1200/- ਰੁਪਏ ਰਹਿ ਗਈ, ਚਾਹੇ ਉਨ੍ਹਾਂ ਦਾ ਮਾਲ ਸਟਾਕ ਵੇਚ ਲਵੋਗੇ, ਚਾਹੇ ਉਨ੍ਹਾਂ ਦਾ ਪਲਾਂਟ ਵੇਚ ਲਵੋਗੇ, ਚਾਹੇ ਉਨ੍ਹਾਂ ਨੂੰ ਆਪ ਨਿਲਾਮ ਕਰ ਦਿਉਗੇ, ਪੈਸੇ ਤਾਂ ਆਉਣੇ ਨਹੀਂ ਹਨ। It is going to impact our industry. ਮੈਂ ਤੁਹਾਨੂੰ ਇਸ ਕਰਕੇ ਕਹਿ ਰਿਹਾ ਹਾਂ It is a matter of joint concern of all. ਇਸ ਦੇ ਵਾਸਤੇ ਕੀ ਕਰਾਂਗੇ ਅਤੇ ਕੀ ਨਾ ਕਰਾਂਗੇ, ਉਸ ਬਾਰੇ ਮੈਂ ਆਖਰ ਦੇ ਵਿੱਚ ਆਵਾਂਗਾ।

ਗੰਨੇ ਵਾਲੀ ਗੱਲ ਸੀ, ਗੰਨੇ ਦੀ ਪੇਮੈਂਟਾਂ ਦੀ ਗੱਲ ਵਾਰ ਵਾਰ ਹੋ ਰਹੀ ਹੈ। ਕਿਸਾਨ ਨੇ ਆਪਣੀ ਫਸਲ ਵੇਚ ਦਿੱਤੀ। ਪੇਮੈਂਟ ਨਾਲ ਸਬੰਧਤ ਸਾਲ 2013 ਵਿੱਚ ਮੇਰੇ ਸਣੇ ਸਾਰੇ ਸੀ.ਐਲ.ਪੀ. ਵਾਲੇ ਮੈਂਬਰ ਸੀ.ਐਮ. ਸਾਹਿਬ ਦੇ ਦਰਵਾਜ਼ੇ ਤੇ ਬੈਠੇ। ਗੱਲ 182-184 ਕਰੋੜ ਰੁਪਏ ਦੀ ਸੀ। He was kind enough. ਸੀ.ਐਮ. ਸਾਹਿਬ ਨੇ ਬੜੇ ਆਰਾਮ ਨਾਲ ਸਾਡੀ ਗੱਲ ਸੁਣੀ ਜਿਵੇਂ ਕਿ ਇਨ੍ਹਾਂ ਦੀ ਨੇਚਰ ਹੈ। ਸਾਨੂੰ ਸੀ.ਐਮ ਸਾਹਿਬ ਨੇ ਕਿਹਾ ਕਿ ਮੈਂ ਇਹ ਸਾਰਾ ਪੈਸਾ ਰਿਲੀਜ਼ ਕਰ ਦਿਆਂਗਾ। ਇਹ ਪੈਸਾ ਰਿਲੀਜ਼ ਵੀ ਹੋ ਗਿਆ but alongwith that Principal Secretary Sahib ਬੈਠੇ ਹਨ he was accompanying him that day. ਸੀ.ਐਮ.ਸਾਹਿਬ ਨੇ ਉਥੇ 40 ਐਮ.ਐੱਲ.ਏ ਸਾਹਿਬਾਨ ਸਾਹਮਣੇ instructions ਦਿੱਤੀਆਂ ਕਿ please ensure ਅੱਗੇ ਤੋਂ ਰੈਗੂਲਰ ਕਿਸਾਨਾਂ ਨੂੰ ਪੇਮੈਂਟ ਮਿਲ ਜਾਵੇ। Again same history has been repeated ਹੁਣ ਸਾਨੂੰ ਫਿਰ ਇਨ੍ਹਾਂ ਦੇ ਬੂਹੇ ਅੱਗੇ ਜਾ ਕੇ ਬਹਿਣਾ ਪਿਆ। ਇਨ੍ਹਾਂ ਦੇ ਦੋ ਦਿਨ

** Expunged/Not recorded as ordered by the Chair.

[ਸ਼੍ਰੀ ਸੁਨੀਲ ਜਾਖੜ]

ਪਹਿਲਾਂ ਜਦੋਂ ਅਨਾਊਂਸ ਹੋ ਗਿਆ ਕਿ ਅਸੀਂ ਧਰਨਾ ਲਾਵਾਂਗੇ ਤਾਂ ਇਨ੍ਹਾਂ ਨੇ ਵੀ ਪੇਮੈਂਟ ਅਨਾਊਂਸ ਕਰ ਦਿੱਤੀ but not any love lost for the farmers. ਹਾਈ ਕੋਰਟ ਵਿੱਚ ਉਨ੍ਹਾਂ ਨੇ ਪੀ.ਆਈ.ਐਲ. ਪਾਈ ਤੇ ਹਾਈ ਕੋਰਟ ਨੂੰ ਇਨ੍ਹਾਂ ਨੇ ਐਫੀਡੇਵਿਟ ਦਿੱਤਾ ਕਿ ਅਸੀਂ ਇਨੀ ਇਨੀ ਤਾਰੀਖ ਨੂੰ ਇੰਨੀਆਂ ਕਿਸ਼ਤਾਂ ਵਿੱਚ ਕਿਸਾਨਾਂ ਦਾ ਪੈਸਾ ਦੇ ਦਿਆਂਗੇ। ਪਰ ਇੱਕ ਗੱਲ ਲਈ ਮੈਂ ਪੰਜਾਬ ਗੌਰਮਿੰਟ ਨੂੰ ਵਧਾਈ ਵੀ ਦੇਣਾ ਚਾਹਾਂਗਾ ਕਿ ਕਿਸਾਨ ਤਾਂ ਕਮਲਾ ਹੈ ਐਵੇਂ ਕਰਦਾ ਫਿਰਦਾ ਹੈ ਕਿ ਮਾਰਿਆ ਗਿਆ ਹਾਂ, ਪਰ ਕਿਸਾਨ ਨੂੰ ਇਨ੍ਹਾਂ ਨੇ ਤਾਂ ਸ਼ਾਹੂਕਾਰ ਬਣਾ ਦਿੱਤਾ ਕਿਉਂਕਿ ਸਪੀਕਰ ਸਾਹਿਬ, ਇੱਕਲੇ ਸ਼ਾਹੂਕਾਰ ਬੰਦੇ ਦਾ ਪੈਸਾ ਵਿਆਜ ਤੇ ਚੱਲਦਾ ਹੈ, ਨੰਗ ਕੀ ਦੇ ਦੇਵੇਗਾ? ਹਾਈ ਕੋਰਟ ਨੇ ਆਰਡਰ ਕੀਤਾ ਕਿ ਇਸਦਾ ਪੰਜਾਬ ਸਰਕਾਰ ਇੰਟਰੈਸਟ ਦੇਵੇ। ਸ਼ਾਬਾਸ਼, ਪੰਜਾਬ ਦਾ ਕਿਸਾਨ ਵਿਆਜੂ ਹੋ ਗਿਆ। ਉਸ ਕਿਸਾਨ ਦੇ ਘਰ ਵਿਆਜ ਆਉਣ ਲੱਗਾ। ਇਸ ਸਾਲ 2015-16 ਵਿੱਚ ਬਜਟ ਲਈ for sugarcane 400 ਕਰੋੜ ਰੁਪਿਆ ਰੱਖਿਆ ਹੈ and what steps have been taken ਇਹ ਤਾਂ ਫਿਰ ਆਈ ਖੜ੍ਹੀ ਹੈ, 400 ਕਰੋੜ ਰੁਪਿਆ 2015-16 ਵਿੱਚ ਰੱਖਿਆ ਸੀ to rectify this anomaly? It is a recurring problem. It is not something which happens out of the blue. ਸਾਰਿਆਂ ਨੂੰ ਪਤਾ ਹੈ ਕਿ ਇਸ ਦਾ ਕਿਵੇਂ ਕਰਨਾ ਹੈ What we have done to rectify the situation? ਅਸੀਂ ਫੇਰ ਧਰਨੇ ਲਾਵਾਂਗੇ। ਫਿਰ ਸਰਕਾਰ ਬੱਲੇ ਬੱਲੇ ਲਵੇਗੀ ਕਿ ਅਸੀਂ ਪੈਸੇ ਰਿਲੀਜ਼ ਕਰ ਦਿੱਤੇ। ਕਿਸਾਨ ਨੂੰ ਅਹਿਸਾਸ ਕਰਵਾਵਾਂਗੇ ਕਿ ਅਸੀਂ ਬੜਾ ਅਹਿਸਾਨ ਕੀਤਾ ਹੈ। ਉਹ ਵਿਚਾਰਾ ਰੁਲਦਾ ਫਿਰਦਾ ਹੈ। ਕਿਸਾਨ ਕੋਲ ਕਿਹੜਾ ਬੈਂਕ ਬੈਲੈਂਸ ਹੈ। ਇੱਕ ਫੰਡਾਮੈਂਟਲ ਗੱਲ ਹੈ ਕਿ ਸ਼ੂਗਰ ਇੰਡਸਟਰੀ again like shellers, ਆੜਤੀਆਂ ਵਾਂਗ ਉਹ ਵੀ ਗੱਡੀ ਦੇ ਦੋ ਪਹੀਏ ਹਨ they all work together ਸਾਰੇ ਚਲਦੇ ਹਨ, ਪਰ ਕੋਆਪਰੇਟਿਵ ਮਿੱਲਾਂ ਦਾ ਪੈਸਾ ਅਸੀਂ ਦਿੰਦੇ ਹਾਂ, ਇਸ ਵਾਸਤੇ ਬਿਆਨ ਆ ਗਿਆ ਸੀ ਕਿ ਅਸੀਂ ਇਹ ਕਰਵਾ ਦਿਆਂਗੇ। ਇਨ੍ਹਾਂ ਨੂੰ ਲੋਨ ਮੁਆਫ ਕਰਵਾ ਦਿਓਗੇ ਜਾਂ ਨਹੀਂ, ਸਾਨੂੰ ਇਸ ਨਾਲ ਮਤਲਬ ਨਹੀਂ ਹੈ। ਸਾਡਾ ਮਤਲਬ ਹੈ ਕਿ ਜਿਹੜਾ ਪ੍ਰਾਈਵੇਟ ਮਿੱਲਾਂ ਦਾ ਪੈਸਾ ਪਿਆ ਹੈ, ਉਹ ਕਿਸਾਨ ਨੂੰ ਕਦੋਂ ਮਿਲੇਗਾ। And what we have done for the cooperative mills 2009 ਦੇ ਵਿੱਚ ਇੱਥੇ ਕੈਪਟਨ ਕੰਵਲਜੀਤ ਸਿੰਘ ਜੀ ਬੈਠੇ ਸਨ। ਜਦੋਂ ਗੱਲ ਆਈ ਕਿ

ਕੋਆਪਰੇਟਿਵ ਦੀਆਂ ਸ਼ੂਗਰ ਮਿੱਲਜ਼ ਬੰਦ ਹੋ ਰਹੀਆਂ ਹਨ ਤਾਂ ਉਨ੍ਹਾਂ ਨੇ ਖੜ੍ਹ ਕੇ ਕਿਹਾ ਸੀ we will make the arrangements, we will make them viable, ਇਨ੍ਹਾਂ ਨੂੰ ਬੰਦ ਨਹੀਂ ਕਰਦੇ, ਅਸੀਂ ਇਨ੍ਹਾਂ ਨੂੰ ਚਲਾਵਾਂਗੇ, ਕੋ-ਜੈਨਰੇਸ਼ਨ ਯੂਨਿਟਸ ਲਾਵਾਂਗੇ। A to Z ਕੰਪਨੀ ਨੂੰ ਠੇਕੇ ਦਿੱਤੇ ਸਨ। ਪੰਜ ਦੇ ਨੀਂਹ ਪੱਥਰ ਵੀ ਰੱਖੇ ਸਨ। ਮੈਂ ਸਰਕਾਰ ਤੋਂ ਪੁੱਛਣਾ ਚਾਹੁੰਦਾ ਹਾਂ ਕਿ what has happened. ਜੈਨਰੇਸ਼ਨ ਦਾ ਮਸਲਾ ਅਤੇ ਉਸ ਨੂੰ ਵਾਇਬਲ ਕਰਨ ਦਾ ਕੀ ਬਣਿਆ ਹੈ? ਬਾਹਰ ਜਾਂਦੇ ਹਾਂ, ਅੰਦਰ ਜਾਂਦੇ ਹਾਂ, ਅਸੀਂ ਕਿਹੜੇ ਸਾਲਾਂ ਦੀ ਤਕਨਾਲੋਜੀ ਲਈ ਫਿਰਦੇ ਹਾਂ। ਹਰੇਕ ਵਾਰੀ ਗੱਲ ਆ ਜਾਂਦੀ ਹੈ। ਇਨ੍ਹਾਂ ਨੂੰ ਪੁੱਛ ਲਉ। ਇਹ ਕਹਿ ਦਿੰਦੇ ਹਨ ਕਿ ਮਹਾਂਰਾਸ਼ਟਰ ਦਾ ਸ਼ੂਗਰ ਲੈਵਲ ਕੰਟੈਂਟ ਜ਼ਿਆਦਾ ਹੈ। ਇਹ ਤਾਂ ਪਤਾ ਨਹੀਂ ਪਰ ਸਾਡੇ ਕਿਸਾਨ ਨੂੰ ਸਟਰੈੱਸ ਨਾਲ ਬਲੱਡ ਸ਼ੂਗਰ ਹੋ ਗਈ ਹੈ। ਗੰਨੇ ਵਿੱਚ ਸ਼ੂਗਰ ਕੰਟੈਂਟ ਹੈ ਨਹੀਂ, ਕਹਿੰਦੇ ਹਨ ਕਿ 9% ਹੈ। ਪਰ ਕੋਈ ਤਕਨਾਲੋਜੀ ਤਾਂ ਵਧਾਈ ਜਾ ਸਕਦੀ ਹੈ ਪਰ ਆਪਣੀ ਮਿੱਟੀ ਦੀ ਸਟਰੈਂਥ ਤਾਂ ਨਹੀਂ ਵੱਧ ਸਕਦੀ, ਤਕਨਾਲੋਜੀ ਤਾਂ ਇੰਪਰੂਵ ਹੋ ਸਕਦੀ ਹੈ। Have any steps been taken? ਜੇਕਰ ਇੱਕ ਰੈਜ਼ੋਲਿਊਸ਼ਨ ਲੈ ਕੇ ਆਏ ਹਨ ਤਾਂ ਇਸ ਤੇ ਵੀ ਚਾਨਣਾ ਪਾਉਣ ਕਿ ਉਨ੍ਹਾਂ ਮਿੱਲਾਂ ਨੂੰ ਕਿਵੇਂ ਵਾਇਬਲ ਬਣਾਵਾਂਗੇ ਜਾਂ ਇਹ ਡਾਈਵਰਸੀਫਿਕੇਸ਼ਨ ਵਾਲਾ ਖੇਲ ਬੰਦ ਕਰੋ। ਐਵੇਂ ਕਿਸਾਨਾਂ ਨੂੰ ਕਹੀ ਜਾਂਦੇ ਹਾਂ ਕਿ ਗੰਨਾ ਬੀਜ ਲਉ, ਪਰ ਪੈਸੇ ਦੇਣ ਲਈ ਹੈ ਨਹੀਂ। ਪ੍ਰਾਈਵੇਟ ਵਾਲੇ ਜਵਾਬ ਦੇ ਖੜ੍ਹੇ ਹਨ ਕਿ ਸਾਡੇ ਤਾਂ ਇਹ ਵਾਇਬਲ ਨਹੀਂ ਹੈ, ਇਨ੍ਹਾਂ ਨੂੰ ਬੰਦ ਕਰ ਦਿਆਂਗੇ। ਸਪੀਕਰ ਸਾਹਿਬ, ਕਿਸਾਨ ਕਿੱਧਰ ਜਾਵੇਗਾ?

ਸਪੀਕਰ ਸਾਹਿਬ, ਤੁਸੀਂ ਕਹੋਗੇ ਕਿ ਟਾਈਮ ਬਹੁਤ ਲਈ ਜਾਂਦਾ ਹੈ, ਮੈਂ ਮੁੜ ਕੇ ਮੌਕੇ ਦੀ ਗੱਲ ਤੇ ਆਉਣ ਲੱਗਾ ਹਾਂ। Why it all started? ਅੱਜ ਜਾਂ ਕੱਲ੍ਹ ਸਾਡੇ ਐਗਰੀਕਲਚਰ ਮਨਿਸਟਰ ਸਾਹਿਬ ਦੀ ਸਟੇਟਮੈਂਟ ਲੱਗੀ ਸੀ that this is a natural calamity. I think the House has to discuss whether it is man made disaster or is it a natural calamity. ਇਸ ਵਿੱਚ ਜਦੋਂ ਤੱਕ ਤੁਸੀਂ ਤੱਥ ਨਹੀਂ ਦੇਖੋਗੇ ਤਾਂ ਕੁਝ ਸਮਝ ਨਹੀਂ ਆਵੇਗਾ। ਇਸ ਵਿੱਚ ਹੈ ਕੀ? I could be totally wrong, but I am basing my own observation on certain facts and figures which I have. Because

[ਸ਼੍ਰੀ ਸੁਨੀਲ ਜਾਖੜ]

I believe, this is an annual natural recurrence which has been aggravated by the human greed and turned into natural calamity and responsibility lies solely with you. Why? ਸਪੀਕਰ ਸਾਹਿਬ, ਇਹ ਚਿੱਟੀ ਮੱਖੀ ਅੱਜ ਪਹਿਲੀ ਵਾਰ ਤਾਂ ਨਹੀਂ ਆਈ। ਇਸ ਵਾਸਤੇ what were the steps taken. Why it happened? It could have been avoided. ਇਸ ਦਾ ਥੋੜ੍ਹਾ ਜਿਹਾ ਪਿਛੋਕੜ ਦੇਖੀਏ। ਅੱਜ ਜਿਨ੍ਹਾਂ ਲੋਕਾਂ ਨੂੰ ਉਤਾਰਿਆ ਗਿਆ ਹੈ, ਅਗਾਂਹ-ਪਿਛਾਂਹ ਕੀਤਾ ਗਿਆ ਹੈ। I don't know whether he has been removed, whether he has been shifted or whether he has been suspended. ਵਲਟੋਹਾ ਸਾਹਿਬ, 2010 ਵਿੱਚ ਸਬਸਿਡੀ ਤੇ ਬੀਜ ਦਿੱਤੇ ਗਏ ਸਨ।

ਮਾਨਯੋਗ ਸਪੀਕਰ : ਕੀ ਤੁਸੀਂ ਚਾਹੁੰਦੇ ਹੋ ਕਿ ਉਹ ਤੁਹਾਨੂੰ ਟੋਕਣ।

ਸ਼੍ਰੀ ਸੁਨੀਲ ਜਾਖੜ : ਨਹੀਂ ਜੀ। I am going to seek his help. ਟੋਕਣ ਵਾਸਤੇ ਨਹੀਂ He was the partner. He was the senior member in the committee, we both were members in that Committee. ਉਦੋਂ ਸੀਡ ਸਕੈਮ ਹੋਇਆ ਸੀ, ਉਦੋਂ 700 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਕਿਸਾਨਾਂ ਨੂੰ ਦੇਣ ਵਾਸਤੇ ਆਇਆ ਸੀ, ਪਰ ਸਿਰਫ 500 ਰੁਪਿਆ ਦਿੱਤਾ ਗਿਆ। 200 ਰੁਪਿਆ ਸਰਕਾਰ ਇੱਥੇ ਮਾਨਯੋਗ ਮੈਂਬਰ ਹੁਣ ਹੈ ਨਹੀਂ, ਉਦੋਂ ਦੇ ਖੇਤੀਬਾੜੀ ਮੰਤਰੀ ਨੇ ਐਕਸਪਲੇਨੇਸ਼ਨ ਦਿੱਤੀ ਕਿ ਇਸ ਨਾਲ ਪਹਾੜ ਟੁੱਟ ਜਾਣਾ ਸੀ। ਲੋਕਾਂ ਨੇ ਆਟੇ ਵਿੱਚ ਇਸਤੇਮਾਲ ਕਰ ਲੈਣਾ ਸੀ, ਇਹ ਕਰ ਲੈਣਾ ਸੀ, ਉਹ ਕਰ ਲੈਣਾ ਸੀ। ਮੋਟੀ ਗੱਲ ਸੀ ਕਿ ਸੈਂਟਰ ਤੋਂ 200 ਰੁਪਿਆ ਕੁਇੰਟਲ ਲਈ ਕਿਸਾਨ ਵਾਸਤੇ ਪੈਸਾ ਆਇਆ ਸੀ ਅਤੇ ਛਕਿਆ ਗਿਆ। ਕਿੱਥੇ ਛਕਿਆ ਗਿਆ? ਇਸ ਲਈ ਇੱਕ ਕਮੇਟੀ ਬਣੀ ਸੀ। Speaker Sahib, was kind enough, Hon'ble Chief Minister was there and in a good deed ਇਨ੍ਹਾਂ ਨੇ ਵਲਟੋਹਾ ਸਾਹਿਬ ਤੇ ਮੇਰੀ ਕਮੇਟੀ ਬਣਾ ਦਿੱਤੀ। ਅਸੀਂ ਮੁਕਤਸਰ, ਬਠਿੰਡਾ, ਲੁਧਿਆਣਾ ਸਾਰੇ ਪਾਸੇ ਜਾ ਕੇ ਕਿਸਾਨਾਂ ਨੂੰ ਮਿਲੇ, ਏ.ਡੀ.ਓਜ਼. ਨੂੰ ਬੁਲਾਇਆ। ਸਪੀਕਰ ਸਾਹਿਬ, ਇਹ ਫਾਈਲ ਅੱਜ ਵੀ ਤੁਹਾਡੇ ਕੋਲ ਪਈ ਹੈ because it was never Tabled. 2011 ਵਿੱਚ ਇਹ ਰਿਪੋਰਟ ਸਬਮਿਟ ਹੋਈ ਅਤੇ ਫਿਰ ਇਲੈਕਸ਼ਨ ਆ ਗਿਆ ਸੀ। ਬਠਿੰਡਾ ਦੇ

ਏ.ਡੀ.ਓ. ਨੂੰ ਬੜਾ ਕਿਹਾ, ਕਿਉਂਕਿ ਵਲਟੋਹਾ ਸਾਹਿਬ ਕੋਲ ਸ਼ਿਕਾਇਤ ਆ ਗਈ ਕਿ ਜਾਖੜ ਸਾਹਿਬ ਤਾਂ ਪਰਸਨਲ ਤਰੀਕੇ ਨਾਲ ਚਲ ਰਹੇ ਹਨ and he is on a vendetta mode, ਪੁਲੀਟੀਕਲ ਵੈਨਡੈਟਾ ਕਰਕੇ ਸਾਨੂੰ ਟੰਗਣ ਨੂੰ ਫਿਰਦੇ ਹਨ। ਕਈ ਨੋਟ ਵੀ ਆਏ, ਇਨ੍ਹਾਂ ਨੂੰ ਆ ਕੇ ਸਵੇਰੇ ਸ਼ਾਮ ਮਿਲੇ ਵੀ ਕਿ ਜਾਖੜ ਤਾਂ ਸਾਡੇ ਮਗਰ ਪਿਆ ਹੈ, ਸਾਨੂੰ ਟੰਗਣਾ ਤਾਂ ਰਾਜਨੀਤਿਕ ਹੈ। ਇਨ੍ਹਾਂ ਨੇ ਮਾੜਾ ਜਿਹਾ ਮੈਨੂੰ ਕਿਹਾ ਕਿ ਜਾਖੜ ਸਾਹਿਬ, ਤੁਹਾਡੇ ਵਾਲੇ ਪਾਸੇ ਤਾਂ ਇਹ ਹੈ, Sir, I requested him to make a random sampling, ਉਥੇ ਬਿਠਾ ਕੇ ਫਾਰਮੂਲੇ ਤਹਿਤ pick up every fourth entry from the register. ਐਗਰੀਕਲਚਰ ਅਫਸਰ ਦੀ ਡਿਊਟੀ ਲਗਾ ਦਿੱਤੀ ਕਿ ਤੁਸੀਂ ਜਾਂਚ ਕਰਕੇ ਦੱਸੋ। ਜਿਹੜੀ ਰਿਪੋਰਟ ਤੁਹਾਡੇ ਕੋਲ ਪਈ ਹੈ, ਉਸ ਨੂੰ ਝਾੜ ਕੇ ਮਾਨਯੋਗ ਸੀ.ਐਮ.ਸਾਹਿਬ ਤੇ ਉਨ੍ਹਾਂ ਨੇ ਕਿਹਾ ਕਿ 80 to 90% of the entries are fictitious. (ਆਪੋਜ਼ੀਸ਼ਨ ਬੈਂਚਿਜ਼ ਵੱਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਲੁਧਿਆਣੇ ਵਾਲੇ ਸਾਡੇ ਕੋਲ ਚੱਲ ਕੇ ਆਏ ਅਤੇ ਕਹਿੰਦੇ ਕਿ ਸਾਨੂੰ ਨਾ ਮਾਰੋ, we are small fries. ਬਿਲਕੁਲ ਬੋਗਸ ਕੰਮ ਹੈ। ਸਾਰਾ ਕੁਝ ਇਨ੍ਹਾਂ ਦੇ ਕਹਿਣ ਨਾਲ ਹੋਇਆ ਹੈ। ਸਪੀਕਰ ਸਾਹਿਬ, ਉਹ ਅਫਸਰ ਕਿਹੜੇ ਸਨ, ਮੈਂ ਇਨ੍ਹਾਂ ਨੂੰ ਛੇੜਣ ਵਾਸਤੇ ਨਹੀਂ ਕਹਿ ਰਿਹਾ। ਮੈਂ ਉਨ੍ਹਾਂ ਅਫਸਰਾਂ ਦਾ (ਅਫਸਰ ਗੈਲਰੀ ਵੱਲ ਵੇਖਦੇ ਹੋਏ) ਨਾਂ ਲੈ ਦੇਵਾਂ ਜਾਂ ਨਾ ਲਵਾਂ, because they are not part of the House. Speaker Sahib, present Director who has been removed he was then the Seed Certification Incharge. ਜਿਹੜੇ ਸ਼੍ਰੀਮਾਨ ਨੂੰ ਹੁਣ ਕਮਿਸ਼ਨਰ ਐਗਰੀਕਲਚਰ ਬਣਾ ਰੱਖਿਆ ਹੈ, He was then the Director Agriculture. ਮੈਂ ਸਮਝਦਾ ਸੀ ਕਿ ਇਨ੍ਹਾਂ ਸਾਰਿਆਂ ਦੇ ਖਿਲਾਫ ਕੋਈ ਕਾਰਵਾਈ ਹੋਵੇਗੀ। ਉਹ ਰਿਪੋਰਟ ਇਥੇ ਹੀ ਨੱਪ ਦਿੱਤੀ ਅਤੇ ਕੁਝ ਵੀ ਨਹੀਂ ਹੋਇਆ। ਫਿਰ ਹਾਈ ਕੋਰਟ ਵਿਚ ਗਏ ਅਤੇ ਹਾਈ ਕੋਰਟ ਨੇ ਹੁਕਮ ਕੀਤਾ ਕਿ ਕੇਸ ਰਜਿਸਟਰ ਕਰੋ ਅਤੇ ਚਾਰਜਸ਼ੀਟ ਕਰੋ। ਕਿਉਂਕਿ ਇਹ ਦੋਨੋਂ ਸ਼੍ਰੀਮਾਨ, ਜਿਨ੍ਹਾਂ ਦਾ ਮੈਂ ਨਾਂ ਨਹੀਂ ਲੈ ਸਕਦਾ, Am I permitted to name them or not Sir?

ਮਾਨਯੋਗ ਸਪੀਕਰ : ਨਹੀਂ, ਜਿਹੜਾ ਆਦਮੀ ਇਸ ਹਾਊਸ ਵਿਚ ਪ੍ਰੈਜ਼ੈਂਟ ਨਹੀਂ ਅਤੇ ਆਪਣੀ ਪੁਜ਼ੀਸ਼ਨ ਐਕਸਪਲੇਨ ਨਹੀਂ ਕਰ ਸਕਦਾ, ਉਨ੍ਹਾਂ ਦਾ ਨਾਂ ਨਹੀਂ ਲਿਆ ਜਾ ਸਕਦਾ।

ਸ਼੍ਰੀ ਸੁਨੀਲ ਜਾਖੜ : ਚਲੋ, ਨਾਂ ਨਹੀਂ ਲੈਂਦਾ। ਹੁਣ ਦੇ ਕਮਿਸ਼ਨਰ ਸਾਹਿਬ ਤੇ ਉਹ ਡਾਇਰੈਕਟਰ ਉਸ ਵੇਲੇ ਕਜ਼ਾਕਿਸਤਾਨ ਤੁਰੇ ਫਿਰਦੇ ਸਨ, ਜਦੋਂ ਬੀਜ ਬੀਜਣ ਦਾ ਸਮਾਂ ਸੀ। ਇਹ ਕਹਿੰਦੇ ਸਨ ਕਿ 15 ਨਵੰਬਰ ਤੱਕ ਆਈਡੀਅਲ ਟਾਈਮ ਬੀਜ ਬੀਜਣ ਦਾ ਹੁੰਦਾ ਹੈ, ਉਸ ਵੇਲੇ ਇਹ ਅਫਸਰ ਕਜ਼ਾਕਿਸਤਾਨ ਵਿਚ ਸੀ। ਹੁਣ ਜਿਹੜੇ ਮਹਿਕਮੇ ਨੂੰ ਵੇਖਦੇ ਹਨ, ਇਥੇ ਸੀਨੀਅਰ ਅਫਸਰ ਬੈਠੇ ਹਨ। ਸਪੀਕਰ ਸਾਹਿਬ, I am sorry to say, not only that man was spared, but both of them were also promoted. ਜਿਹੜੇ ਆਪਣੇ ਆਪ ਨੂੰ ਸੀਨੀਅਰ ਕਹਿੰਦੇ ਹਨ, ਉਸ ਬੰਦੇ ਨੂੰ ਬੁਲਾਉਣ ਦੀ ਹਿੰਮਤ ਨਹੀਂ ਸੀ ਪੈਂਦੀ। He was reporting directly to the Chief Minister. ਉਸ ਨੂੰ ਛੇੜਣ ਦੀ ਕਿਸੇ ਵਿਚ ਹਿੰਮਤ ਨਹੀਂ ਸੀ। ਇਹ ਵੀ ਹਿਸਟਰੀ ਵਿਚ ਨਾਂ ਆਵੇਗਾ। ਇਹ ਠੀਕ ਰਹਿਣਾ ਸੀ ਅਗਰ ਉਸ ਸਮੇਂ ਉਨ੍ਹਾਂ ਉਤੇ ਕਾਰਵਾਈ ਹੋ ਜਾਂਦੀ, ਜਿਵੇਂ ਕਹਿੰਦੇ ਹਨ ਕਿ ਇੱਕ ਕਾਂ ਮਾਰ ਕੇ ਟੰਗ ਦਿਉ, ਹੋਰ ਕੋਈ ਨੇੜੇ ਨਹੀਂ ਲੱਗਦਾ। We had asked for independent CBI inquiry. ਜੇਕਰ ਉਹ ਟੰਗੇ ਹੁੰਦੇ ਤਾਂ ਅੱਜ ਇਸ ਤਰ੍ਹਾਂ ਦੇ ਹਾਲਾਤ ਨਹੀਂ ਸੀ ਬਣੇ ਹੋਣੇ। ਅੱਜ ਉਨ੍ਹਾਂ ਲੋਕਾਂ ਨੂੰ ਸਜ਼ਾ ਤਾਂ ਕੀ ਦੇਣੀ ਸੀ ਸਗੋਂ ਉਨ੍ਹਾਂ ਨੂੰ ਪਰਮੋਟ ਕਰਕੇ ਅੱਗੇ ਤੋਰ ਦਿੱਤਾ, ਸ਼ਾਬਾਸ਼! ਇਕ ਆਹ ਆਪਰਚੂਨਿਟੀ ਸੀ। When an opportunity arose again, presented itself again, by luck, per chance ਮੋਗੇ ਕੋਲ 51 ਲੱਖ ਰੁਪਏ ਫੜੇ ਗਏ। ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ where was that money coming from? ਉਸ ਦਾ ਕੀ ਹੋਇਆ? ਉਸ ਪੈਸੇ ਦੀ ਕੀ ਇਨਕੁਆਇਰੀ ਹੋਈ? ਉਹ ਪੈਸਾ ਕਿਸ ਕੋਲ ਜਾ ਰਿਹਾ ਸੀ? ਕੌਣ ਲੈ ਕੇ ਜਾ ਰਿਹਾ ਸੀ। ਕਿਸ ਨੂੰ ਦੇਣ ਜਾ ਰਿਹਾ ਸੀ? ਪੇਪਰਾਂ ਵਿਚ ਇਲਜ਼ਾਮ ਲੱਗੇ ਸਨ ਕਿ ਉਹ ਪੈਸਾ ਬੀਜ ਵਾਲਿਆਂ ਦਾ ਸੀ (ਵਿਘਨ) ਸਪੀਕਰ ਸਾਹਿਬ, ਥੋੜ੍ਹਾ ਜਿਹਾ ਧਿਆਨ ਕਰ ਲਵੋ ਜੀ।

ਮਾਨਯੋਗ ਸਪੀਕਰ : ਹਾਂ ਜੀ, ਹਾਂ ਜੀ।

ਸ਼੍ਰੀ ਸੁਨੀਲ ਜਾਖੜ : ਤੁਸੀਂ ਥੋੜ੍ਹਾ ਜਿਹਾ ਉਧਰ ਧਿਆਨ ਕਰ ਲੈਂਦੇ ਹੋ,

ਫਿਰ ਗੱਲ ਕਰਨ ਦਾ ਸੁਆਦ ਜਿਹਾ ਨਹੀਂ ਆਉਂਦਾ। ਫਿਰ ਤੁਸੀਂ ਕਹਿੰਦੇ ਹੋ ਕਿ ਮੇਰੇ ਥਰੂ ਗੱਲ ਕਰਿਆ ਕਰੋ।

ਮਾਨਯੋਗ ਸਪੀਕਰ : ਨਹੀਂ, ਨਹੀਂ। ਦੱਸੋ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਉਸ ਦਾ ਪਤਾ ਲੱਗਣਾ ਚਾਹੀਦਾ ਹੈ ਕਿ ਉਹ ਪੈਸਾ ਕਿਥੋਂ ਆਇਆ ਸੀ ਅਤੇ ਕਿੱਥੇ ਜਾ ਰਿਹਾ ਸੀ। ਅਗਰ ਬੀਜ ਦੇ ਵਿਚ ਇਸ ਤਰ੍ਹਾਂ ਹੋ ਰਿਹਾ ਹੈ। ਅੱਜ ਸਾਡੇ ਡਾਇਰੈਕਟਰ ਸਾਹਿਬ ਕਹਿ ਰਹੇ ਹਨ ਕਿ ਕਿਸਾਨ ਕਮਲਾ ਹੈ ਕਿ ਉਨ੍ਹਾਂ ਨੇ ਜਿਹੜਾ ਅਸੀਂ ਬੀਜ ਲਗਾਉਣ ਨੂੰ ਕਿਹਾ ਸੀ, ਉਹ ਨਹੀਂ ਲਗਾਇਆ ਅਤੇ ਹੋਰ ਬੀਜ ਬੀਜ ਦਿੱਤਾ। ਉਸ ਦੇ ਨਾਲ ਉਨ੍ਹਾਂ ਦੋ ਗੱਲਾਂ ਕਹੀਆਂ ਸਨ, ਤੁਸੀਂ ਸ਼ਾਇਦ ਧਿਆਨ ਨਹੀਂ ਦਿੱਤਾ ਹੋਣਾ। ਅਸੀਂ ਧਿਆਨ ਵਿਚ ਲਿਆਉਂਦੇ ਹਾਂ ਕਿਉਂਕਿ ਸਾਡੇ ਤਾਂ ਹੱਡਾਂ ਉਤੇ ਵੱਜਦੀ ਹੈ। ਇਕ ਤਾਂ ਕਹਿੰਦੇ ਕਿ ਸਾਨੂੰ ਪੁੱਛ ਕੇ ਬੀਜ ਨਹੀਂ ਪਾਇਆ, ਦੂਜੀ ਗੱਲ ਕਹੀ ਕਿ ਕਿਸਾਨਾਂ ਵਿਚੋਂ ਕਿਸੇ ਨੇ ਅਗੇਤੀ ਬੀਜ ਦਿੱਤੀ ਅਤੇ ਕਿਸੇ ਨੇ ਪਛੇਤੀ ਬੀਜ ਦਿੱਤੀ। ਡਾਇਰੈਕਟਰ ਸਾਹਿਬ ਅਤੇ ਵੀ.ਸੀ. ਸਾਹਿਬ ਨੂੰ ਕੋਈ ਪੁੱਛਣ ਵਾਲਾ ਹੋਵੇ ਕਿ ਭਾਈ ਕਦੀ ਜਾ ਕੇ ਉਹ ਇਲਾਕਾ ਸੰਭਾਲਿਆ ਹੈ? ਉਥੇ ਪਾਣੀ ਜਾਵੇਗਾ ਤਾਂ ਹੀ ਕੋਈ ਬੀਜੇਗਾ, ਉਥੇ ਪਾਣੀ ਨਹੀਂ ਹੈ। ਪੰਜਾਬ ਡੁੱਬੀ ਜਾਂਦਾ ਹੈ, ਡੈਮ ਭਰੇ ਪਏ ਹਨ, ਚੀਮਾ ਸਾਹਿਬ (ਸਰਦਾਰ ਨਵਤੇਜ ਸਿੰਘ ਚੀਮਾ) ਤੁਹਾਡੇ ਇਲਾਕੇ ਵਿੱਚ ਸਤਲੁਜ ਵਿਚ ਫਲੱਡ ਆ ਗਿਆ ਸੀ ਪਰ ਅਬੋਹਰ ਦੇ ਇਲਾਕੇ ਵਿਚ ਪਾਣੀ ਨਹੀਂ ਸੀ। ਅਸੀਂ ਅਬੋਹਰ ਅਤੇ ਫਾਜ਼ਿਲਕਾ ਵਿਚ ਧਰਨੇ ਲਗਾ ਰਹੇ ਸੀ ਕਿ ਸਾਡੇ ਉਥੇ ਟੇਲਾਂ ਤੇ ਹੋਣ ਕਰਕੇ ਪਾਣੀ ਨਹੀਂ ਪਹੁੰਚਦਾ। ਉਦੋਂ ਲੋਕਾਂ ਨੇ ਬੜੀ ਦਾਦ ਦਿੱਤੀ ਕਿ ਰੱਬ ਮਿਹਰਬਾਨ ਹੋ ਗਿਆ ਤੇ ਮੀਂਹ ਪੈ ਗਿਆ ਅਤੇ ਲੋਕਾਂ ਨੇ ਫਸਲ ਦੀ ਬਿਜਾਈ ਕਰ ਦਿੱਤੀ। ਹੁਣ ਉਹ ਲੋਕ ਸੋਚਦੇ ਸਨ ਕਿ ਰੱਬ ਨੇ ਸਾਡੀਆਂ ਜੜ੍ਹਾਂ ਵਿਚ ਹੀ ਬੈਠਣਾ ਸੀ। ਨਾ ਬਰਸਾਤ ਹੁੰਦੀ ਤੇ ਨਾ ਹੀ ਬੀਜਦੇ ਅਤੇ ਨਾ ਹੀ ਨੁਕਸਾਨ ਹੁੰਦਾ। ਨਾ ਨੌ ਮਣ ਤੇਲ ਹੁੰਦਾ ਅਤੇ ਨਾ ਰਾਧਾ ਨੱਚਦੀ। ਨਾ ਮੀਂਹ ਪੈਂਦਾ, ਨਾ ਨਰਮਾ ਬੀਜਦੇ ਅਤੇ ਨਾ ਹੀ ਨੁਕਸਾਨ ਹੁੰਦਾ। ਸਪੀਕਰ ਸਾਹਿਬ, ਮੈਂ ਇਸ ਦੇ ਨਾਲ ਰਿਲੇਟਡ ਪਾਣੀ ਦੀ ਗੱਲ ਕਰਦਾ ਹਾਂ। ਮਾਨਯੋਗ ਸੀ.ਐਮ. ਸਾਹਿਬ ਬੈਠੇ ਹਨ, ਮੈਂ ਉਨ੍ਹਾਂ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ। ਸੀ.ਐਮ. ਸਾਹਿਬ, ਮੈਂ ਗੁਸਤਾਖੀ ਕਰ ਰਿਹਾ ਹਾਂ ਪਰ ਇਹ ਪਾਣੀ ਦਾ ਕੰਮ

[ਸ਼੍ਰੀ ਸੁਨੀਲ ਜਾਖੜ]

ਹੈ। ਇੱਕ ਪਾਸੇ ਤਾਂ ਪੀਣ ਵਾਲਾ ਪਾਣੀ ਨਹੀਂ ਹੈ। ਜਦੋਂ ਸਤੰਬਰ ਵਿੱਚ ਬਰਸਾਤ ਆਈ, ਇਕਦਮ ਬਰਸਾਤ ਹੋਈ। ਸੀ. ਐਮ. ਸਾਹਿਬ ਦੇ ਹਲਕੇ ਵਿੱਚ ਤਾਂ ਪੰਪ ਦੇ ਦਿੱਤੇ, ਡੀਜ਼ਲ ਵੀ ਦੇ ਦਿੱਤਾ ਤੇ ਉਨ੍ਹਾਂ ਸਾਰੇ ਸ਼ੇਰ ਜੱਟਾਂ ਨੇ ਪਾਣੀ ਚੁੱਕ ਚੁੱਕ ਕੇ ਸੇਮ ਨਾਲੇ ਵਿੱਚ ਠੋਕਿਆ। ਸੇਮ ਨਾਲੇ ਦੀ ਕਪੈਸਿਟੀ ਨਹੀਂ ਸੀ ਤੇ ਸੇਮ ਨਾਲਾ ਸਾਡੇ ਕੋਲ ਆ ਕੇ ਖੁੱਲ੍ਹਦਾ ਹੈ ਤੇ ਉਥੇ ਆ ਕੇ ਜਿਵੇਂ ਡਿੱਗਿਆ, ਅੱਜ ਸਾਡੇ ਹਲਕੇ ਵਿੱਚ ਬੈਕ ਅੱਪ ਨਹੀਂ ਰਿਹਾ । Certain pockets are water-logged ਉਥੇ ਕੁਝ ਨਹੀਂ ਹੁੰਦਾ । ਇਨ੍ਹਾਂ ਨੂੰ ਰਿਕੁਐਸਟ ਕੀਤੀ ਸੀ C.M. Sahib was kind enough, ਉਹ ਪਿੰਡ ਖੂਹੀਆਂ ਸਰਵਰ ਜਾ ਕੇ ਆਏ। ਇਨ੍ਹਾਂ ਨੇ ਉਥੇ ਬਿਆਨ ਦਿੱਤਾ ਸੀ ਕਿ ਮੈਂ ਇਸ ਮਸਲੇ ਦਾ ਹੱਲ ਕੱਢਾਂਗਾ। ਮਨਮੋਹਨ ਸਿੰਘ ਜੀ ਨੇ ਵੀ to take this waterlogging away, 1200 ਕਰੋੜ ਰੁਪਿਆ underlying pipes ਲਈ ਰਿਲੀਜ਼ ਕਰ ਦਿੱਤਾ ਸੀ ਉਧਰਲੇ ਪਾਸੇ ਕੰਮ ਚਲੀ ਜਾ ਰਿਹਾ ਹੈ ਪਰ ਸਾਡੇ ਵਾਲੇ ਪਾਸੇ ਨਹੀਂ ਚੱਲ ਰਿਹਾ। ਕਿਸ ਵਾਸਤੇ ਉਥੇ ਖਾਲੇ ਤੋੜਨੇ ਪਏ, ਆਪਸ ਵਿਚ ਉਥੇ ਗੋਲੀਆਂ ਚੱਲੀਆਂ, ਪੁਲਿਸ ਨੂੰ ਸੱਤ ਫਾਇਰ ਕਰਨੇ ਪਏ। ਘੁੜਿਆਣਾ ਸਾਹਿਬ ਬੈਠੇ ਨਹੀਂ ਹਨ, ਉਨ੍ਹਾਂ ਦਾ ਹਲਕਾ ਪੈਂਦਾ ਹੈ, ਸ਼ਹੀਦਾਂ ਵਾਲੇ ਪਿੰਡ ਦੀ ਗੱਲ ਕਰਦਾ ਹਾਂ ਉਥੇ ਸੱਤ ਰਾਊਂਡ ਫਾਇਰ ਹੋਏ । ਉਹ ਸੇਮ ਨਾਲੇ ਵਿਚੋਂ ਪਾਣੀ ਤੋੜ ਰਹੇ ਸੀ ਜਿਸ ਕਰਕੇ ਪਾਣੀ ਸਾਡੇ ਪਿੰਡ ਖੂਹੀਆਂ ਸਰਵਰ ਵਿੱਚ ਆ ਰਿਹਾ ਸੀ । ਸੱਤ ਰਾਊਂਡ ਫਾਇਰ ਹੋਏ । 100 ਦੇ ਕਰੀਬ ਬੰਦਿਆਂ ਤੇ ਪਰਚਾ ਦਰਜ ਹੋਇਆ । ਉਨ੍ਹਾਂ ਨੂੰ ਥਾਣਿਆਂ ਵਿੱਚ ਲਿਜਾ ਕੇ ਕੁੱਟਿਆ ਗਿਆ । ਸੀ. ਐਮ. ਸਾਹਿਬ ਜਦੋਂ ਜਾ ਕੇ ਆਏ ਤੇ ਇਨ੍ਹਾਂ ਨੇ ਕਿਹਾ ਕਿ ਜਿਹੜੇ ਖਾਲੇ ਟੁੱਟੇ ਹਨ, ਉਹ ਮੈਂ ਬਣਵਾ ਕੇ ਦਿਆਂਗਾ। ਤੁਸੀਂ ਨਿਸ਼ਚਿੰਤ ਰਹੋ । ਆਨਰੇਬਲ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੀ. ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਨ੍ਹਾਂ ਦੇ ਅੱਜ ਤੱਕ ਖਾਲੇ ਨਹੀਂ ਬਣੇ । ਮੈਂ ਉਨ੍ਹਾਂ ਦੀ ਅੱਜ ਵੀ ਐਪਲੀਕੇਸ਼ਨ ਲੈ ਕੇ ਆਇਆ ਹਾਂ ।ਉਨ੍ਹਾਂ ਨੇ ਸੀ. ਐਮ. ਸਾਹਿਬ ਨੂੰ ਕਿਹਾ ਸੀ ਕਿ ਇਹ ਪੁੱਟ ਅੱਪ ਜ਼ਰੂਰ ਕਰਨਾ। ਜਦੋਂ ਡੀ. ਸੀ. ਸਾਹਿਬ ਕੋਲ ਜਾਂਦੇ ਹਾਂ ਤੇ ਉਹ ਕਹਿੰਦੇ ਹਨ ਕਿ ਇਨ੍ਹਾਂ ਨੇ ਆਰਡਰ ਤਾਂ ਕਰ ਦਿੱਤਾ ਹੈ ਪਰ ਉਹ ਕਹਿੰਦਾ ਹੈ, ਆਰਡਰ ਦਾ ਮੈਂ ਕੀ ਕਰਾਂ, ਬਿਨਾਂ ਪੈਸੇ ਤੋਂ ਮੈਂ ਕਿਧਰੋਂ ਖਾਲੇ ਬਣਾ ਦਿਆਂਗਾ। I hope he will act on his both promises that ਖਾਲੇ ਵੀ ਬਣਨਗੇ ਤੇ ਜਿਹੜਾ ਵਾਟਰ ਲਾਗਿੰਗ ਦਾ ਪੈਸਾ ਹੈ that will be distributed without any prejudice. ਇਸ ਨਾਲ ਰੁੱਕ ਸਕਦਾ ਸੀ । ਤੀਜਾ ਸਟੈਪ ਵੀ

ਸਹੀ ਟਾਈਮ ਸੀ ਉਹ ਅਗਰ ਸਹੀ ਟਾਈਮ ਤੇ ਚੁੱਕਿਆ ਜਾਂਦਾ ਤਾਂ ਉਹ ਸੀ inspection. ਡਿਪਟੀ ਸੀ. ਐਮ. ਸਾਹਿਬ ਨੇ ਕਿਹਾ ਤਾਂ ਉਸ ਦਿਨ ਸਾਰਾ ਡਿਪਾਰਟਮੈਂਟ ਤੁਰਿਆ ਫਿਰਦਾ ਸੀ । ਇੱਥੇ ਗ੍ਰਿਫਤਾਰੀ, ਉਥੇ ਗ੍ਰਿਫਤਾਰੀ । ਫਲਾਣੇ ਤੇ ਪਰਚਾ, ਫਲਾਣੇ ਤੇ ਪਰਚਾ । ਪਹਿਲਾਂ ਕਿਉਂ ਨਹੀਂ ਚੈਕਿੰਗ ਹੋਈ ? ਵੀ. ਸੀ. ਸਾਹਿਬ ਨੂੰ ਕੋਈ ਪੁੱਛਣ ਵਾਲਾ ਹੋਵੇ ਕਿ ਤੁਹਾਡਾ ਕੰਮ ਹੈ ਤੇ ਤੁਸੀਂ ਕਿਸਾਨ ਨੂੰ ਨਾ ਨਸੀਹਤ ਦਿਓ। ਤੁਸੀਂ ਉਸ ਨੂੰ ਦੱਸੋ ਕਿ ਤੁਸੀਂ ਵੈਰਾਇਟੀ ਕਿਹੜੀ ਕੱਢੀ ਹੈ ? ਤੁਸੀਂ ਦੱਸੋ ਕਿ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਵਿੱਚ ਰਿਸਰਚ ਕਰਕੇ ਕਿਸਾਨ ਦੇ ਭਲੇ ਵਾਸਤੇ ਇਹ ਕੁਝ ਕਿਸਾਨ ਨੂੰ ਦਿੱਤਾ ਹੈ? ਦੂਜਾ, ਤੁਸੀਂ ਦੱਸੋ ਕਿ ਐਕਸਟੈਨਸ਼ਨ ਵਰਕ ਕਿਵੇਂ ਕੀਤਾ ਹੈ ? ਸਪੀਕਰ ਸਾਹਿਬ, ਕਿਸਾਨ ਨੂੰ ਪਤਾ ਕਿਵੇਂ ਲੱਗੇਗਾ? What are they recommending? ਕਿਹੜੀ ਰਿਕੁਮੈਂਡੇਸ਼ਨ ਪੀ. ਏ. ਯੂ. ਦੀ ਹੈ? ਦੋ ਮੇਲੇ ਹੋਏ ਸਨ । ਕੱਲ੍ਹ ਵੀ ਮੇਲਾ ਹੋਇਆ ਹੈ ਜਿਸ ਦੀ ਅੱਜ ਰਿਪੋਰਟ ਲੱਗੀ ਹੈ। ਉਸ ਤੇ ਵੀ ਮੈਂ ਆਵਾਂਗਾ ਜੋ ਉਥੇ ਬਠਿੰਡੇ ਵਿੱਚ ਕੱਲ੍ਹ ਹਾਲ ਹੋਇਆ ਹੈ । ਮੇਲਾ ਕਰਵਾ ਕੇ ਕੰਮ ਨਿਬੇੜ ਦਿੱਤਾ, ਕੀ ਕਿਸਾਨ ਨੂੰ ਆਪਣੇ ਆਪ ਪਤਾ ਲੱਗ ਜਾਵੇਗਾ । Who is going to tell him the ideal practices? ਮੈਂ ਮਹਿਕਮੇ ਦੀ ਗੱਲ ਦੱਸਾਂ। ਮਾਨਯੋਗ ਚੀਫ ਮਨਿਸਟਰ ਸਾਹਿਬ ਨੂੰ ਦੱਸਦਾ ਹਾਂ । ਅੱਜ ਦੇ ਦਿਨ ਜਿਹੜਾ ਉਥੇ ਐਗਰੀਕਲਚਰ ਅਫਸਰ ਬੈਠਾ ਹੈ । ਅਬੋਹਰ ਵਿੱਚ ਜੇ ਉਹ ਜਾਵੇ ਤਾਂ ਉਸ ਨੂੰ ਇਹ ਪਤਾ ਹੈ ਕਿ ਇੱਥੇ ਕਿਹੜੇ ਪੈਸਟੀਸਾਈਡਜ਼ ਵਾਲੇ ਦੁਕਾਨਦਾਰ ਹਨ । ਕਿੰਨਾ ਵਿੱਚੋਂ ਮਾਂਜਣਾ ਹੈ ਪਰ ਉਸ ਨੂੰ ਕਿਸਾਨੀ ਦਾ ਪਤਾ ਨਹੀਂ ਕਿ ਕਿਸਾਨ ਕਿੱਥੇ ਹੈ । ਉਸ ਨੂੰ ਇਹ ਵੀ ਪਤਾ ਨਹੀਂ ਕਿ ਕਿੰਨੇ ਰਕਬੇ ਵਿੱਚ ਨਰਮਾ ਲੱਗਿਆ ਹੈ ਤੇ ਇਸ ਦੀ ਕੀ ਖਰਾਬੀ ਹੋਈ ਹੈ । ਸਾਰਿਆਂ ਨੂੰ ਪਤਾ ਹੈ । ਜਿਸ ਦਿਨ ਅਸੀਂ ਸੀ. ਐਮ. ਸਾਹਿਬ ਦੇ ਰੈਜ਼ੀਡੈਂਸ ਤੇ ਧਰਨਾ ਲਗਾਇਆ ਸੀ, ਸ਼ਾਮ ਨੂੰ ਮੇਰੇ ਕੋਲ ਮਾਨਯੋਗ ਐਗਰੀਕਲਚਰ ਮਨਿਸਟਰ ਦਾ ਫੋਨ ਆ ਗਿਆ ਕਿ ਤੁਸੀਂ ਨਰਮੇ ਦੀ ਗੱਲ ਕੀਤੀ ਹੈ । ਬਾਕੀ ਸਾਰੇ ਗੰਨੇ ਦੀ ਗੱਲ ਕਰ ਰਹੇ ਸੀ ਤੇ ਮੈਂ ਨਰਮੇ ਦੀ ਗੱਲ ਕਰ ਰਿਹਾ ਸੀ । ਵਿਚਾਲੇ ਮੈਂ ਆਪਣੀ ਤੂਤੀ ਵਜਾ ਰਿਹਾ ਸੀ । ਇਨ੍ਹਾਂ ਦਾ (ਐਗਰੀਕਲਚਰ ਮਨਿਸਟਰ) ਫੋਨ ਆ ਗਿਆ। He was kind enough. ਮੈਂ ਕਿਹਾ ਕਿ you are the senior-most member of Akali Party . ਇਨ੍ਹਾਂ ਨੇ ਕਿਹਾ ਕਿ ਮੈਂ ਗਿਰਦਾਵਰੀ ਦਾ ਆਰਡਰ ਨਹੀਂ ਕਰ

[ਸ਼੍ਰੀ ਸੁਨੀਲ ਜਾਖੜ]

ਸਕਦਾ । ਮੈਂ ਕਿਹਾ ਕਿ ਤੁਸੀਂ ਸਾਡੇ ਵੱਲੋਂ ਸੀ. ਐਮ. ਸਾਹਿਬ ਨੂੰ ਰਿਕੁਐਸਟ ਕਰੋ। ਕਹਿਣ ਲੱਗੇ ਕਿ ਮੈਂ ਸੀ. ਐਮ. ਸਾਹਿਬ ਨੂੰ ਰਿਕੁਐਸਟ ਕਰ ਦਿਆਂਗਾ । ਮੈਂ ਕਿਹਾ ਕਿ ਉਥੇ ਠੱਗੀ ਮਚੀ ਹੈ । ਉਸ ਤੋਂ ਬਾਅਦ 23 ਜਾਂ 24 ਤਾਰੀਖ ਨੂੰ ਸਾਡੇ ਫਾਜ਼ਿਲਕਾ ਦਾ ਐਗਰੀਕਲਚਰ ਦਾ ਚੀਫ ਆ ਗਿਆ । ਮੈਨੂੰ ਫੋਨ ਆਇਆ ਕਿ ਚੀਫ ਸਾਹਿਬ ਮਿਲਣ ਆਉਣਗੇ । ਮੈਂ ਕਿਹਾ ਕਿ ਪਤਾ ਨਹੀਂ ਕਿਹੜਾ ਚੀਫ ਆ ਗਿਆ ਹੈ । ਅੱਜ ਕਲ੍ਹ ਡਰਦੇ ਹਾਂ ਕਿ ਕਿਹੜਾ ਚੀਫ ਆ ਗਿਆ ਹੈ । ਚੀਫ ਸਾਹਿਬ ਮਿਲਣ ਆ ਗਏ । ਮੈਂ ਕਿਹਾ ਕਿ ਦੱਸੋ, ਚੀਫ ਸਾਹਿਬ । ਉਹ ਕਹਿਣ ਲੱਗੇ, ਮੰਤਰੀ ਜੀ ਨੇ ਹੁਕਮ ਦਿੱਤਾ ਹੈ ਕਿ ਤੁਹਾਡੀ ਕੋਈ ਸ਼ਿਕਾਇਤ ਹੈ । ਮੈਂ ਕਿਹਾ ਕਿ ਮੈਂ ਤਾਂ ਧਰਨਾ ਲਗਾ ਕੇ ਉਥੇ ਦੱਸ ਦਿਆਂਗਾ ਪਰ ਇਸ ਤੇ ਨਕੇਲ ਪਾਓ ਤੇ ਜਿਹੜਾ ਕੰਮ ਕਰਨ ਵਾਲਾ ਹੈ, ਉਹ ਕਰੋ । Speaker Sahib, I am sorry to say ਚੀਫ ਸਾਹਿਬ ਤਾਂ ਆ ਕੇ ਚਲੇ ਵੀ ਗਏ, ਮੈਂ ਸਰਦਾਰ ਤੋਤਾ ਸਿੰਘ ਜੀ ਨੂੰ ਅਰਜ਼ ਕਰਨੀ ਚਾਹਾਂਗਾ, ਜਾਂਦਿਆਂ ਜਾਦਿਆਂ ਉਹ ਸਾਰੇ ਪੈਸਟੀਸਾਈਡਜ਼ ਵਾਲਿਆਂ ਤੋਂ ਪੰਜ ਪੰਜ ਹਜ਼ਾਰ ਰੁਪਿਆ ਲੈ ਗਏ। (ਆਪੋਜ਼ੀਸ਼ਨ ਪਾਰਟੀ ਵੱਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) I am saying on the Floor of the House. ਉਹ (ਦੁਕਾਨਦਾਰ) ਸਾਰੇ ਮੇਰੇ ਕੋਲ ਆ ਗਏ ਤੇ ਕਹਿਣ ਲੱਗੇ ਕਿ ਮੁੜ ਕੇ ਨਾ ਬੁਲਾਇਆ ਕਰੋ, ਮਰਵਾ ਦੇਵੋਂਗੇ ਸਾਨੂੰ। ਇਹ ਕੀ ਹੈ? ਤੁਹਾਨੂੰ ਕੋਈ ਮਿਲਣ ਆਇਆ ਤੇ ਸਲਾਹ ਦੇਣ ਦੇ ਇਵਜ਼ ਵਿਚ ਦੰਦ ਘਸਾਈ ਲੈ ਗਿਆ। ਚੀਫ ਸਾਹਿਬ ਆਏ ਅਤੇ ਪੰਜ-ਪੰਜ ਹਜ਼ਾਰ ਰੁਪਏ ਲੈ ਗਏ। ਉਹ ਕਿਸ ਦੇ ਖਾਤੇ ਵਿਚੋਂ ਜਾਏਗਾ। ਤੇਲ ਤਾਂ ਤਿਲਾਂ ਵਿਚੋਂ ਹੀ ਨਿਕਲਣਾ ਹੈ। ਪੈਸਟੀਸਾਈਡਜ਼ ਵਾਲਿਆਂ ਨੇ ਜੇਬ ਵਿਚੋਂ ਤਾਂ ਨਹੀਂ ਦੇਣਾ। ਉਹ ਮਾੜ੍ਹੂੜ ਕਿਸਾਨ ਦੀ ਜੇਬ ਵਿਚੋਂ ਹੀ ਜਾਣਾ ਹੈ। ਉਹ ਸਾਹਿਬ ਉਥੇ ਵੀ ਨਹੀਂ ਟਲੇ ਅਤੇ ਇਹ ਕਹਿੰਦੇ ਹਨ ਅਸੀਂ ਇਸ ਨੂੰ ਰੋਕ ਦਿਆਂਗੇ। ਕਿਵੇਂ ਰੋਕ ਦਿਓਗੇ? ਰੋਕਣ ਵਾਸਤੇ ਟੈਸਟਿੰਗ ਦੀ ਜ਼ਰੂਰਤ ਹੈ। ਰੇਡ ਕਰਨੀ ਹੁੰਦੀ ਹੈ। ਸਪੀਕਰ ਸਾਹਿਬ, ਇਹ ਬਹੁਤ ਸੀਰੀਅਸ ਮਸਲਾ ਹੈ। ਦਵਾਈਆਂ ਦੀ ਘੋਖ ਹੋਣੀ ਚਾਹੀਦੀ ਹੈ, ਟੈਸਟਿੰਗ ਹੋਣੀ ਚਾਹੀਦੀ ਹੈ। ਮੈਂ ਤੁਹਾਡੇ ਰਾਹੀਂ ਹਾਊਸ ਨੂੰ ਜਾਣਕਾਰੀ ਦੇਣੀ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਦੀਆਂ ਪੰਜਾਬ ਦੇ ਵਿੱਚ ਅੰਮ੍ਰਿਤਸਰ, ਲੁਧਿਆਣਾ ਅਤੇ ਬਠਿੰਡਾ ਵਿਖੇ ਤਿੰਨ ਲੈਬਾਰਟਰੀਜ਼ ਹਨ। ਅੰਮ੍ਰਿਤਸਰ ਵਾਲੀ ਤਾਂ ਪਹਿਲੇ ਤੋਂ ਹੀ ਬੰਦ ਪਈ ਹੈ। ਉਹ ਕਹਿੰਦੇ ਹਨ ਕਿ ਸਾਡੇ ਕੋਲ ਕੈਮੀਕਲ ਨਹੀਂ ਹੈ, ਸਾਡੇ

ਕੋਲ ਟੈਸਟਿੰਗ ਵਾਸਤੇ ਨਾ ਭੇਜਿਓ। ਹਰ ਇੱਕ ਲੈਬਾਰਟਰੀ ਦੀ ਕੁਆਂਟਿਟੀ ਅਸਾਈਨਡ ਹੈ। 1300 ਜਾਂ 1350 ਸੈਂਪਲ ਉਨ੍ਹਾਂ ਕੋਲ ਜਾਂਦੇ ਹਨ, ਜਿਨ੍ਹਾਂ ਦੀ ਉਹ ਉਥੇ ਸੈਂਪਲਿੰਗ ਕਰ ਸਕਦੇ ਹਨ। ਜਿਹੜੇ ਲੁਧਿਆਣੇ ਵਾਲੇ ਹਨ, ਉਨ੍ਹਾਂ ਨੇ ਅਗਸਤ ਦੇ ਵਿੱਚ ਇਨ੍ਹਾਂ ਨੂੰ ਲਿਖ ਕੇ ਭੇਜ ਦਿੱਤਾ ਕਿ ਸਾਡੇ ਕੋਲ ਕੈਮੀਕਲ ਖਤਮ ਹੋ ਗਿਆ ਹੈ, ਸਾਡੇ ਕੋਲ ਨਾ ਭੇਜਿਓ। ਇਕੱਲੀ ਬਠਿੰਡੇ ਵਾਲੀ ਲੈਬਾਰਟਰੀ ਚੱਲ ਰਹੀ ਹੈ। You are taking of 2/3 samples which have been approved. ਫਿਰ ਉਹੀ ਗੱਲ ਕਿ ਕਿਥੇ ਭੇਜੋਗੇ, ਕੌਣ ਟੈਸਟ ਕਰੇਗਾ, ਕੌਣ ਵੈਰੀਫਾਈ ਕਰੇਗਾ, ਉਸ ਦੀ ਪੋਟੈਂਸੀ ਆਫ ਪੈਸਟੀਸਾਈਡ, ਪੋਟੈਂਸੀ ਆਫ ਕੈਮੀਕਲ ਕੌਣ ਦੇਖੇਗਾ। ਕੋਈ ਅਦਾਰਾ ਹੈ ਹੀ ਨਹੀਂ। ਅਸੀਂ ਕਹਿੰਦੇ ਹਾਂ ਕਿ ਅਸੀਂ ਹਿੰਦੁਸਤਾਨ ਦਾ ਢਿੱਡ ਪਾਲ ਦਿੱਤਾ। ਉਹ ਤਾਂ ਕਿਸਾਨ ਹੀ ਹੈ ਜਿਹੜਾ ਆਪਣੀ ਹਿੱਕ ਦੇ ਜ਼ੋਰ ਨਾਲ ਕਰੀ ਜਾਂਦਾ ਹੈ, ਬਾਕੀ ਕਿਸਾਨੀ ਨੂੰ ਖਤਮ ਕਰਨ ਵਿਚ ਅਸੀਂ ਕੋਈ ਕਸਰ ਨਹੀਂ ਛੱਡੀ। ਸਪੀਕਰ ਸਾਹਿਬ, ਮੇਰੇ ਕੋਲ ਇੰਸਪੈਕਸ਼ਨ ਦੀ ਰਿਪੋਰਟ ਹੈ। ਮੈਂ ਤੁਹਾਡੀ ਇਹ ਓਟ ਇਸ ਕਰਕੇ ਲਈ ਸੀ ਕਿਉਂਕਿ ਮੇਰੇ ਤੇ ਇਲਜ਼ਾਮ ਲੱਗੇਗਾ ਇਹ ਜਿਹੜੀ ਐਫ.ਆਈ.ਆਰ. ਹੈ, ਇਹ ਅਬੋਹਰ ਦੀ ਹੈ। ਇਹ ਸੇਮ ਉਹੀ ਕੰਪਨੀ ਹੈ ਜਿਸ ਸਬੰਧੀ out of random sampling ਮਾਨਯੋਗ ਹਾਈ ਕੋਰਟ ਨੇ ਆਰਡਰ ਕੀਤਾ ਸੀ ਕਿ ਇਨ੍ਹਾਂ ਤੇ ਪਰਚੇ ਰਜਿਸਟਰ ਕਰੋ, ਫੜ ਕੇ ਅੰਦਰ ਕਰੋ but nothing has been done. ਇਨਕੁਆਇਰੀ ਮਾਰਕ ਹੋ ਗਈ ਪਰ ਉਹ ਸਾਫ਼ ਤੁਰੇ ਫਿਰਦੇ ਹਨ। ਤਿੰਨ-ਚਾਰ ਫਰਮਾਂ ਤੇ ਪਰਚਾ ਦਰਜ ਹੋਇਆ ਸੀ ਪਰ ਕਿਸੇ ਤੇ ਕੋਈ ਐਕਸ਼ਨ ਨਹੀਂ ਹੋਇਆ। But out of these firms, one has turned into a manufacturer from a trader and ਉਹ ਜਿਹੜੇ ਮੇਰੇ ਸ਼ੇਰ ਹਨ, ਉਹ ਇੱਕ ਛੋਟੇ ਦੁਕਾਨਦਾਰ ਤੋਂ ਹੁਣ ਪਰੋਡਿਊਸਰ ਹੋ ਗਏ ਹਨ। ਉਹ ਜ਼ਿੰਕ ਸਲਫੇਟ ਬਣਾਉਂਦੇ ਹਨ। ਮੈਂ ਇਸ ਦੀ ਕਾਪੀ ਟੇਬਲ ਆਫ ਹਾਊਸ ਤੇ ਰੱਖ ਦੇਵਾਂਗਾ। ਜ਼ਿੰਕ ਦਾ ਅਗਸਤ ਮਹੀਨੇ ਦੇ ਅੰਦਰ ਸੈਂਪਲ ਲਿਆ ਗਿਆ। ਉਹ ਮੈਂ ਪੜ੍ਹ ਦਿੰਦਾ ਹਾਂ, ਮੇਰੀ ਗੱਲ ਤੇ ਫਿਰ ਕਿਸੇ ਨੇ ਯਕੀਨ ਨਹੀਂ ਕਰਨਾ। ਲਿਖਿਆ ਹੈ ਕਿ ਜ਼ਿੰਕ ਸਲਫੇਟ 21 ਪ੍ਰਤੀਸ਼ਤ ਦੀ ਬਜਾਏ 0.0 ਪ੍ਰਤੀਸ਼ਤ ਸੀ। ਮੇਰਾ ਸ਼ੇਰ ਮਿੱਟੀ ਵੇਚੀ ਜਾ ਰਿਹਾ ਸੀ। 0.0 ਪ੍ਰਤੀਸ਼ਤ ਸੀ, ਇਹ ਅਗਸਤ ਮਹੀਨੇ ਦੇ ਸੈਂਪਲ ਦਾ ਰਿਜ਼ਲਟ ਹੈ। ਮੇਰਾ ਇਲਜ਼ਾਮ ਕੀ ਹੈ? ਸਪੀਕਰ ਸਾਹਿਬ, ਮੇਰਾ

[ਸ਼੍ਰੀ ਸੁਨੀਲ ਜਾਖੜ]

ਇਲਜ਼ਾਮ ਹੈ ਕਿ ਉਸ ਤੋਂ ਬਾਅਦ ਕੀ ਹੋਇਆ। ਸਾਡੇ ਮਾਨਯੋਗ ਡਾਇਰੈਕਟਰ ਸਾਹਿਬ, ਜਿਨ੍ਹਾਂ ਨੂੰ ਪਰਮੋਟ ਕਰਕੇ ਸੀਡ ਸਰਟੀਫਿਕੇਸ਼ਨ ਅਧਿਕਾਰੀ ਤੋਂ ਡਾਇਰੈਕਟਰ ਬਣਾ ਦਿੱਤਾ ਗਿਆ ਹੈ, ਉਹ ਉਸ ਕੰਪਨੀ ਦੇ ਉਤੇ ਕਾਰਵਾਈ ਕਰਨ ਦੀ ਬਜਾਏ ਉਸ ਕੰਪਨੀ ਵਿੱਚ ਜਾ ਕੇ ਲੱਕੀ ਡਰਾਅ ਕੱਢਦੇ ਹਨ .(ਹਾਸਾ).. ਕੋਈ ਸੂਆ ਦੇ ਦਿਓ ਜਿਸ ਨਾਲ ਸਾਡੇ ਕਿਸਾਨਾਂ ਦੇ ਪਾ ਕੇ ਖੂਨ ਕੱਢ ਲੈਣ। Is this the way the Government is going to run? I want to see action. ਸਪੀਕਰ ਸਾਹਿਬ, ਕੀ ਇਹ ਕੋਈ ਤਰੀਕਾ ਹੈ? ਇਹ ਤਾਂ ਕੋਈ ਗੱਲ ਨਹੀਂ ਬਣਦੀ ਕਿ ਸੁਨੀਲ ਨੇ ਕਹਿ ਦਿੱਤਾ ਇਸ ਕਰਕੇ ਤੁਸੀਂ ਗੱਲ ਰੋਲ ਦਿਓਗੇ । ਮੇਰੇ ਕੋਲ ਐਫ.ਆਈ.ਆਰ. ਦੀ ਕਾਪੀ ਹੈ। I want to see action ਕਿ ਕੀ ਹੋਇਆ, ਕਿੱਧਰ ਗਿਆ, ਕੋਈ ਸਟਾਕ ਸੀਲ ਹੋਇਆ? Whether any stock was sealed? ਕੱਲ੍ਹ ਮੇਰੇ ਕੋਲ ਮੁਕਤਸਰ ਤੋਂ ਟੈਲੀਫੋਨ ਆਇਆ। ਕਹਿੰਦੇ ਜਾਖੜ ਸਾਹਿਬ, ਕੱਲ੍ਹ ਤੁਸੀਂ ਵਿਧਾਨ ਸਭਾ ਵਿੱਚ ਕਿਸਾਨੀ ਤੇ ਬੋਲਣਾ ਹੈ, ਨਰਮੇ ਦੀ ਗੱਲ ਹੈ, ਮਹਿਕਮੇ ਵਾਲਿਆਂ ਨੂੰ ਪੁੱਛ ਕੇ ਤਾਂ ਦੱਸਿਓ ਕਿ ਕਿਸੇ ਦਵਾਈ ਦਾ ਕੋਈ ਸੈਂਪਲ ਫੇਲ੍ਹ ਹੋਇਆ ਹੈ, ਕਿਤੇ ਦੱਸਣ ਤਾਂ ਸਹੀ ਕਿ ਫਲਾਣੀ ਦਵਾਈ ਫੇਲ੍ਹ ਹੋ ਗਈ ਹੈ ਅਤੇ ਲੋਕਾਂ ਨੂੰ ਪਤਾ ਤਾਂ ਲੱਗੇ ਕਿ ਇਹ ਦਵਾਈ ਫੇਲ੍ਹ ਹੋ ਗਈ ਹੈ। ਲੈਬਾਰਟਰੀ ਵਿਚ ਫੇਲ੍ਹ ਹੋ ਜਾਂਦੀ ਹੈ ਤਾਂ ਆਪਸ ਵਿਚ ਗਿੱਟ ਮਿੱਟ ਹੋ ਕੇ ਕੰਮ ਨਿਪਟ ਜਾਂਦਾ ਹੈ, ਦਵਾਈ ਫਿਰ ਵਿਕੀ ਜਾਂਦੀ ਹੈ। ਕੋਈ ਕਿਸੇ ਨੂੰ ਪਤਾ ਤਾਂ ਲੱਗੇ, ਨਹੀਂ ਪਤਾ ਲੱਗਦਾ ਤੇ ਕੰਮ ਚਲੀ ਜਾਂਦਾ ਹੈ। ਸਪੀਕਰ ਸਾਹਿਬ,ਇਹ ਜਿਹੜੀ ਵਾਈਟ ਫਲਾਈ ਹੈ, ਇਸ ਕਾਰਨ ਪਹਿਲਾਂ ਨਰਮਾ ਗਿਆ, ਫੇਰ ਗੁਆਰੀ ਗਈ, ਉਸ ਤੋਂ ਬਾਅਦ ਮੂੰਗ ਖਰਾਬ ਕਰ ਗਈ, ਇੱਧਰੋਂ ਤਾਂ ਹੁਣ ਕੰਮ ਨਿਬੇੜ ਗਈ, ਉਹ ਮਰੀ ਨਹੀਂ ਹੈ। ਸਰਦਾਰ ਤੋਤਾ ਸਿੰਘ ਜੀ ਦਾ ਬਿਆਨ ਲੱਗਾ ਸੀ that only at the larva stage, it can be got killed. ਉਸ ਤੋਂ ਬਾਅਦ ਤਾਂ ਉਹ ਹਵਾ ਹੋ ਗਈ, ਉਹ ਉਡੀ ਫਿਰਦੀ ਹੈ, ਉਸ ਨੇ ਜਾ ਕੇ ਗੁਆਰੀ ਰਗੜ ਦਿੱਤੀ, ਉਸ ਨੇ ਮੂੰਗ ਰਗੜ ਦਿੱਤਾ, ਹੁਣ ਨਰਮਾ ਹੈ ਨਹੀਂ ਹੈ ਤੇ ਹੁਣ ਉਹ ਕਿਸ ਦੇ ਉਤੇ ਆਵੇਗੀ? ਉਥੇ ਸਾਡੇ ਬਾਗ ਹਨ ਉਹ ਉਨ੍ਹਾਂ ਬਾਗਾਂ ਦੇ ਉਤੇ ਜਾ ਕੇ ਬਹਿ ਗਈ । What research is being done?

ਖੇਤੀਬਾੜੀ ਮੰਤਰੀ (ਸਰਦਾਰ ਤੋਤਾ ਸਿੰਘ) (ਬੈਠੇ-ਬੈਠੇ): ਬਾਗਾਂ ਤੋਂ ਹੀ ਆਈ ਸੀ।

ਸ਼੍ਰੀ ਸੁਨੀਲ ਜਾਖੜ : ਠਹਿਰ ਜਾਉ ਜੀ। ਉਹ ਵੀ ਦੱਸ ਦਿਆਂਗਾ ਕਿ ਇਹ ਕਿਥੋਂ ਆਈ ਸੀ।

ਮਾਨਯੋਗ ਸਪੀਕਰ : ਤੁਸੀਂ ਹੁਣ ਕਨਕਲੂਡ ਕਰੋ ਜੀ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਤੁਸੀਂ ਕਮਾਲ ਕਰ ਰਹੇ ਹੋ। ਸਪੀਕਰ ਸਾਹਿਬ, ਅਜੇ ਮੈਂ ਮੇਨ ਮੁੱਦੇ ਉਤੇ ਤਾਂ ਆਇਆ ਹੀ ਨਹੀਂ ਹਾਂ..

Mr.Speaker : You have taken more than an hour.

ਸ਼੍ਰੀ ਸੁਨੀਲ ਜਾਖੜ : ਕੀ ਫਰਕ ਪੈਂਦਾ ਹੈ, ਸਰ, ਆਪਾਂ ਕਿਥੇ ਜਾਣਾ ਹੈ? ਸਪੀਕਰ ਸਾਹਿਬ, ਪਲੀਜ਼, ਮੈਨੂੰ ਅੱਜ ਆਪਣੇ ਦਿਲ ਦੀ ਗੱਲ ਕਹਿ ਲੈਣ ਦਿਉ, ਮੈਂ ਸਰ, ਅੱਜ ਲੀਡਰ ਆਫ ਦਿ ਆਪੋਜ਼ੀਸ਼ਨ ਦੇ ਤੌਰ ਤੇ ਨਹੀਂ ਬੋਲ ਰਿਹਾ I am speaking over here as a farmer. If he is the leader of the farmers, at least I can think to be a leader of the farmers as I have to speak for the farmers. ਸਪੀਕਰ ਸਾਹਿਬ, ਮੈਂ ਗੱਲ ਕਰਕੇ ਰਹਾਂਗਾ, ਇਜਾਜ਼ਤ ਦਿਉ। With your indulgence, I will sum up Speaker Sahib. ਰਿਸਰਚ ਕੌਣ ਕਰੇਗਾ? ਬਠਿੰਡਾ ਵਾਲੀ ਲੈਬ ਦੀ ਗੱਲ ਕੀਤੀ ਹੈ, ਮੈਂ ਕਿਹਾ ਕਿ ਉਥੇ ਲੈਬ ਚੱਲ ਰਹੀ ਹੈ, ਬਠਿੰਡਾ ਵਿਖੇ ਕਾਟਨ ਰਿਸਰਚ ਸੈਂਟਰ ਹੈ, ਉਹ ਕਾਟਨ ਰਿਸਰਚ ਸੈਂਟਰ ਵਿਚੋਂ ਉਨ੍ਹਾਂ ਨੂੰ ਕੋਈ ਹੱਲਾਸ਼ੇਰੀ ਦੇਣ ਦੀ ਬਜਾਏ, ਫਿਰ ਤੁਸੀਂ ਕਹੋਗੇ ਕਿ ਮੈਂ ਨਾਂ ਲੈ ਦਿੱਤਾ, ਮੈਂ ਦੱਸਣਾ ਚਾਹੁੰਦਾ ਹਾਂ ਕਿ ਡਿਪਟੀ ਸੀ.ਐਮ.ਸਾਹਿਬ ਨੇ ਉਨ੍ਹਾਂ ਦੀ ਜ਼ਮੀਨ ਲੈ ਕੇ ਉਥੇ ਸਟੇਡੀਅਮ ਠੋਕ ਦਿੱਤਾ, ਕਹਿੰਦੇ ਕਬੱਡੀ ਖੇਲੋ। ਸਪੀਕਰ ਸਾਹਿਬ, ਕਿਸਾਨਾਂ ਦੇ ਵਾਹਣ ਵਿਹਲੇ ਪਏ ਹਨ ਉਥੇ ਖੇਡੋ। ਸਪੀਕਰ ਸਾਹਿਬ, ਰਿਸਰਚ ਸੈਂਟਰ ਦੀ ਜ਼ਮੀਨ ਲੈ ਕੇ ਕਬੱਡੀ ਖਿਡਾਉਣ ਦੀ ਲੋੜ ਨਹੀਂ ਹੈ। ਗੰਨੇ ਦਾ ਰਿਸਰਚ ਸੈਂਟਰ ਸੀ ਤਾਂ ਉਸ ਨੂੰ ਇੱਥੋਂ ਜਲੰਧਰੋਂ ਚੁੱਕ ਦਿੱਤਾ। ਕਹਿੰਦੇ ਜੀ, ਪ੍ਰਾਈਮ ਪ੍ਰਾਪਰਟੀ ਹੈ। ਉਸ ਨੂੰ ਚੁੱਕ ਕੇ ਲਾਡੋਵਾਲ ਭੇਜ ਦਿੱਤਾ, ਲਾਡੋਵਾਲ ਤੋਂ ਅੰਮ੍ਰਿਤਸਰ ਲੈ ਗਏ, ਪੀ.ਏ.ਯੂ. ਵਾਲੇ ਚੀਕਾਂ ਮਾਰੀ ਜਾਂਦੇ ਹਨ। ਕਹਿੰਦੇ ਜੀ that is not a good place for conducting the

[ਸ਼੍ਰੀ ਸੁਨੀਲ ਜਾਖੜ]

research. ਸਾਨੂੰ ਤਾਂ ਲਾਡੋਵਾਲ ਭੇਜ ਦਿਉ। ਸਪੀਕਰ ਸਾਹਿਬ, ਮੇਰਾ ਕੁਐਸਚਨ ਹੈ ਕਿ ਜਦੋਂ ਜਲੰਧਰ ਤੋਂ ਚੁੱਕੀ ਗਈ ਤਾਂ ਉਸ ਦੇ ਇਵਜ਼ ਵਿਚ ਕੁਝ ਨਾ ਕੁਝ ਐਗਰੀਕਲਚਰ ਯੂਨੀਵਰਸਿਟੀ ਨੂੰ ਦੇਣਾ ਸੀ। ਇਹ ਜਿਹੜੀ ਇਨ੍ਹਾਂ ਦੇ ਕੋਲੋਂ ਜ਼ਮੀਨ ਲੈ ਲਈ, ਸਪੀਕਰ ਸਾਹਿਬ, ਉਸ ਦਾ ਕਿਵੇਂ ਹੋਵੇਗਾ? ਮੈਂ ਇਕੱਲਾ ਹੀ ਨਹੀਂ, ਜਦੋਂ ਇਹ ਮਸਲਾ ਹੋਣ ਲੱਗਿਆ ਤਾਂ ਇਕ ਦੋ ਬਿਆਨ ਮੇਰੇ ਕਈ ਸੀਨੀਅਰ ਸਾਥੀਆਂ ਦੇ ਆਏ। ਕਹਿੰਦੇ ਜੀ, ਸਾਡਾ ਅਫਸਰਾਂ ਵਿਚ ਬੜਾ ਮੇਲ ਮਿਲਾਪ ਹੈ, ਸਾਡਾ ਭਾਈਚਾਰਾ ਹੈ। ਜਾਖੜ ਸਾਹਿਬ ਤਾਂ ਐਵੇਂ ਟੋਰੇ ਮਾਰੀ ਜਾਂਦਾ ਹੈ, ਸਾਡੇ ਕੋਲ ਤਾਂ ਇੰਨਾ ਪੈਸਾ ਹੀ ਹੈ ਨਹੀਂ ਹੈ ਜਿੰਨੇ ਦੀ ਉਸ ਦਵਾਈ ਦੀ ਖਰੀਦ ਕਰਵਾਈ ਬੈਠੇ ਹਨ। ਉਨ੍ਹਾਂ ਨੂੰ ਕਹੋ ਕਿ ਐਵੇਂ ਨਾ ਬੋਲਣ, ਜਲੂਸ ਨਿਕਲ ਜਾਵੇਗਾ। ਮੈਂ ਆਪਣੇ ਸਾਥੀਆਂ ਨੂੰ ਕਿਹਾ ਕਿ ਇਨ੍ਹਾਂ ਤੋਂ ਆਪਣਾ ਬਚਾ ਕਰਕੇ ਰੱਖੋ। ਪਹਿਲਾਂ ਹੀ ਡਰ ਲੱਗਦਾ ਕਿ ਕੋਈ ਪੂੰਛ ਉਤੇ ਪੈਰ ਨਾ ਰੱਖ ਦੇਵੇ। ਸਪੀਕਰ ਸਾਹਿਬ, ਆਰ.ਕੇ.ਵੀ.ਵਾਈ. ਦੇ ਤਹਿਤ, ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ ਦੇ ਤਹਿਤ 37 ਕਰੋੜ 50 ਲੱਖ ਰੁਪਿਆ ਸਰਕਾਰ ਕੋਲ ਆਇਆ, ਉਹ ਕਿਸ ਵਾਸਤੇ ਆਇਆ ਸੀ, for demonstration of plots. ਮੈਂ ਇਕੱਲੇ ਕਾਂਗਰਸੀਆਂ ਨੂੰ ਸੁਣਾ ਕੇ ਨਹੀਂ ਕਹਿ ਰਿਹਾ, ਮੈਂ ਸਾਰੇ ਸਾਥੀਆਂ ਨੂੰ ਕਹਿ ਰਿਹਾ ਹਾਂ ਤੁਸੀਂ ਵੀ ਕਿਸਾਨ ਬੈਠੇ ਹੋ, 37 ਕਰੋੜ 50 ਲੱਖ ਰੁਪਿਆ ਫਾਰ ਦੀ ਸਪੈਸੇਫਿਕ ਪਰਪੱਜ, for having demonstration of plots. ਕਿੰਨੇ ਸਾਈਜ਼ ਦੇ, ਦਸ ਦਸ ਹੈਕਟੇਅਰ ਦੇ, no. of plots 3950, ਜੇ ਇਸ ਨੂੰ ਢਾਈ ਦੇ ਨਾਲ ਜਰਬ ਕਰਕੇ ਵੇਖੋ ਤਾਂ ਇਹ 98750 ਏਕੜ ਜ਼ਮੀਨ ਸੀ। 12000 ਪਿੰਡਾਂ ਵਿਚੋਂ ਹਰੇਕ ਤੀਜੇ ਪਿੰਡ ਦੇ ਅੰਦਰ ਹੋਣੇ ਸਨ। ਇਨ੍ਹਾਂ ਦੇ ਹੈ ਨਹੀਂ ਸੀ, ਜਿਹੜੇ ਮਾਲਵੇ ਵਾਲੇ ਸਾਡੇ ਪਾਸੇ ਨਰਮਾ ਬੀਜਦੇ ਹਨ, ਹਰੇਕ ਪਿੰਡ ਵਿਚ ਡਿਮਾਨਸਟ੍ਰੇਸ਼ਨ ਪਲਾਟ ਲੱਗ ਸਕਦਾ ਸੀ। ਪੈਸਾ ਕੇਂਦਰ ਸਰਕਾਰ ਨੇ ਦਿੱਤਾ, ਡਿਮਾਨਸਟ੍ਰੇਸ਼ਨ ਪਲਾਟ ਲੱਗਣੇ ਸੀ, I challenge on the Floor of the House ਮੇਰੇ ਫਾਜ਼ਿਲਕਾ ਜ਼ਿਲ੍ਹੇ ਵਿਚ ਇੱਕ ਵੀ ਪਲਾਟ ਨਹੀਂ ਆਇਆ। ਜਿਆਨੀ ਸਾਹਿਬ ਬੈਠੇ ਹਨ, as he is the Minister Incharge of his district also. ਇੱਕ ਪਲਾਟ ਨਹੀਂ ਆਇਆ। 37 ਕਰੋੜ 50 ਰੁਪਏ ਵਿਚੋਂ ਸਾਨੂੰ ਕੁਝ ਨਹੀਂ ਦਿੱਤਾ। ਜਿਹੜੇ ਐਕਸਟੈਨਸ਼ਨ ਵਰਕ ਪੀ.ਏ.ਯੂ. ਨਹੀਂ ਕਰ ਸਕੀ। ਉਸ ਦੇ ਵਾਸਤੇ ਆਰ.ਕੇ.ਵੀ.ਵਾਈ. ਦਾ ਪੈਸਾ ਆਇਆ ਸੀ ਪਰ ਉਹ ਵੀ ਸਾਰਾ ਫੂਕ ਦਿੱਤਾ। ਓਬਰੇਨ ਵਿੱਚ ਕੱਢ

ਦਿੱਤਾ, ਸਾਨੂੰ ਕਹਿੰਦੇ ਕਿ ਇਸ ਵਿਚ ਪਾਲੇਟਿਕਸ ਨਾ ਕਰੋ। Sir, now I come to the villain of the day. ਓਬਰੋਨ ਦਵਾਈ ਦਾ ਨਾਂ ਹੈ। ਇੱਕ ਬਹੁਤ ਵੱਡੀ ਗੱਲ ਵੇਖੋ, ਇਹ ਸਾਰੇ ਅਖਬਾਰਾਂ ਵਿੱਚ ਆ ਗਈ, ਮੈਂ ਵੀ ਆਰਡਰਾਂ ਦੀ ਕਾਪੀ ਚੁੱਕੀ ਫਿਰਦਾ ਹਾਂ। ਇਨ੍ਹਾਂ ਨੇ ਬਿਨਾ ਟੈਂਡਰ ਕਾਲ ਕੀਤਿਆਂ ਇਸ ਦਾ ਆਰਡਰ ਪਲੇਸ ਕਰ ਦਿੱਤਾ, 92,000-93,000 ਲਿਟਰ ਦਾ ਆਰਡਰ ਪਲੇਸ ਕਰ ਦਿੱਤਾ। ਨਾਰਮਜ਼ ਵਾਇਲੇਟ ਹੋਏ, ਟੈਂਡਰ ਨਹੀਂ ਹੋਇਆ, ਸਾਰਾ ਕੁਝ ਹੋ ਗਿਆ ਅਤੇ ਇਹ ਸਾਰਾ ਕੁਝ ਪਹਿਲੀ ਵਾਰ ਨਹੀਂ ਹੋ ਰਿਹਾ। ਮੈਂ ਜਿਹੜੀ ਗੱਲ ਕਹਿਣੀ ਚਾਹੁੰਦਾ ਹਾਂ ਉਹ ਇਹ ਹੈ ਕਿ ਕਿਸੇ ਬੱਚੇ ਨੇ ਮਾੜੀ-ਮੋਟੀ ਗਲਤੀ ਕੀਤੀ ਤਾਂ ਉਸ ਦੇ ਫਾਦਰ ਨੇ ਜ਼ੋਰਦਾਰ ਚਾਂਟਾ ਮਾਰ ਦਿੱਤਾ। ਬੱਚਾ ਰੋਣ ਲੱਗ ਗਿਆ ਤਾਂ ਬਾਅਦ ਵਿੱਚ ਫਾਦਰ ਨੇ ਪਲੋਸ ਦਿੱਤਾ ਕਿ ਬੇਟਾ, ਇਵੇਂ ਨਹੀਂ ਕਰਦੇ। ਬੇਟਾ ਪੁੱਛਣ ਲੱਗਾ ਕਿ ਬਾਪੂ ਇਕ ਗੱਲ ਤਾਂ ਦੱਸੋ, ਕੀ ਤੁਹਾਡੇ ਵੀ ਫਾਦਰ ਨੇ ਕਦੇ ਇਸ ਤਰ੍ਹਾਂ ਮਾਰਿਆ ਹੈ? ਕਹਿਣ ਲੱਗਾ ਹਾਂ ਬੇਟਾ, ਗਲਤੀ ਕੀਤੇ ਤੇ ਮਾਰਿਆ ਹੈ। ਕਹਿਣ ਲੱਗਾ, ਅੱਛਾ ਅਤੇ ਉਨ੍ਹਾਂ ਦੇ ਫਾਦਰ ਨੇ ਉਨ੍ਹਾਂ ਦੇ ਕਦੇ ਮਾਰਿਆ ਸੀ? ਪਿਤਾ ਕਹਿਣ ਲੱਗਾ ਕਿ ਹਾਂ ਉਸ ਦੇ ਫਾਦਰ ਨੇ ਵੀ ਮਾਰਿਆ ਸੀ। ਮੁੰਡਾ ਕਹਿਣ ਲੱਗਾ ਕਿ ਇਸ ਦਾ ਕੀ ਮਤਲਬ ਹੈ? ਕੀ ਆਪਣੇ ਖਾਨਦਾਨ ਵਿੱਚ ਹੀ ਇਹ ਕੰਮ ਚਲਦਾ ਆ ਰਿਹਾ ਹੈ? (ਹਾਸਾ) ਮੈਂ ਇਹ ਕਿਉਂ ਕਹਿ ਰਿਹਾ ਹਾਂ? ਸਰ, ਓਬਰੋਨ ਵਾਸਤੇ ਟੈਂਡਰ ਕਾਲ ਨਹੀਂ ਹੋਇਆ, ਡਾਇਵਰਸੀਫਿਕੇਸ਼ਨ ਵਾਲਾ ਪੈਸਾ, ਡੈਮੋਸਟ੍ਰੇਸ਼ਨ ਪਲਾਟ ਵਾਲਾ ਪੈਸਾ ਇੱਧਰ ਤੋਰ ਦਿੱਤਾ। ਓਬਰਾਨ ਜਿਸ ਦਿਨ ਖਰੀਦੀ ਗਈ ਹੈ, 3556.80 ਰੁਪਏ ਦੀ ਅੱਧੇ ਲੀਟਰ ਵਾਲੀ ਪੈਕਿੰਗ, ਵੱਡੀ ਇਕ ਲੀਟਰ ਵਾਲੀ ਤਾਂ ਫਾਲਤੂ ਸੀ, ਉਸ ਦਿਨ ਦਾ ਮੇਰੇ ਕੋਲ ਬਿਲ ਹੈ। I will lay on the table of the House. ਇਹ ਮਾਰਕੀਟ ਦਾ ਬਿਲ ਹੈ। 3150 ਰੁਪਏ ਵਿੱਚ ਇਹ ਮਾਰਕੀਟ ਵਿੱਚ ਅਵੇਲੇਬਲ ਸੀ ਜਿਹੜੀ ਦਾ 3556.80 ਰੁਪਏ ਦੇ ਹਿਸਾਬ ਨਾਲ 92198 ਲੀਟਰ ਦਾ ਆਰਡਰ ਠੋਕ ਦਿੱਤਾ। ਪਾਇਨੀਅਰ ਕੰਪਨੀ ਤੋਂ ਥੀਓਮੈਥੋਕਸਾਈਨ 1150 ਰੁਪਏ ਦੇ ਹਿਸਾਬ ਨਾਲ ਖਰੀਦਿਆ ਗਿਆ, ਮਾਰਕੀਟ ਵਿੱਚ ਉਸ ਦਿਨ ਰੇਟ, you will be surprised to know, ਮੇਰੇ ਕੋਲ 600 ਰੁਪਏ ਦਾ ਮਾਰਕੀਟ ਦਾ ਬਿਲ ਹੈ, (ਆਪੋਜ਼ੀਸ਼ਨ ਪਾਰਟੀ ਵੱਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ)

[ਸ਼੍ਰੀ ਸੁਨੀਲ ਜਾਖੜ]

ਮੈਂ ਇੱਥੇ ਕੋਈ ਚੁਟਕਲੇ ਸੁਣਾਉਣ ਨਹੀਂ ਆਇਆ। ਮੈਂ ਕੋਈ ਕਮੇਡੀਅਨ ਨਹੀਂ ਹਾਂ। ਮੈਂ ਜਿਹੜੀ ਗੱਲ ਕਹਿ ਰਿਹਾ ਹਾਂ, ਉਸ ਨੂੰ ਪਰੂਵ ਕਰ ਰਿਹਾ ਹਾਂ। ਕੁਨੈਲਫੋਸ ਵੀ ਪਾਇਨੀਅਰ ਤੋਂ 381 ਰੁਪਏ ਪਰ ਲੀਟਰ ਵਿੱਚ ਲਈ ਗਈ ਹੈ, ਇਹ ਮਾਰਕੀਟ ਵਿੱਚ 330 ਰੁਪਏ ਵਿੱਚ ਅਵੇਲੇਬਲ ਸੀ। ਪਰੋਪੀਕੋਨੋਜ਼ੋਲ ਸ਼ਾਇਦ ਜਿਨ੍ਹਾਂ ਨੇ ਮੱਕੀ ਤੇ ਕਣਕ ਵਾਸਤੇ ਲਈ ਸੀ, ਇਹ 76150 ਲਿਟਰ ਲਈ ਗਈ ਸੀ, ਇਹ ਸ਼ਿਵਾਲਿਕ ਕੰਪਨੀ ਨੇ ਵੀ ਸਲਪਾਈ ਕੀਤੀ ਹੈ ਅਤੇ ਪਾਇਨੀਅਰ ਕੰਪਨੀ ਨੇ ਵੀ ਸਪਲਾਈ ਕੀਤੀ ਹੈ। ਜਿਸ ਦਿਨ ਇਨ੍ਹਾਂ ਨੇ 649 ਰੁਪਏ ਵਿੱਚ ਪਰਚੇਜ਼ ਕੀਤੀ ਹੈ, ਉਸ ਦਿਨ ਮਾਰਕੀਟ ਦਾ ਰੇਟ 625 ਰੁਪਏ ਸੀ। Is it not a shame, Speaker Sahib? Is it not a shame, Speaker Sahib and to justify it I am not going into this ਕਿ ਇਨ੍ਹਾਂ ਨੇ ਟੈਂਡਰ ਕਾਲ ਨਹੀਂ ਕੀਤਾ, ਡਾਇਰੈਕਟਰ ਦੀ ਆਰਡਰ ਕਰਨ ਦੀ 10 ਲੱਖ ਦੀ ਲਿਮਟ ਸੀ ਪਰ ਉਸ ਨੇ 35-36 ਕਰੋੜ ਦਾ ਆਰਡਰ ਠੋਕ ਦਿੱਤਾ। To which extent these people have gone? It is not only the Director, there is a whole process involved. They have gone through all the procedures to justify this so called man-made calamity. ਇਹ ਮੇਰੇ ਕੋਲ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੇ ਵੀ.ਸੀ. ਸਾਹਿਬ ਦੀ ਕਿਤਾਬ ਹੈ। ਮੈਂ ਇਹ ਸਾਰਿਆਂ ਨੂੰ ਦਿਖਾਉਣਾ ਚਾਹੁੰਦਾ ਹਾਂ। These are packages of crops of Punjab Kharif 2015. ਇਹ ਬਿਲਕੁਲ ਲੇਟੈਸਟ ਹੈ। ਇਸ ਵਿੱਚ ਪੇਜ਼ 56 ਤੇ ਵਾਈਟ ਫਲਾਈ ਵਾਸਤੇ ਜਿਹੜੀਆਂ ਦਵਾਈਆਂ ਰਿਕੁਮੈਂਡ ਕੀਤੀਆਂ ਹਨ ਉਹ ਹਨ : ਪੋਲੋ, ਓਬਰੋਨ, ਮਾਰਕਟ੍ਰਾਈਜ਼ੋਨ, ਫੋਸਮਾਈਟ, ਈਮਾਈਟ ਤੇ ਵੋਲਥੀਓਨ, ਇਹ ਰਿਕੁਮੈਂਡ ਕੀਤੀਆਂ ਹਨ। If they were to go by these normal practices, ਮਾੜਾ ਮੋਟਾ ਕੋਈ ਸੋ ਕਾਲਡ ਪ੍ਰੋਗਰੈਸਿਵ ਫਾਰਮਰ, ਇਨ੍ਹਾਂ ਪ੍ਰੈਕਟਿਸਿਜ਼ ਵਾਲੀ ਕਿਤਾਬ ਲਈ ਬੈਠਾ ਹੋਵੇ, ਉਸ ਨੇ ਦੇਖ ਕੇ ਕਰ ਲਿਆ ਹੋਵੇ ਪਰ ਇਹ ਜਿਹੜੇ ਸਾਡੇ ਸ਼ੇਰ ਹਨ, favourites of this government, ਇਨ੍ਹਾਂ ਨੇ ਕੀ ਕੀਤਾ ਹੈ ਕਿ ਮਿਤੀ 27.4.2015 ਨੂੰ ਡਾਇਰੈਕਟਰ, ਖੋਜ ਅਤੇ ਰਿਸਰਚ, ਐਗਰੀਕਲਚਰ ਯੂਨੀਵਰਸਿਟੀ ਨੂੰ ਭੇਜਿਆ ਹੈ। ਉਸ ਵਿੱਚ ਕਹਿੰਦੇ ਹਨ ਕਿ ਉਪਰੋਕਤ ਵਿਸ਼ੇ ਸਬੰਧੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਕਪਾਹ, ਨਰਮੇ ਦੀ ਚਿੱਟੀ ਮੱਖੀ ਦੇ ਕੰਟਰੋਲ ਲਈ ਚਾਰ ਦਵਾਈਆਂ ਦੀ ਸਿਫਾਰਸ਼ ਕੀਤੀ ਗਈ ਹੈ। ਸਾਉਣੀ 2015, ਪੰਨਾ ਨੰ: 62, ਇਸ ਹੈਡਿੰਗ

ਤਹਿਤ ਕੀਤੀਆਂ ਗਈਆਂ ਹਨ। ਪੰਜਾਬ ਦੀਆਂ ਫਸਲਾਂ ਲਈ ਸਿਫਾਰਸ਼ਾਂ ਇਨ੍ਹਾਂ ਵਿੱਚ ਕੈਚਵਰਡ ਜਿਹੜਾ ਹੈ ਉਹ ਹੈ ਪ੍ਰਾਥਮਿਕਤਾ। ਇਹ ਲਿਖਿਆ ਗਿਆ ਹੈ ਕਿ ਪ੍ਰਾਥਮਿਕਤਾ ਦੇ ਅਧਾਰ ਤੇ ਕਿਸੇ ਤਿੰਨ ਦਵਾਈਆਂ ਬਾਰੇ ਦੱਸਣ ਦੀ ਖੇਚਲ ਕੀਤੀ ਜਾਵੇ। ਠੀਕ ਹੈ ਜੀ, ਇਨ੍ਹਾਂ ਨੇ ਭੇਜ ਦਿੱਤਾ। ਉਥੋਂ ਡਾਇਰੈਕਟਰ ਰਿਸਰਚ, ਮੁੱਖੀ, ਕੀਟ ਵਿਗਿਆਨ ਵਿਭਾਗ (ਖੋਜ) ਵਾਲਿਆਂ ਨੇ ਇਧਰ ਤੋਰ ਦਿੱਤਾ। ਕੀ ਲਿਖਦੇ ਹਨ? ਲਿਖਿਆ ਹੈ, "ਇਨ੍ਹਾਂ ਵਿਚੋਂ ਦੋ ਦਵਾਈਆਂ, ਡਾਇਆਮੈਫੀਥਿਓਨ 50 ਡਬਲਿਊ.ਪੀ. ਪੋਲੋ' at the rate of 200 grams per acre and ਸਪੈਰੋ ਮੌਸੀਫਿਨ 24 ਐਸ.ਸੀ. 200 ਪਰ ਮਿਲੀਲੀਟਰ ਪਰ ਏਕੜ ਦੇ ਹਿਸਾਬ ਨਾਲ 2014 ਵਿੱਚ ਸਿਫਾਰਸ਼ਾਂ ਕੀਤੀਆਂ ਗਈਆਂ ਹਨ। ਇਹ ਚਿੱਟੀ ਮੱਖੀ ਦੀ ਵਧੀਆ ਰੋਕਥਾਮ ਕਰਦੀਆਂ ਹਨ।" ਇਸ ਤੋਂ ਇਲਾਵਾ ਟਰਾਇਓ-ਓਜੋਫਾਸ 40 ਈ.ਸੀ. ਸੂਟਾਥਿਓਨ, ਮਾਰਕਟਰਾ-ਈਜ਼ੋਨ ਵੀ ਚਿੱਟੀ ਮੱਖੀ ਦੀ ਰੋਕਥਾਮ ਲਈ ਅਸਰਦਾਰ ਹੈ। ਸਪੀਕਰ ਸਾਹਿਬ, ਜਿਹੜੀ ਇਹ ਤੀਜੀ ਦਵਾਈ ਹੈ, ਮੈਂ ਇਸ ਬਾਰੇ ਦੱਸਣਾ ਚਾਹੁੰਦਾ ਹਾਂ, I am coming to the third one. ਇਸ ਨੂੰ ਕੌਣ ਬਣਾਉਂਦਾ ਹੈ? ਇਸ ਨੂੰ ਮਾਰਕਫੈੱਡ ਬਣਾਉਂਦਾ ਹੈ ਜੋ ਕਿ ਸਰਕਾਰ ਦਾ ਆਪਣਾ ਅਦਾਰਾ ਹੈ। ਇਸ ਦੀ ਕਾਸਟ 260 ਰੁਪਏ ਪਰ ਏਕੜ ਹੈ। To be precise, ਮਹਿਕਮੇ ਵਾਲਿਆਂ ਨੇ ਮੈਨੂੰ ਹਿਸਾਬ ਕੱਢ ਕੇ ਦੱਸਿਆ ਕਿ ਇਹ 260 ਵੀ ਨਹੀਂ ਸਗੋਂ 258 ਰੁਪਏ ਰੇਟ ਬਣਦਾ ਹੈ। ਇਹ ਮੇਰੇ ਜਿਹੜੇ ਸ਼ੇਰ ਹਨ, ਜਿਨ੍ਹਾਂ ਨੇ 33-34 ਕਰੋੜ ਰੁਪਏ ਠੋਕ ਦਿੱਤੇ, ਉਨ੍ਹਾਂ ਦੀ ਕਾਸਟ ਪਰ ਏਕੜ 700 ਰੁਪਏ ਬਣਦੀ ਹੈ। (ਆਪੋਜੀਸ਼ਨ ਬੈਂਚਿਜ ਵਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਇਹ ਜਸਟੀਫਿਕੇਸ਼ਨ ਦਿੰਦੇ ਹਨ ਕਿ ਉਸ ਵਿੱਚ ਨਵੇਂ ਮਾਲੀਕਿਊਲਜ਼ ਹਨ, who have conducted those researches? ਸੀ.ਐਮ. ਸਾਹਿਬ, ਪਤਾ ਨਹੀਂ ਤੁਹਾਨੂੰ ਮਹਿਕਮੇ ਵਾਲਿਆਂ ਨੇ ਦੱਸਿਆ ਹੈ ਕਿ ਨਹੀਂ, ਸਭ ਤੋਂ ਵੱਡੀ ਗੱਲ ਹੈ ਕਿ this oberon has not even been tested in Punjab. ਤੁਹਾਡੀਆਂ ਤਿੰਨ ਲੈਬੋਰਟਰੀਆਂ ਵਿਚੋਂ ਕਿਸੇ ਵਿੱਚ ਵੀ ਇਹ ਦਵਾਈ ਟੈਸਟ ਨਹੀਂ ਹੋਈ। ਇਸ ਨੂੰ ਬਾਹਰ ਭੇਜ ਕੇ ਟੈਸਟ ਕਰਵਾਇਆ ਗਿਆ ਹੈ। ਭਾਵੇਂ ਪੰਚਕੂਲੇ ਹੋਇਆ ਜਾਂ ਕਿਤੇ ਹੋਰ ਹੋਇਆ, ਇਸ ਦਾ ਟੈਸਟ ਪੰਜਾਬ ਵਿੱਚ ਨਹੀਂ ਹੋਇਆ। ਇਹ ਟੈਸਟ ਲਈ ਉਥੇ ਤੋਰ ਦਿੱਤੀ। ਫਿਰ ਕਹਿੰਦੇ ਜੀ ਕਿ

[ਸ਼੍ਰੀ ਸੁਨੀਲ ਜਾਖੜ]

ਲਾਰਵਾ ਨਹੀਂ ਮਰਦਾ। ਉਹ ਸਸਤੀ ਦੇਖ ਕੇ ਕਿਸਾਨ ਲੈ ਗਿਆ। ਇਸ ਨਾਲ ਲਾਰਵਾ ਮਰਿਆ ਨਹੀਂ ਅਤੇ ਫਿਰ ਦੂਜੇ ਕਿਸਾਨ ਦੇ ਖੇਤਾਂ ਵਿੱਚ ਜਾ ਵੜਿਆ। ਉਹ ਕਿਸਾਨ ਵਿਚਾਰਾ ਕੀ ਕਰ ਸਕਦਾ ਹੈ। ਮਾਰਕਫੈੱਡ ਵਾਲੇ ਕਹਿੰਦੇ ਹਨ ਕਿ ਸਾਡੀ ਦਵਾਈ ਦਾ ਤਾਂ 100% ਰਿਜਲਟ ਹੈ, We vouch for it, 10 ਲੱਖ ਲੀਟਰ ਅਸੀਂ ਵੇਚਦੇ ਹਾਂ। ਪਰ ਜਦੋਂ ਇਨ੍ਹਾਂ ਨੇ ਤਿਆਰ ਕਰਕੇ ਕੀਤਾ ਹੈ, it is a man-made calamity being passed of as a natural calamity, ਜਿਵੇਂ ਪਹਿਲਾਂ ਨੀਲੀ ਬੱਗ ਆਈ ਸੀ, this is a result of human greed. ਸਪੀਕਰ ਸਾਹਿਬ, ਇਨ੍ਹਾਂ ਨੇ ਉਹ ਅਫ਼ਸਰ ਤੋਰ ਦਿੱਤਾ, ਅਸਲ ਵਿਚ ਉਹ ਤੋਰਿਆ ਨਹੀਂ ਹੈ, ਇਹ ਦੇਖਦੇ ਜਾਇਓ, ਅੱਖਾਂ ਖੁਲ੍ਹ ਜਾਣਗੀਆਂ। ਇਹ ਜਿਹੜਾ ਆਰਡਰ ਹੈ, ਜਿਸ ਰਾਹੀਂ ਐਗਰੀਕਲਚਰ ਡਿਪਾਰਟਮੈਂਟ ਨੇ ਆਰਡਰ ਕੀਤੇ ਹਨ, ਸਾਡੇ ਮਾਨਯੋਗ ਅਫ਼ਸਰ ਜਿਨ੍ਹਾਂ ਨੂੰ ਕੁਰਸੀ ਤੋਂ ਚਲਦਾ ਕੀਤਾ ਹੈ, ਉਸ ਦੇ ਆਪਣੇ ਦਸਤਖਤ ਨਹੀਂ ਹਨ, ਉਸ ਨੇ ਕਿਸੇ ਜੁਆਇੰਟ ਡਾਇਰੈਕਟਰ ਤੋਂ ਦਸਤਖਤ ਕਰਵਾਏ ਹਨ। ਇਸ ਦੇ ਪੇਮੈਂਟ ਸ਼ਡਿਊਲ ਦੇਖੋ ਜੀ। ਸੁਆਦ ਆ ਗਿਆ ਗੱਲ ਕਹਿਣ ਦਾ ਕਿ ਜਿਸ ਨਾਲ ਯਾਰੀ ਪਾਈਏ ਤਾਂ ਤੋੜ ਨਿਭਾਈਏ। ਮੈਨੂੰ ਕੋਈ ਕਹਿੰਦਾ ਕਿ ਉਨ੍ਹਾਂ ਦਾ ਮਤਲਬ ਸੀ ਕਿ ਮੈਂ ਛੇਤੀ ਰਿਟਾਇਰ ਹੋਣਾ ਹੈ, ਛੇਤੀ ਕੰਮ ਨੂੰ ਸਮੇਟਿਆ ਜਾਵੇ। ਸਮੇਟੋ, ਆ ਜਾਵੋ ਅਤੇ ਛੇਤੀ ਕੰਮ ਕਰੋ। ਆਰਡਰ ਕੀ ਹੈ ਜੀ? ਇਹ ਪੰਨਾ ਗੌਰਮਿੰਟ ਦਾ ਹੈ, ਪੇਮੈਂਟ ਕਿਵੇਂ ਹੋਵੇਗੀ? ਦੱਸਿਆ ਗਿਆ ਹੈ ਕਿ 90% payment will be released from the Head Office of this Department after receipt of material in good condition from the concerned officers. 10% payment will be made after the completion of the order. ਅਜਿਹਾ ਕਿਉਂ? ਹੋਰ ਬਾਕੀ ਤਾਂ ਸਰਕਾਰ ਤੋਂ ਪੇਮੈਂਟਾਂ ਲੈਣ ਵਾਸਤੇ ਹਾਈ ਕੋਰਟ ਵਿੱਚ ਤੁਰੇ ਫਿਰਦੇ ਹਨ। ਇੱਥੇ ਕਹਿੰਦੇ ਹਨ ਕਿ 90% ਪੇਮੈਂਟ ਪਹਿਲਾਂ ਚੁਕੋ। ਫਿਰ ਮੁੜ ਕੇ ਪਤਾ ਨਹੀਂ ਕਿ ਕੋਈ ਕੱਢ ਨਾ ਦੇਵੇ, he anticipated this ਕਿ ਮਰੇਂਗਾ ਤਾਂ ਸਹੀ ਪਰ ਕੰਮ ਨੂੰ ਸਮੇਟੋ। ਚਲੋ, ਛੱਡ ਦਿੱਤਾ ਜੀ, ਕੁਰੱਪਸ਼ਨ ਤਾਂ ਹੁੰਦੀ ਰਹਿੰਦੀ ਹੈ।

ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਸੀ.ਐਮ. ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ, ਇਹ ਲਾਸਟ ਗੱਲ ਹੈ ਜੋ ਮੈਂ ਪੜ੍ਹਨ ਲੱਗਿਆ ਹਾਂ। ਸੈਕਸ਼ਪੀਅਰ ਨੇ ਲਿਖਿਆ ਹੈ, ਇਹ ਅਫਰੇਜ਼ ਜੁਲੀਅਸ ਸੀਜਰ ਵਿੱਚ ਹੈ, Julius Ceaser: 'This was the most unkind cut of all

which I could not have expected even from my worst enemies', ਖਾਸ ਕਰਕੇ ਉਹ ਮੁੱਖ ਮੰਤਰੀ ਜਿਹੜੇ ਖੁਦ ਕਿਸਾਨ ਹੋਣ, ਉਨ੍ਹਾਂ ਦਾ ਮਹਿਕਮਾ ਇਹ ਆਰਡਰ ਦੇ ਰਿਹਾ ਹੈ, ਇਹ ਸੁਣਨਾ ਜੀ, ਜੇ ਇਸ ਤੋਂ ਬਾਅਦ ਸਾਡਾ ਇੱਥੇ ਹਾਊਸ ਚੱਲਣ ਦਾ ਜਾਂ ਸਾਡਾ ਸਦਨ ਵਿਚ ਬਣੇ ਰਹਿਣ ਦਾ ਕੋਈ ਮਤਲਬ ਹੋ ਜਾਵੇ, ਮੈਂ ਜ਼ਿੰਮੇਵਾਰ ਹੋਵਾਂਗਾ। ਕੀ ਲਿਖਦੇ ਹਨ during the kharif season of 2015, ਇਹ ਬਾਇਰ ਕੰਪਨੀ ਨੂੰ ਲਿਖਿਆ ਹੈ। ਇਕ ਮਿੰਟ ਸਪੀਕਰ ਸਾਹਿਬ, ਇਸ ਨੂੰ ਪੜ੍ਹਨ ਤੋਂ ਪਹਿਲਾਂ ਮੇਰੀ ਇਕ ਗੱਲ ਰਹਿ ਗਈ। ਸਪੀਕਰ ਸਾਹਿਬ, ਪੇਮੈਂਟ ਦੇ ਦਿੱਤੀ। ਸਪੀਕਰ ਸਾਹਿਬ, ਹਰ ਇਕ ਚੀਜ਼ ਦਾ ਬਿੱਲ ਬਣਦਾ ਹੈ। ਡਿਪਾਰਟਮੈਂਟ ਦੇ ਰੂਲਜ਼ ਐਂਡ ਰੈਗੂਲੇਸ਼ਨ ਹਨ ਕਿ ਜਿਥੋਂ ਵੀ ਕਿਸਾਨ ਦਵਾਈ ਲੈਂਦੇ ਹਨ, ਉਸ ਦੇ ਬਿੱਲ ਤੇ ਬੈਚ ਨੰਬਰ ਜ਼ਰੂਰ ਲਿਖਿਆ ਜਾਂਦਾ ਹੈ ਕਿਉਂਕਿ ਕਈ ਵਾਰ ਹੁੰਦਾ ਹੈ ਕਿ ਗਲਤ ਦਵਾਈ ਆ ਜਾਂਦੀ ਹੈ ਅਤੇ ਕਿਸਾਨ ਦੀ ਫਸਲ ਤਬਾਹ ਹੋ ਜਾਂਦੀ ਹੈ। He has at least a legal recourse ਜਾਂ ਤਾਂ ਉਹ ਕੰਪਨੀ ਵਾਲੇ ਮੰਨ ਜਾਂਦੇ ਹਨ ਅਤੇ ਕਹਿੰਦੇ ਹਨ ਕਿ ਤੁਸੀਂ ਰੌਲਾ ਨਾ ਪਾਇਓ, ਤੁਹਾਡੇ ਜਿਹੜੇ ਪੰਜ ਏਕੜ ਖਰਾਬ ਹੋਏ ਹਨ, ਉਸ ਦੇ ਪੈਸੇ ਦੇ ਦਿਆਂਗੇ ਜਾਂ ਫਿਰ ਅਗਲਾ ਕੰਜ਼ਿਊਮਰ ਕੋਰਟ ਵਿਚ ਚਲਾ ਜਾਂਦਾ ਹੈ but what has happened in this case ਕਿਉਂਕਿ ਇਹ ਸਾਰਾ ਕੰਮ ਸਬਸਿਡੀ ਤੇ ਕਰਵਾਇਆ ਹੈ। ਕਿਸਾਨ ਨੂੰ ਲਾਲਚ ਦੇ ਦਿੱਤਾ ਕਿ 3500 ਵਾਲੀ ਚੀਜ਼ ਤੈਨੂੰ ਅੱਧੀ ਕੀਮਤ ਤੇ ਦੇ ਰਹੇ ਹਾਂ ਅਤੇ ਕਿਸਾਨਾਂ ਨੇ ਧੜਾ ਧੜਾ ਚੁੱਕ ਲਈ। ਪਰ ਜਿਹੜਾ ਐਗਰੀਕਲਚਰ ਵਿਭਾਗ ਨੇ ਬਿੱਲ ਕੱਟਿਆ ਹੈ, ਉਸ ਤੇ ਕੋਈ ਬੈਚ ਨੰਬਰ ਨਹੀਂ ਹੈ, ਕੋਈ ਕੁਝ ਨਹੀਂ ਹੈ nothing has been written on that. ਸਪੀਕਰ ਸਾਹਿਬ, ਕਿੱਥੇ ਲੈ ਕੇ ਜਾਵਾਂਗੇ, ਕਿਸ ਕੋਲ ਜਾਵਾਂਗੇ? ਅਸੀਂ ਤਾਂ ਤੁਹਾਡੇ ਤੇ ਕੇਸ ਕਰਾਂਗੇ, Government has become a party rather than Bayer or anybody else (interruption) ਮੈਂ ਇਸ ਤੇ ਵੀ ਆਉਣ ਲੱਗਿਆ ਹਾਂ। ਮੈਂ ਇਹ ਲਾਈਨ ਪੜ੍ਹ ਦਿਆਂ ਪਰ ਫਿਰ ਰੌਲਾ ਪੈ ਜਾਣਾ ਹੈ। ਮੈਂ ਪਹਿਲਾਂ ਆਪਣੀ ਗੱਲ ਕਹਿ ਦਿਆਂ। Speaker Sahib, I am sorry, I am in two minds (ਵਿਘਨ) ਚਲੋ ਚੰਗੀ ਗੱਲ ਹੈ ਕਿ ਰੌਲਾ ਨਹੀਂ ਪਾਉਗੇ I have your assurance ਕਿ ਤੁਸੀਂ ਕਹਿ ਦਿੱਤਾ, ਹੁਣ ਤਾਂ ਗੱਲ ਹੀ ਖਤਮ ਹੋ ਗਈ।

ਮਾਨਯੋਗ ਸਪੀਕਰ : ਜਾਖੜ ਸਾਹਿਬ, ਪਲੀਜ਼ ਕਨਕਲੂਡ ਕਰੋ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਇਹ ਕਨਕਲੂਡਿੰਗ ਵਾਲੀ ਗੱਲ ਹੈ (ਵਿਘਨ..ਸ਼ੋਰ) ਤੁਸੀਂ ਮੇਰੀ ਇਹ ਲਾਈਨ ਸੁਣ ਲਓ, ਫਿਰ ਤੁਸੀਂ ਕਨਕਲੂਡਿੰਗ ਕਹਿ ਦਿਓ।

ਸਰਦਾਰ ਬਲਬੀਰ ਸਿੰਘ ਸਿੱਧੂ: **

Mr. Speaker : Nothing should be recorded.

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, during the kharif season of 2015, the company will not invoice spiromesifen 240 sc at lower rate than the prescribed rates for spiromesifen 240 sc to any of the Company's distributor institutions in the State of Punjab and neighbouring States, ਮੇਰੇ ਸ਼ੇਰੋ ਕਿਤੇ ਸਸਤੀ ਨਾ ਕਰ ਦਿਓ, ਸਸਤੀ ਨਾ ਵੇਚ ਦਿਓ। ਇਹ ਰੇਟ ਤਾਂ ਤੁਹਾਡੇ ਤੇ ਸਾਡੇ ਵਿਚਕਾਰ ਸੀ। ਅਸੀਂ 92000, 96000 ਹਜ਼ਾਰ ਲਿਟਰ ਤੁਹਾਡੇ ਕੋਲੋਂ ਚੁੱਕ ਲਿਆ। (ਆਪੋਜ਼ੀਸ਼ਨ ਬੈਂਚਿਜ ਵੱਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਜਿਹੜਾ ਤੁਸੀਂ ਕਹਿੰਦੇ ਹੋ ਕਿ ਮੈਂ 300 ਰੁਪਏ ਵਾਲੀ ਸਫਾਈ ਦਿਆਂਗਾ। 92 ਹਜ਼ਾਰ ਲੀਟਰ ਖਰੀਦੀ ਹੋਵੇ, ਉਹ ਮਾਰਕੀਟ ਵਿਚ 3 ਹਜ਼ਾਰ ਦੀ ਅਵੇਲੇਬਲ ਹੋਵੇ ਅਤੇ ਜੇਕਰ ਸਹੀ ਤਰੀਕੇ ਨਾਲ ਨੈਗੋਸ਼ੀਏਟ ਕੀਤਾ ਹੁੰਦਾ ਤਾਂ ਇਹ ਦਵਾਈ 2 ਹਜ਼ਾਰ ਰੁਪਏ ਵਿਚ ਵਿਕਣੀ ਸੀ। ਪਰ ਉਸ ਨੂੰ ਡਾਂਗ ਦੇ ਕੇ ਕਹਿ ਦਿੱਤਾ ਕਿ ਇਸ ਨੂੰ ਸਸਤੀ ਨਾ ਵੇਚੀਂ। ਜੇਕਰ ਸਸਤੀ ਵੇਚ ਦਿੱਤੀ ਤਾਂ ਸਾਡੀ ਪੋਲ ਖੁੱਲ੍ਹ ਜਾਵੇਗੀ। Are you in any position now to justify, ਕਿਥੇ ਜਾਉਗੇ? 4.5 ਲੱਖ ਹੈਕਟੇਅਰ ਵਿਚ ਇਸ ਦਾ ਨੁਕਸਾਨ ਹੋਇਆ ਹੋਵੇ। ਤੁਸੀਂ ਕਹਿ ਦਿੱਤਾ ਕਿ ਸਮਅੱਪ ਕਰੋ, ਸਪੀਕਰ ਸਾਹਿਬ, ਕਿਵੇਂ ਸਮਅੱਪ ਕਰਾਂ, ਕਿਸ ਤਰ੍ਹਾਂ ਸਮਅੱਪ ਕਰ ਦੇਵਾਂ? ਸਪੀਕਰ ਸਾਹਿਬ, look at the history ਬਾਇਰ ਕੰਪਨੀ ਦੀ ਕਿੰਨੀ ਵੱਡੀ ਠੱਗੀ ਹੈ, this thing is not even manufactured by Bayer, this is not made by Bayer Company ਠੱਗੀ ਜਾਂਦੇ ਹਨ this is done by Swastik company, marketed by Bayer, ਲੋਕਾਂ ਦੀਆਂ ਅੱਖਾਂ ਵਿਚ ਧੂੜ ਪਾ ਰਹੇ ਹਨ। 1984 ਵਿੱਚ ਜਦੋਂ ਭੋਪਾਲ ਕਾਂਡ ਹੋਇਆ ਹੈ, It is a repetition of that. The

---

** Expunged as ordered by the Chair.

Union Carbide case, ਉਸ ਤੋਂ ਵੱਡਾ ਘਪਲਾ ਹੈ, ਉਸ ਸਮੇਂ 5 ਹਜ਼ਾਰ ਲੋਕ ਮਰੇ ਸੀ ਅਤੇ 5 ਹਜ਼ਾਰ ਬਾਅਦ ਵਿੱਚ ਜਾਨਾਂ ਗਈਆਂ। ਇਥੇ ਸਪੀਕਰ ਸਾਹਿਬ, the quantum of loss 12 ਲੱਖ ਏਕੜ ਵਿਚ ਹੋਇਆ ਹੈ ਜੇਕਰ ਤੁਸੀਂ 30-40 ਫੀਸਦੀ ਵੀ ਲਗਾ ਦਿਓ, ਜਿਨ੍ਹਾਂ ਦਾ ਨੁਕਸਾਨ ਹੋਇਆ ਹੈ we are giving them a slow death killng them softly, ਲੋਕਾਂ ਨੂੰ ਮਾਰ ਦਿੱਤਾ, ਇਧਰੋਂ ਤੁਸੀਂ ਗਲਾ ਘੋਟ ਦਿੱਤਾ ਕਿ ਪੈਸਟੀਸਾਈਡਜ਼ ਦਵਾਈਆਂ ਦੇ ਬਿੱਲ ਨਹੀਂ ਬਣਾਏ। I am going to approach the High Court. ਸਪੀਕਰ ਸਾਹਿਬ, ਮੈਂ ਇਥੇ ਇਕੱਲਾ ਸਰਦਾਰ ਤੋਤਾ ਸਿੰਘ ਜੀ ਦਾ ਅਸਤੀਫਾ ਮੰਗਣ ਨਹੀਂ ਆਇਆ, ਮੈਂ ਇਹ ਨਹੀਂ ਕਹਿਣ ਆਇਆ ਕਿ ਕਮਿਸ਼ਨਰ ਨੂੰ ਚੁੱਕ ਦਿਓ, ਡਾਇਰੈਕਟਰ ਨੂੰ ਚੁੱਕ ਦਿਓ, ਮੈਂ ਕਹਿਣ ਆਇਆ ਹਾਂ ਕਿ I am going to file this case on the lines of Union Carbide case, at last action should shoot against government, against the Bayer company, against Swastik company, against this Director, against this Commissioner, ਇਨ੍ਹਾਂ ਨੂੰ ਕੋਰਟ ਵਿਚ ਘੜੀਸੀ ਫਿਰਾਂਗੇ। ਸਪੀਕਰ ਸਾਹਿਬ, ਇਹ ਕੋਈ ਗੱਲ ਹੈ? ਸਪੀਕਰ ਸਾਹਿਬ, ਕੀ ਮੈਂ ਸਾਰੀਆਂ ਗੱਲਾਂ ਬਨਾਵਟੀ ਕੀਤੀਆਂ ਹਨ? ਕੀ ਰਾਜਨੀਤਕ ਗੱਲ ਕੀਤੀ ਹੈ, then why, if it is a natural calamity why he has been removed? ਇਸ ਗੱਲ ਦਾ ਕੋਈ ਜਵਾਬ ਦਿਓ। ਕਿਉਂ ਉਸ ਨੂੰ ਉਤਾਰ ਦਿੱਤਾ, ਜੇਕਰ ਉਸ ਦੀ ਗਲਤੀ ਹੀ ਨਹੀਂ ਹੈ ਤਾਂ ਫਿਰ ਉਸ ਨੂੰ ਉਤਾਰਿਆ ਹੀ ਕਿਉਂ ਹੈ? ਕਿਵੇਂ ਆਏਗਾ। ਮਿੱਤਲ ਸਾਹਿਬ ਨੇ ਰੈਜ਼ੋਲਿਊਸ਼ਨ ਵਿੱਚ ਕਿਹਾ ਕਿ ਆਪਾਂ ਲਿਖ ਕੇ ਭੇਜੀਏ। ਸਪੀਕਰ ਸਾਹਿਬ, ਮੇਰਾ ਇੱਕ ਆਖਰੀ ਸਵਾਲ ਹੈ। ਮੈਂ ਅੱਜ ਬੜੇ ਵੱਡੇ ਜਿਗਰੇ ਨਾਲ ਇਥੇ ਆਇਆ ਹਾਂ। When I was growing up Speaker Sahib, ਜਦੋਂ ਅਸੀਂ ਸਕੂਲ ਵਿੱਚ ਸੀ ਤਾਂ ਮੇਰਾ ਵੀ ਇੱਕ ਆਈਡਲ ਸੀ ਜਿਵੇਂ ਸਾਰਿਆਂ ਦੇ ਹੁੰਦੇ ਹਨ। John F Kennedy, whom everybody held in great esteem, he was smart and handsome and so was his wife Jacqueline Kennedy, ਉਨ੍ਹਾਂ ਦੋਨਾਂ ਦੀ ਡੈਥ ਹੋ ਗਈ। Jacqueline Kennedy, after a while, married a Greek business tycoon. ਉਦੋਂ ਮੈਂ 9ਵੀਂ ਕਲਾਸ

[ਸ਼੍ਰੀ ਸੁਨੀਲ ਜਾਖੜ]

ਵਿੱਚ ਸੀ। ਅਸੀਂ ਅਬੋਹਰ ਰਹਿੰਦੇ ਸੀ। ਉਦੋਂ ਟਾਈਮ ਮੈਗਜ਼ੀਨ ਨੇ ਪਬਲਿਸ਼ ਕੀਤਾ, ਹਾਈਲਾਈਟ ਕੀਤਾ which is still in my mind, because she was my idol and I was totally infatuated with her, I used to say "what a personality" ਉਸ ਦੇ ਵਿੱਚ ਇਹ ਸੀ ਕਿ ਜਿਸ ਦਿਨ ਉਸ ਬੰਦੇ ਨੇ ਸ਼ਾਦੀ ਕੀਤੀ, ਉਸ ਅਖਬਾਰ ਵਾਲਿਆਂ ਨੇ ਆਰਟੀਕਲ ਲਾਇਆ ਕਿ My Goddess had feet of clay ਕਿ ਜਿਸ ਨੂੰ ਮੈਂ ਰੱਬ ਸਮਝੀ ਬੈਠਾ ਸੀ ਉਹ ਤਾਂ ਕੱਚੇ ਪੈਰੀਂ ਸੀ, ਉਸ ਦੇ ਪੱਲੇ ਹੀ ਕੁਝ ਨਹੀਂ ਹੈ। ਕਿਥੇ President of America ਅਤੇ ਕਿੱਥੇ yet another money loaded rich guy ਕਿਧਰ ਤੁਰਿਆ ਫਿਰਦਾ ਹੈ। ਕੀ ਲੈਣਾ ਦੇਣਾ ਹੈ। Anyway, ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ I have held Hon'ble C.M. Sahib in high esteem even at the cost of being ridiculed by my own colleagues, ਬੰਦਾ ਦਿਲੋਂ ਇੱਜ਼ਤ ਕਰਦਾ ਹੈ। It is not a made-up kind of a thing or that. ਮੈਨੂੰ ਕਿਸੇ ਨਾਲ ਕੋਈ ਗਿਲਾ ਹੀ ਨਹੀਂ ਹੈ। ਪਰਸੋਂ ਮੈਂ ਡਿਪਟੀ ਸੀ.ਐਮ. ਸਾਹਿਬ ਨੂੰ ਕਿਹਾ ਸੀ ਕਿ ਮੈਂ ਤੁਹਾਡੇ ਨਾਲ ਕੀ ਗੱਲ ਕਰਾਂ, ਮੈਂ ਕਿਹਾ ਸੀ ਕਿ ਸੀ.ਐਮ. ਸਾਹਿਬ ਨੂੰ ਆ ਜਾਣ ਦਿਓ, ਉਨ੍ਹਾਂ ਨਾਲ ਗੱਲ ਕਰਾਂਗਾ ਕਿਉਂਕਿ ਜਦੋਂ ਤਵੱਕੋ ਹੀ ਉਠ ਗਈ ਤੋ ਕਿਆ ਕਿਸੀ ਸੇ ਗਿਲਾ ਕਰੇ ਕੋਈ। ਮੈਨੂੰ ਇਨ੍ਹਾਂ ਤੋਂ ਕੋਈ ਤਵੱਕੋ ਹੀ ਨਹੀਂ ਹੈ, ਗਿਲਾ ਕਾਹਦਾ ਕਰਨਾ ਹੈ। ਮੇਰੀ ਤਵੱਕੋ ਪੀ.ਐਮ. ਸਾਹਿਬ ਤੋਂ ਸੀ ਕਿ ਉਹ ** ਦੇ ਫੀਤੇ ਕੱਸਣਗੇ ਅਤੇ ਨਾ ਮੇਰੀ ਤਵੱਕੋ *** ਤੋਂ ਸੀ ਕਿ ਉਹ ਉਨ੍ਹਾਂ ਦੇ ਫੀਤੇ ਕੱਸਣਗੇ।

ਮਾਨਯੋਗ ਸਪੀਕਰ : ** ਜਿਹੜੇ ਨਾਮ ਲਏ ਗਏ ਹਨ, ਉਨ੍ਹਾਂ ਦੋਨਾਂ ਦੇ ਨਾਮ ਕੱਟ ਦੇਣਾ।

ਸ਼੍ਰੀ ਸੁਨੀਲ ਜਾਖੜ : ਪੀ.ਐਮ. ਸਾਹਿਬ ਐਗਰੀਕਲਚਰ ਮਨਿਸਟਰ ਹਨ ਹਿੰਦੁਸਤਾਨ ਦੇ ਅਤੇ ਸੀ.ਐਮ ਹਰਿਆਣਾ ਐਗਰੀਕਲਚਰ ਮਨਿਸਟਰ ਹਰਿਆਣੇ ਦੇ ਹਨ। ਪਰ ਮੇਰਾ ਗਿਲਾ ਜਿਥੇ ਤਵੱਕੋ ਹੁੰਦੀ ਹੈ, ਉਥੇ ਹੈ। ਮੇਰਾ ਗਿਲਾ ਮਾਨਯੋਗ ਬਾਦਲ ਸਾਹਿਬ ਤੋਂ ਹੈ। ਇੱਕ ਵਾਈਸ ਚਾਂਸਲਰ ਤੁਹਾਡੇ ਰਾਜ ਦੇ ਵਿੱਚ he can make this comment and still can continue to be the Vice Chancellor of PAU (voices of shame shame by

** Expunged as ordered by the Chair.

Opposition Benches.) ਇਸ ਕੁਰਸੀ ਤੇ ਸਰਦਾਰ ਪ੍ਰਤਾਪ ਸਿੰਘ ਕੈਰੋਂ ਬੈਠੇ ਸਨ where Badal Sahib today is sitting, it is incumbent upon him to carry on that legacy, that legacy has to be carried on Speaker Sahib, these guys should have been removed forthwith initially, ਜਦੋਂ ਵਲਟੋਹਾ ਸਾਹਿਬ ਦੀ ਕਮੇਟੀ ਦੀ ਰਿਪੋਰਟ ਆਈ ਸੀ, ਉਸੇ ਦਿਨ ਝਟਕਾ ਦੇ ਦੇਣਾ ਚਾਹੀਦਾ ਸੀ ਕਿ ਚਲੋ ਮੇਰੇ ਸ਼ੇਰੋ but I am sorry to say ਜਿਹੜਾ ਮੈਨੂੰ ਦਰਦ ਹੁੰਦਾ ਹੈ ਉਹ ਹੈ, ਕਿ He belongs to Sarava bodhran village, ਚੰਦ ਵੋਟਾਂ ਵਾਸਤੇ ਇੰਨਾ ਕਿਸ ਤਰ੍ਹਾਂ ਪਰੈਸ਼ਰ ਹੋ ਗਿਆ, if we are pressurized by a few votes, ਫਿਰ ਕਿਸ ਤਰ੍ਹਾਂ ਅਸੀਂ ਮੁਲਕ ਚਲਾਵਾਂਗੇ? (ਆਪੋਜ਼ੀਸ਼ਨ ਪਾਰਟੀ ਵੱਲੋਂ ਸ਼ੇਮ ਸ਼ੇਮ ਦੀਆਂ ਆਵਾਜ਼ਾਂ) ਇਹ ਤਾਂ ਦੱਸੋ ਕਿ ਉਸ ਦੀ ਕੈਪੇਬਿਲਿਟੀ ਕੀ ਸੀ। ਕਿਹੜੀ ਕੈਪੇਬਿਲਟੀ ਹੈ ਉਸ ਦੇ ਵਿੱਚ ਅਤੇ ਕਿਵੇਂ ਤੁਸੀਂ ਕਰ ਦਿਓਗੇ? I am talking about the higher directives coming from right above. High Court is fine, but I am talking about higher directives coming from right above, ਉਥੋਂ ਜਿਹੜੇ ਡਾਇਰੈਕਟਿਵ ਆਉਣੇ ਹਨ ਜਿਹੜੇ ਸਾਡੇ predecessor ਇਸ ਸੀਟ ਤੇ ਬੈਠ ਕੇ ਗਏ, ਮੈਂ ਉਨ੍ਹਾਂ ਦੀ ਗੱਲ ਕਰਨ ਲੱਗਾ ਹਾਂ। ਸਪੀਕਰ ਸਾਹਿਬ, ਅੱਜ ਮਾਨਯੋਗ ਪਾਰਲੀਮੈਂਟਰੀ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਇਥੋਂ ਆਪਾਂ ਮਤਾ ਪਾਸ ਕਰਕੇ ਭੇਜ ਦੇਈਏ। ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕਿਵੇਂ ਜਾਏਗਾ ਮਤਾ? ਕੀ ਭੇਜੋਗੇ? ਚਿੱਠੀ ਦੇ ਰਾਹੀਂ ਹੀ ਭੇਜੋਗੇ ਜਾਂ ਕਿਸੇ ਮੈਸੈਂਜਰ ਨੇ ਜਾਣਾ ਹੈ? ਸਪੀਕਰ ਸਾਹਿਬ, Look at the destiny. Certain things are destined in a way. It is amazing, ਕੋ-ਇੰਸੀਡੈਂਸ ਕਹਿ ਲਵੋ, ਵਿਧੀ ਦਾ ਵਿਧਾਨ ਕਹਿ ਲਵੋ। ਅੱਜ ਕੀ ਤਾਰੀਖ ਹੈ, ਅੱਜ 23 ਸਤੰਬਰ, 2015 ਹੈ। 22 ਸਤੰਬਰ 2014 ਨੂੰ ਮਾਨਯੋਗ ਸੀ.ਐਮ. ਸਾਹਿਬ ਨੇ ਇੱਕ ਨਹੀਂ, ਦੋ ਨਹੀਂ, ਤਿੰਨ ਨਹੀਂ, ਤੁਸੀਂ ਕਹੋਗੇ ਕਿ ਸਾਡੇ ਮਨਿਸਟਰ ਨੂੰ ਕਾਪੀ ਕਰੀ ਜਾਂਦਾ ਹੈ ਕਿ ਉਨ੍ਹਾਂ ਨੇ ਵੀ ਕਿਹਾ ਸੀ ਮੈਂ ਆਪ ਕੋ-ਐਕਸਪੈਲ ਕਰਦਾ ਹਾਂ। ਪੀ.ਐਮ. ਸਾਹਿਬ ਨੂੰ 8 ਚਿੱਠੀਆਂ ਕੱਢੀਆਂ। ਗੱਲ ਦਾ ਸਵਾਦ ਆ ਗਿਆ। (ਕੁਝ ਕਾਗਜ਼ ਲਹਿਰਾਉਂਦੇ ਹੋਏ) ਮੈਂ ਇਹ ਚਿੱਠੀਆਂ ਲਈ ਫਿਰਦਾ ਹਾਂ। ਇੱਕ

[ਸ਼੍ਰੀ ਸੁਨੀਲ ਜਾਖੜ]

ਵਾਰ ਵਿੱਚ ਹੀ 22 ਸਤੰਬਰ, 2014 ਨੂੰ 8 ਚਿੱਠੀਆਂ ਸੀ.ਐਮ. ਸਾਹਿਬ ਦੇ ਆਫਿਸ ਵਿੱਚੋਂ ਪ੍ਰਾਈਮ ਮਨਿਸਟਰ ਸਾਹਿਬ ਨੂੰ ਗਈਆਂ। (ਕੁਝ ਕਾਗਜ਼ ਲਹਿਰਾਉਂਦੇ ਹੋਏ) ਇਹ ਇੱਕ ਚਿੱਠੀ ਜਿਹੜੀ ਮੈਂ ਖੋਲ੍ਹੀ ਬੈਠਾ ਹਾਂ, ਇਹ ਮੈਂ ਆਰ.ਟੀ.ਆਈ. ਵਿੱਚ ਜਵਾਬ ਮੰਗਿਆ ਹੈ ਕਿ ਇਨ੍ਹਾਂ ਦਾ ਕੀ ਹੋਇਆ ਹੈ? ਪੀ.ਐਮ. ਆਫਿਸ ਨੇ ਕਾਰਵਾਈ ਕੀ ਕੀਤੀ, ਕਹਿੰਦੇ ਕਿ it has been forwarded to the concerned department. ਜਿਵੇਂ ਕਹਿੰਦੇ ਹਨ ਕਿ ਚਿੱਠੀਆਂ ਸਾਹਿਬਾ ਜੱਟੀ ਨੇ ਲਿਖ ਮਿਰਜ਼ੇ ਵੱਲ ਪਾਈਆਂ, (ਹਾਸਾ) ਇਨ੍ਹਾਂ ਚਿੱਠੀਆਂ ਦਾ ਮੁੜ ਕੇ ਕੋਈ ਸੁਨੇਹਾ ਹੀ ਨਹੀਂ ਆਇਆ। 8 ਸਤੰਬਰ ਦੀ ਇਹ ਜਿਹੜੀ ਚਿੱਠੀ ਹੈ, ਇਸ ਵਿੱਚ ਇਨ੍ਹਾਂ ਨੇ 2330 ਕਰੋੜ ਰੁਪਏ ਦਾ ਪੈਕੇਜ ਮੰਗਿਆ ਸੀ। ਉਸ ਵਿੱਚ ਦੁਹਾਈ ਦਿੱਤੀ ਸੀ ਕਿ ਪੰਜਾਬ ਦੀ ਇਕਾਨਮੀ, ਪੰਜਾਬ ਦਾ ਕਿਸਾਨ ਮਾਰਿਆ ਪਿਆ ਹੈ। ਪਲੀਜ਼ ਇਸ ਦਾ ਕੁਝ ਨਾ ਕਰੋ। ਇਮੀਜੇਟਲੀ ਬਾਅਦ, ਉਨ੍ਹਾਂ ਦਿਨਾਂ ਵਿੱਚ ਕਿਉਂਕਿ ਬਰਸਾਤ ਹੋਈ ਸੀ ਅਤੇ ਫਰਵਰੀ ਵਿੱਚ ਫਿਰ ਮੀਂਹ ਆ ਗਿਆ ਸੀ। ਬੜੇ ਭਾਰੀ ਪੱਧਰ ਤੇ 2-3 ਲੱਖ ਏਕੜ ਜ਼ਮੀਨ ਰੁੜ੍ਹ ਗਈ ਸੀ। ਸਾਰੇ ਹਿੰਦੁਸਤਾਨ ਵਿੱਚ ਨੁਕਸਾਨ ਹੋਇਆ ਸੀ। ਹਰਿਆਣਾ ਨੇ 10 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇ ਦਿੱਤਾ, ਜਿਨ੍ਹਾਂ ਤੋਂ ਕੋਈ ਤਵੱਕੋ ਹੀ ਨਹੀਂ ਸੀ, ਸੀ.ਐਮ. ਹਰਿਆਣਾ ਨੇ 10 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇ ਦਿੱਤਾ। ਉਹ ਜਿਨ੍ਹਾਂ ਨੂੰ ਕੋਈ ਗਿਣਦਾ ਹੀ ਨਹੀਂ ਸੀ, ਉਨ੍ਹਾਂ ਨੇ 25 ਹਜ਼ਾਰ ਰੁਪਏ ਏਕੜ ਮੁਆਵਜ਼ਾ ਦੇ ਦਿੱਤਾ ਅਤੇ ਸਾਡੇ ਵਾਲਿਆਂ ਨੇ ਕੀ ਕੀਤਾ? ਸਾਡੇ ਵਾਲਿਆਂ ਨੇ ਚਿੱਠੀ ਲਿਖ ਦਿੱਤੀ। ਚਿੱਠੀ ਵੀ ਕਿਹੜੀ ਲਿਖੀ? ਇਨ੍ਹਾਂ ਨੇ 25 ਮਾਰਚ ਨੂੰ ਚਿੱਠੀ ਲਿਖੀ। ਇਹ ਲਿਖਦੇ ਹਨ ਕਿ ਪੀ.ਐਮ. ਸਾਹਿਬ ਸਾਡਾ ਬਹੁਤ ਨੁਕਸਾਨ ਹੋ ਗਿਆ, 717 ਕਰੋੜ ਰੁਪਏ ਦਾ ਨੁਕਸਾਨ ਹੋ ਗਿਆ ਹੈ। ਇਸ ਤੋਂ ਬਾਅਦ 23 ਤਾਰੀਕ ਨੂੰ ਪੀ.ਐਮ. ਸਾਹਿਬ ਫਿਰੋਜ਼ਪੁਰ ਆਏ। ਉਥੇ ਮਾਨਯੋਗ ਮੁੱਖ ਮੰਤਰੀ ਸਾਹਿਬ ਨੇ ਖੁਦ ਖੜ੍ਹ ਕੇ ਕਿਹਾ ਕਿ ਹੁਣ ਜਿਹੜਾ ਡੈਵੋਲਿਊਸ਼ਨ ਵਾਲਾ ਤਰੀਕਾ ਬਦਲ ਦਿੱਤਾ ਹੈ ਇਸ ਵਿੱਚ ਪੰਜਾਬ ਨੂੰ ਖੁੱਲ੍ਹੇ ਗੱਫੇ ਦਿੱਤੇ ਹਨ, ਹੁਣ ਸਾਨੂੰ ਪੈਸਿਆਂ ਦੀ ਕੋਈ ਕਮੀ ਨਹੀਂ ਹੈ। ਉਸ ਤੋਂ ਤੁਰੰਤ ਬਾਅਦ 717 ਕਰੋੜ ਰੁਪਏ ਵਾਲਾ ਫੁਰਮਾਨ 25 ਤਾਰੀਖ ਨੂੰ ਲਿਖ ਦਿੱਤਾ। ਕੋਈ ਜਵਾਬ? ਨਹੀਂ, ਕੋਈ ਜਵਾਬ ਨਹੀਂ। It has been forwarded to the concerned department. 8 ਅਪ੍ਰੈਲ ਨੂੰ ਇਨ੍ਹਾਂ ਨੇ ਨਾਰਮਜ਼ ਚੇਂਜ ਕਰ ਦਿੱਤੇ। ਸਟੇਟ ਡਿਜ਼ਾਸਟਰ ਮੈਨੇਜਮੈਂਟ, ਜਿਹੜਾ ਮੈਂ ਕਹਿੰਦਾ ਹਾਂ ਕਿ even if it

is a natural disaster ਤਾਂ ਪੈਸੇ ਕਿੱਥੋਂ ਆਉਣਗੇ, ਨੈਚੂਰਲੀ ਉਸ ਫੰਡ ਵਿੱਚੋਂ ਹੀ ਆਉਣਗੇ। ਐਨ.ਡੀ.ਏ. ਸਰਕਾਰ ਨੇ ਨਾਰਮਜ਼ ਚੇਂਜ ਕਰ ਦਿੱਤੇ। ਕਹਿੰਦੇ ਜਿਹੜਾ ਪਹਿਲਾਂ 50% ਖਰਾਬਾ ਸੀ, ਹੁਣ ਅਸੀਂ 33% ਖਰਾਬੇ ਵਾਲੇ ਨੂੰ ਵੀ ਇਸ ਵਿੱਚ ਇਨਕਲੂਡ ਕਰਾਂਗੇ। ਸਪੀਕਰ ਸਾਹਿਬ, ਨਾ ਤਾਂ ਕੋਈ ਉਥੋਂ ਪੈਸਾ ਆਇਆ ਅਤੇ ਨਾ ਹੀ ਸਟੇਟ ਡਿਜ਼ਾਸਟਰ ਰਿਲੀਫ ਫੰਡ, ਜਿਹੜਾ ਕਿ ਅੱਜ ਐਡਵਰਟਾਈਜ਼ਮੈਂਟ ਨਾਲ ਭਰਿਆ ਪਿਆ ਹੈ, ਕੋਈ ਮਾੜਾ ਮੋਟਾ ਦੇਖ ਤਾਂ ਲਿਆ ਜਾਂਦਾ ਕਿ ਕਿਸਾਨ ਨੂੰ ਵੱਢਿਆ ਹੈ, ਉਹ ਮਰਿਆ ਪਿਆ ਹੈ। ਉਸ ਨਾਲ ਘਿਨਾਉਣਾ ਮਜ਼ਾਕ ਕੀਤਾ ਜਾ ਰਿਹਾ ਹੈ। 193 ਕਰੋੜ ਰੁਪਏ ਤਾਂ ਤੁਹਾਡੇ ਕੋਲ ਪਏ ਸਨ।

ਸਪੀਕਰ ਸਾਹਿਬ, ਮੈਂ ਯਾਦ ਕਰਵਾਉਣਾ ਚਾਹੁੰਦਾ ਹਾਂ ਕਿ ਇੱਕ ਚਿੱਠੀ ਇਨ੍ਹਾਂ ਨੇ ਪਹਿਲਾਂ ਲਿਖੀ ਸੀ। ਇੱਕ ਚਿੱਠੀ 25 ਜਨਵਰੀ, 2010 ਨੂੰ ਵੀ ਲਿਖੀ ਸੀ, ਉਦੋਂ ਬਹੁਤ ਸੋਕਾ ਪਿਆ ਸੀ। ਉਦੋਂ ਇਨ੍ਹਾਂ ਨੇ ਮਾਨਯੋਗ ਡਾਕਟਰ ਮਨਮੋਹਨ ਸਿੰਘ ਜੀ ਨੂੰ ਲਿਖਿਆ ਸੀ ਕਿ ਸੋਕਾ ਪੈ ਗਿਆ ਹੈ। ਕਿਸਾਨ ਵਾਸਤੇ ਨਹੀਂ ਸੀ ਮੰਗਿਆ। ਇਹ ਕਹਿੰਦੇ ਕਿ ਅਸੀਂ ਬਿਜਲੀ ਮੁਹੱਈਆ ਕਰਵਾਈ ਹੈ, 1420 ਕਰੋੜ ਰੁਪਿਆ ਚਾਹੀਦਾ ਹੈ।25 ਜਨਵਰੀ 2010 ਨੂੰ ਇਹ ਚਿੱਠੀ ਲਿਖੀ ਅਤੇ 23 ਮਾਚਰ ਨੂੰ ਪੈਸੇ ਸੈਂਕਸ਼ਨ ਹੋ ਗਏ। 31 ਮਾਰਚ ਨੂੰ 800 ਕਰੋੜ ਰੁਪਿਆ ਇਨ੍ਹਾਂ ਦੇ ਅਕਾਊਂਟ ਵਿੱਚ ਆ ਗਿਆ। (ਆਪੋਜ਼ੀਸ਼ਨ ਬੈਂਚਿਜ਼ ਵੱਲੋਂ ਥੰਪਿੰਗ) ਇਹ ਚਿੱਠੀ ਹੁੰਦੀ ਹੈ। ਚਿੱਠੀ ਕਿਸ ਨੂੰ ਲਿਖੀ ਜਾ ਰਹੀ ਹੈ, ਕਿਸ ਕੋਲ ਜਾਵੇਗੀ, ਉਸ ਦਾ ਕੀ ਬਣੇਗਾ? ਸਪੀਕਰ ਸਾਹਿਬ, ਚਿੱਠੀ ਲਿਖ ਕੇ ਕੀ ਹੋਵੇਗਾ? ਮੈਂ ਜਿਸ ਗੱਲ ਨੂੰ ਕਹਿਣਾ ਚਾਹੁੰਦਾ ਹਾਂ ਕਿ ਟੇਕ ਅੱਪ ਤਾਂ ਆਨਰੇਬਲ ਚੀਫ ਮਨਿਸਟਰ ਸਾਹਿਬ ਨੇ ਕਰਨਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇਤਲੀ ਸਾਹਿਬ ਅੰਮ੍ਰਿਤਸਰ ਆਏ ਸਨ,

ਕੀ ਸੀ.ਐਮ. ਸਾਹਿਬ ਨੇ ਉਨ੍ਹਾਂ ਦੇ ਸਾਹਮਣੇ ਇਹ ਗੱਲ ਰੱਖੀ ਕਿ ਸਾਨੂੰ ਸਾਡੇ 717 ਕਰੋੜ ਰੁਪਏ ਦਿੱਤੇ ਜਾਣ? ਮੈਂ ਕਹਿੰਦਾ ਹਾਂ ਕਿ ਬਿਲਕੁਲ ਨਹੀਂ ਰੱਖੀ ਅਤੇ ਇਸ ਗੱਲ ਦਾ ਸਾਨੂੰ ਗਿਲਾ ਹੈ। ਕੀ ਤੁਸੀਂ ਉਥੇ ਗੱਲ ਕੀਤੀ? ਤੁਸੀਂ ਪਰਿਵਾਰਕ ਗੱਲ ਕੀਤੀ ਕਿ ਉਹ ਸਾਡੇ ਤੋਂ ਕੀ ਮੰਗਦੇ ਹਨ। ਸਾਡਾ ਪੰਜਾਬ ਨਾਲ ਕਨਸਰਨ ਹੈ। Is this a family concern? You should have put this

[ਸ਼੍ਰੀ ਸੁਨੀਲ ਜਾਖੜ]

thing across ਕਿ ਸਾਡੇ ਪੰਜਾਬ ਦਾ ਹੱਕ ਦਿਉ। ਉਸ ਤੋਂ ਬਾਅਦ ਜਦੋਂ ਪ੍ਰਾਈਮ ਮਨਿਸਟਰ ਮੁਹਾਲੀ ਆਏ ਹਨ, What has he mentioned? He mentioned ਕਿ ਖਾਲੀ ਕੁਰਸੀਆਂ ਪਈਆਂ ਹਨ। ਉਥੇ ਵੀ ਸੀ.ਐਮ. ਸਾਹਿਬ ਨੇ ਕਿਸਾਨ ਦੀ ਖਾਲੀ ਜੇਬ ਦਾ ਜ਼ਿਕਰ ਨਹੀਂ ਕੀਤਾ। ਇਨ੍ਹਾਂ ਨੇ ਕਿਹਾ ਕਿ ਕੁਰਸੀਆਂ ਖਾਲੀ ਪਈਆਂ ਹਨ। ਮਾਨਯੋਗ ਪ੍ਰਧਾਨ ਮੰਤਰੀ ਸਾਹਿਬ, ਤੁਸੀਂ ਮੈਨੂੰ ਮੌਕਾ ਦਿਉ। ਕਿਉਂ ਮੌਕਾ ਦਿੱਤਾ ਜਾਵੇ? ਸਪੀਕਰ ਸਾਹਿਬ, ਜਿਹੜੇ ਪ੍ਰਧਾਨ ਮੰਤਰੀ ਨੇ ਪੰਜਾਬ ਦੀ ਗੱਲ ਨਹੀਂ ਸੁਣਨੀ ਅਤੇ ਜੇਕਰ ਆਪਾਂ ਉਨ੍ਹਾਂ ਦੇ ਸਾਹਮਣੇ ਪੰਜਾਬ ਦੀ ਗੱਲ ਰੱਖ ਹੀ ਨਹੀਂ ਸਕਦੇ, I am sorry to say, ਸਾਡਾ ਤਾਂ ਸੁਪਨਾ ਹੀ ਟੁੱਟ ਗਿਆ। ਰਾਮ ਪ੍ਰਸ਼ਾਦ ਨੇ ਜਿਸ ਤਰ੍ਹਾਂ ਕਿਹਾ ਹੈ: ਹਾਰ ਸਮੰਝ ਕੇ ਜਿਸ ਕੋ ....

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਅਤੇ ਸੈਨੀਟੇਸ਼ਨ ਤੇ ਰੱਖਿਆ ਸੇਵਾਵਾਂ ਭਲਾਈ (ਸਰਦਾਰ ਵਿਰਸਾ ਸਿੰਘ ਵਲਟੋਹਾ): ਸਪੀਕਰ ਸਾਹਿਬ,..

ਮਾਨਯੋਗ ਸਪੀਕਰ : ਉਹ ਖਤਮ ਕਰਨ ਲੱਗੇ ਹਨ।

ਸ਼੍ਰੀ ਸੁਨੀਲ ਜਾਖੜ : ਮੈਂ ਇਕ ਮਿੰਟ ਵਿੱਚ ਹੀ ਬੈਠ ਜਾਂਦਾ ਹਾਂ।

ਮਾਨਯੋਗ ਸਪੀਕਰ : ਚਲੋ, ਜਾਖੜ ਸਾਹਿਬ, ਇਕ ਮਿੰਟ। ਸਰਦਾਰ ਵਿਰਸਾ ਸਿੰਘ ਜੀ ਦਾ ਪੁਆਇੰਟ ਆਫ ਆਰਡਰ ਸੁਣ ਲਈਏ।

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਅਤੇ ਸੈਨੀਟੇਸ਼ਨ ਤੇ ਰੱਖਿਆ ਸੇਵਾਵਾਂ ਭਲਾਈ : ਸਪੀਕਰ ਸਾਹਿਬ, ਪਿਛਲੇ ਦਿਨੀਂ ਜਦੋਂ ਪ੍ਰਧਾਨ ਮੰਤਰੀ ਸਾਹਿਬ ਚੰਡੀਗੜ੍ਹ ਆਏ ਸਨ ਤਾਂ ਸਭ ਤੋਂ ਵੱਧ ਜੇਕਰ ਕਿਸਾਨਾਂ ਦੀ ਗੱਲ ਕੀਤੀ ਹੈ ਤਾਂ ਪੰਜਾਬ ਦੇ ਮੁੱਖ ਮੰਤਰੀ ਸਾਹਿਬ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੇ ਕੀਤੀ ਹੈ। (ਵਿਘਨ...) ਜਾਖੜ ਸਾਹਿਬ ਨੇ ਜਿਸ ਤਰੀਕੇ ਨਾਲ ਗੱਲ ਕੀਤੀ ਹੈ, ਇਹ ਨਾਮੰਨਣਯੋਗ ਹੈ ਅਤੇ ਮਾੜੀ ਗੱਲ ਹੈ। (ਸ਼ੋਰ..)

(ਇਸ ਸਮੇਂ ਸਰਦਾਰ ਬਲਬੀਰ ਸਿੰਘ ਸਿੱਧੂ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

ਮਾਨਯੋਗ ਸਪੀਕਰ : ਜਾਖੜ ਜੀ, ਤੁਸੀਂ ਪਲੀਜ਼ ਕਨਕਲੂਡ ਕਰੋ। ਸਿੱਧੂ ਜੀ ਨਹੀਂ। (ਸ਼ੋਰ.. ਵਿਘਨ..)

(ਇਸ ਸਮੇਂ ਵੀ ਸਰਦਾਰ ਬਲਬੀਰ ਸਿੰਘ ਸਿੱਧੂ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

ਮਾਨਯੋਗ ਸਪੀਕਰ : ਨਹੀਂ ਜੀ, ਬੈਠ ਜਾਉ। ਜਾਖੜ ਜੀ, ਤੁਸੀਂ ਕਲੋਜ਼ ਕਰੋ। (ਵਿਘਨ) ਕੋਈ ਨਹੀਂ, ਮੈਂ ਵੇਖ ਲਵਾਂਗਾ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੈਂ ਸਰਕਾਰ ਨੂੰ ਐਡਰੈਸ ਕਰ ਰਿਹਾ ਹਾਂ ਕਿਸੇ ਇਕ ਵਿਅਕਤੀ ਨੂੰ ਨਹੀਂ। ਮੈਂ ਤੁਹਾਡੇ ਨਾਲੋਂ ਵੀ ਜ਼ਿਆਦਾ ਇਨ੍ਹਾਂ ਦੀ ਕਦਰ ਕਰਦਾ ਹਾਂ (ਸੀ.ਐਮ. ਸਾਹਿਬ ਵੱਲ ਇਸ਼ਾਰਾ) ਮੈਂ ਆਖਰੀ ਦੋ ਲਾਈਨਾਂ ਉਹੀ ਪੜ੍ਹਾਂਗਾ ਜਿਵੇਂ ਸ਼੍ਰੀ ਰਾਮ ਪ੍ਰਸਾਦ ਬਿਸਮਲ, ਕ੍ਰਾਂਤੀਕਾਰੀ ਕਵੀ ਨੇ ਇਹ ਕਿਹਾ ਹੈ: ''ਜਿਨੇ ਹਮ ਹਾਰ ਸਮਝੇ ਥੇ ਗਲਾ ਅਪਨਾ ਸਜਾਨੇ ਕੋ, ਵਹੀ ਸਾਂਪ ਬਨ ਬੈਠੇ ਹਮੇਂ ਕਾਟ ਖਾਨੇ ਕੋ।'' ਕਿਸਾਨਾਂ ਦੇ ਰਾਖਿਓ, ਤੁਹਾਨੂੰ ਕਿਸਾਨਾਂ ਨੇ ਵੋਟਾਂ ਦਿੱਤੀਆਂ ਸਨ। ਸੀ.ਐਮ. ਸਾਹਿਬ ਨੇ ਸਾਲ 2007 ਵਿੱਚ ਸ੍ਰੀ ਅਨੰਦਪੁਰ ਸਾਹਿਬ ਵਿਚ ਜਾ ਕੇ ਕਿਹਾ ਸੀ ਕਿ ਜਦੋਂ ਤੱਕ ਸਾਡੀ ਅਕਾਲੀ ਸਰਕਾਰ ਰਹੇਗੀ, ਕਿਸਾਨ ਨੂੰ ਆਬਿਆਨਾ ਨਹੀਂ ਲੱਗੇਗਾ। ਹੁਣ ਮੈਂ ਕੀ ਯਾਦ ਕਰਵਾਵਾਂ? ਮੈਂ ਦੋ ਸਾਲ ਪਹਿਲਾਂ ਗੱਲ ਕੀਤੀ ਸੀ, ਇਨ੍ਹਾਂ ਨੇ ਕਿਹਾ ਮੈਂ ਪੁੱਛ ਕੇ ਦੱਸਾਂਗਾ। ਮੈਂ ਕਿਹਾ ਸੀ ਸਾਡੇ ਅਬੋਹਰ ਵਿੱਚ ਲਗਦਾ ਹੈ, ਉਧਰੋਂ ਨਾਗਰਾ ਸਾਹਿਬ ਨੇ ਕਹਿ ਦਿੱਤਾ ਕਿ ਸਾਡੇ ਵੀ ਲੱਗਦਾ ਹੈ। ਤੁਹਾਨੂੰ ਪਤਾ ਹੀ ਨਹੀਂ ਸੀ। ਜੇਕਰ ਦੋ ਸਾਲ ਪਹਿਲਾਂ ਤੁਸੀਂ ਗੁਰੂ ਨਗਰੀ ਵਿਚ ਜਾ ਕੇ ਲੋਕਾਂ ਦੀਆਂ ਅੱਖਾਂ ਵਿਚ ਧੂੜ ਪਾ ਸਕਦੇ ਹੋ।...

ਮਾਨਯੋਗ ਸਪੀਕਰ : ਧੰਨਵਾਦ ਜੀ, ਬੈਠੋ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੇਰੀ ਮੰਗ ਕਿਸਾਨਾਂ ਦਾ ਕਰਜਾ ਮੁਆਫ ਕਰਨ ਦੀ ਹੈ। ਕੁਝ ਲੋਕ ਕਹਿੰਦੇ ਸਨ ਕਿ ਭਾਗਸ਼ਾਲੀ ਪ੍ਰਧਾਨ ਮੰਤਰੀ ਚਾਹੀਦਾ ਹੈ। ਭਾਗਸ਼ਾਲੀ ਪ੍ਰਧਾਨ ਮੰਤਰੀ ਜੀ ਆ ਗਏ। ਮਿੱਤਲ ਸਾਹਿਬ, ਤੁਹਾਨੂੰ ਯਾਦ ਹੈ ਕਿ highest input costwise, is diesel. ਜਦੋਂ ਇੰਟਰਨੈਸ਼ਨਲ ਪ੍ਰਾਈਸਜ਼ ਗਿਰਨ ਲੱਗੀਆਂ ਤਾਂ ** ** ਕਹਿਣ ਲੱਗੇ ਕਿ ਮੈਂ ਭਾਗਸ਼ਾਲੀ ਹੂੰ, ਸਿਤਾਰਾ ਚਮਕ ਗਿਆ ਹੈ। ਉਨ੍ਹਾਂ ਦਾ ਸਿਤਾਰਾ ਤਾਂ ਜ਼ਰੂਰ ਚਮਕ ਗਿਆ। ਉਥੇ ਤਾਂ ਪ੍ਰਾਈਸ 110 ਡਾਲਰ ਤੋਂ ਘਟ ਕੇ 40 ਡਾਲਰ ਤੇ ਆ ਗਈ ਪ੍ਰੰਤੂ ਡੀਜ਼ਲ ਦਾ ਰੇਟ 54 ਰੁਪਏ ਤੋਂ ਘੱਟ ਕੇ ਕੇਵਲ 44 ਰੁਪਏ ਤੱਕ ਹੀ ਆਇਆ। ਮੇਰੀ ਮੰਗ ਹੈ ਕਿ ਡੀਜ਼ਲ ਦੀ ਕੀਮਤ 1/3 ਕਰ ਦਿਉ, ਇਨ੍ਹਾਂ ਦਾ ਕਰਜ਼ਾ ਮੁਆਫ ਕਰ

** **Expunged as ordered by the Chair.

[ਸ਼੍ਰੀ ਸੁਨੀਲ ਜਾਖੜ]

ਦਿਉ ਅਤੇ ਇੰਟਰੈਸਟ ਫਰੀ ਲੋਨ ਦੇ ਦਿਉ। ਫਿਰ ਤੁਹਾਡੀ ਬੱਲੇ-ਬੱਲੇ ਹੋਵੇਗੀ। Otherwise we reject and I demand resignation not only of our Agriculture Minister, I believe the Govt. has no moral right to continue.

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕੁਝ ਮੈਂਬਰਜ਼ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਸਰਕਾਰ ਵਿਰੋਧੀ ** ** ਨਾਹਰੇ ਲਗਾਉਣ ਲੱਗ ਪਏ।)

ਮਾਨਯੋਗ ਸਪੀਕਰ : ਨਾਹਰੇ ਰਿਕਾਰਡ ਨਾ ਕੀਤੇ ਜਾਣ। Please, sit down. ਡਾਕਟਰ ਦਲਜੀਤ ਸਿੰਘ ਚੀਮਾ ਜੀ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ।)

Mr. Speaker : Please sit down. Please sit down.

ਸਿੱਖਿਆ ਮੰਤਰੀ (ਡਾਕਟਰ ਦਲਜੀਤ ਸਿੰਘ ਚੀਮਾ) : ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਬੇਨਤੀ ਕਰਦਾ ਹਾਂ ਕਿ ਇਹ ਹੁਣ ਬੈਠ ਕੇ ਸੁਣਨ । (ਵਿਘਨ) (ਸ਼ੋਰ)

Mr. Speaker : Please sit down. (ਵਿਘਨ) Please sit down. Please listen. ਸਰਦਾਰ ਕੁਲਜੀਤ ਸਿੰਘ, ਤੁਹਾਡੇ ਬੋਲਣ ਦੀ ਲੋੜ ਨਹੀਂ । ਤੁਹਾਡੇ ਲੀਡਰ ਬੋਲ ਚੁੱਕੇ ਹਨ । I have given more than sufficient time. ਜਾਖੜ ਸਾਹਿਬ, ਤੁਹਾਡੀ ਸਪੀਚ ਨੂੰ ਡਿਸਟਰਬ ਨਹੀਂ ਹੋਣ ਦਿੱਤਾ । ਮੈਂ ਐਕਸਪੈਕਟ ਕਰਦਾ ਹਾਂ ਕਿ ਸਿਮੀਲਰ ਬਿਹੇਵੀਅਰ ਤੁਹਾਡਾ ਹੋਵੇਗਾ, ਤੁਹਾਡੇ ਮੈਂਬਰ ਔਰ ਤੁਸੀਂ ਕੰਟਰੋਲ ਕਰੋਗੇ ਤੇ ਇਨ੍ਹਾਂ ਨੂੰ ਬੋਲਣ ਦਿਉਗੇ । ਚੀਮਾ ਸਾਹਿਬ । (ਵਿਘਨ) ਨਹੀਂ, ਨਹੀਂ । You have been given more than sufficient time.

ਸ਼੍ਰੀ ਸੁਨੀਲ ਜਾਖੜ : ਕਿਸਾਨਾਂ ਲਈ ਤਾਂ ਬਹੁਤ ਸਫੀਸ਼ੀਐਂਟ ਟਾਈਮ ਚਾਹੀਦਾ ਹੈ ।

** **Expunged/Not recorded as ordered by the Chair.

ਮਾਨਯੋਗ ਸਪੀਕਰ : ਕੀ ਮੈਂ ਤੁਹਾਨੂੰ ਕੋਈ ਘੱਟ ਟਾਈਮ ਦਿੱਤਾ ਹੈ ?

ਸ਼੍ਰੀ ਸੁਨੀਲ ਜਾਖੜ : ਮੈਂ ਸਿਰਫ ਇੱਕ ਬੇਨਤੀ ਕਰਨੀ ਹੈ ।

ਮਾਨਯੋਗ ਸਪੀਕਰ : ਮੈਂ ਤੁਹਾਡੇ ਕੋਲੋਂ ਸੇਮ ਕਰਟਸੀ ਐਕਸਪੈਕਟ ਕਰਦਾ ਹਾਂ । (ਵਿਘਨ)

ਸ਼੍ਰੀ ਸੁਨੀਲ ਜਾਖੜ : ਇਨ੍ਹਾਂ ਦੀ ਗੱਲ ਸੁਣਾਂਗੇ ਪਰ ਉਸ ਤੋਂ ਪਹਿਲਾਂ ਸਾਨੂੰ ਅਸਤੀਫਾ ਚਾਹੀਦਾ ਹੈ । ਇਹ ਦੋਵੇਂ ਜਾਣ, ਕਮਿਸ਼ਨਰ ਅਤੇ ਐਗਰੀਕਲਚਰ ਮਨਿਸਟਰ । (ਵਿਘਨ) (ਸ਼ੋਰ)

Mr. Speaker : Please silence. ਮੈਂ ਕਿਹਾ, ਜਾਖੜ ਸਾਹਿਬ, ਥੋੜ੍ਹਾ ਕੰਟਰੋਲ ਕਰੋ ਜੀ । (ਵਿਘਨ) (ਸ਼ੋਰ) Channi Sahib, sit down. ਮੈਂ ਕਿਹਾ, sit down.

ਸਿੱਖਿਆ ਮੰਤਰੀ : ਸਪੀਕਰ ਸਾਹਿਬ, ਮਾਨਯੋਗ ਪਾਰਲੀਮੈਂਟਰੀ ਮੰਤਰੀ ਸ਼੍ਰੀ ਮਦਨ ਮੋਹਨ ਮਿੱਤਲ ਜੀ ਨੇ ਇਹ ਮਤਾ ਲਿਆਂਦਾ ਹੈ, ਉਸ ਮਤੇ ਤੇ ਮੈਨੂੰ ਤੁਸੀਂ ਇਸ ਹਾਊਸ ਵਿੱਚ ਬੋਲਣ ਦਾ ਸਮਾਂ ਦਿੱਤਾ ਹੈ । ਕਿਸਾਨੀ ਸਾਡੇ ਸੂਬੇ ਵਾਸਤੇ, ਦੇਸ਼ ਵਾਸਤੇ ਅਤੇ ਸਾਰੀ ਦੁਨੀਆਂ ਵਾਸਤੇ ਬਹੁਤ ਹੀ ਅਹਿਮ ਪੇਸ਼ਾ ਹੈ । ਕਿਸਾਨ ਦੀ ਮਿਹਨਤ, ਕਿਸਾਨ ਦੀ ਇਹ ਸੱਚੀ-ਸੁੱਚੀ ਕਿਰਤ ਦੀ ਪਵਿੱਤਰਤਾ, ਉਸ ਦੇ ਸਬਰ ਸੰਤੋਖ, ਇਨ੍ਹਾਂ ਸਾਰੇ ਗੁਣਾਂ ਨੂੰ ਵੇਖ ਕੇ ਜੀਵਨ ਕਿਵੇਂ ਸਫਲ ਕਰਨਾ ਹੈ, ਗੁਰੂ ਸਾਹਿਬ ਨੇਂ ਉਸ ਦੀ ਉਦਾਹਰਨ ਦਿੰਦਿਆਂ ਗੁਰਬਾਣੀ ਵਿੱਚ ਫੁਰਮਾਇਆ ਹੈ :

ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ।।

5.33 ਵਜੇ ਸ਼ਾਮ) (ਇਸ ਸਮੇਂ ਮਾਨਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਸਰਦਾਰ ਅਜੀਤ ਇੰਦਰ ਸਿੰਘ ਮੋਫਰ (ਬੈਠੇ-ਬੈਠੇ) : ਸਾਰੇ ਹਾਊਸ ਨੂੰ ਇਸ ਦਾ ਮਤਲਬ ਵੀ ਦੱਸ ਦਿਉ।

ਸਿੱਖਿਆ ਮੰਤਰੀ : ਮੈਂ ਮਤਲਬ ਦੱਸ ਦਿੰਦਾ ਹਾਂ । ਕਿਰਪਾ ਕਰਕੇ ਸੁਣੀ ਜਾਣਾ । (ਵਿਘਨ) ਮੇਰੇ ਤੋਂ ਪਹਿਲਾਂ ਸਾਡੇ ਮਾਨਯੋਗ ਲੀਡਰ ਆਫ ਦਿ

[ਸਿੱਖਿਆ ਮੰਤਰੀ]

ਆਪੋਜ਼ੀਸ਼ਨ ਜਿਨ੍ਹਾਂ ਦੀ ਮੈਂ ਇਸ ਗੱਲ ਤੋਂ ਕਦਰ ਕਰਦਾ ਹਾਂ ਕਿ ਉਹ ਕਿਰਸਾਨੀ ਦੇ ਪਰਿਵਾਰ ਵਿੱਚੋਂ ਵੀ ਹਨ, ਕਿਰਸਾਨੀ ਨੂੰ ਮੇਰੇ ਨਾਲੋਂ ਵੱਧ ਸਮਝਦੇ ਹਨ, ਬਹੁਤ ਵੱਡੇ ਵਿਦਵਾਨ ਵੀ ਹਨ ਤੇ ਮੈਂ ਬਹੁਤ ਲੰਬਾ ਸਮਾਂ ਬੜੇ ਧਿਆਨ ਨਾਲ ਬੈਠਾ ਉਨ੍ਹਾਂ ਨੂੰ ਸੁਣ ਰਿਹਾ ਸੀ ਔਰ ਮੈਨੂੰ ਆਸ ਵੀ ਸੀ ਤੇ ਉਨ੍ਹਾਂ ਦੇ ਮਨ ਦੀ ਇੱਛਾ ਵੀ ਸੀ ਕਿ ਕਿਸਾਨੀ ਉਤੇ ਇਸ ਹਾਊਸ ਵਿੱਚ ਬਹਿਸ ਹੋਵੇ, ਮੈਂ ਲੰਬਾ ਸਮਾਂ ਉਨ੍ਹਾਂ ਦੀ ਤਕਰੀਰ ਨੂੰ ਧਿਆਨ ਨਾਲ ਸੁਣਿਆ ਹੈ । ਇਹ ਵੱਟੋ-ਵੱਟ ਜ਼ਰੂਰ ਪਏ ਪਰ ਜੋ ਮੈਂ ਸੋਚਦਾ ਸੀ ਕਿ ਕਿਸਾਨੀ ਦੀ ਜੋ ਓਵਰਆਲ ਸਥਿਤੀ ਸੂਬੇ, ਦੇਸ਼ ਅਤੇ ਦੁਨੀਆਂ ਵਿੱਚ ਹੈ, ਉਸ ਵਾਸਤੇ ਇਹ ਕਿਸੇ ਰਸ਼ਤੇ ਤੇ ਪਹੁੰਚਣਗੇ ਅੰਤੇ ਜੇ ਕਿਸੇ ਪੱਕੇ ਰਸਤੇ ਤੇ ਤਾਂ ਨਹੀਂ ਤਾਂ ਕਿਸੇ ਕੱਚੇ ਰਸਤੇ ਤੇ ਤਾਂ ਘੱਟੋ-ਘੱਟ ਜ਼ਰੂਰ ਲੈ ਕੇ ਜਾਣਗੇ ਲੇਕਿਨ ਸਿਵਾਏ ਇੱਕ ਚਿੱਟੀ ਮੱਖੀ ਮਾਰਨ ਨੂੰ ਲੈ ਕੇ, ਬਾਕੀ ਕਿਸਾਨੀ ਦੀਆਂ ਜੋ ਵੱਡੀਆਂ-ਵੱਡੀਆਂ ਸਮੱਸਿਆਵਾਂ ਹਨ, ਉਨ੍ਹਾਂ ਨੂੰ ਛੂਹੇ ਬਗੈਰ ਹੀ ਇਨ੍ਹਾਂ ਨੇ ਸਮਾਪਤੀ ਕਰ ਦਿੱਤੀ ਹੈ ।ਇਸ ਕਰਕੇ ਮੈਨੂੰ ਜੋ ਆਸ ਸੀ ਕਿ ਅੱਜ ਜਾਖੜ ਸਾਹਿਬ ਵਰਗੇ ਨੇਤਾ ਤੋਂ ਇਸ ਹਾਊਸ ਵਿੱਚੋਂ ਕੁਝ ਸਿੱਖ ਕੇ ਜਾਵਾਂਗੇ, ਕੋਈ ਚੰਗੀ ਸੇਧ ਸਰਕਾਰ ਨੂੰ ਮਿਲੇਗੀ, ਉਹ ਪੂਰੀ ਨਹੀਂ ਹੋਈ। ਮੈਂ ਦੇਖਿਆ ਹੈ ਕਿ ਜਿੰਨਾ ਇਹ ਸੰਜੀਦਾ ਮਸਲਾ ਸੀ, ਉਸ ਮਸਲੇ ਨੂੰ ਉਸ ਸੰਜੀਦਗੀ ਦੇ ਨਾਲ ਅਸੀਂ ਇਸ ਹਾਊਸ ਦੇ ਵਿੱਚ ਨਹੀਂ ਵਿਚਾਰਿਆ। ਕਿਉਂਕਿ ਕਿਸਾਨੀ ਦਾ ਹਾਲਤ ਮਾੜੀ ਹੋ ਰਹੀ ਹੈ। ਇਹ ਇੱਕ ਸਚਾਈ ਹੈ, ਜਿਹੜੀ ਸਾਨੂੰ ਸਾਰਿਆਂ ਨੂੰ ਸਵੀਕਾਰਨੀ ਪਵੇਗੀ। ਇਹ ਸਾਡੇ ਸੂਬੇ ਵਿੱਚ ਵੀ ਹੋ ਰਹੀ ਹੈ ਅਤੇ ਬਾਕੀ ਦੇਸ਼ ਦੇ ਵਿੱਚ ਵੀ ਹੋ ਰਹੀ ਹੈ। ਓਵਰਆਲ ਦੁਨੀਆਂ ਦੇ ਵਿੱਚ ਵੀ ਕਿਸਾਨੀ ਦੀ ਹਾਲਤ ਚਿੰਤਾਜਨਕ ਹੈ। ਪਿੱਛੇ ਵਰਲਡ ਬੈਂਕ ਨੇ ਇੱਕ ਸਟੱਡੀ ਕੀਤੀ ਸੀ। ਉਸ ਸਟੱਡੀ ਦਾ ਜੋ ਨਿਚੋੜ ਹੈ, ਉਸ ਦੀਆਂ ਦੋ ਲਾਈਨਾਂ ਮੈਂ ਕੋਟ ਕਰਨੀਆਂ ਚਾਹਾਂਗਾ। ਜਿਹੜੀ ਵਰਲਡ ਬੈਂਕ ਦੀ ਸਾਲ 2008 ਦੀ ਸਟੱਡੀ ਹੈ ਕਿ agriculture has effectively served as the basis for a growth and reduced the poverty in many countries but many more countries could benefit, ਭਾਵ ਕਿ ਖੇਤੀਬਾੜੀ ਨੇ ਬਹੁਤ ਸਾਰੇ ਦੇਸ਼ਾਂ ਦੇ ਵਿੱਚ ਵਿਕਾਸ ਦੇ ਆਧਾਰ ਦੇ ਤੌਰ ਤੇ ਕੰਮ ਕੀਤਾ ਹੈ ਪਰ ਹੋਰ ਵੀ ਬਹੁਤ ਸਾਰੇ ਦੇਸ਼ ਇਸ ਤੋਂ ਫਾਇਦਾ ਲੈ ਸਕਦੇ ਹਨ। If the Government and donors want to reverse years of policy neglect and remedy there-under investment and mis-investment in agriculture....... ਇਹ ਵਰਲਡ

ਬੈਂਕ ਦੀ ਰਿਪੋਰਟ ਹੈ। ਜਿਸ ਦੇ ਵਿੱਚ ਇਸ ਗੱਲ ਦਾ ਸੁਝਾਅ ਆਇਆ ਸੀ ਕਿ ਹੋਰ ਵੀ ਦੇਸ਼ ਇਸ ਤੋਂ ਬੈਨੀਫਿਟ ਲੈ ਸਕਦੇ ਹਨ ਪਰ ਜੇਕਰ ਹੁਣ ਤੱਕ ਵੱਖ ਵੱਖ ਦੇਸ਼ਾਂ ਦੇ ਵਿੱਚ ਜੋ ਵੀ ਮਾੜੀਆਂ ਨੀਤੀਆਂ ਬਣੀਆਂ, ਅਸੀਂ ਉਨ੍ਹਾਂ ਨੂੰ ਰਿਵਰਸ ਕਰੀਏ ਅਤੇ ਉਨ੍ਹਾਂ ਦੀ ਥਾਂ ਤੇ ਚੰਗੀਆਂ ਨੀਤੀਆਂ ਲੈ ਕੇ ਆਈਏ। ਜਿੰਨੀ ਇਨਵੈਸਟਮੈਂਟ ਐਗਰੀਕਲਚਰ ਖੇਤਰ ਵਿੱਚ ਹੋਣੀ ਚਾਹੀਦੀ ਸੀ, ਉਨੀ ਇਨਵੈਸਟਮੈਂਟ ਜ਼ਰੂਰ ਕੀਤੀ ਜਾਵੇ ਅਤੇ ਆਪਾਂ ਅੰਡਰ ਇਨਵੈਸਟਮੈਂਟ ਨੂੰ ਖਤਮ ਕਰਕੇ ਪੂਰੀ ਇਨਵੈਸਟਮੈਂਟ ਕਰੀਏ ਤਾਂ ਬਹੁਤ ਅੱਛੇ ਰਿਜ਼ਲਟ ਆ ਸਕਦੇ ਹਨ, ਇਹ ਇਸ ਗੱਲ ਦਾ ਨਿਚੋੜ ਹੈ। ਇਸ ਲਈ ਮੈਂ ਮਿੱਤਲ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਦਾ ਮਤਾ ਉਸ ਚੀਜ ਤੇ ਫੋਕਸ ਹੈ- reconsideration of policies and programmes. ਕਿਸਾਨੀ ਦੀ ਦੇਸ਼ ਦੇ ਵਿੱਚ ਹਾਲਤ ਮੰਦੀ ਹੈ ਔਰ ਉਸ ਦੇ ਵਾਸਤੇ ਨੀਤੀਆਂ ਨੂੰ ਰੀਕੰਸਿਡਰ ਕਰਨ ਦੀ, ਪੁਨਰ ਵਿਚਾਰ ਕਰਨ ਦੀ ਜ਼ਰੂਰਤ ਹੈ ਔਰ ਮਤੇ ਦਾ ਅਗਲਾ ਹਿੱਸਾ ਸੀ ਕਿ ਉਨ੍ਹਾਂ ਨੀਤੀਆਂ ਦੇ ਵਿੱਚ ਅਮੈਂਡਮੈਂਟ ਕਰਕੇ ਆਪਾਂ ਇਸ ਗੱਲ ਨੂੰ ਐਨਸ਼ਿਓਰ ਕਰੀਏ ਕਿ ਕਿਸਾਨ ਨੂੰ ਐਮ.ਐਸ.ਪੀ. ਸਹੀ ਮਿਲੇ ਅਤੇ ਉਸ ਨੂੰ ਜਿਹੜੇ ਕਵਾਲਿਟੀ ਇਨਪੁਟਸ ਚਾਹੀਦੇ ਹਨ, ਉਹ ਸਹੀ ਮਿਲਣ। ਫਸਲਾਂ ਦੀ ਪਰੋਕਿਓਰਮੈਂਟ ਜੋ ਕਿ ਸਾਡੇ ਦੇਸ਼ ਦਾ ਢਾਂਚਾ ਹੈ, ਉਸ ਨੂੰ ਅਸੀਂ ਬੈਟਰ ਕਰ ਸਕੀਏ ਅਤੇ ਜਿਹੜੀ ਕੋਈ ਨਾ ਕੋਈ ਫਸਲੀ ਬੀਮੇ ਦੀ ਸਕੀਮ ਹੈ, ਉਸ ਨੂੰ ਆਪਾਂ ਦੇਸ਼ ਦੇ ਵਿੱਚ ਕਿਸੇ ਤਰੀਕੇ ਲਾਗੂ ਕਰ ਸਕੀਏ, ਇਹ ਮਤੇ ਦਾ ਇੰਪਾਰਟੈਂਟ ਪੁਆਇੰਟ ਸੀ। ਮੈਂ ਸਮਝਦਾ ਹਾਂ ਕਿ ਇਸ ਤੇ ਬਹੁਤ ਸਾਰੀਆਂ ਗੱਲਾਂ ਕੀਤੀਆਂ ਜਾ ਸਕਦੀਆਂ ਸੀ, ਇਨ੍ਹਾਂ ਤੇ ਵਿਚਾਰ ਹੋ ਸਕਦੀ ਸੀ ਪਰ ਉਹ ਪੁਆਇੰਟ ਕਵਰ ਨਹੀਂ ਹੋਏ। ਮੈਂ ਸਾਡੇ ਮਾਨਯੋਗ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ, ਕਿਉਂਕਿ ਜਾਖੜ ਸਾਹਿਬ ਨੇ ਹੁਣੇ ਹੀ ਗੱਲ ਕੀਤੀ ਸੀ। ਸਾਨੂੰ ਇਸ ਗੱਲ ਦੀ ਖੁਸ਼ੀ ਹੋਣੀ ਚਾਹੀਦੀ ਹੈ ਕਿ ਅੱਜ ਸਾਡੇ ਸੂਬੇ ਵਿੱਚ ਸਾਡੇ ਕੋਲ ਇਹੋ ਜਿਹੀ ਸ਼ਖਸੀਅਤ ਦੇ ਹੱਥ ਵਾਗਡੋਰ ਹੈ, ਜਿਸ ਵਿੱਚ ਕਿਸਾਨੀ ਦਾ ਦਿਲ ਧੜਕਦਾ ਹੈ। ਇੱਥੇ ਪ੍ਰਧਾਨ ਮੰਤਰੀ ਸਾਹਿਬ ਦੀ ਵਿਜ਼ਟ ਦਾ ਜ਼ਿਕਰ ਹੋਇਆ ਸੀ। ਅਸੀਂ ਵੀ ਉਥੇ ਹਾਜ਼ਰ ਸੀ। ਸਾਡੇ ਸਾਥੀ ਬੈਠੇ ਹਨ, ਉਹ ਵੀ ਉਥੇ ਹਾਜ਼ਰ ਸੀ। ਭਾਵੇਂ ਉਹ ਹੋਰ ਕਿਸਮ ਦਾ ਸਮਾਗਮ ਸੀ ਲੇਕਿਨ ਫਿਰ ਵੀ ਮੈਂ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ

[ਸਿੱਖਿਆ ਮੰਤਰੀ]

ਕਿ ਜਦੋਂ ਇਹ ਬੋਲੇ ਸੀ, ਜਿਥੇ ਪ੍ਰਧਾਨ ਮੰਤਰੀ ਸਾਹਿਬ ਦੇ ਜਿਹੜੇ ਵਧੀਆ ਕੰਮ ਹਨ, ਪਾਲਿਸੀ ਚੇਂਜਿਜ਼ ਦੇ ਕੰਮ, ਕੋਆਪ੍ਰੇਟ ਫੈਡਰਲ ਨੂੰ ਚੇਂਜ ਕਰਨ ਵਾਸਤੇ ਕੀਤੇ ਹਨ, ਉਸ ਵਾਸਤੇ ਪ੍ਰਧਾਨ ਮੰਤਰੀ ਜੀ ਦਾ ਧੰਨਵਾਦ ਕੀਤਾ ਹੈ, ਉਥੇ ਨਾਲ ਦੀ ਨਾਲ ਉਨ੍ਹਾਂ ਨੂੰ ਇਹ ਵੀ ਕਿਹਾ ਹੈ ਕਿ ਤੁਸੀਂ ਵੰਨ ਰੈਂਕ ਵੰਨ ਪੈਨਸ਼ਨ ਦੀ ਮੰਗ ਮੰਨ ਕੇ ਦੇਸ਼ ਦੇ ਜਵਾਨਾਂ ਦੀ ਜੈ ਕਰਵਾ ਦਿੱਤੀ ਹੈ (ਰੂਲਿੰਗ ਪਾਰਟੀ ਵੱਲੋਂ ਥੰਪਿੰਗ) ਔਰ ਉਨ੍ਹਾਂ ਨੂੰ ਯਾਦ ਕਰਵਾਇਆ ਕਿ ਹੁਣ ਦੂਜਾ ਕੰਮ ਵੀ ਕਰ ਦਿਉ, ਜਿਥੇ ਤੁਸੀਂ ਜੈ ਜਵਾਨ ਕਰਵਾਈ ਹੈ, ਹੁਣ ਜੈ ਕਿਸਾਨ ਵੀ ਹੋਣੀ ਚਾਹੀਦੀ ਹੈ। ਮੈਂ ਸਮਝਦਾ ਹਾਂ ਕਿ ਜੋ ਦਰਦ ਸੀ, ਇਕੱਲਾ ਪੰਜਾਬ ਦੀ ਕਿਸਾਨੀ ਦਾ ਨਹੀਂ, ਸਾਰੇ ਦੇਸ਼ ਦੀ ਕਿਸਾਨੀ ਦਾ, ਉਸ ਨੂੰ ਆਪਣੇ ਸੀਮਤ ਸਮੇਂ ਵਿੱਚ ਜਿਸ ਤਰੀਕੇ ਨਾਲ ਪ੍ਰਧਾਨ ਮੰਤਰੀ ਸਾਹਿਬ ਦੇ ਸਾਹਮਣੇ ਮੁੱਖ ਮੰਤਰੀ ਸਾਹਿਬ ਨੇ ਰੱਖਿਆ, ਇਹ ਉਨ੍ਹਾਂ ਦੀ ਆਪਣੀ ਕਾਬਲੀਅਤ ਵੀ ਹੈ ਅਤੇ ਉਨ੍ਹਾਂ ਦੇ ਮਨ ਵਿੱਚ ਜਿਹੜਾ ਕਿਸਾਨੀ ਵਾਸਤੇ ਦਰਦ ਹੈ, ਉਹ ਵੀ ਉਸ ਵਿਚੋਂ ਝਲਕਦਾ ਹੈ। ਮਾਨਯੋਗ ਚੇਅਰਮੈਨ ਸਾਹਿਬ, ਅੱਜ ਸਾਰੀ ਦੁਨੀਆਂ ਵਿਚ ਅਸੀਂ ਨਜ਼ਰ ਮਾਰੀਏ...

ਸਰਦਾਰ ਅਜੀਤ ਇੰਦਰ ਸਿੰਘ ਮੋਫਰ (ਬੈਠੇ-ਬੈਠੇ) : ਡਿਪਟੀ ਸਪੀਕਰ ਸਾਹਿਬ ਕਹੋ।

ਸਿੱਖਿਆ ਮੰਤਰੀ : ਮਾਨਯੋਗ ਡਿਪਟੀ ਸਪੀਕਰ ਸਾਹਿਬ, ਸੌਰੀ ਜੀ, ਧੰਨਵਾਦ ਮੋਫਰ ਸਾਹਿਬ ਤੁਹਾਡਾ ਕਿ ਤੁਸੀਂ ਯਾਦ ਕਰਵਾ ਦਿੱਤਾ । ਖੇਤੀਬਾੜੀ ਇਹੋ ਜਿਹਾ ਸੈਕਟਰ ਹੈ, ਜੋ ਕਿ ਦੋ ਗੱਲਾਂ ਤੋਂ ਬਹੁਤ ਅਹਿਮ ਹੈ । ਇੱਕ ਤਾਂ ਇਹ ਜਿੱਥੇ ਦੇਸ਼ ਦੀ ਅਨਾਜ ਦੀ ਲੋੜ ਨੂੰ ਪੂਰੀ ਕਰਦਾ ਹੈ, ਉਥੇ ਦੇਸ਼ ਦੇ ਲੋਕਾਂ ਨੂੰ ਰੁਜ਼ਗਾਰ ਵੀ ਦਿੰਦਾ ਹੈ। ਸਭ ਤੋਂ ਵੱਧ ਜੇ ਕਿਸੇ ਸੈਕਟਰ ਨੇ ਲੋਕਾਂ ਨੂੰ ਰੁਜ਼ਗਾਰ ਦਿੱਤਾ ਹੈ ਤਾਂ ਉਸ ਦਾ ਸਿਹਰਾ ਵੀ ਖੇਤੀਬਾੜੀ ਸੈਕਟਰ ਨੂੰ ਹੀ ਜਾਂਦਾ ਹੈ, ਭਾਵੇਂ 1990-91 ਵਿੱਚ ਸਾਡੇ ਦੇਸ਼ ਵਿੱਚ 61% ਲੋਕ ਖੇਤੀਬਾੜੀ ਖੇਤਰ ਉਤੇ ਆਧਾਰਤ ਸਨ ਅਤੇ ਇਹ ਹੁਣ ਘੱਟ ਕੇ 52% ਰਹਿ ਗਏ ਹਨ ਲੇਕਿਨ ਫਿਰ ਵੀ ਮੈਂ ਕਹਿ ਸਕਦਾ ਹਾਂ ਕਿ ਅੱਜ ਵੀ ਸਭ ਤੋਂ ਵੱਧ ਜੇ ਕਿਸੇ ਪੇਸ਼ੇ ਨੇ ਇੰਪਲਾਇਮੈਂਟ ਦਿੱਤੀ ਹੈ ਤਾਂ ਉਹ ਖੇਤੀ ਹੈ। ਲੇਕਿਨ ਦੁਨੀਆਂ ਵਿੱਚ, ਜਿੱਥੇ ਅੱਜ ਸਾਡੇ ਦੇਸ਼ ਦਾ ਵਿਸ਼ਵ ਵਿੱਚ ਇੱਕ ਆਰਥਿਕ ਸ਼ਕਤੀ ਵਜੋਂ ਉਭਾਰ ਹੋ ਰਿਹਾ ਹੈ, ਉਥੇ ਦੂਜੀ ਗੱਲ ਵੀ ਸਾਡੇ ਸਾਰਿਆਂ ਦੇ ਸਾਹਮਣੇ ਹੈ, ਉਹ ਬੜੀ ਚਿੰਤਾਜਨਕ ਹੈ ਕਿ ਖੇਤੀਬਾੜੀ ਦੀ ਗਰੋਥ ਜਿੰਨੀ ਹੋਣੀ ਚਾਹੀਦੀ ਸੀ, ਉਹ ਗਰੋਥ ਉਤਨੀ ਹੋ

ਨਹੀਂ ਰਹੀ। ਕਿਉਂਕਿ ਜੇ ਮੈਂ ਪਿਛਲੇ ਦੋ ਦਹਾਕੇ ਦੀ ਗੱਲ ਕਰਾਂ, ਬਾਕੀ ਚੀਜ਼ਾਂ ਵਿੱਚ ਨੈਸ਼ਨਲ ਗਰੋਥ 6% ਤੋਂ 7% ਸਾਰੇ ਦੇਸ਼ ਵਿੱਚ ਰਹੀ ਹੈ ਲੇਕਿਨ ਜਿਹੜੀ ਸਾਡੀ ਐਗਰੀਕਲਚਰ ਦੀ ਗਰੋਥ ਹੈ, ਉਹ ਸਿਰਫ 3% ਰਹੀ ਹੈ, ਇਹ ਸਾਡੇ ਸਾਰਿਆਂ ਵਾਸਤੇ ਚਿੰਤਾਜਨਕ ਹੈ, ਸਾਡੇ ਵਾਸਤੇ ਇੱਕ ਚੈਲੰਜ ਹੈ। ਦੂਜੀ ਵੱਡੀ ਡਿਵੈਲਪਮੈਂਟ ਜੀ.ਡੀ.ਪੀ. ਵਿੱਚ ਕਿਸੇ ਖੇਤਰ ਦੀ ਕੰਟਰੀਬਿਊਸ਼ਨ ਹੁੰਦੀ ਹੈ। ਸਾਡੇ ਦੇਸ਼ ਵਿੱਚ ਜੀ.ਡੀ.ਪੀ. ਵਿੱਚ ਖੇਤੀ ਦੀ ਕੰਟਰੀਬਿਊਸ਼ਨ ਸਾਲ 1990-91 ਦੇ ਵਿੱਚ 30% ਸੀ, ਜਿਹੜੀ ਕਿ ਅੱਜ ਘੱਟ ਕੇ 13.07% ਸਾਡੀ ਰਹਿ ਗਈ ਹੈ। ਉਸ ਦੇ ਨਾਲ ਜਿਹੜੀਆਂ ਧਿਆਨ ਵਿੱਚ ਰੱਖਣ ਵਾਲੀਆਂ ਗੱਲਾਂ ਹਨ ਕਿ ਜਿਹੜੀ ਐਵਰੇਜ ਲੈਂਡ ਹੋਲਡਿੰਗ ਹੈ, ਇਹ ਸਾਲ 1970-71 ਵਿੱਚ 2.30 ਹੈਕਟੇਅਰ ਸੀ, ਅੱਜ ਇਹ 2.30 ਤੋਂ ਘੱਟ ਕੇ 1.15 ਹੈਕਟੇਅਰ ਤੱਕ ਸਾਲ 2010-11 ਦੀ ਸਟੱਡੀ ਮੁਤਾਬਕ ਪਹੁੰਚ ਗਈ ਹੈ, ਇਹ ਆਉਣ ਵਾਲੇ ਸਮੇਂ ਵਿਚ ਸਾਨੂੰ ਹੋਰ ਘੱਟਣ ਦੀ ਆਸ ਹੈ। ਉਸ ਦੇ ਨਾਲ ਜਿਹੜੀ ਆਪਰੇਸ਼ਨਲ ਹੋਲਡਿੰਗ ਹੈ, ਉਹ 70 ਮਿਲੀਅਨ ਤੋਂ ਵੱਧ ਕੇ 138.35 ਮਿਲੀਅਨ ਹੋ ਗਈ, ਸਾਡੀ ਜੀ.ਡੀ.ਪੀ. ਵਿੱਚ ਕੰਟਰੀਬਿਊਸ਼ਨ ਘਟੀ ਜਾ ਰਹੀ ਹੈ, ਸਾਡੀ ਲੈਂਡ ਹੋਲਡਿੰਗ ਜਿਹੜੀ ਹੈ, ਉਹ ਘਟਦੀ ਜਾ ਰਹੀ ਹੈ। ਸਭ ਤੋਂ ਵੱਡੀ ਜਿਹੜੀ ਚਿੰਤਾ ਵਾਲੀ ਗੱਲ ਹੈ ਕਿ ਹੁਣ ਖੇਤੀ ਲਾਹੇਵੰਦ ਧੰਦਾ ਨਹੀਂ ਰਿਹਾ। ਇਸ ਖੇਤੀ ਖੇਤਰ ਵਿਚ ਸਾਡੇ ਕਿਸਾਨ ਦੀ ਆਮਦਨ ਬਹੁਤ ਘੱਟ ਗਈ ਹੈ ਔਰ ਜਿਹੜਾ ਨੁਕਸਾਨ ਹੁਣ ਖੇਤੀ ਦੇ ਨਾਲ ਹੋ ਰਿਹਾ ਹੈ, ਜਿਸ ਦਾ ਜ਼ਿਕਰ ਮੇਰੇ ਤੋਂ ਪਹਿਲਾਂ ਵੀ ਹੋਇਆ ਹੈ ਕਿ ਸਾਡਾ ਪਾਣੀ ਵੀ ਥੱਲੇ ਜਾ ਰਿਹਾ ਹੈ, ਸਾਡੀ ਜ਼ਮੀਨ ਦੀ ਫਰਟੀਲਿਟੀ ਵੀ ਘੱਟਦੀ ਜਾ ਰਹੀ ਹੈ ਔਰ ਅਸੀਂ ਪ੍ਰੋਡੱਕਸ਼ਨ ਦੇ ਸੈਚੂਰੇਸ਼ਨ ਪੁਆਇੰਟ ਤੇ ਵੀ ਪਹੁੰਚ ਚੁੱਕੇ ਹਾਂ, ਸਾਡੀ ਪ੍ਰੋਡੱਕਸ਼ਨ ਜਿੰਨੀ ਵੱਧਣੀ ਚਾਹੀਦੀ ਸੀ, ਉਹ ਉਤਨੀ ਨਹੀਂ ਵਧੀ।

ਮਾਨਯੋਗ ਡਿਪਟੀ ਸਪੀਕਰ ਸਾਹਿਬ, ਅੱਜ ਦੁਨੀਆਂ ਬੜੀ ਤੇਜ਼ੀ ਨਾਲ ਵੱਧ ਰਹੀ ਹੈ, ਸਾਡੀ ਦੁਨੀਆਂ ਦੀ ਆਬਾਦੀ ਲਗਾਤਾਰ ਵੱਧ ਰਹੀ ਹੈ, ਇਨਸਾਨ ਦਾ ਜ਼ਿੰਦਗੀ ਜਿਊਣ ਦਾ ਸਟਾਈਲ ਵੀ ਵੱਧ ਗਿਆ ਹੈ ਔਰ ਸ਼ਹਿਰੀਕਰਨ ਵੀ ਬਹੁਤ ਤੇਜ਼ੀ ਨਾਲ ਅੱਗੇ ਵੱਧ ਰਿਹਾ ਹੈ। ਸਭ ਤੋਂ ਮਹੱਤਵਪੂਰਨ ਜਿਹੜੀ ਗੱਲ ਹੈ ਕਿ ਵਾਤਾਵਰਨ ਵਿੱਚ ਬਹੁਤ ਵੱਡੀਆਂ ਤਬਦੀਲੀਆਂ ਜਿਹੜੀਆਂ ਆ ਰਹੀਆਂ

[ਸਿੱਖਿਆ ਮੰਤਰੀ]

ਹਨ, ਉਹ ਸਾਡੀ ਖੇਤੀਬਾੜੀ ਵਾਸਤੇ, ਸਾਡੀ ਲਾਈਵ ਸਟਾਕ ਵਾਸਤੇ ਅਤੇ ਬਾਇਓ ਡਾਈਵਰਸੀਫਿਕੇਸ਼ਨ ਵਾਸਤੇ ਵੀ ਬਹੁਤ ਵੱਡਾ ਚੈਲੰਜ ਹਨ ਜਿਨ੍ਹਾਂ ਸਬੰਧੀ ਸਾਡੇ ਸਾਰੇ ਜਿਹੜੇ ਪਵਿੱਤਰ ਸਦਨ ਹਨ, ਭਾਵੇਂ ਉਹ ਸਾਡੀਆਂ ਅਸੈਂਬਲੀਆਂ ਹਨ, ਭਾਵੇਂ ਸਾਡੀ ਪਾਰਲੀਮੈਂਟ ਹੈ, ਸਾਰਿਆਂ ਨੂੰ ਇਸ ਸਬੰਧ ਵਿੱਚ ਹੋ ਰਹੀ ਰਿਸਰਚ ਨੂੰ ਦੇਖ ਕੇ ਆਉਣ ਵਾਲੇ ਸਾਲਾਂ ਬਾਰੇ ਪਲੈਨਿੰਗ ਕਰਨੀ ਚਾਹੀਦੀ ਹੈ। ਆਪਾਂ ਇਕ ਘਟਨਾ ਨੂੰ ਲੈ ਕੇ ਸਾਰੀ ਸਥਿਤੀ ਦੀ ਵਿਆਖਿਆ ਨਹੀਂ ਕਰ ਸਕਦੇ। ਅੱਜ ਜੇਕਰ ਕਿਸੇ ਤੋਂ ਗਲਤੀ ਹੋਈ ਹੈ ਜਾਂ ਨਹੀਂ ਹੋਈ, ਉਸ਼ ਬਾਰੇ ਸਾਡੇ ਮਾਨਯੋਗ ਮੰਤਰੀ ਸਾਹਿਬ ਬੋਲਣਗੇ ਅਤੇ ਸਾਰੇ ਤੱਥ ਤੁਹਾਡੇ ਸਾਹਮਣੇ ਰੱਖ ਦੇਣਗੇ। ਲੇਕਿਨ ਮੈਂ ਜਿਹੜੀਆਂ ਗੱਲਾਂ ਕਰ ਰਿਹਾ ਹਾਂ, ਜਿਹੜੇ ਵੱਡੇ ਚੈਲੰਜ ਇੰਡੀਅਨ ਕੌਂਸਲ ਆਫ਼ ਐਗਰੀਕਲਚਰ ਰਿਸਰਚ, ਜਿਹੜੀ ਸਾਡੇ ਦੇਸ਼ ਦੀ ਸਭ ਤੋਂ ਮਹੱਤਵਪੂਰਨ ਰਿਸਰਚ ਆਰਗੇਨਾਈਜ਼ੇਸ਼ਨ ਹੈ, ਜਿਹੜੀ ਗੱਲ ਉਹ ਵਿਜ਼ੂਏਲਾਈਜ਼ ਕਰ ਰਹੀ ਹੈ, ਪੰਜਾਬ ਅਤੇ ਹਰਿਆਣਾ ਦਾ ਉਸ ਵਿੱਚ ਸਪੈਸ਼ਲੀ ਜ਼ਿਕਰ ਹੈ ਕਿ ਜੇ ਅਸੀਂ ਆਪਣੇ ਆਪ ਨਾ ਸੰਭਲੇ ਤਾਂ ਸਾਲ 2015 ਤੱਕ ਸਾਡੀ ਰਾਈਸ ਦੀ 10% ਤੋਂ 15% ਤੱਕ ਯੀਲਡ ਘੱਟ ਜਾਵੇਗੀ। ਬਾਕੀ, ਦੇਸ਼ ਬਾਰੇ ਵੀ ਜ਼ਿਕਰ ਹੈ ਕਿ 6% ਤੋਂ 18% ਤੱਕ ਰਾਈਸ ਦੀ ਯੀਲਡ ਘੱਟ ਜਾਵੇਗੀ। ਮੈਂ ਕੋਈ ਰਾਜਨੀਤਿਕ ਗੱਲ ਨਹੀਂ ਕਰ ਰਿਹਾ, ਜਿਹੜੇ ਸਾਡੇ ਸਾਇੰਟਿਸਟ ਹਨ, ਉਹ ਇਸ ਗੱਲ ਦੀ ਸਾਨੂੰ ਵਾਰਨਿੰਗ ਦੇ ਰਹੇ ਹਨ ਜੋ ਕਿ ਸਾਨੂੰ ਪਾਲਿਸੀ ਮੇਕਰਜ਼ ਨੂੰ ਧਿਆਨ ਨਾਲ ਸੁਣਨਾ ਚਾਹੀਦਾ ਹੈ।

ਮਾਨਯੋਗ ਡਿਪਟੀ ਸਪੀਕਰ : ਚੀਮਾ ਸਾਹਿਬ, ਪਲੀਜ਼, ਜਲਦੀ ਖਤਮ ਕਰੋ। ਇਸ ਤੋਂ ਬਾਅਦ ਦੋ ਮੈਂਬਰ ਸਾਹਿਬਾਨ ਨੇ ਹੋਰ ਬੋਲਣਾ ਹੈ ਅਤੇ ਮੁੱਖ ਮੰਤਰੀ ਸਾਹਿਬ ਨੇ ਵੀ ਬੋਲਣਾ ਹੈ।

ਸਿੱਖਿਆ ਮੰਤਰੀ : ਠੀਕ ਹੈ ਜੀ। ਮੈਂ ਸ਼ਾਰਟ ਕਰ ਦਿੰਦਾ ਹਾਂ। ਭਾਵੇਂ ਇਹ ਸਾਰੇ ਚੈਲੰਜ ਅਤੇ ਤਬਦੀਲੀਆਂ ਨੇ ਪੰਜਾਬ ਨੂੰ ਇਫੈਕਟ ਕੀਤਾ ਹੈ, ਫਿਰ ਵੀ ਸਾਨੂੰ ਖੁਸ਼ੀ ਹੋਣੀ ਚਾਹੀਦੀ ਹੈ ਕਿ ਅੱਜ ਵੀ ਦੇਸ਼ ਵਿੱਚ ਸਭ ਤੋਂ ਵੱਧ ਜੇ ਕਿਸੇ ਸੂਬੇ ਦੀ ਅਨਾਜ ਵਿੱਚ ਕੰਟਰੀਬਿਊਸ਼ਨ ਹੈ ਤਾਂ ਉਹ ਸਾਡਾ ਪੰਜਾਬ ਸੂਬਾ ਹੈ। ਅੱਜ ਵੀ ਵ੍ਹੀਟ ਦੀ 110 ਮੀਟ੍ਰਿਕ ਟਨ ਅਤੇ ਰਾਈਸ ਦੀ 90 ਮੀਟ੍ਰਿਕ ਟਨ ਦੀ ਕੰਟਰੀਬਿਊਸ਼ਨ ਸਾਡੇ ਸੂਬੇ ਦੀ ਹੈ। ਰਾਈਸ ਅਤੇ ਵ੍ਹੀਟ ਦੀ ਹਾਈਐਸਟ ਯੀਲਡ ਵੀ ਸਾਡੇ ਆਪਣੇ ਸੂਬੇ ਦੀ ਹੈ ਪਰ ਚੈਲੰਜ ਵੀ ਜ਼ਰੂਰ ਹਨ। ਮੈਂ ਇਸ

ਵਾਸਤੇ ਪੰਜਾਬ ਦੀ ਕਿਸਾਨੀ ਨੂੰ ਵਧਾਈ ਦਿੰਦਾ ਹਾਂ ਅਤੇ ਖਾਸ ਤੌਰ ਤੇ ਮੁੱਖ ਮੰਤਰੀ ਸਾਹਿਬ ਨੂੰ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਦੀ ਮੰਨਸ਼ਾ ਸੀ, ਜਦੋਂ ਕਿਸਾਨਾਂ ਨੂੰ ਮੁਫਤ ਬਿਜਲੀ-ਪਾਣੀ ਦੇਣ ਦੀ ਗੱਲ ਅੱਜ ਤੋਂ 15 ਸਾਲ ਪਹਿਲਾਂ ਮੁੱਖ ਮੰਤਰੀ ਸਾਹਿਬ ਨੇ ਕੀਤੀ ਸੀ ਤਾਂ ਸਾਡੇ ਵਿਰੋਧੀ ਧਿਰ ਦੇ ਵੀਰ ਜਿਹੜੇ ਇਸ ਪਾਸੇ ਬੈਠੇ ਹਨ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਇਹ ਕਹਿੰਦੇ ਸੀ ਕਿ ਇਹ ਮਜ਼ਾਕ ਹੈ ਅਤੇ ਸੰਭਵ ਨਹੀਂ ਹੈ ਪਰ ਅੱਜ ਤੁਹਾਡੇ ਸਾਹਮਣੇ ਹੈ, ਇਹ ਤੀਸਰੀ ਟਰਮ ਸ਼੍ਰੋਮਣੀ ਅਕਾਲੀ ਦਲ ਦੀ ਆ ਗਈ ਹੈ, ਅੱਜ ਤੱਕ ਕਿਸਾਨੀ ਦੇ ਦਰਦ ਨੂੰ ਸਮਝਦਿਆਂ ਹੋਇਆਂ ਕਿਸਾਨਾਂ ਨੂੰ ਮੁਫਤ ਬਿਜਲੀ-ਪਾਣੀ ਵੀ ਦਿੱਤਾ ਹੈ ਅਤੇ ਉਸ ਨੂੰ ਬਿਜਲੀ ਦੀ ਜਿੰਨੀ ਸਪਲਾਈ ਚਾਹੀਦੀ ਸੀ, ਬਿਜਲੀ ਪੈਦਾ ਕਰਕੇ ਇਸ ਕਾਬਲ ਬਣਾਇਆ ਹੈ ਕਿ ਟਿਊਬਵੈੱਲ ਵਾਸਤੇ ਬਿਜਲੀ ਦੀ ਸਪਲਾਈ ਸਰਕਾਰ ਵੱਲੋਂ ਹਰ ਰੋਜ਼ ਅੱਠ ਘੰਟੇ ਮੁਫਤ ਦਿੱਤੀ ਜਾਂਦੀ ਹੈ। ਨਹਿਰਾਂ ਦਾ ਪਾਣੀ ਵੀ ਸਾਡੀ ਕਿਸਾਨੀ ਦੀ ਵੱਡੀ ਲੋੜ ਸੀ, ਜਾਖੜ ਸਾਹਿਬ ਵੀ ਇਸ ਗੱਲ ਤੇ ਮੇਰੇ ਨਾਲ ਸਹਿਮਤ ਹੋਣਗੇ ਕਿ ਸਾਡੀਆਂ ਨਹਿਰਾਂ ਦਾ ਸਿਸਟਮ 120 ਸਾਲ ਪੁਰਾਣਾ ਹੈ। ਜਿੰਨੀਆਂ ਸਰਕਾਰਾਂ ਆਈਆਂ, ਗੱਲਾਂ ਤਾਂ ਉਨ੍ਹਾਂ ਨੇ ਬਹੁਤ ਕੀਤੀਆਂ। ਅੱਜ ਨਹਿਰਾਂ ਦੀ ਹਾਲਤ ਉਥੇ ਪਹੁੰਚ ਗਈ ਸੀ ਕਿ ਉਨ੍ਹਾਂ ਦੀ ਪਾਣੀ ਕੈਰੀ ਕਰਨ ਦੀ ਕੈਪੈਸਿਟੀ ਬਹੁਤ ਘੱਟ ਗਈ ਸੀ। ਇਸ ਵਾਸਤੇ ਮੁੱਖ ਮੰਤਰੀ ਸਾਹਿਬ ਦਾ ਮੈਂ ਧੰਨਵਾਦ ਕਰਦਾ ਹਾਂ ਅਤੇ ਮੈਂ ਫਿਗਰਾਂ ਵੀ ਦੱਸ ਦਿੰਦਾ ਹਾਂ। ਸਾਡੇ ਆਪੋਜ਼ੀਸ਼ਨ ਦੇ ਵੀਰਾਂ ਦੇ ਪੰਜ ਸਾਲਾਂ ਦੇ ਰਾਜ ਵਿੱਚ ਸਿਰਫ਼ 965 ਕਰੋੜ ਰੁਪਏ ਇਰੀਗੇਸ਼ਨ ਤੇ ਲੱਗੇ ਸੀ। ਸਾਡੇ ਇਨ੍ਹਾਂ ਅੱਠ ਸਾਲਾਂ ਵਿੱਚ 3948 ਕਰੋੜ ਰੁਪਏ ਲੱਗ ਚੁੱਕੇ ਹਨ। ਇਸ ਦੇ ਨਾਲ ਹੀ 2000 ਕਰੋੜ ਰੁਪਏ ਦੇ ਕਰੀਬ ਦਾ ਕੰਮ ਚੱਲ ਰਿਹਾ ਹੈ। ਮੈਂ ਡਿਟੇਲ ਵਿੱਚ ਨਹੀਂ ਜਾਂਦਾ ਕਿਉਂਕਿ ਸਮਾਂ ਘੱਟ ਹੈ। 3028 ਕਰੋੜ ਰੁਪਏ ਦੇ ਪ੍ਰਾਜੈਕਟ ਸੀ.ਡਬਲਿਊ.ਸੀ. ਕੋਲ ਅਪਰੂਵਲ ਵਾਸਤੇ ਪਏ ਹਨ। ਇਰੀਗੇਸ਼ਨ ਦੇ ਵੱਡੇ ਢਾਂਚੇ ਨੂੰ ਸੰਭਾਲਣ ਦਾ ਕਾਰਜ ਇਸ ਸਰਕਾਰ ਨੇ ਕੀਤਾ ਹੈ ਜੋ ਕਿ ਆਪਣੇ ਆਪ ਵਿੱਚ ਇਕ ਉਦਾਹਰਨ ਹੈ। ਇਸ ਦੇ ਨਾਲ ਹੀ ਜਿੱਥੇ ਐਡਵਾਂਸਮੈਂਟ ਦੀ ਲੋੜ ਹੈ...

ਸਰਦਾਰ ਸਿਮਰਜੀਤ ਸਿੰਘ ਬੈਂਸ : ਡਿਪਟੀ ਸਪੀਕਰ ਸਾਹਿਬ, ਇਹ ਆਪਣੀ ਸਰਕਾਰ ਦੇ ਸੋਹਲੇ ਪੜ੍ਹ ਰਹੇ ਹਨ। ਰੈਜ਼ੋਲਿਊਸ਼ਨ ਦਾ ਵਿਸ਼ਾ ਹੈ ਕਿ

[ਸਰਦਾਰ ਸਿਮਰਜੀਤ ਸਿੰਘ ਬੈਂਸ]

ਕਿਸਾਨਾਂ ਦੀ ਆਰਥਿਕ ਸਥਿਤੀ ਬੜੀ ਮਾੜੀ ਹੈ। ਉਸ ਨੂੰ ਚੰਗਾ ਕਰਨ ਵਾਸਤੇ ਇਨ੍ਹਾਂ ਨੇ ਰੈਜ਼ੋਲਿਊਸ਼ਨ ਪਾਸ ਕਰਕੇ ਕੇਂਦਰ ਸਰਕਾਰ ਨੂੰ ਭੇਜਣਾ ਹੈ । ਇਹ ਤਾਂ ਸਭ ਕੁਝ ਪਹਿਲਾਂ ਹੀ ਚੰਗਾ ਕਰੀ ਬੈਠੇ ਹਨ। ਅਸੀਂ ਰੋਜ਼ ਜਦੋਂ ਅਖਬਾਰ ਚੁੱਕਦੇ ਹਾਂ ਤਾਂ ਕਦੇ 2 ਕਿਸਾਨਾਂ ਦੀਆਂ ਫੋਟੋਆਂ ਅਤੇ ਕਦੇ 3 ਕਿਸਾਨਾਂ ਦੀਆਂ ਫੋਟੋਆਂ ਆਤਮਹੱਤਿਆਵਾਂ ਵਾਲੀਆਂ ਲੱਗੀਆਂ ਹੁੰਦੀਆਂ ਹਨ। ਚੀਮਾ ਸਾਹਿਬ, ਕੋਈ ਕੰਮ ਦੀ ਗੱਲ ਕਰੋ ਅਤੇ ਸੋਹਲੇ ਪੜ੍ਹਨੇ ਬੰਦ ਕਰੋ।

ਮਾਨਯੋਗ ਡਿਪਟੀ ਸਪੀਕਰ : ਬੈਠੋ ਜੀ, ਬੈਠੋ। ਖਤਮ ਕਰਨ ਦਿਉ।

ਸਿੱਖਿਆ ਮੰਤਰੀ : ਮੈਂ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ ਜੀ। ਮੇਰੀ ਬੇਨਤੀ ਹੈ ਕਿ ਪਹਿਲਾਂ ਇਹ ਮਤਾ ਪੜ੍ਹ ਲੈਣ। ਆਤਮ ਹੱਤਿਆ ਦੀ ਇਨ੍ਹਾਂ ਨੇ ਗੱਲ ਕੀਤੀ ਹੈ।

ਸਰਦਾਰ ਸਿਮਰਜੀਤ ਸਿੰਘ ਬੈਂਸ : ਮੈਂ ਆਰਥਿਕ ਹਾਲਤ ਦੀ ਗੱਲ ਕੀਤੀ ਹੈ।

ਸਿੱਖਿਆ ਮੰਤਰੀ : ਆਰਥਿਕ ਹਾਲਤ ਦੀ ਗੱਲ ਕੀਤੀ ਹੈ। ਭਾਵੇਂ ਇੱਕ ਕਿਸਾਨ ਸੁਸਾਈਡ ਕਰੇ ਤਾਂ ਵੀ ਇਹ ਬਹੁਤ ਮਾੜੀ ਗੱਲ ਹੈ ਪਰ ਮੈਂ ਮਾਨਯੋਗ ਵਿਰੋਧੀ ਧਿਰ ਦੇ ਲੀਡਰ ਨੂੰ ਵੀ ਬੇਨਤੀ ਕਰਦਾ ਹਾਂ....

ਸਰਦਾਰ ਸਿਮਰਜੀਤ ਸਿੰਘ ਬੈਂਸ (ਬੈਠੇ-ਬੈਠੇ) : ਮਾਨਯੋਗ ਮੈਂਬਰ ਸਾਹਿਬ ਨੇ ਕਿਹਾ ਸੀ ਕਿ ਕਿਸਾਨਾਂ ਲਈ ਵੀ ਸ਼ਰਧਾਂਜਲੀ ਭੇਂਟ ਕੀਤੀ ਜਾਵੇ। ਤੁਸੀਂ ਕਿਸਾਨਾਂ ਨੂੰ ਸ਼ਰਧਾਂਜਲੀ ਤਾਂ ਦਿੱਤੀ ਨਹੀਂ (ਵਿਘਨ)(ਸ਼ੋਰ)

ਮਾਨਯੋਗ ਡਿਪਟੀ ਸਪੀਕਰ : ਪਲੀਜ਼, ਬੈਠੋ ਜੀ। ਸ਼੍ਰੀ ਮਨੋਰੰਜਨ ਕਾਲੀਆ ਜੀ ਨੇ ਵੀ ਬੋਲਣਾ ਹੈ।

ਸਿੱਖਿਆ ਮੰਤਰੀ : ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਹਾਊਸ ਵਿੱਚ ਤੱਥਾਂ ਦੇ ਅਧਾਰ ਤੇ ਗੱਲ ਕਰਨੀ ਚਾਹੀਦੀ ਹੈ। ਇਹ ਮੇਹਣੋਂ-ਮੇਹਣੀਂ ਵਾਲੀ ਗੱਲ ਬਾਹਰ ਚਲਦੀ ਰਹਿੰਦੀ ਹੈ। ਹਾਊਸ ਵਿੱਚ ਉਹੀ ਗੱਲ ਰੱਖਣੀ ਚਾਹੀਦੀ ਹੈ, ਜੇ ਤੁਹਾਡੇ ਕੋਲ ਕੋਈ ਡਾਟਾ ਹੈ। ਮੇਰੇ ਕੋਲ ਨੈਸ਼ਨਲ ਕਰਾਈਮ ਬਿਊਰੋ ਦਾ ਸਾਲ 2012 ਦਾ ਸੁਸਾਈਡ ਕੀਤੇ ਕੇਸਾਂ ਸਬੰਧੀ ਡਾਟਾ ਹੈ। ਸੁਸਾਈਡ ਦੇ ਡਾਟੇ ਨੂੰ ਕੰਪੇਅਰ ਕਰਨਾ ਕੋਈ ਚੰਗੀ ਗੱਲ ਨਹੀਂ ਹੁੰਦੀ ਕਿ ਸੁਸਾਈਡ ਦਾ ਡਾਟਾ ਕਿਸ ਸੂਬੇ ਵਿੱਚ ਕਿੰਨਾ ਹੈ। ਕਿਉਂਕਿ ਜੇ ਇੱਕ ਵੀ ਕਿਸਾਨ

ਸੁਸਾਈਡ ਕਰਦਾ ਹੈ ਜਾਂ ਕਿਸਾਨ ਤੋਂ ਇਲਾਵਾ ਕੋਈ ਹੋਰ ਵਿਅਕਤੀ ਸੁਸਾਈਡ ਕਰਦਾ ਹੈ, ਇਹ ਸਾਡੇ ਵਾਸਤੇ ਬੜੀ ਚਿੰਤਾ ਦਾ ਵਿਸ਼ਾ ਹੋਣਾ ਚਾਹੀਦਾ ਹੈ। ਲੇਕਿਨ ਇਨ੍ਹਾਂ ਨੇ ਗੱਲ ਕੀਤੀ ਹੈ, ਇਸ ਕਰਕੇ ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ। ਜਿਹੜੇ ਸਰਕਾਰੀ ਅੰਕੜੇ ਛਪਦੇ ਹਨ, ਇਹ ਕਿਸੇ ਪਾਰਟੀ ਦੇ ਨਹੀਂ ਹੁੰਦੇ। ਇਹ ਇਨ੍ਹਾਂ ਅੰਕੜਿਆਂ ਨੂੰ ਜ਼ਰੂਰ ਦੇਖਿਆ ਕਰਨ। ਇਹ ਨੈਸ਼ਨਲ ਰਿਸਰਚ ਕਰਾਈਮ ਬਿਊਰੋ ਦਾ ਡਾਟਾ ਹੈ, ਸਾਲ 2012 ਦੀ ਇਹ ਰਿਪੋਰਟ ਹੈ। ਮਾਨਯੋਗ ਡਿਪਟੀ ਸਪੀਕਰ ਸਾਹਿਬ, ਵਰਲਡ ਸੁਸਾਈਡ ਰੇਟ 11.6%, ਇਸ ਵਿੱਚ ਇਹ ਦੱਸਿਆ ਗਿਆ ਹੈ। ਇਹ ਇਕੱਲਾ ਕਿਸਾਨੀ ਦਾ ਨਹੀਂ ਹੈ, ਓਵਰਆਲ ਸਾਰਾ ਹੈ। ਇੰਡੀਆ ਦਾ ਸੁਸਾਈਡ ਰੇਟ ਇਸ ਵਿੱਚ 10.5% ਪ੍ਰਤੀ ਲੱਖ ਪਾਪੂਲੇਸ਼ਨ ਦੱਸਿਆ ਗਿਆ ਹੈ, ਹਰਿਆਣਾ ਦਾ 10.9% ਪ੍ਰਤੀ ਲੱਖ ਪਾਪੂਲੇਸ਼ਨ ਹੈ, ਪੰਜਾਬ ਦਾ ਰੇਟ 3.7% ਪ੍ਰਤੀ ਲੱਖ ਪਾਪੂਲੇਸ਼ਨ ਦਰਸਾਇਆ ਗਿਆ ਹੈ। ਭਾਵੇਂ ਇਹ ਰੇਟ 3.7% ਹੀ ਹੈ ਪਰ ਸਾਡੇ ਵਾਸਤੇ ਖੁਸ਼ੀ ਦੀ ਗੱਲ ਨਹੀਂ ਹੈ। ਮੈਂ ਤਾਂ ਪਹਿਲਾਂ ਕਹਿ ਚੁੱਕਿਆ ਹਾਂ ਕਿ ਇਸ ਨੂੰ ਦੂਜੀ ਟਵਿਸਟ ਨਾ ਦੇਣ, ਪਰ ਜਦੋਂ ਤੁਸੀਂ ਆਤਮ ਹੱਤਿਆਵਾਂ ਦੀ ਗੱਲ ਕਰਦੇ ਹੋ, ਆਪਾਂ ਇਸ ਨੂੰ ਇਕੱਲਾ ਸ਼ੋਰ-ਸ਼ਰਾਬੇ ਦਾ ਵਿਸ਼ਾ ਨਾ ਬਣਾਈਏ। ਆਪਾਂ ਨੂੰ ਜੋ ਸਹੀ ਤੱਥ ਹੈ, ਉਸ ਦਾ ਪਤਾ ਹੋਣਾ ਚਾਹੀਦਾ ਹੈ।

ਮਾਨਯੋਗ ਡਿਪਟੀ ਸਪੀਕਰ : ਮੰਤਰੀ ਸਾਹਿਬ, ਬੈਠੋ ਜੀ, ਪਲੀਜ਼। ਚੀਮਾ ਜੀ, ਖਤਮ ਕਰੋ ਜੀ।

ਸਿੱਖਿਆ ਮੰਤਰੀ : ਕਿਉਂਕਿ ਹਾਊਸ ਪਾਲਿਸੀ ਤੱਥਾਂ ਤੇ ਅਧਾਰਤ ਗੱਲਾਂ ਕਰਨ ਲਈ ਹੈ ਨਾ ਕਿ ਇੱਕ ਦੂਜੇ ਤੇ ਐਲੀਗੇਸ਼ਨ ਲਗਾਉਣ ਵਾਸਤੇ ਹੈ। ਮਾਨਯੋਗ ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਇੰਨੀਆਂ ਗੱਲਾਂ ਕੀਤੀਆਂ, ਅਸੀਂ ਤਾਂ ਉਨ੍ਹਾਂ ਗੱਲਾਂ ਤੇ ਜਾਂਦੇ ਨਹੀਂ। ਅੱਜ ਕਿਸਾਨੀ ਦਾ ਦਰਦ ਜਾਖੜ ਸਾਹਿਬ ਨੂੰ ਬਹੁਤ ਜਾਗਿਆ ਪਰ ਉਸ ਵੇਲੇ ਸਾਲ 2002 ਤੋਂ 2007 ਤੱਕ ਜੋ ਸਰਕਾਰ ਸੀ, ਉਸ ਵਿੱਚ ਵੀ ਸਾਡੇ ਮਾਨਯੋਗ ਲੀਡਰ ਆਫ ਦਿ ਆਪੋਜ਼ੀਸ਼ਨ ਬੜੇ ਅਹਿਮ ਰੁਤਬੇ ਦੇ ਉਤੇ ਸੀ। ਇਨ੍ਹਾਂ ਨੂੰ ਕੀ ਮੈਂ ਤੁਹਾਡੇ ਰਾਹੀਂ ਪੁੱਛ ਸਕਦਾ ਹਾਂ ਕਿ ਜਦੋਂ ਉਦੋਂ ਤੁਸੀਂ ਕਿਹਾ ਸੀ ਕਿ ਕਿਸਾਨਾਂ ਦੇ ਬਿਜਲੀ ਦੇ ਬਿਲ ਮੁਆਫ ਕਰਾਂਗੇ, ਸਾਡੇ ਵੱਲ ਵੇਖ ਕੇ ਅਜਿਹਾ ਕਿਹਾ ਸੀ, ਜੇ ਇਹੀ ਦਰਦ ਉਸ ਵੇਲੇ ਉਠਾਉਂਦੇ ਜਦੋਂ

[ਸਿੱਖਿਆ ਮੰਤਰੀ]

ਇਨ੍ਹਾਂ ਦੀ ਪਾਰਟੀ ਨੇ ਕਿਸਾਨਾਂ ਵਾਸਤੇ ਦੁਬਾਰਾ ਬਿਲ ਸ਼ੁਰੂ ਕੀਤੇ ਸੀ, ਤਾਂ ਸ਼ਾਇਦ ਇਸ ਨਾਲ ਕਿਸਾਨੀ ਦਾ ਬਹੁਤ ਵੱਡਾ ਭਲਾ ਹੁੰਦਾ। ਪਰ ਕਿਉਂਕਿ ਅੱਜ ਇਹ ਆਪੋਜ਼ੀਸ਼ਨ ਵਿੱਚ ਹਨ, ਇਸ ਕਰਕੇ ਮਹਿਸੂਸ ਕਰਦੇ ਹਨ ਕਿ ਆਪੋਜੀਸ਼ਨ ਵਿੱਚ ਬੋਲਣਾ ਜ਼ਰੂਰੀ ਹੁੰਦਾ ਹੈ ਪਰ ਜਦੋਂ ਰੂਲਿੰਗ ਪਾਰਟੀ ਵਿੱਚ ਸਨ, ਜੇ ਉਦੋਂ ਇਸ ਤਰ੍ਹਾਂ ਕਰਦੇ ਜਿਵੇਂ ਇਹ ਅੱਜ ਸਾਡੇ ਮੁੱਖ ਮੰਤਰੀ ਸਾਹਿਬ ਕਿਸਾਨਾਂ ਦਾ ਕਰ ਰਹੇ ਹਨ, ਉਸ ਦੀ ਅਹਿਮੀਅਤ ਕਈ ਗੁਣਾ ਅੱਜ ਵਧ ਜਾਂਦੀ। ਕਿਉਂਕਿ ਜਿਹੜੇ ਸਾਡੇ ਬਾਕੀ ਵੀਰ ਵੀ ਸੁਣਦੇ ਹਨ, ਉਨ੍ਹਾਂ ਨੂੰ ਵੀ ਪਤਾ ਲਗਦਾ ਕਿ ਇਨ੍ਹਾਂ ਦੀ ਕਹਿਣੀ ਤੇ ਕਥਨੀ ਵਿੱਚ ਕੋਈ ਫਰਕ ਨਹੀਂ ਹੈ, ਜਦੋਂ ਸਰਕਾਰ ਵਿਚ ਵੀ ਸੀ ਤਾਂ ਉਦੋਂ ਵੀ ਕਿਸਾਨੀ ਪ੍ਰਤੀ ਠੋਕ ਕੇ ਗੱਲ ਕੀਤੀ ਅਤੇ ਅੱਜ ਜਦੋਂ ਆਪੋਜ਼ੀਸ਼ਨ ਵਿੱਚ ਹੋ ਤਾਂ ਆਪੋਜ਼ੀਸ਼ਨ ਵਿੱਚ ਵੀ ਗੱਲ ਕੀਤੀ ਹੈ।

ਮਾਨਯੋਗ ਡਿਪਟੀ ਸਪੀਕਰ : ਬੈਠੋ ਜੀ, ਪਲੀਜ਼। ਸ਼੍ਰੀ ਮਨੋਰੰਜਨ ਕਾਲੀਆ ਜੀ।

ਸਿੱਖਿਆ ਮੰਤਰੀ : ਮੈਨੂੰ ਕਨਕਲੂਡ ਤਾਂ ਕਰ ਲੈਣ ਦਿਉ ਜੀ।

ਮਾਨਯੋਗ ਡਿਪਟੀ ਸਪੀਕਰ : ਨਹੀਂ ਜੀ, ਬੈਠੋ, please.

ਸਿੱਖਿਆ ਮੰਤਰੀ : ਕਨਕਲੂਡ ਤਾਂ ਕਰ ਲੈਣ ਦਿਉ ਜੀ।

ਸਿਹਤ ਤੇ ਪਰਿਵਾਰ ਭਲਾਈ ਮੰਤਰੀ : ਡਿਪਟੀ ਸਪੀਕਰ ਸਾਹਿਬ, ਕਾਂਗਰਸ ਸਰਕਾਰ ਕਿਸਾਨਾਂ ਪ੍ਰਤੀ ਕਿੰਨੀ ਕੁ ਚਿੰਤਾ ਕਰਦੀ ਹੈ, ਇਸ ਤਾ ਪਤਾ ਇਥੋਂ ਲਗਦਾ ਹੈ ਕਿ ਸਾਹਮਣੇ ਆਪੋਜ਼ੀਸ਼ਨ ਬੈਂਚਿਜ਼ ਤੇ ਕਿੰਨੇ ਕੁ ਮੈਂਬਰ ਬੈਠੇ ਹਨ। (ਇਸ ਸਮੇਂ ਆਪੋਜ਼ੀਸ਼ਨ ਬੈਂਚਿਜ਼ ਤੇ ਤਿੰਨ ਮੈਂਬਰ ਹੀ ਬੈਠੇ ਸਨ।)

ਮਾਨਯੋਗ ਡਿਪਟੀ ਸਪੀਕਰ : ਸ਼੍ਰੀ ਮਨੋਰੰਜਨ ਕਾਲੀਆ ਜੀ।

ਸ਼੍ਰੀ ਮਨੋਰੰਜਨ ਕਾਲੀਆ (ਜਲੰਧਰ) : ਮਾਨਯੋਗ ਡਿਪਟੀ ਸਪੀਕਰ ਸਾਹਿਬ, ਕਿੰਨਾ ਸਮਾਂ ਦਿੱਤਾ ਹੈ ਜੀ?

ਮਾਨਯੋਗ ਡਿਪਟੀ ਸਪੀਕਰ : 10 ਮਿੰਟ ਹਨ ਜੀ।

ਸ਼੍ਰੀ ਮਨੋਰੰਜਨ ਕਾਲੀਆ : ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਅਭਾਰੀ ਹਾਂ ਕਿ ਤੁਸੀਂ ਮੈਨੂੰ ਮਤੇ ਤੇ ਬੋਲਣ ਲਈ ਸਮਾਂ ਦਿੱਤਾ ਹੈ। ਸੰਸਦੀ ਮੰਤਰੀ, ਸ਼੍ਰੀ ਮਦਨ ਮੋਹਨ ਮਿੱਤਲ ਜੀ ਮਤਾ ਲੈ ਕੇ ਆਏ ਹਨ ਕਿ ਇਹ

ਸਦਨ ਕਿਸਾਨਾਂ ਦੇ ਆਰਥਿਕ ਸੰਕਟ ਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕਰਦਾ ਹੈ ਅਤੇ ਕੇਂਦਰ ਸਰਕਾਰ ਨੂੰ ਇਸ ਮਤੇ ਰਾਹੀਂ ਇਹ ਕਿਹਾ ਜਾਵੇ ਕਿ ਨੀਤੀਆਂ ਵਿੱਚ ਤਬਦੀਲੀ ਕਰਕੇ ਕਿਸਾਨਾਂ ਦੀ ਆਰਥਿਕ ਹਾਲਤ ਵਿਚ ਸੁਧਾਰ ਲਿਆਂਦਾ ਜਾਵੇ। ਸੱਚਮੁੱਚ ਅੱਜ ਇਹ ਵਿਸ਼ਾ, ਕਿਸਾਨਾਂ ਦੀ ਆਰਥਿਕ ਹਾਲਤ ਦੀ ਚਿੰਤਾ ਔਰ ਚਿੰਤਨ ਦਾ ਹੈ ਕਿ ਕਿੰਨਾ ਨਿਘਾਰ ਆਇਆ ਹੈ। ਅੱਜ ਕਿਸਾਨ ਆਤਮ ਹੱਤਿਆਵਾਂ ਕਰ ਰਹੇ ਹਨ। ਜਿਵੇਂ ਕਿ ਵਿਰੋਧੀ ਧਿਰ ਦੇ ਨੇਤਾ ਨੇ ਵੀ ਜ਼ਿਕਰ ਕੀਤਾ ਹੈ ਕਿ ਕਿਸਾਨ ਆਤਮ ਹੱਤਿਆ ਕਰ ਰਿਹਾ ਹੈ, ਇਹ ਬੜੇ ਅਫਸੋਸ ਦੀ ਗੱਲ ਹੈ ਕਿਉਂਕਿ ਜਦੋਂ ਦੇਸ਼ ਅਨਾਜ ਦੇ ਪੱਖ ਤੋਂ ਸੰਕਟ ਵਿਚ ਸੀ ਅਤੇ ਸਾਨੂੰ ਬਾਹਰੋਂ ਕਣਕ ਮੰਗਵਾਉਣੀ ਪੈਂਦੀ ਸੀ, ਉਸ ਸਮੇਂ ਕਿਸਾਨ ਨੇ, ਖਾਸ ਕਰਕੇ ਪੰਜਾਬ ਦੇ ਕਿਸਾਨ ਨੇ ਅੱਗੇ ਆ ਕੇ ਇਤਿਹਾਸਕ ਭੂਮਿਕਾ ਨਿਭਾਈ। ਅਸੀਂ ਆਪਣੇ ਦੇਸ਼ ਨੂੰ ਅਨਾਜ ਦੇ ਪੱਖੋਂ ਆਤਮ ਨਿਰਭਰ ਕੀਤਾ। ਸਾਨੂੰ ਇਸ ਗੱਲ ਤੇ ਗਹਿਰੇ ਚਿੰਤਨ ਦੀ ਲੋੜ ਹੈ ਕਿ ਕਿਵੇਂ ਕਿਸਾਨ ਦੀ ਆਰਥਿਕ ਹਾਲਤ ਵਿਚ ਸੁਧਾਰ ਆਵੇ? ਇੱਥੇ ਜ਼ਿਕਰ ਕੀਤਾ ਗਿਆ ਹੈ ਕਿ ਕੇਂਦਰ ਵਿਚ ਸਾਲ 2014 ਵਿਚ ਮੋਦੀ ਸਰਕਾਰ ਆਈ ਹੈ ਅਤੇ ਆਤਮ ਹੱਤਿਆਵਾਂ ਹੋ ਰਹੀਆਂ ਹਨ ਪਰ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਤੋਂ ਪਹਿਲਾਂ ਆਤਮ ਹੱਤਿਆਵਾਂ ਨਹੀਂ ਹੁੰਦੀਆਂ ਸਨ? ਮਾਨਯੋਗ ਡਿਪਟੀ ਸਪੀਕਰ ਸਾਹਿਬ, ਸਾਲ 1995 ਤੋਂ ਲੈ ਕੇ 2013 ਤੱਕ ਦੇਸ਼ ਦੇ 2,96,438 ਕਿਸਾਨਾਂ ਨੇ ਆਤਮ ਹੱਤਿਆਵਾਂ ਕੀਤੀਆਂ। ਇਸ ਦਾ ਮਤਲਬ ਹੈ ਕਿ ਅਜ਼ਾਦੀ ਤੋਂ ਬਾਅਦ ਜਿਹੜੀਆਂ ਨੀਤੀਆਂ ਅਸੀਂ ਕਿਸਾਨੀ ਲਈ ਬਣਾਈਆਂ, ਉਹ ਠੀਕ ਨਹੀਂ ਸੀ। ਭਾਰਤ ਕ੍ਰਿਸ਼ੀ ਪ੍ਰਧਾਨ ਦੇਸ਼ ਹੈ ਅਤੇ ਲਗਭੱਗ 60-70 ਫੀਸਦੀ ਲੋਕ ਕਿਸਾਨੀ ਤੇ ਨਿਰਭਰ ਕਰਦੇ ਹਨ। ਅੱਜ ਕਿਸਾਨੀ ਦਾ ਕਿੱਤਾ ਲਾਹੇਵੰਦ ਨਹੀਂ ਰਿਹਾ। ਸਵਾਲ ਇਹ ਹੈ ਕਿ ਕਿਸ ਤਰ੍ਹਾਂ ਕਿਸਾਨੀ ਨੂੰ ਲਾਹੇਵੰਦ ਬਣਾਇਆ ਜਾਵੇ। ਸਾਨੂੰ ਅਜਿਹਾ ਪ੍ਰਬੰਧ ਕਰਨਾ ਚਾਹੀਦਾ ਹੈ ਕਿ ਕਿਸਾਨ ਪ੍ਰਫੁੱਲਤ ਹੋਵੇ ਕਿਉਂਕਿ ਜੇਕਰ ਕਿਸਾਨ ਪ੍ਰਫੁੱਲਤ ਹੋਵੇਗਾ ਤਾਂ ਹੀ ਦੇਸ਼ ਪ੍ਰਫੁੱਲਤ ਹੋਵੇਗਾ। ਇਸ ਲਈ ਦੋ ਤਰੀਕੇ ਹਨ, ਇੱਕ ਤਾਂ ਇਹ ਹੈ ਕਿ ਅਸੀਂ ਕਿਸਾਨੀ ਨੂੰ ਇਸ ਢੰਗ ਨਾਲ ਸਪੋਰਟ ਕਰੀਏ ਕਿ ਉਹ ਲਾਹੇਵੰਦ ਬਣ ਜਾਵੇ ਅਤੇ ਦੂਸਰਾ ਇਹ ਹੈ ਕਿ ਜਿੰਨੇ ਲੋਕ ਕਿਸਾਨੀ ਕਿੱਤੇ ਵਿੱਚ ਹਨ, ਉਨ੍ਹਾਂ ਨੂੰ ਕਿਸੇ ਹੋਰ ਕਿੱਤੇ ਵਿਚ ਲੈ ਕੇ ਜਾਈਏ। ਅਮਰੀਕਾ ਵਿਚ ਸਿਰਫ 2 ਫੀਸਦੀ

[ਸ਼੍ਰੀ ਮਨੋਰੰਜਨ ਕਾਲੀਆ]

ਪਾਪੂਲੇਸ਼ਨ ਕਿਸਾਨੀ ਕਿੱਤੇ ਵਿੱਚ ਹੈ। ਇਸ ਦਾ ਮਤਲਬ ਹੈ ਕਿ ਉਥੇ ਕਿਸਾਨੀ ਵਿਚ ਜ਼ਿਆਦਾ ਮੈਕਨਾਈਜੇਸ਼ਨ ਹੋ ਗਿਆ ਹੈ, ਪ੍ਰਾਫਿਟੇਬਿਲਟੀ ਵੱਧ ਗਈ ਹੈ। ਜਿਹੜੇ ਲੋਕ ਕਿਸਾਨੀ ਵਿੱਚ ਹਨ, ਉਨ੍ਹਾਂ ਲਈ ਇਹ ਕਿੱਤਾ ਲਾਹੇਵੰਦ ਹੋ ਗਿਆ। ਇਸ ਲਈ ਨੋਬਲ ਪੁਰਸਕਾਰ ਵਿਜੇਤਾ ਅਮ੍ਰਿਤਿਆ ਸੇਨ ਨੇ ਆਪਣਾ ਓਪੀਨੀਅਨ ਦਿੱਤਾ ਹੈ ਕਿ ਅਸੀਂ ਲੋਕਾਂ ਨੂੰ ਕਿਸਾਨੀ ਤੋਂ ਹਟਾ ਕੇ ਦੂਸਰੇ ਪਾਸੇ ਕਿਵੇਂ ਲਿਜਾ ਸਕਦੇ ਹਾਂ। ਉਹ ਲਿਖਦੇ ਹਨ, he stated that agriculture land may better be suited for non agriculture purposes, if industrial production could generate many times more than the value of the products used by the agriculture. He further stated that instead of government controlling land allocation based on soil characteristics the market economy should determine productive allocation of the land. ਉਨ੍ਹਾਂ ਦਾ ਵਿਚਾਰ ਹੈ ਕਿ ਇੰਡਸਟਰੀਲਾਈਜ਼ੇਸ਼ਨ ਕੀਤੀ ਜਾਵੇ ਅਤੇ ਲੋਕਾਂ ਦਾ ਜ਼ਿਆਦਾ ਤੋਂ ਜ਼ਿਆਦਾ ਇੰਡਸਟਰੀ ਵਿੱਚ ਰੁਝਾਨ ਬਣ੍ਹਾਇਆ ਜਾਵੇ। ਐਗਰੋ ਬੇਸਡ ਇੰਡਸਟਰੀ ਵਿੱਚ ਰੁਝਾਨ ਬਣਾਇਆ ਜਾਵੇ ਤਾਂ ਜੋ ਜਿੰਨੇ ਲੋਕ ਕਿਸਾਨੀ ਦੇ ਕਿੱਤੇ ਵਿਚ ਹਨ, ਉਹ ਇੰਡਸਟਰੀ ਵਾਲੇ ਪਾਸੇ ਜਾਣ ਅਤੇ ਇੰਡਸਟਰੀ ਵਿੱਚ ਮੈਕਨਾਈਜ਼ੇਸ਼ਨ ਜ਼ਿਆਦਾ ਹੋਵੇ। ਇਸ ਨਾਲ ਕਿਸਾਨੀ ਲਾਹੇਵੰਦ ਹੋ ਸਕਦੀ ਹੈ। ਜਿਹੜੀ ਮਿਨੀਮਮ ਸਪੋਰਟ ਪ੍ਰਾਈਜ਼, ਐਮ.ਐਸ.ਪੀ. ਹੈ, ਉਸ ਦੇ ਵਿੱਚ ਕਿਸਾਨ ਦੀ profitability ਨਿਰੰਤਰ ਘੱਟ ਰਹੀ ਹੈ। ਕੇਂਦਰ ਸਰਕਾਰ ਸਪੋਰਟ ਪ੍ਰਾਈਜ਼ ਤਾਂ ਡਿਕਲੇਅਰ ਕਰ ਦਿੰਦੀ ਹੈ। ਪਰ ਹੁੰਦਾ ਇਹ ਹੈ ਕਿ ਅਸੀਂ ਪ੍ਰੋਫਿਟੇਬਿਲਟੀ ਤਾਂ ਡਿਕਲੇਅਰ ਕਰ ਦਿੰਦੇ ਹਾਂ ਪਰ ਪਰੋਫਿਏਬਿਲਟੀ ਨਹੀਂ ਦੇਖਦੇ। ਹੁਣ ਪੈਡੀ ਦੀ ਸਾਲ 2010-11 ਦੇ ਵਿੱਚ ਕਾਸਟ ਆਫ ਪ੍ਰੋਡਕਸ਼ਨ 742/- ਰੁਪਏ ਸੀ ਅਤੇ ਐਮ.ਐਸ.ਪੀ. 1000/- ਰੁਪਏ ਡਿਕਲੇਅਰ ਕੀਤੀ ਗਈ, ਸਾਲ 2011-12 ਦੇ ਵਿੱਚ ਕਾਸਟ ਆਫ ਪ੍ਰੋਡਕਸ਼ਨ 888/- ਰੁਪਏ ਸੀ ਅਤੇ ਐਮ.ਐਸ.ਪੀ. 1080/- ਰੁਪਏ ਡਿਕਲੇਅਰ ਕੀਤੀ ਗਈ ਅਤੇ ਸਾਲ 2012-13 ਦੇ ਵਿੱਚ ਕਾਸਟ ਆਫ ਪ੍ਰੋਡਕਸ਼ਨ 1152/- ਰੁਪਏ ਸੀ ਅਤੇ ਐਮ.ਐਸ.ਪੀ. 1250/- ਰੁਪਏ ਡਿਕਲੇਅਰ ਕੀਤੀ ਗਈ ਸੀ। ਇਸ ਦੀ ਪ੍ਰੋਫਿਟੇਬਿਲਟੀ ਸਾਲ 2010-11 ਦੇ ਵਿੱਚ 34.7%, ਸਾਲ 2011-12 ਦੇ ਵਿੱਚ 21.62% ਅਤੇ ਸਾਲ 2012-13

ਦੇ ਵਿੱਚ 8.5% ਸੀ। ਸੋ, ਨਿਰੰਤਰ ਇਨਫਲੇਸ਼ਨ ਦਾ ਇਫੈਕਟ ਜੋ ਹੈ, ਉਹ ਕਾਸਟ ਆਫ ਪ੍ਰੋਡਕਸ਼ਨ ਤੇ ਪਿਆ ਜਿਸ ਦੇ ਨਾਲ ਪ੍ਰੋਫਿਟੇਬਿਲਟੀ ਘਟੀ। ਮਾਨਯੋਗ ਡਿਪਟੀ ਸਪੀਕਰ ਸਾਹਿਬ, ਕਿਸੇ ਨਾ ਕਿਸੇ ਲੈਵਲ ਦੇ ਉੱਤੇ ਮਿਨੀਮਮ ਪ੍ਰੋਫਿਟੇਬਿਲਟੀ ਵੀ ਡਿਟਰਮਿਨ ਹੋਣੀ ਚਾਹੀਦੀ ਹੈ ਕਿ ਇਸ ਨਾਲ ਕਿਸਾਨ ਨੂੰ ਇੰਨੇ ਪੈਸੇ ਦੀ ਬੱਚਤ ਹੋਏਗੀ। ਇਸ ਗੱਲ ਤੇ ਵਿਚਾਰ ਕਰਨ ਦੀ ਲੋੜ ਹੈ। ਨੀਤੀਆਂ ਵਿੱਚ ਤਬਦੀਲੀ ਕਰਨ ਦੀ ਲੋੜ ਹੈ।

ਮਾਨਯੋਗ ਡਿਪਟੀ ਸਪੀਕਰ ਸਾਹਿਬ, diversification of crops ਦੀ ਗੱਲ ਹਰ ਸਰਕਾਰ ਕਰਦੀ ਹੈ ਕਿ ਕਰਾਪਸ ਵਿੱਚ ਵਿਭਿੰਨਤਾ ਹੋਣੀ ਚਾਹੀਦੀ ਹੈ। ਲੇਕਿਨ diversification of crops ਕਿਸ ਤਰ੍ਹਾਂ ਆਏਗੀ? ਇਹ ਤਾਂ ਹੀ ਆਵੇਗੀ ਜੇਕਰ ਕਿਸਾਨ ਨੂੰ ਦੂਜੀਆਂ ਫਸਲਾਂ ਦੇ ਵਿੱਚ ਪ੍ਰੋਫਿਟ ਆਏਗਾ। ਅਸੀਂ Oil seeds import ਕਰਦੇ ਹਾਂ, ਦਾਲਾਂ ਇੰਪੋਰਟ ਕਰਦੇ ਹਾਂ। ਅਸੀਂ oil seeds ਲੱਗਭਗ 30,000 ਕਰੋੜ ਰੁਪਏ ਦੇ ਅਤੇ ਪਲਸਿਸ 10,000 ਕਰੋੜ ਰੁਪਏ ਦੀਆਂ ਇੰਪੋਰਟ ਕਰਦੇ ਹਾਂ। ਸੋ, ਜਿਹੜੀ ਸਪੋਰਟ ਪ੍ਰਾਈਸ ਹੈ ਪਲਸਿਸ ਦੀ ਜਾਂ diversified crops ਦੀ, that should be more attractive than the MSP of wheat and paddy. ਇਸ ਦੇ ਉੱਤੇ ਵਿਚਾਰ ਕਰਨ ਦੀ ਲੋੜ ਹੈ ਫਿਰ ਹੀ ਕਿਸਾਨ ਦੂਸਰੇ ਪਾਸੇ ਜਾਏਗਾ ਜੇ ਇਸ ਤੋਂ ਬਿਹਤਰ ਕੀਮਤ ਕਿਸਾਨ ਨੂੰ ਮਿਲ ਪਾਏਗੀ। ਇਸੇ ਤਰ੍ਹਾਂ ਐਗਰੋ ਬੇਸਡ ਇੰਡਸਟਰੀ ਦਾ ਵਿਸ਼ਾ ਹੈ। ਆਰਗੈਨਿਕ ਫਾਰਮਿੰਗ ਨੂੰ ਵੀ ਬੜਾਵਾ ਦੇਣ ਦੀ ਲੋੜ ਹੈ। ਜਿਹੜਾ ਫਰਟੀਲਾਈਜ਼ਰ ਅਸੀਂ ਪਾਉਂਦੇ ਹਾਂ, ਉਸ ਦੇ ਨਾਲ ਧਰਤੀ ਦੀ ਗੁਣਵੱਤਾ ਘੱਟ ਜਾਂਦੀ ਹੈ। ਅੱਜ ਲੋੜ ਹੈ ਜੈਵਿਕ ਖੇਤੀ ਦੀ ਜੋ ਕਿ ਕਿਸੇ ਸਮੇਂ ਇੱਥੇ ਹੁੰਦੀ ਸੀ। ਫਰਟੇਲਾਈਜ਼ਰ ਪੱਛਮੀ ਦੇਸ਼ਾਂ ਦੀ ਦੇਣ ਹੈ ਅਤੇ ਬਿਮਾਰੀਆਂ ਵੀ ਇਸੇ ਕਾਰਨ ਹੋ ਰਹੀਆਂ ਹਨ। ਇਸ ਦੇ ਲਈ ਜ਼ਰੂਰਤ ਹੈ ਸੋਚ ਪੈਦਾ ਕਰਨ ਦੀ ਅਤੇ ਡਿਪਟੀ ਸਪੀਕਰ ਸਾਹਿਬ, ਇੱਕ ਗੱਲ ਇਹ ਵੀ ਹੈ ਕਿ ਆਪੋਜ਼ੀਸ਼ਨ ਬੈਂਚਾਂ ਨੇ ਕਿਸਾਨਾਂ ਦੀ ਚਿੰਤਾ ਜ਼ਾਹਿਰ ਕੀਤੀ ਹੈ। ਕੇਂਦਰ ਸਰਕਾਰ ਦੇ ਵਿੱਚ ਜ਼ਿਆਦਾ ਦੇਰ ਕਾਂਗਰਸ ਪਾਰਟੀ ਦਾ ਰਾਜ ਰਿਹਾ ਹੈ। ਜੇਕਰ ਅੱਜ ਨਿਘਾਰ ਆਇਆ ਹੈ ਤਾਂ ਜਿੰਨਾ ਸਮਾਂ 1947 ਤੋਂ ਲੈ ਕੇ ਹੁਣ ਤੱਕ ਕਾਂਗਰਸ ਨੇ ਰਾਜ ਕੀਤਾ ਹੈ, ਉਹ ਇਸ ਦਾ ਇੱਕ ਵੱਡਾ ਕਾਰਨ ਹੈ।

ਸਰਦਾਰ ਕੁਲਜੀਤ ਸਿੰਘ ਨਾਗਰਾ : ਪੁਆਇੰਟ ਆਫ ਆਰਡਰ।

ਮਾਨਯੋਗ ਡਿਪਟੀ ਸਪੀਕਰ : ਹਾਂ ਜੀ, ਦੱਸੋ।

ਸਰਦਾਰ ਕੁਲਜੀਤ ਸਿੰਘ ਨਾਗਰਾ : ਮਾਨਯੋਗ ਡਿਪਟੀ ਸਪੀਕਰ ਸਾਹਿਬ, ਕਾਲੀਆ ਸਾਹਿਬ ਬੜੇ ਸੀਨੀਅਰ ਮੈਂਬਰ ਹਨ ਅਤੇ ਮੈਂ ਇਨ੍ਹਾਂ ਦੀ ਬੜੀ ਇੱਜ਼ਤ ਕਰਦਾ ਹਾਂ। ਇਨ੍ਹਾਂ ਨੇ ਗੱਲ ਕੀਤੀ ਹੈ ਕਿ ਜਦੋਂ ਦਾ ਦੇਸ਼ ਆਜ਼ਾਦ ਹੋਇਆ, ਇੱਥੇ ਬਹੁਤਾ ਸਮਾਂ ਕਾਂਗਰਸ ਨੇ ਰਾਜ ਕੀਤਾ ਤੇ ਕਿਸਾਨੀ ਦੇ ਵਿੱਚ ਜਿਹੜਾ ਨਿਘਾਰ ਆਇਆ ਹੈ, ਉਹ ਇਨ੍ਹਾਂ ਦੀ ਦੇਣ ਹੈ। ਮੈਂ ਇਹ ਜਿਹੜਾ ਪੁਆਇੰਟ ਆਫ ਆਰਡਰ ਤੁਹਾਡੇ ਤੋਂ ਲਿਆ ਹੈ, ਕਿਉਂਕਿ ਮੇਰੇ ਤੋਂ ਇਹ ਸੀਨੀਅਰ ਹਨ, ਇਸ ਰਾਹੀਂ ਮੈਂ ਮੈਂਬਰਜ਼ ਸਾਹਿਬ ਦੀ ਯਾਦਾਸ਼ਤ ਨੂੰ ਵਧਾਉਣਾ ਚਾਹੁੰਦਾ ਹਾਂ ਕਿ ਹਿੰਦੁਸਤਾਨ ਦੇ ਵਿੱਚ ਗਰੀਨ ਰੈਵੋਲਿਊਸ਼ਨ ਅਤੇ ਵਾਈਟ ਰੈਵੋਲਿਊਸ਼ਨ ਵੀ ਕਾਂਗਰਸ ਪਾਰਟੀ ਦੀ ਦੇਣ ਹੈ। ਇਸ ਦੇਸ਼ ਨੂੰ ਕਦੇ ਅਨਾਜ ਵਾਸਤੇ ਬਾਹਰਲੇ ਦੇਸ਼ਾਂ ਅੱਗੇ ਹੱਥ ਅੱਡਣੇ ਪੈਂਦੇ ਸਨ, ਅੱਜ ਦੇਸ਼ ਵਿੱਚ ਅਨਾਜ ਦੇ ਭੰਡਾਰ 10-10 ਸਾਲਾਂ ਤੱਕ ਅਡਵਾਂਸ ਭਰਨ ਵਾਸਤੇ ਵੀ ਕਾਂਗਰਸ ਪਾਰਟੀ ਦੀਆਂ ਨੀਤੀਆਂ ਸਨ। ਧੰਨਵਾਦ।

ਮਾਨਯੋਗ ਡਿਪਟੀ ਸਪੀਕਰ : ਹਾਂ ਜੀ, ਕਾਲੀਆ ਜੀ।

ਸ਼੍ਰੀ ਮਨੋਰੰਜਨ ਕਾਲੀਆ : ਡਿਪਟੀ ਸਪੀਕਰ ਸਾਹਿਬ, ਇਹ ਵਿੱਚੋਂ ਉਠ ਕੇ ਚਲੇ ਗਏ ਸਨ, ਮੈਂ ਇਸ ਗੱਲ ਦਾ ਸਾਰਾ ਜ਼ਿਕਰ ਕੀਤਾ ਹੈ। ਇਸੇ ਤਰ੍ਹਾਂ ਜਿਹੜਾ ਬਫਰ ਸਟਾਕ ਹੈ ਕਿ ਸਾਨੂੰ ਜਿੰਨਾ ਉਤਪਾਦਨ ਹੋ ਰਿਹਾ ਹੈ, ਉਹ ਲੋੜ ਤੋਂ ਜ਼ਿਆਦਾ ਹੋ ਰਿਹਾ ਹੈ। ਇਹ ਤਿੰਨ ਗੁਣਾ ਜ਼ਿਆਦਾ ਹੋ ਰਿਹਾ ਹੈ।ਸਾਨੂੰ ਚਾਹੀਦਾ ਹੈ ਕਿ ਪ੍ਰੋਡਕਸ਼ਨ ਲੋੜ ਮੁਤਾਬਕ ਹੀ ਕੀਤੀ ਜਾਵੇ। ਬੇਸ਼ਕ ਕਿਸਾਨ ਨੂੰ ਤੁਸੀਂ ਕਹੋ ਕਿ ਖੇਤ ਖਾਲੀ ਰਹਿਣ ਅਤੇ ਉਸ ਨੂੰ ਪੈਸੇ ਦਿੱਤੇ ਜਾਣੇ ਚਾਹੀਦੇ ਹਨ। ਉਸ ਨੂੰ ਕਹੋ ਕਿ ਸਾਨੂੰ ਇੰਨੀ ਫਸਲ ਹੀ ਚਾਹੀਦੀ ਹੈ, ਹੁਣ ਤੂੰ ਅਗਲੀ ਵਾਰੀ ਬੀਜ ਲਵੀਂ। ਇਸ ਨਾਲ ਇੱਕ ਬੈਲੇਂਸ ਮੇਨਟੇਨ ਹੋਵੇਗਾ। ਇਸੇ ਤਰ੍ਹਾਂ ਵੇਅਰਹਾਊਸਿੰਗ ਬਾਰੇ ਹੈ ਕਿ ਉਸ ਦਾ ਰੱਖ ਰਖਾਅ ਵੀ ਬਿਹਤਰ ਹੋਵੇ। ਇਸ ਲਈ ਨੀਤੀਆਂ ਵਿੱਚ ਤਬਦੀਲੀ ਦੀ ਜ਼ਰੂਰਤ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇੱਕ ਗੱਲ ਵੱਲ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਕਾਂਗਰਸ ਅਤੇ ਮੇਰੇ ਜਿਹੜੇ ਸਾਥੀ ਬੈਠੇ ਹਨ, ਅੱਜ ਅਸੀਂ ਐਮ.ਐਸ.ਪੀ. ਅਤੇ ਕਿਸਾਨੀ

ਦੀ ਗੱਲ ਕਰਦੇ ਹਾਂ, ਸਾਲ 2017 ਤੋਂ ਬਾਅਦ ਕਿਸੇ ਵਿਅਕਤੀ ਨੇ ਨਾ ਤਾਂ ਐਮ.ਐਸ.ਪੀ. ਦੀ ਗੱਲ ਕਰਨੀ ਸੀ ਅਤੇ ਨਾ ਹੀ ਕਿਸਾਨ ਦੀ ਗੱਲ ਹੋਣੀ ਸੀ। ਜੇਕਰ ਸਾਲ 2014 ਵਿੱਚ ਮੋਦੀ ਸਰਕਾਰ ਨਾ ਆਉਂਦੀ ਅਤੇ ਕਾਂਗਰਸ ਸਰਕਾਰ ਜੇ ਰਿਪੀਟ ਕਰ ਜਾਂਦੀ। ਇਹ ਮੈਂ ਕਿਉਂ ਕਹਿ ਰਿਹਾ ਹਾਂ? ਇੱਕ ਵਰਲਡ ਟਰੇਡ ਆਰਗੇਨਾਈਜ਼ੇਸ਼ਨ ਹੈ। 159 ਕੰਟਰੀਜ਼ ਬਾਲੀ ਵਿੱਚ ਇੱਕ ਮੀਟਿੰਗ ਵਿੱਚ ਦਸੰਬਰ 2013 ਵਿੱਚ ਇਕੱਠੇ ਹੋਏ ਸਨ। ਟਰੇਡ ਫੈਸੀਲਿਟੇਸ਼ਨ ਸਬੰਧੀ ਇੱਕ ਐਗਰੀਮੈਂਟ ਸਾਈਨ ਕੀਤਾ ਗਿਆ। ਡਬਲਿਯੂ.ਟੀ.ਓ. ਦਾ ਕੰਮ ਵਿਕਸਿਤ ਦੇਸ਼ਾਂ ਵਾਸਤੇ ਮੰਡੀਆਂ ਦੀ ਖੋਜ ਕਰਨਾ ਹੈ । ਉਹ ਵੇਖਦੇ ਹਨ ਕਿ ਉਹ ਕਿੱਥੇ ਮਾਲ ਵੇਚ ਸਕਦੇ ਹਨ, ਕਿਹੜੇ ਕਿਹੜੇ ਡਿਵੈਲਪਡ ਕੰਟਰੀਜ਼ ਹਨ ਅਤੇ ਕਿਹੜੇ ਅੰਡਰ ਡਿਵੈਲਪਡ ਕੰਟਰੀਜ਼ ਹਨ। ਇਸ ਢੰਗ ਨਾਲ ਐਗਰੀਮੈਂਟ ਕੀਤਾ ਜਾਵੇ ਕਿ ਜਿਹੜੇ ਡਿਵੈਲਪਡ ਕੰਟਰੀਜ਼ ਹਨ, ਉਨ੍ਹਾਂ ਦੇ ਲੋਕਾਂ ਦਾ ਵਪਾਰ ਵਧੇ। 159 ਕੰਟਰੀਜ਼ ਵਿੱਚ ਭਾਰਤ ਨੇ ਵੀ ਟਰੇਡ ਫੈਸੀਲਿਟੇਸ਼ਨ ਐਗਰੀਮੈਂਟ ਤੇ ਸਾਈਨ ਕੀਤੇ। ਇਸ ਵਿੱਚ ਸੀ ਕਿ ਟਰੇਡ ਡਿਸਟੌਰਟਿੰਗ ਸਬਸਿਡੀਜ਼ ਹਨ, ਉਹ ਕਿਸਾਨਾਂ ਨੂੰ ਫਸਲ ਦੀ ਵੈਲਿਊ ਤੋਂ 10% ਤੋਂ ਜ਼ਿਆਦਾ ਨਹੀਂ ਦੇ ਸਕਦੇ। ਇਹ ਕਾਂਗਰਸ ਵੇਲੇ ਹੋਇਆ ਅਤੇ ਉਸ ਵਕਤ ਸਾਈਨ ਕਰਨ ਤੋਂ ਬਾਅਦ ਉਨ੍ਹਾਂ ਨੇ ਕਿਹਾ ਅਸੀਂ ਪੀਸ ਕਲਾਜ਼ ਲਗਾ ਦਿੰਦੇ ਹਾਂ, ਇਹ ਚਾਰ ਸਾਲ ਅਪਲਾਈ ਨਹੀਂ ਹੋਵੇਗਾ। ਤੁਸੀਂ ਚਾਰ ਸਾਲ ਤਾਂ ਐਮ.ਐਸ.ਪੀ. ਦੇ ਲਉ ਲੇਕਿਨ 2017 ਤੋਂ ਬਾਅਦ ਤੁਸੀਂ ਨਾ ਐਮ.ਐਸ.ਪੀ. ਦੇ ਸਕਦੇ ਹੋ ਅਤੇ ਨਾ ਹੀ ਕੋਈ ਸਬਸਿਡੀ ਕਿਸਾਨ ਨੂੰ ਦੇ ਸਕਦੇ ਹੋ। ਸਿਰਫ ਫਸਲ ਦੀ ਵੈਲਿਊ ਦਾ 10% ਹੀ ਸਬਸਿਡੀ ਦੇ ਸਕਦੇ ਹੋ। ਸਾਈਨ ਤਾਂ ਹੋ ਗਏ ਪਰ ਇੱਕ ਸ਼ਬਦ ਉਨ੍ਹਾਂ ਨੇ ਰੈਟੀਫਿਕੇਸ਼ਨ ਵਰਤਿਆ ਕਿ ਤੁਸੀਂ ਪਾਰਲੀਮੈਂਟ ਵਿੱਚ ਪਾਸ ਕਰਨਾ ਹੈ। ਪਾਸ ਕਰੋਗੇ ਤਾਂ ਇਹ ਕਾਨੂੰਨ ਬਣ ਜਾਵੇਗਾ ਅਤੇ ਭਾਰਤ ਦੇ ਕਾਨੂੰਨ ਅਨੁਸਾਰ ਅਸੀਂ ਇੰਪਲੀਮੈਂਟ ਕਰ ਸਕਦੇ ਸੀ। ਫਿਰ ਕੀ ਹੋਇਆ ਕਿ ਸਾਲ 2014 ਵਿੱਚ ਨਰਿੰਦਰ ਮੋਦੀ ਜੀ ਦੀ ਸਰਕਾਰ ਆ ਗਈ।

ਮਾਨਯੋਗ ਡਿਪਟੀ ਸਪੀਕਰ : ਕਾਲੀਆ ਜੀ, ਜਲਦੀ ਖਤਮ ਕਰੋ।

ਸ਼੍ਰੀ ਮਨੋਰੰਜਨ ਕਾਲੀਆ : ਬੱਸ ਖਤਮ ਕਰ ਰਿਹਾ ਹਾਂ ਜੀ। ਨਰਿੰਦਰ ਮੋਦੀ ਜੀ ਦੀ ਐਨ.ਡੀ.ਏ. ਦੀ ਸਰਕਾਰ ਆ ਗਈ, ਜੌਨ ਕੈਰੀ, ਅਮਰੀਕਾ ਦੇ

[ਸ਼੍ਰੀ ਮਨੋਰੰਜਨ ਕਾਲੀਆ]

ਸੈਕਟਰੀ ਆਫ ਸਟੇਟ, ਭਾਰਤ ਆਏ ਕਿ ਤੁਸੀਂ ਰੈਟੀਫਿਕੇਸ਼ਨ ਕਰ ਲਉ। ਉਹ ਕਹਿੰਦੇ ਕਿ ਅਸੀਂ ਕਿਸਾਨਾਂ ਦਾ ਘਾਣ ਨਹੀਂ ਕਰ ਸਕਦੇ, ਅਮਰੀਕਾ ਰੁੱਸਦਾ ਹੈ ਤਾਂ ਰੁੱਸ ਜਾਵੇ। ਦੁਨੀਆਂ ਸਾਰੀ ਰੁੱਸ ਜਾਵੇ ਲੇਕਿਨ ਅਸੀਂ ਕਿਸਾਨਾਂ ਦੇ ਨਾਲ ਖੜ੍ਹੇ ਹਾਂ। ਨਤੀਜੇ ਵਜੋਂ ਰੈਟੀਫਿਕੇਸ਼ਨ ਨਹੀਂ ਕੀਤੀ। ਇਸ ਤਰ੍ਹਾਂ ਅਮਰੀਕਾ ਝੁਕਿਆ, ਬਾਕੀ ਦੇਸ਼ ਝੁਕੇ, ਭਾਰਤ ਨਹੀਂ ਝੁਕਿਆ, ਕਿਸਾਨਾਂ ਦੇ ਨਾਲ ਖੜ੍ਹਾ ਹੈ। ਅੱਜ ਚਿੰਤਾ ਹੈ ਕਿ ਕਿਸਾਨਾਂ ਦਾ ਪੱਖ ਮੋਦੀ ਸਰਕਾਰ ਕਿਵੇਂ ਪੂਰੇਗੀ? ਪਰ ਹਾਲੇ ਸਮਾਂ ਸਿਰਫ ਇੱਕ ਸਾਲ ਹੀ ਹੋਇਆ ਹੈ। ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਸ਼੍ਰੀ ਨਰਿੰਦਰ ਮੋਦੀ ਜੀ ਗੁਜਰਾਤ ਦੇ ਮੁੱਖ ਮੰਤਰੀ ਦੇ ਤੌਰ ਤੇ ਸਨ, ਉਥੇ ਕਿਸਾਨੀ ਪ੍ਰਫੁੱਲਤ ਹੋਈ। ਉੱਥੇ 13 ਸਾਲ ਲਗਾਤਾਰ 10% ਗਰੋਥ ਰਹੀ ਹੈ। ਉਥੇ ਕਿਸਾਨੀ ਲਾਹੇਵੰਦ ਹੋਈ। ਉਨ੍ਹਾਂ ਨੂੰ ਪਤਾ ਹੈ ਕਿ ਕਿਸਾਨਾਂ ਦੇ ਹੱਕਾਂ ਦੀ ਰੱਖਿਆ ਕਿਸ ਤਰ੍ਹਾਂ ਕਰਨੀ ਹੈ। ਮੈਨੂੰ ਆਸ ਹੀ ਨਹੀਂ ਬਲਕਿ ਪੂਰਨ ਵਿਸ਼ਵਾਸ ਹੈ ਕਿ ਆਉਣ ਵਾਲੇ ਸਮੇਂ ਵਿਚ ਜਿਹੜੀ ਐਨ.ਡੀ.ਏ. ਸਰਕਾਰ ਹੈ....

ਮਾਨਯੋਗ ਡਿਪਟੀ ਸਪੀਕਰ : ਪਲੀਜ਼ ਬੈਠੋ।

ਸ਼੍ਰੀ ਮਨੋਰੰਜਨ ਕਾਲੀਆ : ਉਹ ਨਵੀਆਂ ਨੀਤੀਆਂ ਲਾਗੂ ਕਰੇਗੀ ਅਤੇ ਉਸ ਦੇ ਨਾਲ ਕਿਸਾਨੀ ਲਾਹੇਵੰਦ ਹੋਵੇਗੀ। ਇਸ ਲਈ ਜਿਹੜਾ ਅੱਜ ਰੈਜ਼ੋਲਿਊਸ਼ਨ ਸੰਸਦੀ ਮੰਤਰੀ ਜੀ ਨੇ ਲਿਆਂਦਾ ਹੈ, ਉਸ ਨੂੰ ਪਾਸ ਕੀਤਾ ਜਾਵੇ ਅਤੇ ਕੇਂਦਰ ਨੂੰ ਭੇਜਿਆ ਜਾਵੇ। ਇੰਨੇ ਸ਼ਬਦਾਂ ਨਾਲ ਮੈਂ ਧੰਨਵਾਦ ਕਰਦਾ ਹਾਂ।

ਮਾਨਯੋਗ ਡਿਪਟੀ ਸਪੀਕਰ : ਰਾਣਾ ਗੁਰਜੀਤ ਸਿੰਘ ਜੀ।

ਸਰਦਾਰ ਸਾਧੂ ਸਿੰਘ : ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ। ਕਾਲੀਆ ਸਾਹਿਬ ਨੇ ਗੁਜਰਾਤ ਦੀ ਗੱਲ ਕਹੀ ਹੈ। ਉਥੇ ਪੰਜਾਬੀਆਂ ਨੇ ਜਾ ਕੇ ਮਿਹਨਤ ਕੀਤੀ ਹੈ। ** ** ਨੇ ਉਨ੍ਹਾਂ ਨੂੰ ਉਜਾੜਨ ਵਿਚ ਕੋਈ ਕਸਰ ਨਹੀਂ ਛੱਡੀ।....

ਮਾਨਯੋਗ ਡਿਪਟੀ ਸਪੀਕਰ : ਪਲੀਜ਼ ਬੈਠੋ। ਨਾਂ ਐਕਸਪੰਜ ਕਰ ਦਿੱਤਾ ਜਾਵੇ। ਰਾਣਾ ਗੁਰਜੀਤ ਸਿੰਘ ਜੀ। ਉਹ ਬੈਠੇ ਨਹੀਂ ਹਨ। ਸਰਦਾਰ ਤੋਤਾ ਸਿੰਘ ਜੀ।

(ਇੱਕ ਅਵਾਜ਼: ਰਾਣਾ ਗੁਰਜੀਤ ਸਿੰਘ ਜੀ ਆ ਗਏ ਹਨ।)

ਰਾਣਾ ਜੀ ਪਲੀਜ਼ ਬੋਲੋ।

**Expunged as ordered by the Chair.

(ਇਸ ਸਮੇਂ ਸਰਦਾਰ ਅਜੀਤ ਇੰਦਰ ਸਿੰਘ ਮੋਫਰ ਬੈਠੇ ਆਪਣੀ ਸੀਟ ਤੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

ਮੋਫਰ ਜੀ, ਪਲੀਜ਼। ਰਾਣਾ ਜੀ ਤੁਸੀਂ ਬੋਲੋ।

ਰਾਣਾ ਗੁਰਜੀਤ ਸਿੰਘ (ਕਪੂਰਥਲਾ) : ਡਿਪਟੀ ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਿ ਤੁਸੀਂ ਮੈਨੂੰ ਇਸ ਮਤੇ ਉਤੇ ਬੋਲਣ ਦਾ ਮੌਕਾ ਦਿੱਤਾ ਹੈ ਜਿਹੜਾ ਕਿ ਮਿੱਤਲ ਸਾਹਿਬ (ਸੰਸਦੀ ਮਾਮਲੇ ਮੰਤਰੀ) ਜੀ ਨੇ ਪੇਸ਼ ਕੀਤਾ ਹੈ। ਜਾਖੜ ਸਾਹਿਬ ਨੇ ਕਰੀਬ-ਕਰੀਬ ਸਾਰੇ ਇਸ਼ੂ ਹੀ ਟੱਚ ਕਰ ਦਿੱਤੇ ਹਨ। ਸਰਕਾਰ ਨੂੰ ਅੱਜ ਇੰਜ ਜਾਪਦਾ ਹੈ ਕਿ ਜਵਾਬ ਦੇਣਾ ਔਖਾ ਹੋ ਗਿਆ ਹੈ। ਸਾਲ 2013 ਵਿੱਚ ਇਸੇ ਸਰਕਾਰ ਨੇ ਇੱਕ ਐਗਰੀਕਲਚਰ ਪਾਲਿਸੀ ਬਣਾਉਣ ਦਾ ਡਰਾਫਟ ਤਿਆਰ ਕੀਤਾ ਸੀ। ਉਸ ਉਤੇ ਜ਼ਰੂਰ ਟਾਈਮ ਵੀ ਲਗਾਇਆ ਹੋਵੇਗਾ। ਉਹ ਪਾਲਿਸੀ ਕਿੱਥੇ ਗਈ ਹੈ, ਅੱਜ ਸਾਲ 2015 ਆ ਗਿਆ ਹੈ। ਇਸ ਤੋਂ ਤੁਸੀਂ ਸਰਕਾਰ ਦੀ ਕਿਸਾਨ ਪ੍ਰਤੀ ਸੀਰੀਅਸਨੈੱਸ ਦਾ ਅੰਦਾਜ਼ਾ ਲਗਾ ਸਕਦੇ ਹੋ। ਅੱਜ ਵਾਈਟ-ਫਲਾਈਜ਼ ਤੇ ਸਰਕਾਰ ਨੇ ਕੰਪਨਸੇਸ਼ਨ ਦੇਣ ਦੀਆਂ ਬੜੀਆਂ ਗੱਲਾਂ ਕੀਤੀਆਂ ਹਨ। ਮੈਂ ਤੁਹਾਡੇ ਰਾਹੀਂ ਸੀ.ਐਮ.ਸਾਹਿਬ ਦੇ ਜ਼ਿਹਨ ਵਿਚ ਲਿਆਉਣਾ ਚਾਹੁੰਦਾ ਹਾ ਕਿ ਕੀ ਇਹ ਕੰਪਨਸੇਸ਼ਨ ਸਾਰੇ ਪੰਜਾਬ ਦੇ ਕਿਸਾਨਾਂ ਨੂੰ ਦੇਣਾ ਹੈ ਜਾਂ ਫਿਰ ਰੀਜ਼ਨ-ਵਾਈਜ਼ ਦੇਣਾ ਹੈ? ਇਹ ਸਰਕਾਰ ਸਮੁੱਚੇ ਪੰਜਾਬ ਦੀ ਹੈ। ਇੱਥੇ ਸਰਦਾਰ ਰਮਨਜੀਤ ਸਿੰਘ ਸਿੱਕੀ ਜੀ ਬੈਠੇ ਹਨ। ਸਰਦਾਰ ਨਵਤੇਜ ਸਿੰਘ ਚੀਮਾ ਜੀ ਬੈਠੇ ਹਨ। ਇਨ੍ਹਾਂ ਦਾ ਹਲਕਾ ਬਿਆਸ ਦਰਿਆ ਦੇ ਦੋਨੋਂ ਪਾਸੇ ਹੈ। ਕੈਰੋਂ ਸਾਹਿਬ (ਖੁਰਾਕ ਤੇ ਸਿਵਲ ਸਪਲਾਈ ਮੰਤਰੀ) ਤੁਸੀਂ ਉਧਰ ਦੀ ਜਾਂਦੇ ਰਹਿੰਦੇ ਹੋ, ਉਹ ਇਲਾਕਾ ਪਾਣੀ ਵਿਚ ਡੁੱਬ ਗਿਆ । ਕੀ ਇਨ੍ਹਾਂ ਨੇ ਕੋਈ ਗਿਰਦਾਵਰੀ ਕਰਾਉਣ ਦੇ ਆਦੇਸ਼ ਦਿੱਤੇ? ਕੀ ਕੋਈ ਗਿਰਦਾਵਰੀ ਹੋਈ? ਕੀ ਉਨ੍ਹਾਂ ਕਿਸਾਨਾਂ ਨੂੰ ਕੰਪਨਸੇਸ਼ਨ ਮਿਲੇਗਾ? ਨਹੀਂ, ਉਨ੍ਹਾਂ ਕਿਸਾਨਾਂ ਦੀ ਕਿਸੇ ਨੇ ਗਿਰਦਾਵਰੀ ਨਹੀਂ ਕੀਤੀ। ਉਨ੍ਹਾਂ ਦਾ ਝੋਨਾ ਹਰ ਸਾਲ ਮਰਦਾ ਹੈ। ਇੱਥੇ ਬੜੀ ਵਾਰ ਕਿਹਾ ਗਿਆ, ਕੋਈ ਬੰਨ੍ਹ ਲਾਉਣ ਦਾ ਪ੍ਰਬੰਧ ਨਹੀਂ ਹੋਇਆ। ਸਰਦਾਰ ਮਨਜੀਤ ਸਿੰਘ ਮੰਨਾ ਜੀ ਸਾਡੇ ਬਕਾਲੇ ਦੇ ਐਮ.ਐਲ.ਏ. ਨੇ ਵੀ ਸਵਾਲ ਉਠਾਇਆ ਸੀ ਅਤੇ ਸਿੰਚਾਈ ਮੰਤਰੀ ਸਰਦਾਰ ਸੇਖੋਂ ਜੀ ਨੇ ਜਵਾਬ ਦਿੱਤਾ ਸੀ

[ਰਾਣਾ ਗੁਰਜੀਤ ਸਿੰਘ]

ਕਿ ਤੈਨੂੰ ਉਸ ਇਲਾਕੇ ਦਾ ਪਤਾ ਨਹੀਂ ਹੈ। ਇਨ੍ਹਾਂ ਨੇ ਸਵਾਲ ਦੇ ਜਵਾਬ ਵਿਚ ਇਹ ਕਿਹਾ ਸੀ। ਕੀ ਐਮ.ਐਲ.ਏ. ਨੂੰ ਆਪਣੇ ਹਲਕੇ ਦਾ ਪਤਾ ਨਹੀਂ ਹੁੰਦਾ? ਪੰਜਾਬ ਡੁੱਬ ਰਿਹਾ ਹੈ ਅਤੇ ਮੁੱਖ ਮੰਤਰੀ ਸਾਹਿਬ ਦੇ ਪੂਰੇ ਧਿਆਨ ਵਿਚ ਹੈ ਲੇਕਿਨ ਕੰਪਨਸੇਸ਼ਨ ਨਾਂ ਦੀ ਕੋਈ ਚੀਜ਼ ਨਹੀਂ। ਮਾਲਵੇ ਬਾਰੇ ਅਤੇ ਪੰਜਾਬ ਬਾਰੇ ਜਾਖੜ ਸਾਹਿਬ ਨੇ ਬਹੁਤ ਬੋਲਿਆ ਹੈ।ਲੇਕਿਨ ਮੈਂ ਕੁਝ ਗੱਲ੍ਹਾਂ ਦੁਆਬੇ ਦੇ ਕਿਸਾਨਾਂ ਦੀਆਂ ਕਰਨਾ ਚਾਹੁੰਦਾ ਹਾਂ। ਵੇਖੋ, ਨਾਸਾ ਦੀ ਰਿਪੋਰਟ ਹੈ ਕਿ ਆਉਣ ਵਾਲੇ ਸਮੇਂ ਵਿੱਚ because of climatic changes ਬਾਰਸ਼ਾਂ ਘੱਟ ਪੈਣੀਆਂ ਹਨ। ਪਾਣੀ ਦੀ ਕਿੱਲਤ ਤਾਂ ਆ ਗਈ ਹੈ ਤੇ ਇਹ ਹੋਰ ਵਧੇਗੀ। ਮੈਂ ਦੁਆਬੇ ਦੀ ਗੱਲ ਕਰਾਂ । ਦੁਆਬੇ ਨੂੰ ਨਹਿਰ ਦਾ ਪਾਣੀ, ਆਪਣਾ ਹਿੱਸਾ ਨਾ ਪਹਿਲਾਂ ਮਿਲਿਆ ਤੇ ਨਾ ਹੀ ਅੱਜ ਮਿਲਦਾ ਹੈ । ਹਾਲਾਤ ਬੜੇ ਮਾੜੇ ਹਨ । ਦੁਆਬੇ ਦੀ ਮੁੱਖ ਫਸਲ ਆਲੂ ਹੈ। ਆਲੂ ਬਾਰੇ ਇੱਕ ਗੱਲ ਸੋਚੋ ਕਿ ਅੱਜ 300/- ਰੁਪਿਆ ਸਟੋਰ ਦੇ ਬੋਰੀ ਦੇ ਚਾਰਜਿਜ਼ ਅਗਰ ਤੁਸੀਂ ਲਗਾ ਦਿਓ ਤੇ 100/- ਰੁਪਿਆ ਕੁਇੰਟਲ ਆਲੂ ਮਿਲ ਰਿਹਾ ਹੈ ਤੇ ਕੋਹਾੜ ਸਾਹਿਬ, ਵਡਾਲਾ ਸਾਹਿਬ ਬੈਠੇ ਹਨ, ਇਹ ਵੀ ਉਸੇ ਬੈਲਟ ਤੋਂ ਐਮ. ਐਲ. ਏ. ਬਣ ਕੇ ਆਉਂਦੇ ਹਨ । ਤੁਸੀਂ ਇਹ ਦੇਖੋ ਕਿ ਕਿਸਾਨ ਦਾ ਆਲੂ ਤਿੰਨ ਰੁਪਏ ਪ੍ਰਤੀ ਕਿੱਲੋ ਵਿਕ ਰਿਹਾ ਹੈ ਤੇ ਜਿਸ ਦਿਨ ਪੁਟਾਈ ਲੱਗੀ ਸੀ, ਆਲੂ ਦਾ ਭਾਅ ਸੱਤ ਸੌ ਰੁਪਏ ਪ੍ਰਤੀ ਕੁਇੰਟਲ ਸੀ। ਇਸੇ ਸਰਕਾਰ ਨੇ ਕੁਝ ਸਾਲ ਪਹਿਲਾਂ ਫਰੇਟ ਸਬਸਿਡੀ ਦਿੱਤੀ । ਜੇ ਇਹ ਆਲੂ ਵਕਤ ਨਾਲ ਟਰਾਂਸਪੋਰਟ ਕਰਕੇ ਵੱਡੀਆਂ ਮੰਡੀਆਂ ਵਿੱਚ ਆਊਟ ਆਫ ਦਿ ਸਟੇਟ ਚਲਾ ਜਾਂਦਾ ਤਾਂ ਸਾਡੇ ਜ਼ਿਮੀਂਦਾਰ ਨੂੰ ਸੱਤ ਸੌ ਰੁਪਿਆ ਪ੍ਰਤੀ ਕੁਇੰਟਲ ਰੇਟ ਮਿਲਣਾ ਸੀ । ਕਹਿਣ ਤੋਂ ਭਾਵ ਹੈ ਕਿ ਸਰਕਾਰ ਜ਼ਿੰਮੇਵਾਰੀ ਤੋਂ ਭੱਜ ਜਾਂਦੀ ਹੈ, ਛੋਟੀਆਂ ਛੋਟੀਆਂ ਗੱਲਾਂ ਦਾ ਧਿਆਨ ਨਹੀਂ ਦਿੰਦੀ ਜਿਸ ਕਰਕੇ ਅੱਜ ਕਿਸਾਨ ਡੁੱਬ ਰਿਹਾ ਹੈ । ਮੇਰੇ ਤੋਂ ਬਾਅਦ ਕਈ ਮੈਂਬਰਾਂ ਨੇ ਬੋਲਣਾ ਹੈ ਤੇ ਪਹਿਲਾਂ ਵੀ ਬੋਲੇ ਹਨ । ਮੈਂ ਤਾਰੀਫ ਵੀ ਕਰਾਂਗਾ, ਮੁੱਖ ਮੰਤਰੀ ਸਾਹਿਬ ਦੀ ਜਿਹੜੀ ਗੱਲ ਦੀ ਤਾਰੀਫ ਕਰਨ ਵਾਲੀ ਹੈ। ਮੈਂ ਗੰਨੇ ਦੀ ਗੱਲ ਕਰਦਾ ਹਾਂ । ਮੈਂ ਐਮ. ਐਲ. ਏ. ਵੀ ਹਾਂ, ਕਿਸਾਨ ਵੀ ਰਿਹਾ ਹਾਂ ਤੇ ਮਿੱਲ ਵੀ ਉਦੋਂ ਲਗਾਈ ਜਦੋਂ ਅੱਤਵਾਦ ਸੀ । 22 ਸਾਲ ਹੋ ਗਏ ਹਨ । ਜੇ ਕਿਸਾਨ ਨੂੰ ਨਕਦ ਪੈਸੇ ਲਗਾਉਣੇ ਸਿਖਾਏ ਹਨ ਤਾਂ ਰਾਣਾ ਗੁਰਜੀਤ ਸਿੰਘ ਦੀ ਸ਼ੂਗਰ ਮਿੱਲ ਨੇ ਸਿਖਾਏ ਹਨ। ਮਿੱਤਲ ਸਾਹਿਬ, ਪਹਿਲਾਂ ਵੀ ਦੋ-ਦੋ ਸਾਲ ਪੈਸੇ ਨਹੀਂ ਮਿਲਦੇ ਸਨ, ਬੜਾ ਅਫਸੋਸ ਹੈ

ਔਰ ਸ਼ਰਮਸਾਰ ਵੀ ਹਾਂ। ਸ਼ਰਮਸਾਰ ਵੀ ਹਾਂ ਕਿ ਅੱਜ ਪੇਮੈਂਟ ਨਹੀਂ ਦਿੱਤੀ ਜਾ ਰਹੀ । ਮੈਂ ਹਾਊਸ ਵਿੱਚ ਕਹਿ ਰਿਹਾ ਹਾਂ ਕਿ ਮੈਂ ਸ਼ਰਮਸਾਰ ਹਾਂ ਲੇਕਿਨ ਉਸ ਸ਼ਰਮਸਾਰੀ ਦਾ ਜ਼ਿੰਮੇਵਾਰ ਕੌਣ ਹੈ ? ਐਫ. ਆਰ. ਪੀ. (Fair and Remunerative price) ਭਾਰਤ ਸਰਕਾਰ ਨਿਰਧਾਰਿਤ ਕਰਦੀ ਹੈ, ਜੋ ਕਿ ਇਸ ਸਮੇਂ 220/- ਰੁਪਿਆ ਪ੍ਰਤੀ ਕੁਇੰਟਲ ਹੈ। ਮੁੱਖ ਮੰਤਰੀ ਸਾਹਿਬ ਦਾ ਪ੍ਰਰੋਗੇਟਿਵ ਹੈ ਕਿ ਉਹ ਜਿੰਨਾ ਮਰਜ਼ੀ ਭਾਅ ਅਨਾਊਂਸ ਕਰ ਦੇਵੇ। ਸਾਡੀ ਸਰਕਾਰ ਨੇ 295/- ਰੁਪਏ ਅਨਾਊਂਸ ਕੀਤਾ ਸੀ । ਪਿਛਲੇ ਸਾਲ 290/- ਰੁਪਏ ਸੀ । ਬਾਕੀ ਸਟੇਟਾਂ ਵਿੱਚ ਪੈਸੇ ਨਹੀਂ ਦਿੱਤੇ ਜਾ ਰਹੇ ਸਨ । ਉਸ ਦੇ ਬਾਵਜੂਦ ਪੰਜ ਰੁਪਏ ਰੇਟ ਵਧਾਇਆ । ਕੋਈ ਗੱਲ ਨਹੀਂ, ਜ਼ਿੰਦਗੀ ਵਿੱਚ ਨਫੇ ਨੁਕਸਾਨ ਲਿਖੇ ਹਨ । ਅਸੀਂ ਬਿਲਕੁਲ ਨਹੀਂ ਭੱਜਾਂਗੇ। ਯੂ. ਪੀ. ਨੇ, ਬਿਹਾਰ ਨੇ ਔਰ ਬਾਕੀ ਸੂਬਿਆਂ ਨੇ 28 ਰੁਪਏ 50 ਪੈਸੇ ਪ੍ਰਤੀ ਕੁਇੰਟਲ ਮਿੱਲਾਂ ਨੂੰ ਦਿੱਤੇ ਤਾਂ ਕਿ ਕਿਸਾਨਾਂ ਦੀ ਪੇਮੈਂਟ ਹੋ ਸਕੇ । ਪਿਛਲੇ ਸਾਲ ਇਹ ਪੈਸੇ ਉਨ੍ਹਾਂ ਨੇ ਦਿੱਤੇ । ਅੱਜ ਮੁੱਖ ਮੰਤਰੀ ਨੇ ਬੇਲ ਆਊਟ ਕਰਨ ਦੀ ਗੱਲ ਕੀਤੀ, ਮੈਂ ਧੰਨਵਾਦ ਕਰਦਾ ਹਾਂ । ਲੇਕਿਨ it is a half hearted approach. ਅਪਰੋਚ ਸਹੀ ਨਹੀਂ ਹੈ । 28 ਰੁਪਏ 50 ਪੈਸੇ ਪ੍ਰਤੀ ਕੁਇੰਟਲ ਜੇ ਯੂ. ਪੀ. ਦੇ ਸਕਦਾ ਹੈ ਤੇ ਫਿਰ ਪੰਜਾਬ ਕਿਉਂ ਨਹੀਂ ਦੇ ਸਕਦਾ । ਸਾਨੂੰ ਸਾਢੇ ਤਿੰਨ ਸਾਲ ਲਈ 30-30, 35-35 ਕਰੋੜ ਰੁਪਿਆ ਇਨ੍ਹਾਂ ਨੇ ਪੇਮੈਂਟ ਕਰਨ ਲਈ ਦਿੱਤਾ । ਹਾਲੇ ਤਾਂ ਪਤਾ ਨਹੀਂ ਉਸ ਦਾ ਕੀ ਬਣਨਾ ਹੈ । ਅਗਲੇ ਸਾਲ ਪਤਾ ਨਹੀਂ ਮਿੱਲਾਂ ਚੱਲਣੀਆਂ ਹਨ ਜਾਂ ਨਹੀਂ ਚੱਲਣੀਆਂ । ਕੈਬਨਿਟ ਵਿੱਚ ਬੜਾ ਵਧੀਆ ਡਿਸੀਜ਼ਨ ਲਿਆ, ਉਸ ਦੀ ਮੈਂ ਸ਼ਲਾਘਾ ਕਰਾਂਗਾ ਲੇਕਿਨ ਸੀ. ਐਮ. ਸਾਹਿਬ ਥੋੜ੍ਹਾ ਜਿਹਾ ਇਸ ਦੀ ਲੈਂਗੁਏਜ਼ ਵੇਖ ਲੈਣਾ । ਉਸ ਨੋਟ ਵਿੱਚ ਲਿਖਿਆ ਹੈ, ਨੈਸ਼ਨਲ ਐਕਸਚੇਂਜ ਦਾ ਰੇਟ ਲਵਾਂਗੇ । ਤੁਹਾਡੀਆਂ ਆਪਣੀਆਂ ਮਿੱਲਾਂ ਹਨ।

ਮਾਨਯੋਗ ਡਿਪਟੀ ਸਪੀਕਰ : ਰਾਣਾ ਜੀ, ਇੱਕ ਮਿੰਟ ਜੀ । ਜੇ ਸਦਨ ਦੀ ਸਹਿਮਤੀ ਹੋਵੇ ਤਾਂ ਸਦਨ ਦਾ ਸਮਾਂ ਬਿਜ਼ਨਸ ਖਤਮ ਹੋਣ ਤੱਕ ਵਧਾ ਲਿਆ ਜਾਵੇ । (ਵਿਘਨ)

ਰਾਣਾ ਗੁਰਜੀਤ ਸਿੰਘ : ਕੱਲ੍ਹ ਤੇ ਰੱਖ ਲਓ । ਤੁਸੀਂ ਵੀ ਮਿੱਤਲ ਸਾਹਿਬ, ਫਰੈਸ਼ ਮੂਡ ਵਿੱਚ ਆਵੋਗੇ। ਕੱਲ੍ਹ ਤੇ ਰੱਖ ਲਓ । (ਵਿਘਨ) ਕੱਲ੍ਹ ਨਾਨ-ਆਫੀਸ਼ੀਅਲ ਡੇਅ ਹੈ । ਕੱਲ੍ਹ ਤੇ ਰੱਖ ਲਓ । (ਵਿਘਨ)

ਸ਼੍ਰੀ ਸੁਨੀਲ ਜਾਖੜ : ਕੱਲ੍ਹ ਕਰਵਾ ਲਵੋ। (ਵਿਘਨ)

ਰਾਣਾ ਗੁਰਜੀਤ ਸਿੰਘ : ਕੱਲ੍ਹ ਕਰਵਾ ਲਵੋ। ਜਾਂ ਤਾਂ ਮੈਂ ਵੰਨ ਸਾਈਡਡ ਗੱਲ ਕਰ ਰਿਹਾ ਹੋਵਾਂ ਕਿ ਤੁਹਾਡੀ ਸਰਕਾਰ ਨੂੰ ਕੋਈ ਕਰੈਡਿਟ ਨਹੀਂ ਦੇ ਰਿਹਾ, ਫਿਰ ਤਾਂ ਵਿਰਸਾ ਸਿੰਘ ਜੀ ਤੁਸੀਂ ਅਪੋਜ਼ ਕਰਦੇ ਚੰਗੇ ਲਗਦੇ ਹੋ। ਗੱਲ ਸਹੀ ਕਰਨੀ ਚਾਹੀਦੀ ਹੈ। ਬੜੇ ਸੁਝਾਓ ਦੇਵਾਂਗਾ। ਇਨ੍ਹਾਂ ਤੋਂ ਟਾਈਮ ਲਵੋ। ਕੀ ਖੁਲ੍ਹਾ ਟਾਈਮ ਹੈ?

ਮਾਨਯੋਗ ਡਿਪਟੀ ਸਪੀਕਰ : ਰਾਣਾ ਜੀ, ਸ਼ੁਰੂ ਕਰੋ।

ਰਾਣਾ ਗੁਰਜੀਤ ਸਿੰਘ : ਸੀ.ਐਮ. ਸਾਹਿਬ, 28 ਰੁਪਏ 50 ਪੈਸੇ ਯੂ.ਪੀ. ਨੇ ਦਿੱਤੇ ਅਤੇ ਹੋਰ ਸਟੇਟਾਂ ਨੇ ਦਿੱਤੇ। ਹੁਣ ਚਿੱਠੀ ਭਾਰਤ ਸਰਕਾਰ ਨੂੰ ਲਿਖਣ ਲੱਗੇ ਹਨ ਕਿ 28 ਰੁਪਏ 50 ਪੈਸੇ ਅਸੀਂ ਦਿੱਤੇ ਹਨ ਅਤੇ ਇੰਨੇ ਪੈਸੇ ਤੁਸੀਂ ਵੀ ਮਿੱਲਾਂ ਨੂੰ ਦਿਓ, ਮਿੱਲਾਂ ਘਾਟੇ ਵਿੱਚ ਹਨ। ਇਹ ਅਗਲੇ ਸਾਲ ਚੱਲਣੀਆਂ ਨਹੀਂ। ਸੋ, ਮੈਂ ਇਹ ਬੇਨਤੀ ਕਰਨੀ ਚਾਹਾਂਗਾ ਕਿ ਇਹ ਜਿਹੜਾ ਫੈਸਲਾ ਤੁਸੀਂ ਲਿਆ ਹੈ, ਮਿੱਲਾਂ ਵਾਲੇ ਨਹੀਂ ਭੱਜਣਗੇ। ਜਿਹੜਾ ਇੰਟਰੈਸਟ ਫਰੀ ਲੋਨ ਹੈ, ਉਸ ਨੂੰ ਤੁਸੀਂ 28 ਰੁਪਏ 50 ਪੈਸੇ ਕੁਇੰਟਲ ਦਾ ਕੰਪਨਸੇਸ਼ਨ ਦਿਓ ਅਤੇ ਭਾਰਤ ਸਰਕਾਰ ਨੂੰ ਵੀ ਕਹੋ ਨਹੀਂ ਤਾਂ ਅਗਲੇ ਸਾਲ ਤੁਹਾਨੂੰ ਆਪਣੀ ਜੇਬ ਵਿਚੋਂ ਪੈਸੇ ਦੇਣੇ ਪੈਣੇ ਹਨ। ਜੇਕਰ ਪਹਿਲਾਂ ਹੀ ਮੰਗ ਲਵੋਗੇ ਤਾਂ ਫਾਇਦੇ ਵਿੱਚ ਰਹਿ ਜਾਵੋਗੇ। ਤੁਸੀਂ ਖੁਦ ਫੈਸਲਾ ਕੀਤਾ ਕਿ 2500 ਰੁਪਏ ਪ੍ਰਤੀ ਕੁਇੰਟਲ ਦੇਵਾਂਗੇ। ਉਸ ਤੋਂ ਬਾਅਦ ਜੇ ਭਾਅ ਵਧਣਗੇ ਤਾਂ ਅਸੀਂ ਕੰਪਨਸੇਸ਼ਨ ਘਟਾਈ ਜਾਵਾਂਗੇ। 100 ਰੁਪਏ ਭਾਅ ਪਿੱਛੇ 10 ਰੁਪਏ ਪ੍ਰਤੀ ਕੁਇੰਟਲ ਕੰਪਨਸੇਸ਼ਨ ਹੋਵੇਗੀ। 1950 ਰੁਪਏ ਕੁਇੰਟਲ ਚੀਨੀ ਵਿਕੇਗੀ ਤਾਂ ਕੋਈ ਪੈਸਾ ਪੰਜਾਬ ਸਰਕਾਰ ਨਹੀਂ ਦੇਵੇਗੀ। ਜਿੰਨੇ ਰੇਟ ਘੱਟ ਹੋਣਗੇ, 100 ਰੁਪਏ ਪਿੱਛੇ 10 ਰੁਪਏ ਗੰਨੇ ਤੇ ਕੰਪਨਸੇਸ਼ਨ ਮਿਲੇਗਾ। ਸੋ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਅੱਛਾ ਸੁਝਾਓ ਹੈ। ਸਰਕਾਰ ਨੇ ਆਫਟਰ ਆਲ ਲੋਨ ਲੈ ਕੇ, ਗਰੰਟਰ ਬਣ ਕੇ ਮਿੱਲਾਂ ਨੂੰ ਕਰਜ਼ਾ ਦਿਵਾਉਣਾ ਹੈ। ਮਿੱਲਾਂ ਫਿਰ ਕਰਜ਼ੇ ਥੱਲੇ ਰਹਿਣੀਆਂ ਹਨ। ਉਨ੍ਹਾਂ ਨੇ ਵਾਪਸ ਵੀ ਮੋੜਨੇ ਹਨ। ਮੁੜਨੇ ਉਨ੍ਹਾਂ ਤੋਂ ਹੈ ਨਹੀਂ। ਇਹ ਕਿਉਂ ਨਹੀਂ

ਕਰਦੇ 28 ਰੁਪਏ 50 ਪੈਸੇ ਤੁਸੀਂ ਦਿਓ, ਐਫ.ਐਮ. ਸਾਹਿਬ, ਮੰਗੋ ਨਹੀਂ ਤਾਂ ਅਗਲੇ ਸਾਲ 50 ਰੁਪਏ ਤੁਹਾਨੂੰ ਦੇਣੇ ਪੈਣਗੇ।

ਇੱਕ ਬੇਨਤੀ ਹੋਰ ਮਿੱਲਾਂ ਬਾਰੇ ਕਰਾਂਗਾ। ਕਿਸੇ ਐਕਸਚੇਂਜ ਨਾਲ ਉਸ ਦਾ ਰੇਟ ਨਾ ਰੱਖੋ। ਜਿਸ ਭਾਅ ਤੁਹਾਡੀਆਂ ਕੋਆਪ੍ਰੇਟਿਵ ਮਿੱਲਾਂ ਚੀਨੀ ਵੇਚਣ, ਉਸ ਭਾਅ ਨੂੰ ਭਾਅ ਮੰਨਿਆ ਜਾਵੇ। ਨਹੀਂ ਤਾਂ ਅਫਸਰਾਂ ਨੇ ਆਪਾਂ ਨੂੰ ਹਨੇਰੇ ਵਿੱਚ ਰੱਖਣਾ ਹੈ ਅਤੇ ਨੁਕਸਾਨ ਕਿਸ ਦਾ ਹੋਏਗਾ? ਦੇਖੋ, ਤੁਸੀਂ ਐਫਰਟ ਬੜਾ ਕੀਤਾ। ਮਿੱਲਾਂ ਦੀ ਬੜੀ ਵੱਡੀ ਮਦਦ ਕੀਤੀ ਲੇਕਿਨ justice delayed is justice denied. You have delayed justice. ਗੱਲ ਇਹ ਹੈ ਕਿ ਕੀ ਸਾਨੂੰ ਪਿਛਲੇ ਸਾਲ ਇਸ ਬਾਰੇ ਪਤਾ ਨਹੀਂ ਸੀ? ਸਰਕਾਰ ਹੈ, ਮਹਿਕਮਾ ਹੈ, ਅਫਸਰ ਸਾਹਿਬਾਨ ਇੱਥੇ ਬੈਠੇ ਹਨ, ਕੀ ਇਨ੍ਹਾਂ ਨੂੰ ਨਹੀਂ ਪਤਾ ਸੀ ਕਿ ਚੀਨੀ ਦਾ ਹਾਲ ਕੀ ਹੋਣਾ ਹੈ? ਉਸ ਦਿਨ ਪ੍ਰਬੰਧ ਕਿਉਂ ਨਹੀਂ ਕੀਤੇ? ਅੱਜ ਪਹਿਲੀ ਵਾਰ ਹੋਇਆ ਕਿ ਪ੍ਰਾਈਵੇਟ ਮਿੱਲਾਂ ਪੈਸੇ ਨਹੀਂ ਦੇ ਰਹੀਆਂ। ਪਹਿਲੀ ਵਾਰ ਹੋਇਆ, ਜਾਖੜ ਸਾਹਿਬ, for the first time ਸਰਕਾਰ ਦੀ ਅਣਗਹਿਲੀ ਕਾਰਨ ਅਜਿਹਾ ਹੋਇਆ ਹੈ। ਡਿਪਟੀ ਸਪੀਕਰ ਸਾਹਿਬ, ਇਸ ਵਿੱਚ ਅਫਸਰ ਵੀ ਆਉਂਦੇ ਹਨ, ਸੀ.ਐਮ. ਸਾਹਿਬ ਦੀ ਸਰਕਾਰ ਵੀ ਆਉਂਦੀ ਹੈ, ਲੇਕਿਨ ਚਲੋ let bygones be bygones. ਅਗਲੇ ਸਾਲ ਦੀ ਆਪਾਂ ਤਿਆਰੀ ਰੱਖੀਏ ਔਰ 28 ਰੁਪਏ 50 ਪੈਸੇ ਤੁਸੀਂ ਦਿਓ ਅਤੇ ਇੰਨੇ ਹੀ ਭਾਰਤ ਸਰਕਾਰ ਤੋਂ ਯੂ.ਪੀ. ਪੈਟਰਨ ਤੇ ਮੰਗੋ। ਜੇ ਦਿਓਗੇ ਤਾਂ ਹੀ ਮੰਗੋਗੇ ਨਾ? ਉਹ ਤਾਂ ਮੈਚਿੰਗ ਗਰਾਂਟ ਮੰਗ ਰਹੇ ਹਨ। ਤੁਸੀਂ ਮੈਚ ਹੀ ਨਹੀਂ ਕਰਨਾ। ਉਹ ਕਹਿਣਗੇ ਤੁਸੀਂ 30-31 ਕਰੋੜ ਰੁਪਏ ਲੋਨ ਦਿੱਤਾ ਅਸੀਂ ਵੀ 30-31 ਕਰੋੜ ਰੁਪਿਆ ਲੋਨ ਦੇ ਦਿੰਦੇ ਹਾਂ। ਕੀ ਉਸ ਨਾਲ ਮਿੱਲਾਂ ਚੱਲ ਜਾਣਗੀਆਂ? ਸਾਲ ਚੱਲ ਜਾਣਗੀਆਂ ਪਰ ਉਸ ਤੋਂ ਬਾਅਦ? ਸੋ, ਮੇਰੇ ਕਹਿਣ ਦਾ ਮਤਲਬ ਹੈ ਕਿ ਇਨ੍ਹਾਂ ਮਿੱਲਾਂ ਦੇ ਬਾਰੇ ਗੰਭੀਰਤਾ ਦੇ ਨਾਲ ਸੋਚੋ। ਇਹ ਐਗਰੋ ਬੇਸਿਡ ਇਕਾਨਮੀ ਹੈ। ਬਾਸਮਤੀ ਦਾ ਜਿਹੜਾ ਹਾਲ ਹੋਇਆ, ਇਸੇ ਸਰਕਾਰ ਨੇ ਪਾਲਿਸੀ ਲਿਆਂਦੀ ਕਿ ਬਾਸਮਤੀ ਬੀਜੋ, ਐਫ.ਸੀ.ਆਈ. ਦੀ ਲੋੜ ਨਹੀਂ। ਮਿੱਤਲ ਸਾਹਿਬ, ਹੁਣ ਮੈਂ ਬੀ.ਜੇ.ਪੀ. ਦੀ ਗੱਲ ਕਰਨੀ ਚਾਹੁੰਦਾ ਹਾਂ। ਤੁਸੀਂ ਇਹ ਕਿਹਾ ਕਿ ਕਿਸਾਨਾਂ ਨੂੰ ਜਿਹੜੀਆਂ ਮੁਸ਼ਕਲਾਂ ਆ ਰਹੀਆਂ ਹਨ, ਜਿਹੜੇ ਸੁਝਾਓ ਹਨ, ਉਹ ਭਾਰਤ ਸਰਕਾਰ ਨੂੰ

[ਰਾਣਾ ਗੁਰਜੀਤ ਸਿੰਘ]

ਦਿਓਗੇ। ਭਾਰਤ ਸਰਕਾਰ ਕਿਸ ਦੀ ਹੈ, ਬੀ.ਜੇ.ਪੀ. ਦੀ। ਐਫ.ਸੀ.ਆਈ. ਨੂੰ ਬੰਦ ਕਰਨਾ ਚਾਹੁੰਦੇ ਹਨ, ਡਿਸਬੈਂਡ ਕਰਨਾ ਚਾਹੁੰਦੇ ਹਨ। ਉਸ ਦੇ ਬਾਰੇ ਆਪਣੇ ਭਾਸ਼ਣ ਵਿੱਚ ਜ਼ਰੂਰ ਬੋਲਿਓ। ਤੁਸੀਂ ਬੋਲਣਾ ਹੈ, ਅਸੀਂ ਸੁਣਨਾ ਹੈ।

(**ਇੱਕ ਆਵਾਜ਼ :** ਇਹ ਤਾਂ ਬੋਲ ਚੁੱਕੇ ਹਨ।) ਅੱਛਾ, ਇਹ ਬੋਲ ਚੁੱਕੇ ਹਨ।

ਇੱਕ ਆਵਾਜ਼ : (ਫਿਰ ਦੁਬਾਰਾ ਬੁਲਾ ਦਿੰਦੇ ਹਾਂ।) ਬੁਲਾ ਦਿਓ। ਇਹ ਜੋ ਬੋਲੇ, ਉਹ ਕਿਸਾਨ ਨੂੰ ਸਮਝ ਹੀ ਨਹੀਂ ਆਇਆ। ਪੀ.ਟੀ.ਸੀ. ਤੇ ਇਨ੍ਹਾਂ ਦੀ ਇੰਟਰਵਿਊ ਦੇਵਾਂਗੇ। ਸੀ.ਐਮ. ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ, ਮੱਕੀ ਦੀ ਐਮ.ਐਸ.ਪੀ. ਮਿੱਥਣ ਸਬੰਧੀ ਤਿੰਨ ਸਾਲ ਤੋਂ ਰੌਲਾ ਪੈ ਰਿਹਾ ਹੈ। ਵਿਧਾਨ ਸਭਾ ਵਿੱਚ ਦੋ ਵਾਰ ਮੈਂ ਵੀ ਇਹ ਮਾਮਲਾ ਉਠਾਇਆ ਹੈ। ਹੁਣ ਮੈਂ ਨਾਮ ਲਵਾਂਗਾ ਤਾਂ ਤੁਸੀਂ ਗੁੱਸੇ ਹੋ ਜਾਵੋਗੇ। ਵਡਾਲਾ ਸਾਹਿਬ ਨੇ ਵੀ ਕਿਹਾ ਹੈ ਕਿ ਮੱਕੀ ਦੀ ਐਮ.ਐਸ.ਪੀ. ਹੋਣੀ ਚਾਹੀਦੀ ਹੈ। ਐਮ.ਐਸ.ਪੀ. ਦਿਓ। ਡਾਈਵਰਸੀਫਿਕੇਸ਼ਨ ਦੀ ਗੱਲ ਕਾਲੀਆ ਜੀ ਵੀ ਕਰਕੇ ਗਏ ਹਨ। ਸੀ.ਐਮ.ਸਾਹਿਬ ਮੱਕੀ 800-900 ਰੁਪਏ ਪ੍ਰਤੀ ਕੁਇੰਟਲ ਵਿਕਦੀ ਹੈ, ਜ਼ਿਮੀਂਦਾਰ ਬੜਾ ਪ੍ਰੇਸ਼ਾਨ ਹੈ, 1121 ਦਾ ਮਾੜਾ ਹਾਲ ਹੋਇਆ ਹੈ, ਸ਼ੈਲਰਾਂ ਦਾ ਮਾੜਾ ਹਾਲ ਹੈ, ਐਗਰੋ ਬੇਸਿਡ ਇੰਡਸਟਰੀ ਔਰ ਪੰਜਾਬ ਦੀ ਟੈਕਸਟਾਈਲ ਇੰਡਸਟਰੀ ਦੀ ਹਾਲਤ ਵੀ ਖਰਾਬ ਹੈ। ਪਹਿਲਾਂ ਸਪਿੰਨਿੰਗ ਮਿੱਲਾਂ ਵਿੱਚ ਪੰਜਾਬ ਸਾਰਿਆਂ ਤੋਂ ਅੱਗੇ ਸੀ। ਗੁਜਰਾਤ ਤੋਂ, ਮਹਾਂਰਾਸ਼ਟਰ ਤੋਂ ਅਤੇ ਮੱਧ ਪ੍ਰਦੇਸ਼ ਤੋਂ ਰੂੰ ਲਿਆ ਕੇ ਲੋਕ ਪੰਜਾਬ ਵਿੱਚ ਕੱਤਦੇ ਸਨ। ਜਿਸ ਨਾਲ ਪੰਜਾਬ ਵਿਚ ਇੰਪਲਾਇਮੈਂਟ ਜੈਨਰੇਟ ਹੁੰਦੀ ਸੀ, ਪੰਜਾਬ ਵਿੱਚ ਰੈਵੈਨਿਊ ਟੈਕਸ ਰਾਹੀਂ ਇਕੱਠਾ ਹੁੰਦਾ ਸੀ ਪਰ ਅੱਜ ਤੁਸੀਂ ਟੈਕਸ ਇੰਨੇ ਵਧਾ ਦਿੱਤੇ ਕਿ ਉਹ ਇੰਡਸਟਰੀ ਵੀ ਖਤਮ ਹੋ ਗਈ ਹੈ। ਬਿਜਲੀ ਦੇ ਭਾਅ ਵੇਖ ਲਵੋ, ਹਾਲ ਬੜਾ ਮਾੜਾ ਹੈ। ਸਰਦਾਰ ਤੋਤਾ ਸਿੰਘ ਜੀ ਚਲੇ ਗਏ ਹਨ, ਕਹੋ ਜੋ ਮਰਜ਼ੀ, (ਵਿਘਨ) ਨਹੀਂ, ਭਾਅ ਜੀ ਵੈਸੇ ਜੋ ਮਰਜ਼ੀ ਕਹੋ, ਕਾਬਲ ਵਜ਼ੀਰ ਅੰਡਰਸਟੈਂਡ ਕਰਦਾ ਹੈ, (ਵਿਘਨ) ਮਿੱਤਲ ਸਾਹਿਬ, ਤੁਹਾਨੂੰ ਨਹੀਂ ਚੰਗਾ ਲੱਗਾ । (ਵਿਘਨ) ਵੇਖੋ ਮੈਂ ਉਸ ਇਸ਼ੂ ਦੇ ਉਤੇ ਕਾਬਲ ਨਹੀਂ ਕਹਿ ਰਿਹਾ (ਵਿਘਨ) ਮੈਂ ਕਹਿਣਾ ਚਾਹੁੰਦਾ ਹਾਂ ਕਿ ਅੱਜ ਉਹ ਨਹੀਂ ਸਮਝ ਪਾ ਰਹੇ ਕਿ ਅੱਜ ਆਲੂਆਂ ਦੀ ਸੀਡ ਸਰਟੀਫਿਕੇਸ਼ਨ ਹੋਣੀ ਚਾਹੀਦੀ ਹੈ ਜਾਂ ਨਹੀਂ ਹੋਣੀ ਚਾਹੀਦੀ । ਸੀ.ਐਮ. ਸਾਹਿਬ, ਸੀਡ ਸਰਟੀਫਿਕੇਸ਼ਨ ਕਰਵਾਓ ਤਾਂਕਿ ਲੋਕਾਂ ਦਾ ਆਲੂ ਦਾ ਜਿਹੜਾ ਬੀਜ ਹੈ, ਉਹ ਨੈਸ਼ਨਲੀ ਤੇ ਇੰਟਰਨੈਸ਼ਨਲੀ ਵਿਕੇ,

ਸਰਕਾਰ ਨੇ ਪਿਛਲੀ ਵਾਰੀ ਵੀ, ਇੱਕ ਸਾਲ ਪਹਿਲਾਂ ਸਰਦਾਰ ਰਮਨਜੀਤ ਸਿੰਘ ਸਿੱਕੀ ਜੀ ਨੇ ਇਸ਼ੂ ਰੇਜ਼ ਕੀਤਾ ਸੀ ਪਰ ਸਰਕਾਰ ਨੇ ਕੁਝ ਨਹੀਂ ਕੀਤਾ, ਇਹ ਬੜੀਆਂ ਛੋਟੀਆਂ ਛੋਟੀਆਂ ਗੱਲਾਂ ਹਨ।

ਗੱਲ ਇਹ ਹੈ ਕਿ ਜਾਖੜ ਸਾਹਿਬ ਨੇ ਦਵਾਈਆਂ ਦੀ ਗੱਲ ਕੀਤੀ, ਜੋ ਦਵਾਈਆਂ ਜਿਹੜੀਆਂ ਆਪਾਂ ਪਰਚੇਜ਼ ਕਰਦੇ ਹਾਂ, ਉਨ੍ਹਾਂ ਵਾਸਤੇ ਟੈਂਡਰ ਕੱਢਦੇ ਹਨ, ਤੁਹਾਡੇ ਅਫਸਰ ਵਿੱਚ ਸ਼ਾਮਲ ਹੁੰਦੇ ਹਨ, ਇਸ ਪ੍ਰੋਸੀਜ਼ਰ ਵਿੱਚ ਆਪੋਜ਼ੀਸ਼ਨ ਦਾ ਵੀ ਇੱਕ ਬੰਦਾ ਰੱਖੋ ਤਾਂ ਤੁਹਾਨੂੰ ਉਹ ਉਸੇ ਵੇਲੇ ਦੱਸ ਦਿਆ ਕਰੇਗਾ ਕਿ ਘਪਲਾ ਕਿੱਥੇ ਹੋ ਰਿਹਾ ਹੈ। ਜਿਆਨੀ ਸਾਹਿਬ, ਇਹ ਗੱਲ ਤੁਹਾਡੇ ਵਾਲੇ ਮਹਿਕਮੇ ਉਤੇ ਵੀ ਡਿੱਗਣੀ ਹੈ, ਹੁਸ਼ਿਆਰ ਰਹਿਓ..

*6.26 ਵਜੇ ਸ਼ਾਮ (ਇਸ *ਸਮੇਂ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਸਿਹਤ ਤੇ ਪਰਿਵਾਰ ਭਲਾਈ ਮੰਤਰੀ (ਬੈਠੇ-ਬੈਠੇ) : ਕੁਝ ਨਹੀਂ ਹੁੰਦਾ।

ਰਾਣਾ ਗੁਰਜੀਤ ਸਿੰਘ : ਮੈਂ ਤੁਹਾਨੂੰ ਇਹ ਨਹੀਂ ਕਹਿ ਰਿਹਾ ਕਿ ਤੁਸੀਂ ਕਰਦੇ ਹੋ। ਕਰਨਾ ਕਿਸੇ ਨੇ ਹੈ ਤੇ ਭੁਗਤਣਾ ਤੁਹਾਨੂੰ ਪੈਣਾ ਹੈ। ਅਜਿਹਾ ਹੋ ਜਾਣਾ ਹੈ, ਨਾ ਇੰਨੀ ਜ਼ਿੱਦ ਕਰੀਏ। (ਵਿਘਨ) ਮੈਂ ਕਿਸੇ ਨੂੰ ਕੁਝ ਨਹੀਂ ਕਹਿਣਾ ਚਾਹੁੰਦਾ ਕਿਉਂਕਿ ਪਰਚੇਜ਼ ਦੇ ਵਿੱਚ ਘਪਲੇ ਹੁੰਦੇ ਹਨ ਔਰ ਇਹ ਨਹੀਂ ਹੋਣੇ ਚਾਹੀਦੇ, ਇਸ ਦੇ ਉਤੇ ਚੈੱਕ ਹੋਣਾ ਚਾਹੀਦਾ ਹੈ।

Mr. Speaker : Thank you.

ਰਾਣਾ ਗੁਰਜੀਤ ਸਿੰਘ : ਸਪੀਕਰ ਸਾਹਿਬ, ਜਿਹੜਾ ਝੋਨਾ 900 ਰੁਪਏ ਪ੍ਰਤੀ ਕੁਇੰਟਲ ਵਿਕ ਰਿਹਾ ਹੈ, ਉਹ ਕਿਹੜੀ ਵੈਰਾਇਟੀ ਹੈ? ਉਹ 1509 ਕਿਸਮ ਦੀ ਵੈਰਾਇਟੀ ਹੈ, ਉਸ ਦੇ ਬਾਰੇ ਜ਼ਰੂਰ ਧਿਆਨ ਦਿਉ, ਕਿਸਾਨ ਦੁਵਿਧਾ ਵਿੱਚ ਹੈ, ਕਿਸਾਨ ਪ੍ਰੇਸ਼ਾਨ ਹੈ, ਸਰਕਾਰ ਥੋੜ੍ਹਾ ਜਿਹਾ ਧਿਆਨ ਕਰੇ ਤਾਂ ਬੜੇ ਮਸਲੇ ਹੱਲ ਹੋ ਸਕਦੇ ਹਨ। ਪਰ ਧਿਆਨ ਇਧਰ ਨੂੰ ਨਹੀਂ ਆਇਆ।

ਮਾਨਯੋਗ ਸਪੀਕਰ : ਧੰਨਵਾਦ ਜੀ।

ਰਾਣਾ ਗੁਰਜੀਤ ਸਿੰਘ : ਮਿੱਤਲ ਸਾਹਿਬ ਦਾ ਮਹਿਕਮਾ ਹੈ, ਮਿੱਤਲ

[ਰਾਣਾ ਗੁਰਜੀਤ ਸਿੰਘ]

ਸਾਹਿਬ, ਤੁਸੀਂ ਰੇਤੇ-ਰੁੱਤੇ ਦੇ ਉਤੇ ਧਿਆਨ ਦੇ ਛੱਡੋ, ਆਹ ਤੁਸੀਂ ਕਿੱਥੇ ਕਿਸਾਨੀ ਦੇ ਉਤੇ ਧਿਆਨ ਦੇਣ ਲੱਗ ਪਏ, ਬਹੁਤ ਕੰਮ ਖਿੱਚ ਰਹੇ ਹੋ।

Mr. Speaker : Thank you. Thank you.

Rana Gurjit Singh : Thank you Sir.

EXTENSTION OF THE TIME OF THE SITTING OF THE HOUSE

ਮਾਨਯੋਗ ਸਪੀਕਰ: ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਜਦੋਂ ਤੱਕ ਅੱਜ ਦਾ ਬਿਜਨੈਸ ਖਤਮ ਨਾ ਹੋ ਜਾਵੇ ਉਦੋਂ ਤੱਕ ਆਪਾਂ ਸਦਨ ਨੂੰ ਐਕਸਟੈਂਡ ਕਰ ਦੇਈਏ।

(ਆਵਾਜ਼ਾਂ : ਹਾਂ ਜੀ, ਹਾਂ ਜੀ।)

ਮਾਨਯੋਗ ਸਪੀਕਰ : ਸਦਨ ਅੱਜ ਦਾ ਬਿਜਨੈਸ਼ ਖਤਮ ਹੋਣ ਤੱਕ ਐਕਸਟੈਂਡ ਕੀਤਾ ਜਾਂਦਾ ਹੈ। ਜਥੇਦਾਰ ਤੋਤਾ ਸਿੰਘ ਜੀ, ਬੈਠੇ ਨਹੀਂ, ਚਲੋ ਠੀਕ ਹੈ। ਹਾਂ ਜੀ, ਮੋਫਰ ਸਾਹਿਬ ਜੀ, ਪੰਜ ਸੱਤ-ਮਿੰਟ ਵਾਸਤੇ ਬੋਲਣਾ । ਹਾਂ ਜੀ, ਜਾਖੜ ਸਾਹਿਬ, ਤੁਸੀਂ ਪਹਿਲਾਂ ਦੱਸ ਲਵੋ ।

OFFICIAL RESOLUTION REG. TAKING UP THE MATTER WITH THE CENTRAL GOVERNMENT TO ENSURE FOR THE FARMERS REMUNERATIVE PRICES, APPROPRIATE ARRANGEMENTS FOR PROCUREMENT OF CROPS, PROVIDING NECESSARY QUALITY INPUTS AT AFFORDABLE RATES AND INSURANCE OF CROPS. *(Resumption)*

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੀ.ਐਮ.ਸਾਹਿਬ ਨੂੰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਦਾ ਜਵਾਬ ਸੀ.ਐਮ.ਸਾਹਿਬ ਦੇ ਦੇਣ ਤਾਂ ਅਸੀਂ ਸੁਣ ਲਵਾਂਗੇ।

ਮਾਨਯੋਗ ਸਪੀਕਰ : ਸੀ.ਐਮ.ਸਾਹਿਬ ਹੀ ਦੇਣਗੇ।

ਸ਼੍ਰੀ ਸੁਨੀਲ ਜਾਖੜ : ਸਰਦਾਰ ਤੋਤਾ ਸਿੰਘ ਜੀ ਜਿਨ੍ਹਾਂ ਦੇ ਉਤੇ ਅਸੀਂ ਇਲਜ਼ਾਮ ਲਗਾਏ ਹਨ, ਅਸੀਂ ਉਨ੍ਹਾਂ ਵੱਲੋਂ ਸਫਾਈ ਨਹੀਂ ਚਾਹੁੰਦੇ, ਅਸੀਂ ਚਾਹੁੰਦੇ ਹਾਂ ਕਿ ਇਸ ਦਾ ਜਵਾਬ ਸੀ.ਐਮ.ਸਾਹਿਬ ਦੇਣ। ਅਗਰ ਇਹ ਰੈਜ਼ੋਲਿਊਸ਼ਨ ਲੈ ਕੇ ਜਾਣਾ ਹੈ, ਇਕੱਠੇ ਲੈ ਕੇ ਉਥੇ ਜਾਣਾ ਹੈ ਤਾਂ ਅਸੀਂ ਉਥੇ ਨਾਲ ਚੱਲਾਂਗੇ। He has to resign. He will have to resign.

ਮਾਨਯੋਗ ਸਪੀਕਰ : ਮੈਂ ਕਿਹਾ ਜੀ ਕਿ ਇਸ ਦਾ ਸੀ.ਐਮ.ਸਾਹਿਬ ਜਵਾਬ ਦੇਣਗੇ।

Parliamentary Affairs Minister : Sir, Minister has right to resume.

ਸ਼੍ਰੀ ਸੁਨੀਲ ਜਾਖੜ: ਕਾਬਲ ਬੰਦਾ ਵੀ ** ** ਹੁੰਦਾ ਹੈ।

ਮਾਨਯੋਗ ਸਪੀਕਰ : ਜਾਖੜ ਸਾਹਿਬ, ਮੇਰੀ ਗੱਲ ਸੁਣ ਲਵੋ, ਬਾਦਲ ਸਾਹਿਬ ਨੇ ਹੀ ਬੋਲਣਾ ਹੈ..

ਸ਼੍ਰੀ ਸੁਨੀਲ ਜਾਖੜ : ਬਾਦਲ ਸਾਹਿਬ ਜਵਾਬ ਦੇਣ ਤਾਂ ਅਸੀਂ ਤਿਆਰ ਹਾਂ।

ਮਾਨਯੋਗ ਸਪੀਕਰ : ਹਾਂ, ਉਨ੍ਹਾਂ ਨੇ ਹੀ ਜਵਾਬ ਦੇਣਾ ਹੈ, ਉਹ ਉਂਝ ਤਾਂ ਵਿੱਚ (ਸਰਦਾਰ ਤੋਤਾ ਸਿੰਘ) ਬੋਲ ਸਕਦੇ ਹਨ।

ਸ਼੍ਰੀ ਸੁਨੀਲ ਜਾਖੜ : ਸਾਡੇ ਨਾਲ ਤਾਂ ** ** ਕਰ ਲਵੋ ਪਰ ਕਿਸਾਨਾਂ ਦੀ ਗੱਲ ਤਾਂ ਸੁਣ ਲਵੋ।

ਮਾਨਯੋਗ ਸਪੀਕਰ: ਤੁਸੀਂ ਇਰਰੈਲੇਵੈਂਟ ਨਾ ਬੋਲੋ। ਸਰਦਾਰ ਤੋਤਾ ਸਿੰਘ ਜੀ ਤਾਂ ਵਿੱਚ ਪਾਰਟੀਸੀਪੇਟ ਕਰਨਗੇ, ਅਦਰਵਾਈਜ਼ ਨਹੀਂ। ** ** ਲਫਜ਼ ਕੱਟ ਦੇਣੇ ਜੀ।

ਸੰਸਦੀ ਮਾਮਲੇ ਮੰਤਰੀ : ** ** ਜਿਹੜਾ ਲਫਜ਼ ਹੈ, ਉਹ ਵਿੱਚ ਨਹੀਂ ਆਉਣਾ ਚਾਹੀਦਾ ।

ਮਾਨਯੋਗ ਸਪੀਕਰ : ਮੈਂ ਕਿਹਾ ਜੀ ਕਿ ਲਫਜ਼ ਕਟਵਾ ਦਿੱਤਾ ਹੈ,

** Expunged as ordered by the Chair.

ਸ਼੍ਰੀ ਸੁਨੀਲ ਜਾਖੜ : ਮੈਂ ਕਿਹਾ ਸੀ ਕਿ ਸਿਆਣਾ ਬੰਦਾ ਵੀ ** ** ਹੋ ਸਕਦਾ ਹੈ।

Parliamentary Affairs Minister : You have mentioned the name of a person who is not present here.

ਮਾਨਯੋਗ ਸਪੀਕਰ : ਬੜੀ ਸਿੱਧੀ ਗੱਲ ਹੈ ਕਿ ਜਿਹੜਾ ਕੋਈ ਲਫਜ਼ ਅਨਪਾਰਲੀਮੈਂਟਰੀ ਹੈ, ਕਿਸੇ ਦੇ ਸੈਂਟੀਮੈਂਟਸ ਨੂੰ ਟੱਚ ਕਰਦਾ ਹੈ, ਉਸ ਨੂੰ ਤੁਸੀਂ ਐਕਸਪੰਜ ਹੋਇਆ ਸਮਝੋ।

ਸ਼੍ਰੀ ਸੁਨੀਲ ਜਾਖੜ : ਕਿਸਾਨਾਂ ਦੇ ਸੈਂਟੀਮੈਂਟਸ ਵੀ ਧਿਆਨ ਵਿੱਚ ਰੱਖ ਲਵੋ।

ਮਾਨਯੋਗ ਸਪੀਕਰ : ਮੈਂ ਕਿਹਾ ਜੀ, ਮੇਰੇ ਧਿਆਨ ਵਿੱਚ ਪੂਰੇ ਹਨ, ਮੈਂ ਕਿਹੜਾ ਇਹ ਕੰਮ ਨਹੀਂ ਕਰਦਾ । ਹਾਂ ਜੀ, ਮੋਫਰ ਸਾਹਿਬ, ਪਲੀਜ਼, ਬੋਲੋ, I have to conclude this.

ਰਾਣਾ ਗੁਰਜੀਤ ਸਿੰਘ : ਸਪੀਕਰ ਸਾਹਿਬ, ਮਜੀਠੀਆ ਜੀ ਵੱਲੋਂ ** ** ਜੀ ਬਾਰੇ ਜਿਹੜੇ ਅਪਸ਼ਬਦ ਕਹੇ ਗਏ ਹਨ, ਉਹ ਰਹਿਣੇ ਨਹੀਂ ਚਾਹੀਦੇ।

ਮਾਨਯੋਗ ਸਪੀਕਰ : ਉਹ ਕੱਲ੍ਹ ਹੀ ਕੱਢ ਦਿੱਤੇ ਸਨ।

ਰਾਣਾ ਗੁਰਜੀਤ ਸਿੰਘ : ਨਹੀਂ ਜੀ, ਕੱਲ੍ਹ ਵਾਲਾ ਐਕਸਪੰਜ ਨਹੀਂ ਹੋਇਆ। ਇਹ ਹੋਣਾ ਚਾਹੀਦਾ ਸੀ।

ਮਾਨਯੋਗ ਸਪੀਕਰ : ਮੈਂ ਤੁਹਾਨੂੰ ਕਹਿ ਦਿੱਤਾ ਹੈ ਕਿ ਐਕਸਪੰਜ ਹੋ ਗਿਆ ਸੀ।

ਮਾਲ ਤੇ ਮੁੜ ਵਸੇਬਾ ਮੰਤਰੀ : ਸਪੀਕਰ ਸਾਹਿਬ, ਰਾਣਾ ਜੀ ਇਹ ਦੱਸਣ ਕਿ ਅਪਸ਼ਬਦ ਕਿਹੜੇ ਬੋਲੇ ਹਨ? (ਵਿਘਨ, ਸ਼ੋਰ)

ਮਾਨਯੋਗ ਸਪੀਕਰ : ਰਾਣਾ ਜੀ, ਮੈਂ ਐਕਸਪੰਜ ਕਰਾ ਦਿੱਤਾ ਹੈ। ਮੋਫਰ ਸਾਹਿਬ, ਤੁਸੀਂ ਬੋਲੋ। ਤੁਹਾਡਾ ਟਾਈਮ ਨਿਕਲ ਰਿਹਾ ਹੈ।

ਰਾਣਾ ਗੁਰਜੀਤ ਸਿੰਘ : ਬਿਕਰਮ ਮਜੀਠੀਆ ਜੀ, ** ** (ਵਿਘਨ, ਸ਼ੋਰ)

**Expunged as ordered by the Chair.

ਮਾਨਯੋਗ ਸਪੀਕਰ : ਰਾਣਾ ਜੀ, ਮੈਂ ਕਹਿ ਰਿਹਾ ਹਾਂ ਕਿ please sit down. Nothing is going to be recorded. ਰਾਣਾ ਜੀ, ਬੈਠ ਜਾਓ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ.....(ਵਿਘਨ, ਸ਼ੋਰ)

ਮਾਨਯੋਗ ਸਪੀਕਰ : ਜਿਹੜਾ ਮੇਰੀ ਪਰਮਿਸ਼ਨ ਤੋਂ ਬਗੈਰ ਬੋਲਿਆ ਜਾ ਰਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ। Not to be recorded. (interruptions)

(ਇਸ ਸਮੇਂ ਟਰੈਜ਼ਰੀ ਬੈਂਚਿਜ਼ ਅਤੇ ਆਪੋਜ਼ੀਸ਼ਨ ਬੈਂਚਿਜ਼ ਤੋਂ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਉੱਚੀ ਉੱਚੀ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

ਮਾਨਯੋਗ ਸਪੀਕਰ : ਨਾਗਰਾ ਸਾਹਿਬ, ਪਲੀਜ਼। (ਵਿਘਨ, ਸ਼ੋਰ)

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ....

ਮਾਨਯੋਗ ਸਪੀਕਰ : ਤੁਹਾਡੇ ਬੰਦੇ ਨੇ ਇਹ ਸਭ ਸ਼ੁਰੂ ਕਰ ਦਿੱਤਾ, ਨਾਗਰਾ ਜੀ ਨੇ ਸ਼ੁਰੂ ਕਰ ਦਿੱਤਾ।

(ਇਸ ਸਮੇਂ ਟਰੈਜ਼ਰੀ ਬੈਂਚਿਜ਼ ਅਤੇ ਆਪੋਜ਼ੀਸ਼ਨ ਬੈਂਚਿਜ਼ ਤੋਂ ਕਾਫ਼ੀ ਮੈਂਬਰ ਉੱਚੀ ਉੱਚੀ ਬੋਲਦੇ ਹੋਏ ਆਪਣੀਆਂ ਸੀਟਾਂ ਤੋਂ ਅੱਗੇ ਆ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

Mr. Speaker : Please sit down. Please go to your seats. (interruptions) ਮੈਂ ਕਿਹਾ ਜੀ ਆਪਣੀਆਂ ਆਪਣੀਆਂ ਸੀਟਾਂ ਤੇ ਜਾਓ।(ਵਿਘਨ, ਸ਼ੋਰ) ਨਾਗਰਾ ਜੀ, ਤੁਸੀਂ ਮਾਹੌਲ ਨੂੰ ਖਰਾਬ ਕਰਦੇ ਹੋ। Please sit down.

ਮਾਲ ਤੇ ਮੁੜ ਵਸੇਬਾ ਮੰਤਰੀ : ਸਪੀਕਰ ਸਾਹਿਬ, ** **

Mr. Speaker : Nothing should be recorded. Please sit down.

**Expunged as ordered by the Chair.

[ਮਾਨਯੋਗ ਸਪੀਕਰ]

(ਵਿਘਨ, ਸ਼ੋਰ) ਵੜਿੰਗ ਜੀ, ਬੈਠ ਜਾਓ। ਨਾਗਰਾ ਜੀ, ਬੈਠ ਜਾਓ। (ਵਿਘਨ, ਸ਼ੋਰ) ਨਾਗਰਾ ਜੀ, ਮੈਂ ਤੁਹਾਨੂੰ ਕਿੰਨੀ ਵਾਰ ਕਹਿ ਚੁੱਕਾ ਹਾਂ ਕਿ ਬੈਠ ਜਾਓ। ਮੋਫਰ ਜੀ, ਤੁਹਾਡੇ ਕੋਲ ਪੰਜ ਮਿੰਟ ਹਨ। (ਵਿਘਨ, ਸ਼ੋਰ) Nagra ji, we are going to conclude. Please sit down. ਮੋਫਰ ਜੀ, ਤੁਹਾਡੇ ਕੋਲ ਸਿਰਫ਼ ਪੰਜ ਮਿੰਟ ਹਨ। Nagra ji, please sit down. ਮੇਰੀ ਇਹ ਬੇਨਤੀ ਹੈ। (ਵਿਘਨ, ਸ਼ੋਰ) ਨਾਗਰਾ ਜੀ, ਕੀ ਇਸ ਗੱਲ ਦਾ ਕੋਈ ਫਾਇਦਾ ਹੈ? ਮੋਫਰ ਸਾਹਿਬ, ਬੋਲੋ, ਸਿਰਫ ਪੰਜ ਮਿੰਟ ਹਨ। (ਵਿਘਨ)(ਸ਼ੋਰ) ਜਾਖੜ ਸਾਹਿਬ, ਤੁਸੀਂ ਕੰਟਰੋਲ ਕਰਦੇ ਹੋ ਕਿ ਨਹੀਂ? ਤੁਸੀਂ ਇਸ (ਸਰਦਾਰ ਕੁਲਜੀਤ ਸਿੰਘ ਨਾਗਰਾ ਬਾਰੇ ਬੋਲਦੇ ਹੋਏ) ਨੂੰ ਕੰਟਰੋਲ ਹੀ ਨਹੀਂ ਕਰਦੇ, ਐਵੇਂ ਬਗੈਰ ਮਤਲਬ ਤੋਂ ਬੋਲੀ ਜਾ ਰਹੇ ਹਨ। ਹਾਂ ਜੀ, ਮੋਫਰ ਸਾਹਿਬ, ਸਿਰਫ ਪੰਜ ਮਿੰਟ ਹਨ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਤੋਂ (ਆਪੋਜ਼ੀਸ਼ਨ ਬੈਂਚਿਜ਼) ਮੁਆਫੀ ਮੰਗਦਾ ਹਾਂ ਅਤੇ ਇਨ੍ਹਾਂ ਤੋਂ ਵੀ (ਰੂਲਿੰਗ ਬੈਂਚਿਜ) ਮੰਗਦਾ ਹਾਂ। (ਵਿਘਨ)(ਸ਼ੋਰ) ਮੇਰੀ ਗੱਲ ਸੁਣ ਲਵੋ। ਕੋਈ ਮਾੜੀ ਮੋਟੀ ** ** ਕਰ ਲਵੋ। ਅੱਜ ਕਿਸਾਨ ਮਰ ਰਿਹਾ ਹੈ।

ਮਾਨਯੋਗ ਸਪੀਕਰ : ਇਹ ** ** ਲਫਜ਼ ਐਕਸਪੰਜ ਕਰ ਦਿੱਤਾ ਜਾਵੇ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਇਹ ਸਾਡਾ ਹਾਲ ਹੈ ਜੀ?

ਮਾਨਯੋਗ ਸਪੀਕਰ : ਚਲੋ ਜੀ, ਕੰਟੀਨਿਊ ਕਰੋ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਕੀ ਬੋਲੀਏ ਜੀ? ਦੱਸੋ। (ਵਿਘਨ)(ਸ਼ੋਰ)

ਮਾਨਯੋਗ ਸਪੀਕਰ : ਫਿਰ ਨਾ ਬੋਲੋ। (ਵਿਘਨ)(ਸ਼ੋਰ)

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਇਨ੍ਹਾਂ ਨੂੰ ਬਾਹਰ ਕੱਢੋ ਜੀ।

ਮਾਨਯੋਗ ਸਪੀਕਰ : ਸਿਰਫ ਪੰਜ ਮਿੰਟ ਹਨ ਜੀ। ਚਲੋ, ਬੋਲੋ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ (ਸਰਦੂਲਗੜ੍ਹ) : ਸਪੀਕਰ

**Expunged as ordered by the Chair.

ਸਾਹਿਬ, ਇਹ ਬੜਾ ਸੀਰੀਅਸ ਮਸਲਾ ਹੈ। ਠੀਕ ਹੈ, ਸਭ ਆਪੋ-ਆਪਣੇ ਪੈਂਤੜੇ ਇੱਥੇ ਖੇਡ ਰਹੇ ਹਨ। ਹੁਣ ਇਹ ਰੈਜ਼ੋਲਿਊਸ਼ਨ ਲੈ ਆਏ ਹਨ। ਪੰਜਾਬ ਵਿੱਚ ਬੜਾ ਅਫਸੋਸਨਾਕ ਅਤੇ ਦਰਦਨਾਕ ਸੀਨ ਚੱਲ ਰਿਹਾ ਹੈ। ਜਿਸ ਦਾ ਵਰਨਣ ਸਾਡੇ ਆਪੋਜ਼ੀਸ਼ਨ ਦੇ ਲੀਡਰ ਕਰਕੇ ਗਏ ਹਨ। ਹਰ ਗੱਲ ਨੂੰ ਉਨ੍ਹਾਂ ਨੇ ਇਥੇ ਵੇਰਵੇ ਨਾਲ ਦਰਸਾਇਆ ਹੈ ਕਿ ਕਿਵੇਂ ਪੰਜਾਬ ਦਾ ਕਿਸਾਨ ਮਰ ਰਿਹਾ ਹੈ, ਕਿਉਂ ਮਰ ਰਿਹਾ ਹੈ ਅਤੇ ਕਿਸ ਦਾ ਕਸੂਰ ਹੈ। ਸਰਕਾਰ ਕੀ ਕਰ ਰਹੀ ਹੈ, ਸਰਕਾਰ ਸੁੱਤੀ ਪਈ ਹੈ ਜਾਂ ਜਾਗਦੀ ਹੈ ਜਾਂ ਸਰਕਾਰ ਆਪਣਾ ਇੰਟਰੈਸਟ ਵਾਚ ਕਰ ਰਹੀ ਹੈ। ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਕਿਸਾਨੀ ਨਾਲ ਜੁੜੇ ਹੋਏ ਸੀ। ਬੜਾ ਵੱਡਾ ਦਰਦ ਸੀ। ਇਨ੍ਹਾਂ ਨੇ ਕਿਸਾਨ ਬਾਰੇ ਬੜਾ ਸੋਚਿਆ ਸੀ। ਲੇਕਿਨ ਜਿੰਨੀ ਵਾਰ ਇਹ ਮੁੱਖ ਮੰਤਰੀ ਬਣਦੇ ਗਏ, ਹਰ ਵਾਰ ਅਸੀਂ ਸਾਰੀ ਗੱਲ ਆਪਣੀ ਜ਼ੁਬਾਨ ਤੱਕ ਸੀਮਤ ਰੱਖੀ ਹੈ। ਮੇਰੇ ਬਜ਼ੁਰਗਾਂ ਨਾਲ ਇਹ ਰਹੇ ਹਨ। ਮੈਂ ਇਨ੍ਹਾਂ ਨੂੰ ਹਰ ਪੱਖ ਤੋਂ ਦੇਖਦਾ ਰਿਹਾ ਹਾਂ ਪਰ ਅੱਜ ਜੋ ਸਾਡੀ ਸਿਆਸਤ ਹੈ, ਨਿਰਾ ਅਸੀਂ ਗੱਲਾਂ ਨਾਲ ਹੀ ਸਾਰਾ ਕੁਝ ਸਾਰ ਰਹੇ ਹਾਂ। ਇਸੇ ਕਾਰਨ ਅੱਜ ਪੰਜਾਬ ਦਾ ਕਿਸਾਨ ਮਰ ਰਿਹਾ ਹੈ। ਜੇ ਸਰਕਾਰ ਸੀਰੀਅਸ ਹੁੰਦੀ, ਜੇ ਸਰਕਾਰ ਨੂੰ ਇਹ ਪਤਾ ਹੋਵੇ ਕਿ ਮੇਰੇ ਕਿਸਾਨ ਨੂੰ ਕਿਹੜੇ ਵੇਲੇ ਕਿਹੜੀ ਚੀਜ਼ ਦੀ ਲੋੜ ਹੈ ਤਾਂ ਸਾਡੇ ਅੱਜ ਹਾਲਾਤ ਇੰਨੇ ਬਦਤਰ ਨਹੀਂ ਹੋਣੇ ਸੀ। ਅੱਜ ਜੋ ਪੰਜਾਬ ਦਾ ਕਿਸਾਨ ਰੁਲਿਆ ਹੈ, ਨਰਮੇ ਦੀ ਗੱਲ ਆਈ ਹੈ, ਮੈਂ ਤੁਹਾਨੂੰ ਇਸ ਬਾਰੇ ਪਿੱਛੇ ਲੈ ਕੇ ਜਾਂਦਾ ਹਾਂ। ਸਾਲ 1977 ਵਿੱਚ ਸਰਦਾਰ ਪਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਬਣੇ। ਉਸ ਵੇਲੇ ਇਨ੍ਹਾਂ ਦੇ ਖ਼ੇਤੀਬਾੜੀ ਮੰਤਰੀ ਦੁਆਰਾ ਇਸੇ ਰੂਪ ਵਿੱਚ ਜੋ ਕੁਝ ਅੱਜ ਹੋਇਆ ਹੈ, ਉਸ ਨੇ ਬੇਅਰ ਕੰਪਨੀ ਤੋਂ ਇੱਕ ਕਰੋੜ ਰੁਪਏ ਦੀ ਦਵਾਈ ਲਈ, ਜਿਸ ਦੀ ਐਕਸਪਾਇਰੀ ਹੋਈ ਹੋਈ ਸੀ। ਜਿਵੇਂ ਇਨ੍ਹਾਂ ਨੇ ਬੈਂਚ ਲੱਗਣ ਬਾਰੇ ਦੱਸਿਆ ਹੈ, ਉਸੇ ਤਰੀਕੇ ਨਾਲ ਇੱਕ ਕਰੋੜ ਦੀ ਦਵਾਈ ਲੈ ਕੇ ਹੈਲੀਕਾਪਟਰ ਰਾਹੀਂ ਸਪਰੇਅ ਕਰਵਾਈ ਔਰ ਉਸ ਵੇਲੇ ਪੰਜਾਬ ਦੇ ਕਿਸਾਨ ਰੋਏ। ਨਰਮਾ ਸਿਰਫ ਚਾਰ ਤੋਂ ਛੇ ਮਣ ਨਿਕਲਿਆ। ਉਸ ਦਾ ਰੌਲਾ ਹਾਊਸ ਵਿੱਚ ਪਿਆ। ਇੱਥੇ ਇਨਕੁਆਰੀ ਕਰਵਾਈ ਗਈ ਔਰ ਸਾਰਾ ਕੰਮ ਹਸ਼ਅੱਪ ਕਰ ਦਿੱਤਾ ਗਿਆ। ਅੱਜ ਫਿਰ ਦੁਬਾਰਾ ਉਹ ਗੱਲ ਰਿਪੀਟ ਹੋਈ ਹੈ। ਤੁਹਾਡੀ ਪਿਛਲੀ ਸਰਕਾਰ ਵੇਲੇ ਜਿਹੜਾ ਖੇਤੀਬਾੜੀ ਮੰਤਰੀ ਸੀ, ਉਦੋਂ ਘਪਲੇ ਹੋਏ, ਜੋ

[ਸਰਦਾਰ ਅਜੀਤ ਇੰਦਰ ਸਿੰਘ ਮੋਫਰ]

ਸਬਸਿਡੀਆਂ ਆਈਆਂ, ਜੋ ਕੁਝ ਇਥੇ ਕਿਸਾਨ ਵਾਸਤੇ ਮਿਲਦਾ ਰਿਹਾ, ਉਹ ਵੀ ਖੂਹ ਵਿੱਚ ਪਾ ਦਿੱਤਾ। ਆਹ ਤੀਜੀ ਵਾਰ ਫਿਰ ਇਹ ਗੱਲ ਹੋਈ। ਕੀ ਗੱਲ ਇਹੀ ਮਹਿਕਮਾ ਆ ਗਿਆ ਇਥੇ ਕਿਸਾਨ ਨੂੰ ਰੋਲਣ ਵਾਸਤੇ? ਚੀਮਾ ਸਾਹਿਬ ਨੇ ਗੱਲ ਕੀਤੀ, ਇਨ੍ਹਾਂ ਨੇ ਗੁਰਬਾਣੀ ਦੀ ਗੱਲ ਕੀਤੀ ਹੈ। ਇਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵਾਕ ਦੱਸਿਆ ਹੈ, ਕਿਰਸਾਨੀ ਨਾਲ ਸਬੰਧਤ ਵਾਕ ਜੋ ਗੁਰੂ ਸਾਹਿਬਾਨਾਂ ਨੇ ਦਰਜ ਕਰਵਾਇਆ ਹੈ, ਉਨ੍ਹਾਂ ਦਾ ਮਕਸਦ ਸੀ ਕਿ ਆਪਣੇ ਇਸ ਸਰੀਰ ਨੂੰ ਉਸ ਕਿਰਸਾਨੀ ਵੱਲ ਨੂੰ ਢਾਲੋ। ਇਸ ਮਨ ਨੂੰ ਉਸ ਤਰੀਕੇ ਨਾਲ ਬਣਾਉ।

ਸਿੱਖਿਆ ਮੰਤਰੀ : ਮੈਂ ਅਜਿਹਾ ਨਹੀਂ ਕਿਹਾ ਸੀ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਨਹੀਂ ਜੀ। ਤੁਸੀਂ ਤਾਂ ਉਸ ਦਾ ਜਵਾਬ ਦਿੱਤਾ ਹੀ ਨਹੀਂ।

ਸਿੱਖਿਆ ਮੰਤਰੀ: ਭਾਵੇਂ ਰਿਕਾਰਡ ਕਢਵਾ ਕੇ ਦੇਖ ਲਉ। ਮੈਂ ਅਜਿਹਾ ਨਹੀਂ ਕਿਹਾ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਰਿਕਾਰਡ ਵੀ ਨਿਕਲ ਆਵੇਗਾ ਜੀ। ਮੈਂ ਤਾਂ ਅਜੇ ਬੋਲ ਰਿਹਾ ਹਾਂ।

ਸਿੱਖਿਆ ਮੰਤਰੀ : ਮੈਂ ਹਾਊਸ ਵਿੱਚ ਜੋ ਵੀ ਚੀਜ਼ ਕੋਟ ਕਰਦਾ ਹਾਂ, ਬੜੇ ਧਿਆਨ ਨਾਲ ਕਰਦਾ ਹਾਂ। ਮੈਨੂੰ ਪੂਰਾ ਯਕੀਨ ਹੈ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਮੈਂ ਤਾਂ ਇੰਨਾ ਕਿਹਾ ਸੀ ਕਿ ਤੁਸੀਂ ਗੁਰਬਾਣੀ ਦਾ ਸਲੋਕ ਬੋਲਿਆ ਹੈ। ਮੈਂ ਤਾਂ ਤੁਹਾਨੂੰ ਵਿਆਖਿਆ ਕਰਨ ਲਈ ਕਿਹਾ ਸੀ, ਜੋ ਕਿ ਤੁਸੀਂ ਕੀਤੀ ਨਹੀਂ।

ਸਿੱਖਿਆ ਮੰਤਰੀ : ਤੁਸੀਂ ਹੁਣ ਕਰ ਦਿਉ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਮੈਂ ਤਾਂ ਇਨ੍ਹਾਂ ਨੂੰ ਇਹ ਕਿਹਾ ਸੀ ਕਿ ਤੁਸੀਂ ਗੁਰਬਾਣੀ ਦਾ ਸਲੋਕ ਬੋਲਿਆ ਹੈ, ਮੈਂ ਤਾਂ ਤੁਹਾਨੂੰ ਵਿਆਖਿਆ ਕਰਨ ਲਈ ਕਿਹਾ ਸੀ, ਤੁਸੀਂ ਕੀਤੀ ਨਹੀਂ ਸੀ।

ਮਾਨਯੋਗ ਸਪੀਕਰ : ਮੋਫਰ ਸਾਹਿਬ, ਪਲੀਜ਼ ਚੇਅਰ ਨੂੰ ਅਡਰੈਸ ਕਰੋ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਕਾਲੀਆ

ਜੀ ਵੀ ਬੋਲੇ ਹਨ, ਉਨ੍ਹਾਂ ਨੇ ਪਾਲਿਸੀਆਂ ਦੀ ਗੱਲ ਕੀਤੀ ਹੈ, ਐਨ.ਡੀ.ਏ ਸਰਕਾਰ ਦੀ ਗੱਲ ਕੀਤੀ ਹੈ, ਕਾਂਗਰਸ ਸਰਕਾਰ ਦੀ ਗੱਲ ਕੀਤੀ ਹੈ ਕਿ ਕਾਂਗਰਸ ਸਰਕਾਰ ਨੇ ਕਿਸਾਨੀ ਨੂੰ ਮਾਰ ਦਿੱਤਾ। ਜਿਵੇਂ ਇਨ੍ਹਾਂ ਨੇ ਅੰਕੜੇ ਕੱਢ ਕੇ ਦਿੱਤੇ ਹਨ। ਮੈਂ ਕਹਿੰਦਾ ਹਾਂ ਕਿ ਜਿਹੜੀ ਐਮ.ਐਸ.ਪੀ. ਕੇਂਦਰ ਵਿਚ ਕਾਂਗਰਸ ਸਰਕਾਰ ਵੇਲੇ ਮਿਲਦੀ ਰਹੀ, ਉਹ ਹਮੇਸ਼ਾ ਵਧ ਕੇ ਮਿਲਦੀ ਰਹੀ ਹੈ ਅਤੇ 300-300 ਰੁਪਏ ਵਧ ਕੇ ਮਿਲੀ ਹੈ। ਪਰ ਜਦੋਂ ਵੀ ਐਨ.ਡੀ.ਏ. ਦੀ ਸਰਕਾਰ ਆਈ, ਚਾਹੇ ਮੋਰਾਰਜੀ ਦੇਸਾਈ ਜੀ ਦੀ ਸਰਕਾਰ ਆਈ ਅਤੇ ਚਾਹੇ ਵਾਜਪਾਈ ਜੀ ਆਏ ਜਾਂ ਹੁਣ ਦੇਖ ਲਓ। ਬਾਦਲ ਸਾਹਿਬ ਨੂੰ ਪਹਿਲਾਂ ਬੀ.ਜੇ.ਪੀ. ਤੋਂ ਇੰਨਾ ਮਾਣ ਸਤਿਕਾਰ ਮਿਲ ਰਿਹਾ ਸੀ ਪਰ ਹੁਣ ਕੀ ਹੋ ਗਿਆ? ਜਦੋਂ ਕਾਂਗਰਸ ਸਰਕਾਰ ਸੀ, ਕਰੋੜਾਂ ਰੁਪਿਆ ਕਿਸਾਨੀ ਵਾਸਤੇ ਆਇਆ ਪਰ ਹੁਣ ਸਾਡੇ ਗੁਲਦਸਤੇ ਕਿੱਧਰ ਗਏ? ਕਿੱਧਰ ਗਈਆਂ ਪੰਜਾਬ ਦੀਆਂ ਮੰਗਾਂ, ਕਿੱਧਰ ਗਈ ਪੰਜਾਬ ਦੇ ਪਾਣੀਆਂ ਦੀ ਗੱਲ? ਚੰਡੀਗੜ੍ਹ ਬਾਰੇ ਤਾਂ ਗੱਲ ਬਾਅਦ ਵਿੱਚ ਕਰਨਾ ਪਹਿਲਾਂ ਪੰਜਾਬ ਦੇ ਕਿਸਾਨ ਨੂੰ ਤਾਂ ਬਚਾ ਲਓ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬਾਦਲ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਅੱਜ ਨੈਤਿਕ ਤੌਰ ਤੇ ਸਰਦਾਰ ਤੋਤਾ ਸਿੰਘ ਜੀ ਦਾ ਅਸਤੀਫਾ ਦੇਣ ਦਾ ਹੱਕ ਬਣਦਾ ਹੈ। ਕਿਉਂਕਿ ਪਹਿਲਾਂ ਇਨ੍ਹਾਂ ਤੇ ਜਿਹੜਾ ਐਲੀਗੇਸ਼ਨ ਲੱਗਿਆ ਸੀ, ਅਜੇ ਤਾਂ ਉਹੀ ਸਾਫ ਨਹੀਂ ਸੀ ਹੋਇਆ ਹੁਣ ਇੰਨਾ ਵੱਡਾ ਐਲੀਗੇਸ਼ਨ ਲੱਗਿਆ ਹੈ ਜਿਹੜਾ ਇੱਥੇ ਤੱਥਾਂ ਸਮੇਤ ਦੱਸਿਆ ਗਿਆ ਹੈ। ਕਿੱਧਰ ਗਏ ਬੈਚ? ਦਵਾਈ ਦੀ ਕੀਮਤ ਕਿੰਨੀ ਸੀ, ਕਿਉਂ ਇਹ ਦਵਾਈ ਲਿਆਂਦੀ ਗਈ? ਸਾਰੇ ਕਿਸਾਨ ਰੋਲ ਦਿੱਤੇ। ਮੇਰੇ ਹਲਕੇ ਦੇ ਨਾਲ ਹਰਿਆਣਾ ਲਗਦਾ ਹੈ, ਜਿਹੜੀ ਸਪਰੇਅ ਹਰਿਆਣਾ ਤੋਂ ਲਿਆ ਕੇ ਮੇਰੇ ਹਲਕੇ ਵਿਚ ਕੀਤੀ ਗਈ, ਉਹ ਨਰਮੇ ਤਾਂ ਬਚ ਗਏ ਪਰ ਜਿਹੜੀ ਤੁਹਾਡੀ ਸਪਰੇਅ ਸੀ, ਉਸ ਨਾਲ ਕਿਸਾਨ ਮਰ ਗਿਆ। ਅੱਜ ਪੰਜਾਬ ਦੇ ਖੇਤੀਬਾੜੀ ਵਿਭਾਗ ਨੇ ਅੰਕੜੇ ਦਿੱਤੇ ਹਨ ਕਿ ਮੁਕਤਸਰ ਵਿੱਚ ਇੰਨੇ ਹਜ਼ਾਰ ਨਰਮਾ ਬਰਬਾਦ ਹੋਇਆ, ਫਾਜ਼ਿਲਕਾ ਵਿੱਚ ਇੰਨਾ ਨੁਕਸਾਨ ਹੋਇਆ ਅਤੇ ਮਾਨਸਾ ਵਿਚ 300 ਏਕੜ ਦਾ ਨੁਕਸਾਨ ਦੱਸਿਆ ਗਿਆ ਹੈ ਜਦ ਕਿ ਮੇਰੇ ਹਲਕੇ ਵਿਚ 1200 ਏਕੜ ਨਰਮਾ ਲੋਕਾਂ ਨੇ ਵਾਹ ਦਿੱਤਾ ਹੈ। ਜੇਕਰ ਤੁਸੀਂ ਕੈਲਕੁਲੇਟ ਕਰੋ ਤਾਂ 4 ਹਜ਼ਾਰ ਕਿੱਲੇ ਤੋਂ ਵੱਧ ਨਰਮਾ ਵਾਹਿਆ ਗਿਆ ਹੈ। ਅੱਜ

[ਸਰਦਾਰ ਅਜੀਤ ਇੰਦਰ ਸਿੰਘ ਮੋਫਰ]

ਅਸੀਂ ਕੀ ਕਰ ਰਹੇ ਹਾਂ? ਸਾਡੀ ਸਰਕਾਰ ਸਾਲ 2002 ਵਿੱਚ ਆਈ ਸੀ, ਅਸੀਂ ਆਪਣੀ ਤਾਰੀਫ ਨਹੀਂ ਕਰ ਰਹੇ। ਤੁਸੀਂ ਗੱਲ ਕੀਤੀ ਹੈ ਕਿ ਤੁਸੀਂ ਬਿਜਲੀ ਮੁਫਤ ਦੇ ਰਹੇ ਹੋ। ਸਾਡੀ ਸਰਕਾਰ ਵੇਲੇ 2 ਰੁਪਏ ਕੁਝ ਪੈਸੇ ਪ੍ਰਤੀ ਯੂਨਿਟ ਡੋਮੈਸਟਿਕ ਬਿਜਲੀ ਦਾ ਰੇਟ ਸੀ ਅਤੇ ਤੁਹਾਡੇ ਵੇਲੇ ਹੁਣ 7.50 ਰੁਪਏ ਪ੍ਰਤੀ ਯੂਨਿਟ ਮਿਲ ਰਹੀ ਹੈ। ਇਹ ਪੰਜ ਰੁਪਏ ਕਿਸ ਦੀ ਜੇਬ ਵਿਚੋਂ ਜਾ ਰਹੇ ਹਨ? ਤੁਸੀਂ ਸਾਨੂੰ ਕਿਹੜੀ ਸਸਤੀ ਬਿਜਲੀ ਦੇ ਰਹੇ ਹੋ?

ਦੂਸਰੀ ਗੱਲ ਜਿਹੜਾ ਬੀ.ਟੀ. ਕਾਟਨ ਸੀਡ ਆਇਆ, ਜਿਵੇਂ ਇਨ੍ਹਾਂ ਨੇ ਕਿਹਾ ਕਿ ਖੇਤੀਬਾੜੀ ਯੂਨੀਵਰਸਿਟੀ ਦਾ ਕੰਮ ਹੈ ਕਿ ਜਦੋਂ ਕੋਈ ਵੀ ਨਵਾਂ ਸੀਡ ਆਉਂਦਾ ਹੈ ਤਾਂ ਉਸ ਦੀ ਸਰਟੀਫਿਕੇਸ਼ਨ ਖੇਤੀਬਾੜੀ ਯੂਨੀਵਰਸਿਟੀ ਕਰਦੀ ਹੈ ਅਤੇ ਸਰਟੀਫਿਕੇਸ਼ਨ ਹੋਣ ਤੋਂ ਬਾਅਦ ਜ਼ਿੰਮੀਦਾਰਾਂ ਨੂੰ ਦਿੱਤਾ ਜਾਂਦਾ ਹੈ। ਸਾਡੀ ਸਰਕਾਰ ਵੇਲੇ ਨਰਮੇ ਹੋਣੇ ਸ਼ੁਰੂ ਹੋਏ, ਕਿਸਾਨ ਖੁਸ਼ਹਾਲ ਹੋਇਆ।

ਮਾਨਯੋਗ ਸਪੀਕਰ : ਪਲੀਜ਼ ਕਨਕਲੂਡ ਕਰੋ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਬੱਸ ਦੋ ਮਿੰਟ ਜੀ। ਕਿਸਾਨ ਖੁਸ਼ਹਾਲ ਹੋਇਆ ਪਰ ਅੱਜ ਕਿਸਾਨ ਦੀ ਕਿੰਨੀ ਦੁਰਦਸ਼ਾ ਹੈ। ਕੀ ਸਰਕਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਬਣਦੀ? ਬਾਦਲ ਸਾਹਿਬ, ਮੈਂ ਸਪੀਕਰ ਸਾਹਿਬ ਰਾਹੀਂ ਤੁਹਾਨੂੰ ਕਹਿਣਾ ਚਾਹੁੰਦਾ ਹਾਂ ਕਿ ਹੁਣ ਖੇਤੀਬਾੜੀ ਕੋਈ ਲਾਹੇਵੰਦ ਕਿੱਤਾ ਨਹੀਂ ਰਿਹਾ ਕਿਉਂਕਿ ਹੁਣ ਆਪਾਂ ਬਿਜ਼ਨਸਮੈਨ ਹੋ ਗਏ ਹਾਂ। ਤੁਸੀਂ ਸੰਗਤ ਦਰਸ਼ਨ ਕਰਦੇ ਹੋ, ਤੁਹਾਡਾ ਸਾਰਾ ਪਰਿਵਾਰ ਜਾਂਦਾ ਹੈ ਪਰ ਕਿਸੇ ਗਰੀਬ ਕਿਸਾਨ ਦੀ ਹਿੰਮਤ ਨਹੀਂ ਕਿ ਉਹ ਤੁਹਾਡੇ ਕੋਲ ਆ ਜਾਵੇ। ਕੱਲ੍ਹ ਇੱਥੇ ਪੰਜਾਬ ਪੁਲਿਸ ਦੀ ਗੱਲ ਹੋਈ ਸੀ। ਮਲੂਕਾ ਸਾਹਿਬ ਬਾਹਰ ਗਏ ਸੀ, ਜੋ ਉਥੇ ਹਾਲ ਹੋਇਆ, ਤੁਹਾਡੇ ਸਾਹਮਣੇ ਹੈ। ਉਹ ਕਹਿੰਦੇ ਕਿ ਪੰਜਾਬ ਪੁਲਿਸ ਬਹੁਤ ਚੰਗੀ ਹੈ, ਕੀ ਆਪਾਂ ਪੁਲਿਸ ਰਾਹੀਂ ਰਾਜ ਕਰਨਾ ਹੈ। ਤੁਸੀਂ ਕੋਈ ਸੰਗਤ ਦਰਸ਼ਨ ਦੱਸੋ, ਤੁਹਾਡਾ ਐਮ.ਐਲ.ਏ. ਵੀ ਉਥੇ ਨਾਲ ਹੁੰਦਾ ਹੈ ਪਰ ਕਿਸੇ ਕਿਸਾਨ ਦੀ ਹਿੰਮਤ ਨਹੀਂ ਪੈਂਦੀ ਕਿ ਤੁਹਾਨੂੰ ਆ ਕੇ ਮਿਲ ਲਵੇ। ਜੇਕਰ ਕੋਈ ਬੋਲਦਾ ਹੈ ਤਾਂ ਉਸਦੇ ਮੂੰਹ ਤੇ ਹੱਥ ਰੱਖ ਦਿੰਦੇ ਹਨ।

ਮਾਨਯੋਗ ਸਪੀਕਰ : ਮੋਫਰ ਸਾਹਿਬ, ਪਲੀਜ਼ ਕਨਕਲੂਡ ਕਰੋ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਅੱਜ ਜਿਹੜੀ ਵਾਈਟ ਫਲਾਈ ਦੀ ਗੱਲ ਆਈ ਹੈ, ਮੇਰਾ ਉਸ ਦਿਨ ਵੀ ਬਿਆਨ ਆਇਆ ਸੀ।

ਮਾਨਯੋਗ ਸਪੀਕਰ : ਧੰਨਵਾਦ, ਮੋਫਰ ਸਾਹਿਬ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਰਦਾਰ ਤੋਤਾ ਸਿੰਘ ਜੀ, ਇਹ ਵਾਈਟ ਫਲਾਈ ਆਪਣੀਆਂ ਜੇਬਾਂ ਵਿੱਚੋਂ ਨਿਕਲਦੀ ਹੈ। ਇਸ ਕਰਕੇ ਮੈਂ ਤੁਹਾਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਜੇ ਤੁਸੀਂ sincere ਹੋ ਤਾਂ ਸਾਡੀ ਪਾਰਟੀ ਬੈਠੀ ਹੈ, ਸਾਰੇ ਐਮ.ਐਲ.ਏ ਸਾਹਿਬਾਨ ਅਤੇ ਆਪੋਜ਼ੀਸ਼ਨ ਲੀਡਰਜ਼, ਅਸੀਂ ਤੁਹਾਡੇ ਨਾਲ ਦਿੱਲੀ ਚੱਲਣ ਨੂੰ ਤਿਆਰ ਹਾਂ, ਧਰਨੇ ਦੇਣ ਨੂੰ ਤਿਆਰ ਹਾਂ, ਅਸੀਂ ਆਪਣੇ ਆਪ ਨੂੰ ਕੁਰਬਾਨ ਕਰਨ ਨੂੰ ਤਿਆਰ ਹਾਂ। ਕੁਝ ਕਰੋ ਪੰਜਾਬ ਦੀ ਕਿਸਾਨੀ ਲਈ ਚੰਗੇ ਬੀਜ ਲੈ ਕੇ ਆਓ, ਲੋਕਾਂ ਨੂੰ ਬਚਾਓ। ਮਿੱਤਲ ਸਾਹਿਬ, ਇਹ ਇੱਥੇ ਜਿਹੜੀਆਂ ਹੇਰਾ-ਫੇਰੀਆਂ ਕਰਦੇ ਹਨ, ਇਨ੍ਹਾਂ ਦੇ ਕੋਈ ਮਾਇਨੇ ਨਹੀਂ ਹਨ। ਅਸੀਂ ਬਿਲਕੁਲ ਸਹਿਮਤ ਨਹੀਂ ਹਾਂ।

ਮਾਨਯੋਗ ਸਪੀਕਰ : ਹਾਂ ਜੀ। ਜਾਖੜ ਸਾਹਿਬ, ਦੱਸੋ। ਮੈਂ ਤੁਹਾਡੀ ਗੱਲ ਨਹੀਂ ਸਮਝਿਆ ਹਾਂ।

ਸ਼੍ਰੀ ਸੁਨੀਲ ਜਾਖੜ : ਮਾਨਯੋਗ ਐਗਰੀਕਲਚਰ ਮਨਿਸਟਰ ਸਾਹਿਬ, ਕੱਲ੍ਹ ਜਿਹੜਾ ਬਠਿੰਡੇ ਦੇ ਵਿੱਚ ਮਾਨਯੋਗ ਐਮ.ਪੀ. ਸਾਹਿਬ ਅਤੇ ਵੀ.ਸੀ. ਸਾਹਿਬ ਬੋਲੇ ਹਨ, ਉਨ੍ਹਾਂ ਦਾ ਕੀ ਹਾਲ ਹੋਇਆ? ਉਹ ਪਹਿਲਾਂ ਉਨ੍ਹਾਂ ਫਾਰਮਰਜ਼ ਨੂੰ ਜਾ ਕੇ ਸਫਾਈ ਦੇਣ। ਉਥੇ ਸਫਾਈ ਦੇਣ। ਇੱਥੇ ਤਾਂ ਸੀ.ਐਮ. ਸਾਹਿਬ ਹੀ ਜਵਾਬ ਦੇਣਗੇ। (ਵਿਘਨ)(ਸ਼ੋਰ)

ਮਾਨਯੋਗ ਸਪੀਕਰ : ਜਵਾਬ ਸੀ.ਐਮ. ਸਾਹਿਬ ਵੀ ਦੇਣਗੇ। ਇਹ ਨਹੀਂ ਹੋ ਸਕਦਾ ਹੈ ਕਿ ਮੈਂ ਕਿਸੇ ਮਨਿਸਟਰ ਨੂੰ ਬੋਲਣ ਤੋਂ debar ਕਰ ਦਿਆਂ। ਨਹੀਂ ਜੀ, ਇਹ ਤਾਂ ਜਿਹੜਾ ਮਹਿਕਮਾ ਹੈ, ਉਸ ਨੇ ਜਵਾਬ ਦੇਣਾ ਹੈ ਅਤੇ ਸੀ.ਐਮ. ਸਾਹਿਬ ਇਨ੍ਹਾਂ ਤੋਂ ਬਾਅਦ ਵਿੱਚ ਬੋਲਣਗੇ। (ਵਿਘਨ) (ਸ਼ੋਰ) Sardar Simarjit Singh Bains. Only three minutes.

ਸਰਦਾਰ ਸਿਮਰਜੀਤ ਸਿੰਘ ਬੈਂਸ (ਲੁਧਿਆਣਾ) : ਸਪੀਕਰ ਸਾਹਿਬ, ਮੇਰੇ ਨਾਲ ** ** ਹੋਈ ਹੈ।

ਮਾਨਯੋਗ ਸਪੀਕਰ: ** ** ਇਹ ਸ਼ਬਦ ਐਕਸਪੰਜ ਕਰ ਦੇਣਾ।

** Expunged as ordered by the Chair.

ਸਰਦਾਰ ਸਿਮਰਜੀਤ ਸਿੰਘ ਬੈਂਸ: ਸਪੀਕਰ ਸਾਹਿਬ, ਤੁਸੀਂ ਮੈਨੂੰ ਤਿੰਨ ਮਿੰਟ ਦੇਣ ਲੱਗੇ ਹੋ। ਪਰ ਫਿਰ ਵੀ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਅਹਿਮ ਮੁੱਦੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਮੇਰੀ ਆਦਰ ਸਹਿਤ ਬੇਨਤੀ ਹੈ ਕਿ ਅੱਜ ਕਿਸਾਨ ਆਰਥਿਕ ਮੰਦਹਾਲੀ ਦਾ ਸ਼ਿਕਾਰ ਹੈ ਅਤੇ ਆਤਮ ਹੱਤਿਆਵਾਂ ਕਰ ਰਿਹਾ ਹੈ। ਜਾਖੜ ਸਾਹਿਬ ਨੇ ਬਹੁਤ ਡੂੰਘਾਈ ਦੇ ਵਿੱਚ ਜਾ ਕੇ ਵਰਨਣ ਕੀਤਾ ਹੈ। ਜਦੋਂ ਕੋਈ ਕਿਸਾਨ ਆਤਮ ਹੱਤਿਆ ਕਰਦਾ ਹੈ, ਮੈਂ ਉਸ ਬਾਰੇ ਅਖਬਾਰ ਵਿੱਚ ਪੜ੍ਹਦਾ ਹਾਂ ਤਾਂ ਮਨ ਬੜਾ ਰੋਂਦਾ ਹੈ। ਬਹੁਤ ਸਾਰੇ ਪਰਿਵਾਰਾਂ ਕੋਲ ਜਦੋਂ ਮੈਂ ਅਫਸੋਸ ਕਰਨ ਗਿਆ ਤਾਂ ਪਤਾ ਕੀਤਾ ਕਿ ਆਤਮ ਹੱਤਿਆ ਦਾ ਕਾਰਨ ਕੀ ਹੈ। ਤੁਹਾਡੇ ਹਲਕੇ ਦੇ ਕਿਸਾਨ ਨੇ ਦਯਾਨੰਦ ਹਸਪਤਾਲ ਦੇ ਵਿੱਚ suicide attempt ਕੀਤਾ। ਮੈਂ ਸਾਰੇ ਆੜਤੀਆਂ ਨੂੰ ਮਾੜਾ ਨਹੀਂ ਕਹਿੰਦਾ। ਮੈਂ ਦੱਸਣਾ ਚਾਹੁੰਦਾ ਹਾਂ ਕਿ ਬਹੁਤੀਆਂ ਆਤਮ ਹੱਤਿਆਵਾਂ ਦੇ ਪਿੱਛੇ ਕੁਝ ਚੰਦ ਬੇਈਮਾਨ ਆੜ੍ਹਤੀਏ ਹੁੰਦੇ ਹਨ। ਮੈਂ ਇੱਕ ਛੋਟੀ ਜਿਹੀ ਉਦਾਹਰਨ ਦੇਣੀ ਚਾਹੁੰਦਾ ਹਾਂ। ਪਿੰਡ ਮਨਸੂਰਾਂ ਦੇ ਵਿੱਚ ਇੱਕ ਕਿਸਾਨ ਨੇ ਆਤਮ ਹੱਤਿਆ ਕੀਤੀ ਅਤੇ ਉਹ ਆਪਣੇ ਨੋਟ ਵਿੱਚ ਲਿਖ ਕੇ ਗਿਆ ਕਿ ਮੈਂ ਆੜ੍ਹਤੀਏ ਤੋਂ ਸਿਰਫ 2 ਲੱਖ 70 ਹਜ਼ਾਰ ਰੁਪਿਆ ਲਿਆ ਸੀ। ਆੜ੍ਹਤੀਏ ਨੇ ਉਸ ਤੋਂ ਖਾਲੀ ਅਸ਼ਟਾਮਾਂ ਦੇ ਉੱਤੇ ਸਾਈਨ ਕਰਵਾਏ ਹੋਏ ਸੀ ਤੇ 18 ਲੱਖ ਰੁਪਿਆ ਕਰਜ਼ਾ ਉਸ ਕਿਸਾਨ ਦਾ ਲਿਖਿਆ ਹੋਇਆ ਸੀ। ਸਪੀਕਰ ਸਾਹਿਬ, ਤੁਹਾਡੇ ਹਲਕੇ ਦਾ ਜਿਹੜਾ ਪਿੰਡ ਹੈ, ਦਯਾਨੰਦ ਹਸਪਤਾਲ ਦੇ ਵਿੱਚ ਜਿਸ ਜ਼ਿੰਮੀਦਾਰ ਨੇ ਆਤਮ ਹੱਤਿਆ ਅਟੈਂਪਟ ਕੀਤੀ ਸੀ। ਉਸ ਦੇ ਨਾਲ ਵੀ ਇਹ ਸੇਮ ਦੁਰਘਟਨਾ ਹੋਈ ਹੈ। ਆੜ੍ਹਤੀਆਂ ਤੋਂ ਬਿਨਾ ਜ਼ਿੰਮੀਦਾਰਾ ਚੱਲ ਨਹੀਂ ਸਕਦਾ। ਪਰ ਜਿਹੜੇ ਚੰਦ ਬੇਈਮਾਨ ਆੜ੍ਹਤੀਏ ਹਨ, ਉਨ੍ਹਾਂ ਤੇ ਚੈੱਕ ਰੱਖਣ ਦੀ ਲੋੜ ਹੈ। ਮੈਂ ਮਤਾ ਲੈ ਕੇ ਆਇਆ ਹਾਂ ਅਤੇ ਇਹ ਕਿਸਾਨੀ ਨਾਲ ਰਿਲੇਟਿਡ ਹੈ। ਪਰ ਪਹਿਲਾਂ ਆਪਣੀ ਪੀੜ੍ਹੀ ਹੇਠ ਸੋਟਾ ਸਰਕਾਰ ਵਾਲਿਆਂ ਨੂੰ ਜ਼ਰੂਰ ਫੇਰਨਾ ਚਾਹੀਦਾ ਹੈ ਕਿ ਅਸੀਂ ਕੀ ਕਰ ਰਹੇ ਹਾਂ? ਪਹਿਲਾਂ ਅਸੀਂ ਤਾਂ ਇਮਾਨਦਾਰੀ ਰੱਖ ਲਈਏ, ਫਿਰ ਸੈਂਟਰ ਸਰਕਾਰ ਵਾਲਿਆਂ ਨੂੰ ਕਹਾਂਗੇ ਕਿ ਅਸੀਂ ਤਾਂ ਇਮਾਨਦਾਰ ਹੋ ਗਏ ਹੁਣ ਤੁਸੀਂ ਵੀ ਕੁਝ ਕਿਸਾਨੀ ਬਾਰੇ ਸੋਚੋ। ਲੁਧਿਆਣੇ ਦੇ ਵਿੱਚ ਲਾਡੂਵਾਲ ਦੇ ਨੇੜੇ Centre State Farm Corporation ਸਾਲ 1971 ਵਿੱਚ ਕੇਂਦਰ ਸਰਕਾਰ ਦਾ ਇੱਕ ਮਹਿਕਮਾ ਸੀ, ਉਥੇ 2800 ਏਕੜ ਦਾ ਫਾਰਮ ਸੀ ਜਿਹੜਾ 80% ਆਲੂਆਂ ਤੇ ਕਣਕ ਦਾ ਸਟੈਂਡਰਡ ਦਾ

ਬੀਜ ਤਿਆਰ ਕਰਦਾ ਸੀ ਜੋ ਕੇ ਸੁਧਰੇ ਹੋਏ ਬੀਜ ਤਿਆਰ ਕਰਦਾ ਸੀ, ਜਦੋਂ ਸਤਿਕਾਰਯੋਗ ** ** ਸਾਹਿਬ ਦੀ ਸਰਕਾਰ ਆਈ ਤੇ ਐਗਰੀਮੈਂਟ ਕੈਂਸਲ ਕਰਕੇ ਸਰਕਾਰ ਨੇ ਇਹ 2800 ਏਕੜ ਜ਼ਮੀਨ ਆਪਣੇ ਕਬਜ਼ੇ ਵਿੱਚ ਕਰ ਲਈ। ਇਸ ਲਈ ਮੈਂ ਸਰਕਾਰ ਵਾਲਿਆਂ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ।

ਮਾਨਯੋਗ ਸਪੀਕਰ : ਇਹ ਨਾਮ ** ਐਕਸਪੰਜ ਕਰ ਦੇਣਾ।

ਸਰਦਾਰ ਸਿਮਰਜੀਤ ਸਿੰਘ ਬੈਂਸ : ਸਪੀਕਰ ਸਾਹਿਬ, ਇਹ ਬੜਾ ਅਹਿਮ ਮੁੱਦਾ ਹੈ, ਮੈਂ 2 ਮਿੰਟ ਵਿੱਚ conclude ਕਰਨ ਲੱਗਾ ਹਾਂ। ਗੱਲ ਤਾਂ ਬੜੀ ਲੰਬੀ ਹੈ। ਇਸ ਵਿੱਚੋਂ ਕੁਝ ਜ਼ਮੀਨ ਪੀ.ਏ.ਯੂ. ਨੂੰ, ਕੁਝ ਪੁਲਿਸ ਵਿਭਾਗ ਨੂੰ, ਬਾਕੀ ਦੀ ਜ਼ਮੀਨ ਜਿਹੜੀ 300 ਏਕੜ ਦੇ ਕਰੀਬ ਸੀ, ਉਹ ਏਅਰਟੈੱਲ ਕੰਪਨੀ ਦੇ ਮਾਲਕ ਮਿੱਤਲ ਸਾਹਿਬ ਨੂੰ ਦੇ ਦਿੱਤੀ ਗਈ ਜਿਹੜੇ ਕਿ ਸਤਿਕਾਰਯੋਗ ਡਿਪਟੀ ਸੀ.ਐਮ. ਸਾਹਿਬ ਦੇ ਪਰਮ ਮਿੱਤਰ ਹਨ। ਮੇਰੇ ਕੋਲ ਇਹ ਐਗਰੀਮੈਂਟ ਦੀ ਕਾਪੀ ਹੈ ਜਿਹੜਾ ਕਿ ਏਅਰਟੈੱਲ ਕੰਪਨੀ ਦੇ ਮਾਲਕ ਮਿੱਤਲ ਸਾਹਿਬ ਦੇ ਨਾਲ ਹੋਇਆ। ਇਸ ਦੀਆਂ ਸ਼ਰਤਾਂ ਕਰਾਪ ਡਾਈਵਰਸੀਫਿਕੇਸ਼ਨ ਭਾਵ ਫਸਲੀ ਵਿਭਿੰਨਤਾ ਦੀਆਂ ਹੈ। ਕਿਹੜੀ ਫਸਲੀ ਵਿਭਿੰਨਤਾ ਹੋਈ ਹੈ? ਇਸ ਐਗਰੀਮੈਂਟ ਵਿੱਚ ਕਲਾਜ਼ ਹੈ....

ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਇਹ ਕਲੀਅਰ ਕਰ ਦਿਉ ਕਿ ਕਿਹੜੇ ਮਿੱਤਲ ਸਾਹਿਬ ਹਨ।

ਮਾਨਯੋਗ ਸਪੀਕਰ : ਨਹੀਂ ਜੀ, Please address the Chair. Bains ji, you are wasting your time.

ਸਰਦਾਰ ਸਿਮਰਜੀਤ ਸਿੰਘ ਬੈਂਸ : ਇਹ ਏਅਰਟੈੱਲ ਦੇ ਮਾਲਕ ਰਾਕੇਸ਼ ਭਾਰਤੀ ਮਿੱਤਲ ਹਨ। ਤੁਸੀਂ ਏਅਰਟੈੱਲ ਦੇ ਮਾਲਕ ਨਹੀਂ ਹੋ, ਤੁਸੀਂ ਤਾਂ ਸਾਡੇ ਮੰਤਰੀ ਹੋ। ਸੋ, 300 ਏਕੜ ਜਗ੍ਹਾ ਦਿੱਤੀ ਗਈ ਅਤੇ ਇਕਰਾਰਨਾਮੇ ਵਿੱਚ ਸ਼ਰਤਾਂ 'ਬੇਬੀ ਕਾਰਨ' ਦੇ ਨਾਂ ਤੇ ਕਰਾਪ ਡਾਈਵਰਸੀਫਿਕੇਸ਼ਨ ਅਤੇ ਮਜ਼ਦੂਰਾਂ ਤੇ ਕਿਸਾਨਾਂ ਨੂੰ ਰੁਜ਼ਗਾਰ ਦੇਣ ਦੀਆਂ ਸਨ। ਅਖੀਰਲੀ ਸ਼ਰਤ ਲਿਖੀ ਗਈ ਕਿ ਤੁਸੀਂ ਉਥੇ ਇਨਫਰਾਸਟ੍ਰੱਕਚਰ ਕਾਇਮ ਨਹੀਂ ਕਰਨਾ। ਸਪੀਕਰ ਸਾਹਿਬ,

---

**Not recorded as ordered by the Chair.

[ਸਰਦਾਰ ਸਿਮਰਜੀਤ ਸਿੰਘ ਬੈਂਸ]

ਮੈਂ ਤੁਹਾਡੇ ਜ਼ਰੀਏ ਸਤਿਕਾਰਯੋਗ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿਉਂਕਿ ਰਾਕੇਸ਼ ਭਾਰਤੀ ਮਿੱਤਲ ਡਿਪਟੀ ਸੀ.ਐਮ. ਸਾਹਿਬ ਦਾ ਬੜਾ ਕਰੀਬੀ ਦੋਸਤ ਹੈ। 300 ਏਕੜ ਦੀ ਜਗ੍ਹਾ ਤੇ 400 ਏਕੜ ਤੇ ਉਸ ਨੇ ਕਬਜ਼ਾ ਕੀਤਾ ਹੈ। ਮੇਰੇ ਕੋਲ ਨਕਸ਼ਾ ਵੀ ਨਾਲ ਹੈ। ਮੁਰੱਬਾ ਨੰਬਰ ਦੀ ਲਿਸਟ ਮੈਂ ਨਾਲ ਲੈ ਕੇ ਆਇਆ ਹਾਂ। (ਕੁਝ ਕਾਗਜ਼ ਲਹਿਰਾਉਂਦੇ ਹੋਏ) 300 ਏਕੜ ਵਿੱਚ ਜਿਹੜੇ ਮੁਰੱਬਾ ਨੰਬਰ ਐਗਰੀਮੈਂਟ ਤਹਿਤ ਉਸ ਨੂੰ ਦਿੱਤੇ ਗਏ ਹਨ, ਉਹ ਮੇਰੇ ਕੋਲ ਹਨ।

ਮਾਨਯੋਗ ਸਪੀਕਰ : ਸਦਨ ਵਿੱਚ ਪੇਪਰ ਨਹੀਂ ਦਿਖਾਉਣੇ। ਤੁਸੀਂ ਪੇਪਰ ਨਹੀਂ ਦਿਖਾ ਸਕਦੇ। You cannot show the papers.

ਸਰਦਾਰ ਸਿਮਰਜੀਤ ਸਿੰਘ ਬੈਂਸ : ਜਿਹੜਾ ਸਤਿਕਾਰਯੋਗ ਮਿੱਤਲ ਸਾਹਿਬ ਨੇ 100 ਏਕੜ ਤੇ ਨਾਜਾਇਜ਼ ਕਬਜ਼ਾ ਕੀਤਾ, ਉਹ ਇਸ ਵਿੱਚ ਦਰਜ ਹੈ। ਮੇਰੀ ਇਹ ਨਿਮਰਤਾ ਸਹਿਤ ਬੇਨਤੀ ਹੈ ਕਿ.....

ਸਰਦਾਰ ਮਨਪ੍ਰੀਤ ਸਿੰਘ ਇਆਲੀ : ਇਹ ਜਿਹੜਾ ਐਗਰੀਮੈਂਟ ਹੋਇਆ ਹੈ, ਇਹ ਕਿਸ ਸਾਲ ਹੋਇਆ ਹੈ?

ਸਰਦਾਰ ਸਿਮਰਜੀਤ ਸਿੰਘ ਬੈਂਸ : ਇਹ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਵੇਲੇ ਦਿੱਤਾ ਗਿਆ ਸੀ। (ਵਿਘਨ) (ਸ਼ੋਰ) ਮੈਂ ਸਭ ਕੁਝ ਦੱਸਣ ਲੱਗਾ ਹਾਂ।

Mr. Speaker : Please conclude now. (Noises)

ਸਰਦਾਰ ਸਿਮਰਜੀਤ ਸਿੰਘ ਬੈਂਸ : ਇਹ ਸਿਰਫ ਚਾਰ ਸਾਲ ਵਾਸਤੇ ਦਿੱਤਾ ਗਿਆ ਸੀ ਅਤੇ ਅੱਜ ਤੱਕ ਐਗਰੀਮੈਂਟ ਰੀਨਿਊ ਹੀ ਨਹੀਂ ਹੋਇਆ। ਸਾਲ 2005 ਵਿੱਚ ਐਗਰੀਮੈਂਟ ਸਿਰਫ 4 ਸਾਲ ਵਾਸਤੇ ਦਿੱਤਾ ਗਿਆ ਸੀ।

Mr. Speaker : Please conclude now. (Noises)

ਸਰਦਾਰ ਸਿਮਰਜੀਤ ਸਿੰਘ ਬੈਂਸ : ਹਾਂ ਜੀ, ਕਨਕਲੂਡ ਕਰਨ ਲੱਗਾ ਹਾਂ। ਮੇਰੀ ਆਦਰ ਸਹਿਤ ਬੇਨਤੀ ਹੈ ਕਿ ਆਪਣੀ ਪੀੜ੍ਹੀ ਹੇਠ ਸੋਟਾ ਫੇਰੀਏ। ਇਹ ਜਿਹੜਾ ਪੈਡੀ ਸੀਜ਼ਨ ਆ ਗਿਆ ਹੈ, ਇਸ ਵਾਸਤੇ 28 ਕਰੋੜ 73 ਲੱਖ ਬੋਰੀ ਖਰੀਦੀ ਗਈ। ਬੀ.ਐਸ.ਆਈ. ਦਾ 670 ਗਰਾਮ ਦਾ ਸਟੈਂਡਰਡ ਵਜ਼ਨ ਹੈ। ਸਪੀਕਰ ਸਾਹਿਬ, ਮੈਂ ਅੱਜ ਆਪਣੇ ਕੋਲ ਬੋਰੀ ਲੈ ਕੇ ਆਇਆ ਹਾਂ,

ਜਿਹੜੀ ਕਿ 100 ਗਰਾਮ ਘੱਟ ਹੈ ਅਤੇ 7 ਰੁਪਏ 30 ਪੈਸੇ ਇੱਕ ਬੋਰੀ ਪਿੱਛੇ ਰਗੜਾ ਹੈ। (ਆਪੋਜ਼ੀਸ਼ਨ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਬਾਰਦਾਨੇ ਵਿੱਚ 270 ਕਰੋੜ ਰੁਪਏ ਦਾ ਘਪਲਾ। (ਸਦਨ ਵਿੱਚ ਬੋਰੀ ਲਹਿਰਾਉਂਦੇ ਹੋਏ) ਇਹ ਮੇਰੇ ਕੋਲ ਬੋਰੀ ਪਈ ਹੈ, ਮੈਂ ਬੰਨ੍ਹ ਕੇ ਲੈ ਕੇ ਆਇਆ ਹਾਂ। ਇਸ ਨੂੰ ਚੈੱਕ ਕਰ ਲਉ ....

Mr. Speaker : Please sit down, Nothing should be recorded now. ਜਥੇਦਾਰ ਤੋਤਾ ਸਿੰਘ ਜੀ। Please sit down now.

WALKOUT

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਹਾਜ਼ਰ ਮੈਂਬਰਜ਼ ਅਤੇ ਅਜਾਦ ਮੈਂਬਰ ਸ਼੍ਰੀ ਰਜਨੀਸ਼ ਕੁਮਾਰ, ਸਰਦਾਰ ਤੋਤਾ ਸਿੰਘ, ਖੇਤੀਬਾੜੀ ਮੰਤਰੀ ਨੂੰ ਸਰਕਾਰੀ ਮਤੇ ਸਬੰਧੀ ਆਪਣਾ ਪੱਖ ਰੱਖਣ ਲਈ ਦਿੱਤੇ ਗਏ ਸਮੇਂ ਦੇ ਵਿਰੋਧ ਵਿੱਚ ਸਰਕਾਰ ਵਿਰੋਧੀ ** ** ਨਾਅਰੇ ਮਾਰਦੇ ਹੋਏ ਸਦਨ ਵਿੱਚੋਂ ਵਾਕ ਆਊਟ ਕਰ ਗਏ।)

OFFICIAL RESOLUTION REG. TAKING UP THE MATTER WITH THE CENTRAL GOVERNMENT TO ENSURE FOR THE FARMERS, REMUNERATIVE PRICES, APPROPRIATE ARRANGEMENTS FOR PROCUREMENT OF CROPS, PROVIDING NECESSARY QUALITY INPUTS AT AFFORDABLE RATES AND INSURANCE OF CROPS *(Resumption)*

Parliamentary Affairs Minister : Speaker Sahib, It is very shameful that they are withdrawing from the House when the Minister is just going to give reply.

(ਇਸ ਸਮੇਂ ਅਜ਼ਾਦ ਮੈਂਬਰ ਸਰਦਾਰ ਬਲਵਿੰਦਰ ਸਿੰਘ ਬੈਂਸ ਅਤੇ

** Expunged as ordered by the Chair.

[Parliamentary Affairs Minister]

ਸਰਦਾਰ ਸਿਮਰਜੀਤ ਸਿੰਘ ਬੈਂਸ ਆਪਣੇ ਹੱਥਾਂ ਵਿੱਚ ਪੋਸਟਰ ਫੜੀ ਲਹਿਰਾ ਰਹੇ ਸਨ ਅਤੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

Mr. Speaker : Don't show the papers. ਬੈਂਸ ਸਾਹਿਬ, ਪੇਪਰ ਨਹੀਂ ਦਿਖਾਉਣੇ।

(ਇਸ ਸਮੇਂ ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਅਤੇ ਸੈਨੀਟੇਸ਼ਨ ਤੇ ਰੱਖਿਆ ਸੇਵਾਵਾਂ ਭਲਾਈ, ਸਰਦਾਰ ਵਿਰਸਾ ਸਿੰਘ ਵਲਟੋਹਾ ਅਤੇ ਸਰਦਾਰ ਮਨਪ੍ਰੀਤ ਸਿੰਘ ਇਯਾਲੀ, ਮੈਂਬਰ ਬਿਨਾਂ ਇਜਾਜ਼ਤ ਖੜ੍ਹੇ ਹੋ ਕੇ ਬੋਲ ਰਹੇ ਸਨ।)

Mr. Speaker : Nothing should be recorded. ਜੋ ਵੀ ਮੇਰੀ ਇਜਾਜ਼ਤ ਤੋਂ ਬਿਨਾਂ ਬੋਲਿਆ ਜਾ ਰਿਹਾ ਹੈ, ਉਹ ਐਕਸਪੰਜ ਕਰ ਦਿੱਤਾ ਜਾਵੇ। ਸਰਦਾਰ ਤੋਤਾ ਸਿੰਘ ਜੀ।

ਖੇਤੀਬਾੜੀ ਮੰਤਰੀ (ਸਰਦਾਰ ਤੋਤਾ ਸਿੰਘ) : ਸਪੀਕਰ ਸਾਹਿਬ, ਪਹਿਲਾਂ ਇਨ੍ਹਾਂ (ਬੈਂਸ ਭਰਾਵਾਂ) ਨੂੰ ਤਾਂ ਹਟਾਓ।

WALK OUT

(ਇਸ ਸਮੇਂ ਅਜ਼ਾਦ ਮੈਂਬਰ ਸਰਦਾਰ ਬਲਵਿੰਦਰ ਸਿੰਘ ਬੈਂਸ ਅਤੇ ਸਰਦਾਰ ਸਿਮਰਜੀਤ ਸਿੰਘ ਬੈਂਸ ਆਪਣੇ ਹੱਥਾਂ ਵਿੱਚ ਫੜੇ ਪੋਸਟਰ ਲਹਿਰਾਉਂਦੇ ਹੋਏ ਅਤੇ ਸਰਕਾਰ ਵਿਰੋਧੀ ** ** ਨਾਅਰੇ ਲਗਾਉਂਦੇ ਸਦਨ ਵਿੱਚੋਂ ਵਾਕ-ਆਊਟ ਕਰ ਗਏ।

OFFICIAL RESOLUTION REG. TAKING UP THE MATTER WITH THE CENTRAL GOVERNMENT TO ENSURE FOR THE FARMERS, REMUNERATIVE PRICES, APPROPRIATE ARRANGEMENTS FOR PROCUREMENT OF CROPS, PROVIDING NECESSARY QUALITY INPUTS AT AFFORDABLE RATES AND INSURANCE OF CROPS *(Resumption)*

ਖੇਤੀਬਾੜੀ ਮੰਤਰੀ (ਸਰਦਾਰ ਤੋਤਾ ਸਿੰਘ): ਮਾਨਯੋਗ ਸਪੀਕਰ ਸਾਹਿਬ.....

** Not recorded as ordered by the Chair.

ਮਾਨਯੋਗ ਸਪੀਕਰ : ਹਾਂ ਜੀ, ਮਿੱਤਲ ਸਾਹਿਬ।

ਸੰਸਦੀ ਮਾਮਲੇ ਮੰਤਰੀ : ਸਪੀਕਰ ਸਾਹਿਬ, ਬਹੁਤ ਅੱਛੇ ਮਾਹੌਲ ਵਿੱਚ ਸਭ ਨੇ ਆਪਣੀਆਂ ਆਪਣੀਆਂ ਗੱਲਾਂ ਕੀਤੀਆਂ ਹਨ। ਮੈਂ ਸੋਮਵਾਰ ਦੀ ਅਖਬਾਰ ਪੜ੍ਹ ਰਿਹਾ ਸੀ। ਉਸ ਵਿੱਚ ਇਨ੍ਹਾਂ ਨੇ ਕਿਹਾ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਸੀ ਕਿ ਅਸੀਂ ਦਿੱਲੀ ਵਿੱਚ ਇਕੱਠੇ ਹੋਏ ਸੀ। ਉਥੇ ਇਹ ਫੈਸਲਾ ਕੀਤਾ ਕਿ ਜਾ ਕੇ ਐਡਜਰਨਮੈਂਟ ਮੋਸ਼ਨ ਦੇਣੀ ਹੈ। ਇਨ੍ਹਾਂ ਦੀ ਐਡਜਰਨਮੈਂਟ ਮੋਸ਼ਨ ਦੀ ਬਜਾਏ ਪਹਿਲਾਂ ਅਸੀਂ ਰੈਜੋਲਿਊਸ਼ਨ ਦੇ ਦਿੱਤਾ ਅਤੇ ਇਸ ਉਤੇ ਤੁਸੀਂ ਡਿਬੇਟ ਅਲਾਓ ਕਰ ਦਿੱਤੀ। ਪਹਿਲਾਂ ਤੁਸੀਂ ਸ਼ੁਰੂ ਵਿੱਚ ਹੀ ਇਹ ਗੱਲ ਕਹੀ ਸੀ ਅਤੇ ਮੈਂ ਵੀ ਇਹ ਦੁਹਰਾਉਂਦਾ ਹਾਂ ਕਿ ਜਦੋਂ ਵੀ ਕੋਈ ਡਿਬੇਟ ਹੋਵੇ ਤਾਂ ਸਾਰਿਆਂ ਨੂੰ ਪਾਰਟੀਸੀਪੇਟ ਕਰਨਾ ਚਾਹੀਦਾ ਹੈ। ਹੁਣ ਇਹ ਗੱਲ ਕਹਿਣਾ ਕਿ ਅਸੀਂ ਤੁਹਾਡੇ ਵਿਚਾਰ ਸੁਣਨੇ ਨਹੀਂ, this is unparliamentary and undemocratic. This is not the right of anybody to state anything and moreover Speaker Sahib, if an allegation has been made against any particular individual and that too against the Minister. ਫਿਰ ਮੰਤਰੀ ਨੂੰ ਕਿਹਾ ਜਾਵੇ ਕਿ ਤੁਹਾਨੂੰ ਜਵਾਬ ਦੇਣ ਦਾ ਹੱਕ ਹੀ ਨਹੀਂ ਹੈ, ਇਹ ਕਿਸੇ ਪਾਰਲੀਮੈਂਟਰੀ ਕਾਇਦੇ-ਕਾਨੂੰਨ ਵਿੱਚ ਨਹੀਂ ਲਿਖਿਆ ਹੋਇਆ।

Mr. Speaker : I agree with you. The Minister has the right to speak.

ਸੰਸਦੀ ਮਾਮਲੇ ਮੰਤਰੀ : ਜੇਕਰ ਕਿਸੇ ਮੰਤਰੀ ਦੀ ਗੈਰਹਾਜ਼ਰੀ ਵਿੱਚ ਵੀ ਕਿਸੇ ਨੇ ਕੁਝ ਕਹਿ ਦਿੱਤਾ ਤਾਂ even then he can come and rise on his seat and request the Chair that he wants to make a statement. ਉਹ ਕਹਿ ਸਕਦੇ ਹਨ ਕਿ ਮੇਰੇ ਬਾਰੇ ਗੱਲਾਂ ਕਹੀਆਂ ਗਈਆਂ ਹਨ। ਜੇਕਰ ਡਿਬੇਟ ਨਾ ਵੀ ਹੁੰਦੀ even then the Minister has the right to speak. ਜਦੋਂ ਮੰਤਰੀ ਜੀ ਬੋਲਣ ਲੱਗੇ ਤਾਂ ਉਹ ਵਾਕ-ਆਊਟ ਕਰ ਗਏ। ਤੁਸੀਂ ਇਨ੍ਹਾਂ ਨੂੰ ਇੰਨਾ ਸਾਰਾ ਖੁੱਲ੍ਹਾ ਟਾਈਮ ਬੋਲਣ ਲਈ ਦਿੱਤਾ ਹੈ। ਜਿੰਨਾ ਚਿਰ ਉਹ ਬੋਲੇ ਹਨ, ਕਿਸੇ ਨੇ ਕੋਈ ਆਬਜੈਕਸ਼ਨ ਨਹੀਂ ਕੀਤਾ। ਤੁਸੀਂ ਸਾਰਾ ਕੁਝ ਸੁਣਿਆ,

---

** **Not recorded as ordered by the Chair.

[ਸੰਸਦੀ ਮਾਮਲੇ ਮੰਤਰੀ]

ਇਰਰੈਲੇਵੈਂਟ ਵੀ ਸੁਣਿਆ ਹੈ, ਰੈਲੇਵੈਂਟ ਤਾਂ ਉਨ੍ਹਾਂ ਕੁਝ ਵੀ ਨਹੀਂ ਬੋਲਿਆ। ਮੈਂ ਪਾਰਟੀਕੁਲਰੀ ਰਿਕੁਐਸਟ ਕੀਤੀ ਸੀ ਪ੍ਰੰਤੂ ਉਨ੍ਹਾਂ ਨੇ ਕੋਈ ਵੀ ਸੁਜੈਸ਼ਨ ਨਹੀਂ ਦਿੱਤੀ। ਜੇਕਰ ਆਪਾਂ ਕਿਸਾਨ ਦੇ ਹਿਤੈਸ਼ੀ ਹਾਂ ਤਾਂ ਆਪਾਂ ਨੂੰ ਪਾਰਟੀ ਲਾਈਨ ਤੋਂ ਉਪਰ ਉਠ ਕੇ ਜ਼ਰੂਰ ਪੌਜੇਟਿਵ ਸੁਜੈਸ਼ਨਜ਼ ਦੇਣੇ ਚਾਹੀਦੇ ਹਨ। ਰਾਣਾ ਗੁਰਜੀਤ ਜੀ ਨੇ ਤਾਂ ਕੁਝ ਸੁਜੈਸ਼ਨਾਂ ਦਿੱਤੀਆਂ ਹਨ। ਬਾਕੀਆਂ ਨੇ ਤਾਂ ਸਿਵਾਏ ** ** ਤੋਂ ਕੋਈ ਸੁਜੈਸ਼ਨ ਨਹੀਂ ਦਿੱਤੀ। ਸੋ, ਮੈਂ ਸਮਝਦਾ ਹਾਂ ਕਿ ਜਦੋਂ ਹੁਣ ਪਤਾ ਹੈ ਕਿ ਸਰਦਾਰ ਤੋਤਾ ਸਿੰਘ ਜੀ ਨੇ ਜਵਾਬ ਦੇਣਾ ਹੈ ਤੇ ਮੁੱਖ ਮੰਤਰੀ ਸਾਹਿਬ ਨੇ ਬੋਲਣਾ ਹੈ ਤਾਂ ਉਨ੍ਹਾਂ ਅੰਦਰ ਸੁਣਨ ਲਈ ਪੇਸ਼ੈਂਸ ਨਹੀਂ ਹੈ । ਉਨ੍ਹਾਂ ਨੂੰ ਪਤਾ ਹੈ ਕਿ ਹੁਣ ਅਸਲੀ ਤੱਥ ਸਾਹਮਣੇ ਆਉਣੇ ਹਨ, ਫੈਕਟਸ ਸਾਹਮਣੇ ਆਉਣੇ ਹਨ। Now the facts will come and they can't face the facts. ਇਹ ਜਿਹੜੀ ਪ੍ਰੈਕਟਿਸ ਹੈ ਕਿ ਆਪਣੀ ਬੋਲ ਕੇ ਚਲੇ ਜਾਣਾ, ਇਹ ਉਹੀ ਪ੍ਰੈਕਟਿਸ ਰਿਪੀਟ ਹੋ ਰਹੀ ਹੈ ਜਿਹੜੀ ਲੋਕ ਸਭਾ ਵਿੱਚ ਹੋਈ ਤੇ ਰਾਜ ਸਭਾ ਵਿੱਚ ਹੋਈ । ਮੰਤਰੀਆਂ ਦੇ ਖਿਲਾਫ ਐਲੀਗੇਸ਼ਨਜ਼ ਲਗਾ ਦਿੱਤੇ ਕਿ ਉਨ੍ਹਾਂ ਨੂੰ ਡਿਸਮਿਸ ਕਰ ਦਿਓ, ਅਸਤੀਫੇ ਲੈ ਲਓ ।

ਮਾਨਯੋਗ ਸਪੀਕਰ : ਮਿੱਤਲ ਸਾਹਿਬ, ਮੈਂ ਤਾਂ ਬਹੁਤ ਟਰਾਈ ਕੀਤੀ ਹੈ ।

ਸੰਸਦੀ ਮਾਮਲੇ ਮੰਤਰੀ : ਇਨ੍ਹਾਂ ਨੇ ਚਾਰਜ ਲਗਾਇਆ ਹੈ । Let him reply. ਮੈਂ ਕਹਿੰਦਾ ਹਾਂ ਕਿ ਇਸ ਤਰ੍ਹਾਂ ਦਾ ਜਿਹੜਾ ਐਟੀਚਿਊਡ ਹੈ, ਇਸ ਦੀ ਜ਼ਰੂਰ ਨਿੰਦਾ ਹੋਣੀ ਚਾਹੀਦੀ ਹੈ ਤੇ ਮੈਂ ਇਸ ਦੀ ਨਿੰਦਾ ਕਰਦਾ ਹਾਂ ।

ਮਾਨਯੋਗ ਸਪੀਕਰ : ਮੈਂ ਇਸ ਐਟੀਚਿਊਡ ਨੂੰ ਕਿਵੇਂ ਰੋਕ ਸਕਦਾ ਹਾਂ ।

ਸੰਸਦੀ ਮਾਮਲੇ ਮੰਤਰੀ : ਮੈਂ ਰੋਕਣ ਵਾਸਤੇ ਨਹੀਂ ਕਿਹਾ । ਮੈਂ ਕਹਿੰਦਾ ਹਾਂ ਕਿ ਮੈਂ ਇਹ ਗੱਲ ਰਿਕਾਰਡ ਤੇ ਲਿਆ ਰਿਹਾ ਹਾਂ ਕਿ ਮੈਂ ਇਸ ਗੱਲ ਦੀ ਨਿੰਦਾ ਕਰਦਾ ਹਾਂ ।

ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਸ਼੍ਰੀ ਸੁਰਜੀਤ ਕੁਮਾਰ ਜਿਆਣੀ) : ਸਪੀਕਰ ਸਾਹਿਬ, ਅਗਲੀ ਵਾਰ ਅਸੀਂ ਵੀ ਨਹੀਂ ਬੋਲਣ ਦਿਆਂਗੇ ।

** Expunged as ordered by the Chair.

Mr. Speaker : No, No, That should not be done in democracy. We are living in democracy.

Parliamentary Affairs Minister : I agree with your views.

ਮਾਨਯੋਗ ਸਪੀਕਰ : ਮੈਂ ਤਾਂ ਆਪਣੇ ਵੱਲੋਂ ਪੂਰੀ ਟਰਾਈ ਕੀਤੀ ਹੈ ।

ਸੰਸਦੀ ਮਾਮਲੇ ਮੰਤਰੀ : ਅਸੀਂ ਉਨ੍ਹਾਂ ਦੇ ਵਿਚਾਰਾਂ ਨਾਲ ਸਹਿਮਤ ਹੋਈਏ ਜਾਂ ਨਾ ਹੋਈਏ ਪਰ ਅਸੀਂ ਉਨ੍ਹਾਂ ਨੂੰ ਬੈਠ ਕੇ ਸੁਣਿਆ ਤਾਂ ਹੈ ।

ਮਾਨਯੋਗ ਸਪੀਕਰ : ਮੈਂ ਤਾਂ ਆਪਣੇ ਵੱਲੋਂ ਬੈਸਟ ਟਰਾਈ ਕੀਤੀ ਹੈ ਪਰ ਅਖੀਰ ਤੇ ਉਨ੍ਹਾਂ ਨੇ ਸਰਦਾਰ ਤੋਤਾ ਸਿੰਘ ਜੀ ਦਾ ਬਹਾਨਾ ਲੈ ਲਿਆ । ਮੈਂ ਕੀ ਕਰ ਸਕਦਾ ਹਾਂ ? We are living in Democracy.

ਸਿੱਖਿਆ ਮੰਤਰੀ (ਡਾਕਟਰ ਦਲਜੀਤ ਸਿੰਘ ਚੀਮਾ) : ਸੀ. ਐਮ. ਸਾਹਿਬ ਨੇ ਜਵਾਬ ਦੇਣਾ ਸੀ ਤੇ ਆਪੋਜੀਸ਼ਨ ਬੈਂਚਿਜ ਵਾਲੇ ਚਲੇ ਗਏ ਹਨ।

Mr. Speaker : Minister has his own right. ਇਹ ਕਹਿਣਾ ਕਿ ਅਸੀਂ ਫਲਾਣੇ ਮਨਿਸਟਰ ਨੂੰ ਬੋਲਣ ਨਹੀਂ ਦੇਣਾ, this is not the way.

ਸਿੱਖਿਆ ਮੰਤਰੀ : ਘੱਟੋ ਘੱਟ ਉਨ੍ਹਾਂ ਨੂੰ ਸੀ. ਐਮ. ਸਾਹਿਬ ਨੂੰ ਤਾਂ ਬੈਠ ਕੇ ਸੁਣਨਾ ਚਾਹੀਦਾ ਹੈ ।

ਮਾਨਯੋਗ ਸਪੀਕਰ : ਮੈਂ ਤਾਂ ਉਨ੍ਹਾਂ ਨੂੰ ਬੇਨਤੀ ਹੀ ਕਰ ਸਕਦਾ ਹਾਂ ।

ਸਿੱਖਿਆ ਮੰਤਰੀ : ਫਿਰ ਉਹ ਸੀ. ਐਮ. ਸਾਹਿਬ ਨੂੰ ਸਵੇਰੇ ਸੁਣਨ । ਇਨ੍ਹਾਂ ਨੂੰ (ਆਪੋਜੀਸ਼ਨ ਬੈਂਚਿਜ ਵਾਲਿਆਂ ਨੂੰ) ਸੁਣਨਾ ਚਾਹੀਦਾ ਹੈ ।

ਸਿੰਜਾਈ ਮੰਤਰੀ (ਸਰਦਾਰ ਸ਼ਰਨਜੀਤ ਸਿੰਘ ਢਿੱਲੋਂ) : ਸੀ. ਐਮ. ਸਾਹਿਬ ਨੂੰ ਸਵੇਰੇ ਬੋਲਣ ਲਈ ਸਮਾਂ ਦੇਣਾ ਜੀ। ਜਦੋਂ ਉਹ ਇੱਥੇ ਬੈਠੇ ਹੋਣਗੇ, ਇਸ ਲਈ ਸੀ. ਐਮ. ਸਾਹਿਬ ਨੂੰ ਕੱਲ੍ਹ ਨੂੰ ਬੁਲਾਓ ।

ਮਾਨਯੋਗ ਸਪੀਕਰ : ਨਹੀਂ ਜੀ, ਅੱਜ ਦਾ ਬਿਜ਼ਨਸ ਹੋਰ ਵੀ ਹੈ ਤੇ ਉਹ ਪਾਸ ਕਰਨ ਵਾਲਾ ਹੈ । ਹਾਲੇ ਤਾਂ ਮੈਂ ਸੀ. ਐਮ. ਸਾਹਿਬ ਦੇ ਬੋਲਣ ਉਪਰੰਤ ਹੋਰ ਬਿਜ਼ਨਸ ਕਰਨਾ ਹੈ ।

ਸਿੱਖਿਆ ਮੰਤਰੀ : ਜੇ ਇਨ੍ਹਾਂ ਨੇ ਸੁਣਨਾ ਹੀ ਨਹੀਂ, ਫਿਰ ਸੀ. ਐਮ. ਸਾਹਿਬ ਦੀ ਸਪੀਚ ਲਾਈਵ ਟੈਲੀਕਾਸਟ ਕਰਵਾਈ ਜਾਵੇ ।

ਸਿੰਜਾਈ ਮੰਤਰੀ : ਸਪੀਕਰ ਸਾਹਿਬ, ਸੀ. ਐਮ. ਸਾਹਿਬ ਦੀ ਸਪੀਚ ਲਾਈਵ ਟੈਲੀਕਾਸਟ ਹੋਵੇ ।

ਸਿੱਖਿਆ ਮੰਤਰੀ : ਇਹ ਤਾਂ ਸਾਰਾ ਫਰਾਡ ਹੈ ਕਿ ਆਪਣੀ ਗੱਲ ਕਰਕੇ ਚਲੇ ਜਾਓ ਤੇ ਸੀ. ਐਮ. ਸਾਹਿਬ ਨੂੰ ਨਾ ਸੁਣਿਆ ਜਾਵੇ।

ਮਾਨਯੋਗ ਸਪੀਕਰ : ਇਹ ਤਾਂ ਹਾਊਸ ਦੀ ਮਰਜ਼ੀ ਹੈ ਕਿ ਸੀ. ਐਮ. ਸਾਹਿਬ ਕੱਲ੍ਹ ਬੋਲ ਲੈਣ ।

ਸਿੱਖਿਆ ਮੰਤਰੀ : ਸਪੀਕਰ ਸਾਹਿਬ, ਸੀ. ਐਮ. ਸਾਹਿਬ ਇੱਕ ਲਫਜ਼ ਉਨ੍ਹਾਂ ਵਿਰੁੱਧ ਨਹੀਂ ਬੋਲੇ । ਉਨ੍ਹਾਂ ਨੇ ਇੰਨੇ ਐਲੀਗੇਸ਼ਨ ਲਗਾਏ ਤੇ ਕਿੰਨਾ ਕੁਝ ਗਲਤ ਕਿਹਾ ਹੈ । ਸੀ. ਐਮ. ਸਾਹਿਬ ਨੇ ਅੱਗੋਂ ਇੱਕ ਲਫਜ਼ ਨਹੀਂ ਬੋਲਿਆ। ਸਪੀਕਰ ਸਾਹਿਬ, ਇਸ ਕਰਕੇ ਅਸੀਂ ਚੇਅਰ ਤੋਂ ਆਸ ਕਰਦੇ ਹਾਂ ਕਿ ਇਨਸਾਫ ਵੀ ਹੋਣਾ ਚਾਹੀਦਾ ਹੈ । ਜੇ ਲੀਡਰ ਆਫ ਦਿ ਹਾਊਸ ਦੀ ਉਹ ਗੱਲ ਨਹੀਂ ਸੁਣਦੇ, ਫਿਰ ਸੀ. ਐਮ.ਸਾਹਿਬ ਦੀ ਸਪੀਚ ਕੱਲ੍ਹ ਲਾਈਵ ਟੈਲੀਕਾਸਟ ਕਰਵਾ ਦਿਓ ਜੀ ।

ਮਾਨਯੋਗ ਸਪੀਕਰ : ਆਪਾਂ ਚਾਹੁੰਦੇ ਕੀ ਹਾਂ ?

ਸਿੰਜਾਈ ਮੰਤਰੀ : ਸੀ. ਐਮ. ਸਾਹਿਬ ਦੀ ਸਪੀਚ ਕੱਲ੍ਹ ਨੂੰ ਹੋਵੇ ਤੇ ਸਪੀਚ ਲਾਈਵ ਟੈਲੀਕਾਸਟ ਕੀਤੀ ਜਾਵੇ।

ਸਿੱਖਿਆ ਮੰਤਰੀ : ਸਪੀਕਰ ਸਾਹਿਬ, ਆਪੋਜੀਸ਼ਨ ਬੈਂਚਿਜ ਦੁਆਰਾ ਇਹ ਗਲਤ ਰਵਾਇਤਾਂ ਪਾਈਆਂ ਜਾ ਰਹੀਆਂ ਹਨ। ਜੇ ਉਹ ਚੇਅਰ ਨੂੰ ਭਰੋਸਾ ਦੇ ਕੇ ਬਾਅਦ ਵਿੱਚ ਉਸ ਭਰੋਸੇ ਤੇ ਕਾਇਮ ਨਹੀਂ ਰਹਿੰਦੇ ਅਤੇ ਹਰ ਵਾਰੀ ਇਸੇ ਤਰ੍ਹਾਂ ਡਿਬੇਟ ਵਿੱਚੋ ਛੱਡ ਕੇ ਚਲੇ ਜਾਂਦੇ ਹਨ ਤਾਂ ਇਹ ਕੋਈ ਚੰਗੀ ਰਵਾਇਤ ਨਹੀਂ ਹੈ । ਇਸ ਤੋਂ ਵੱਧ ਹੋਰ ਪੇਸ਼ੈਂਸ ਕੀ ਹੋ ਸਕਦੀ ਹੈ ਕਿ ਸੀ. ਐਮ. ਸਾਹਿਬ ਸਵੇਰ ਤੋਂ ਲੈ ਕੇ ਉਨ੍ਹਾਂ ਦੀ ਖਾਤਰ ਬੈਠੇ ਹਨ ਤੇ ਉਨ੍ਹਾਂ ਦੀ ਗੱਲ ਸੁਣ ਰਹੇ ਹਨ । ਜਦੋਂ ਸੀ.ਐਮ. ਸਾਹਿਬ ਦੇ ਬੋਲਣ ਦਾ ਟਾਈਮ ਆਇਆ ਤਾਂ ਉਹ ਇੰਨੀ ਰਿਸਪੈਕਟ ਵੀ ਲੀਡਰ ਆਫ ਦਿ ਹਾਊਸ ਨੂੰ ਨਹੀਂ ਦੇ ਸਕੇ ਕਿ ਸਾਹਮਣੇ ਬੈਠ ਕੇ ਸੀ. ਐਮ. ਸਾਹਿਬ ਦੀ ਗੱਲ ਹੀ ਸੁਣ ਸਕਣ । ਇਹ ਤਾਂ ਬਹੁਤ ਮਾੜੀ ਗੱਲ ਹੈ।

ਸੰਸਦੀ ਮਾਮਲੇ ਮੰਤਰੀ : ਸਪੀਕਰ ਸਾਹਿਬ, ਮੇਰੀ ਸੁਜੈਸ਼ਨ ਹੈ ਕਿ ਹੁਣ ਸੱਤ ਵਜ ਕੇ ਤਿੰਨ ਮਿੰਟ ਹੋ ਗਏ ਹਨ। ਸਰਦਾਰ ਤੋਤਾ ਸਿੰਘ ਜੀ ਨੂੰ ਹੁਣ ਸੁਣ ਲਓ ਤੇ ਸੀ. ਐਮ. ਸਾਹਿਬ ਦੀ ਸਪੀਚ ਕੱਲ੍ਹ ਨੂੰ ਹੋ ਜਾਵੇ।

ਮਾਨਯੋਗ ਸਪੀਕਰ : ਮੈਂ ਸਮਝਦਾ ਹਾਂ ਕਿ ਸਰਦਾਰ ਤੋਤਾ ਸਿੰਘ ਜੀ ਨੂੰ ਅੱਜ ਬੁਲਾ ਲਿਆ ਜਾਵੇ ਤੇ ਇਸ ਡਿਬੇਟ ਨੂੰ ਇੱਥੇ ਸਸਪੈਂਡ ਕਰਕੇ ਸੀ. ਐਮ. ਸਾਹਿਬ ਕੱਲ੍ਹ ਨੂੰ ਬੋਲ ਲੈਣ । (ਥੰਪਿੰਗ)

ਸੰਸਦੀ ਮਾਮਲੇ ਮੰਤਰੀ : ਸੀ. ਐਮ. ਸਾਹਿਬ ਕੱਲ੍ਹ ਸਵੇਰੇ ਦਸ ਵਜੇ ਬੋਲ ਲੈਣ।

DECISION REGARDING THE POSTPONEMENT ON DISCUSSION ON OFFICIAL RESOLUTION

ਮਾਨਯੋਗ ਸਪੀਕਰ : ਜੇ ਹਾਊਸ ਦੀ ਸਹਿਮਤੀ ਹੋਵੇ ਤਾਂ ਸਰਦਾਰ ਤੋਤਾ ਸਿੰਘ ਜੀ ਦੇ ਭਾਸ਼ਣ ਉਪਰੰਤ ਕਿਸਾਨੀ ਨਾਲ ਸੰਬੰਧਿਤ ਇਸ ਡਿਬੇਟ ਨੂੰ ਇੱਥੇ ਸਸਪੈਂਡ ਕਰ ਲਿਆ ਜਾਵੇ ਤੇ ਇਸ ਸੰਬੰਧੀ ਸੀ. ਐਮ. ਸਾਹਿਬ ਕੱਲ੍ਹ ਸਵੇਰੇ ਬੋਲ ਲੈਣ ।

(**ਅਵਾਜ਼ਾਂ :** ਹਾਂ ਜੀ, ਹਾਂ ਜੀ)

ਮਾਨਯੋਗ ਸਪੀਕਰ : ਨੰਬਰ ਦੋ, ਜਿਹੜੇ ਬਾਕੀ ਦੇ ਬਿਲ ਪਾਸ ਕਰਨੇ ਹਨ, ਉਹ ਸਰਦਾਰ ਤੋਤਾ ਸਿੰਘ ਜੀ ਦੇ ਬੋਲਣ ਤੋਂ ਬਾਅਦ ਪਾਸ ਕਰਵਾਵਾਂਗਾ ਕਿਉਂਕਿ ਉਹ ਜ਼ਰੂਰੀ ਹਨ । ਇਹ ਬਿਲ ਤੁਹਾਡੇ ਵੱਲੋਂ ਹੀ ਹਨ । ਬਿਲ ਅੱਜ ਪਾਸ ਕਰਵਾ ਲੈਂਦੇ ਹਾਂ । ਸੀ. ਐਮ. ਸਾਹਿਬ ਦਾ ਭਾਸ਼ਣ ਕੱਲ੍ਹ ਹੋਵੇਗਾ । ਸਰਦਾਰ ਤੋਤਾ ਸਿੰਘ ਜੀ ਦੇ ਬੋਲਣ ਤੋਂ ਬਾਅਦ ਇਹ ਡਿਬੇਟ ਸਸਪੈਂਡ ਹੋ ਜਾਵੇਗੀ । ਉਹ ਕੱਲ੍ਹ ਕਨਕਲੂਡ ਹੋਵੇਗੀ ਤੇ ਬਾਕੀ ਦਾ ਜਿਹੜਾ ਬਿਜ਼ਨਸ ਹੈ, ਉਹ ਸਰਦਾਰ ਤੋਤਾ ਸਿੰਘ ਜੀ ਦੀ ਸਪੀਚ ਤੋਂ ਬਾਅਦ ਕਰ ਲੈਂਦੇ ਹਾਂ ਤੇ ਬਿਲ ਪਾਸ ਕਰ ਲੈਂਦੇ ਹਾਂ। ਮੇਰੇ ਕੋਲ ਬਿਲ ਸੱਤ ਹਨ । ਇਸ ਕਰਕੇ ਜਥੇਦਾਰ ਸਾਹਿਬ ਦੀ ਸਪੀਚ ਤੋਂ ਬਾਅਦ ਮੇਰੇ ਲਈ ਇਹ ਬਿਲ ਲੈਣੇ ਜ਼ਰੂਰੀ ਹਨ ।

ਖੇਤੀਬਾੜੀ ਮੰਤਰੀ : ਬਿਲ ਵੀ ਕੱਲ੍ਹ ਹੀ ਪਾਸ ਕਰ ਲੈਣਾ ।

ਮਾਨਯੋਗ ਸਪੀਕਰ : ਬਿਲ ਤਾਂ ਅੱਜ ਹੀ ਹੋਣਗੇ । ਕੱਲ੍ਹ ਮੈਂਬਰਜ਼ ਦੇ ਪ੍ਰਾਈਵੇਟ ਬਿਜ਼ਨਸ ਲਈ ਦਿਨ ਮਿੱਥਿਆ ਹੋਇਆ ਹੈ । ਸਰਦਾਰ ਤੋਤਾ ਸਿੰਘ ਜੀ, ਹੁਣ ਤੁਸੀਂ ਬੋਲੋ।

ਖੇਤੀਬਾੜੀ ਮੰਤਰੀ (ਸਰਦਾਰ ਤੋਤਾ ਸਿੰਘ) : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ

** **Expunged as ordered by the Chair.

[ਖੇਤੀਬਾੜੀ ਮੰਤਰੀ]

ਔਰ ਮਿੱਤਲ ਸਾਹਿਬ ਦਾ ਵੀ, ਜਿਨ੍ਹਾਂ ਨੇ ਕਿਸਾਨਾਂ ਦਾ ਦਰਦ ਸਮਝਦਿਆਂ ਹੋਇਆਂ ਇੱਕ ਬਹੁਤ ਵਿਸ਼ੇਸ਼ ਮਤਾ ਲਿਆਂਦਾ ਹੈ।

ਮਾਨਯੋਗ ਸਪੀਕਰ : ** ** ਜਿਹੜੇ ਮਿੱਤਲ ਸਾਹਿਬ ਨੇ ਲਫਜ਼ ਯੂਜ਼ ਕੀਤੇ ਸੀ, ਉਹ ਐਕਸਪੰਜ ਕਰ ਦੇਣਾ।

ਖੇਤੀਬਾੜੀ ਮੰਤਰੀ : ਚਾਹੀਦਾ ਤਾਂ ਸੀ ਕਿ ਇਸ ਵਿਸ਼ੇਸ਼ ਮਤੇ ਉਤੇ ਦੋਵੇਂ ਧਿਰਾਂ ਗੰਭੀਰਤਾ ਦੇ ਨਾਲ ਵਿਚਾਰ ਕਰਨ ਕਿ ਕਿਸਾਨਾਂ ਦਾ ਭਲਾ ਕਿਵੇਂ ਹੋ ਸਕਦਾ ਹੈ ਪਰ ਇੱਥੇ ਰਾਜਨੀਤੀ ਖੇਡੀ ਗਈ। ਜਿਹੜੀ ਗੱਲ ਦਾ ਪਹਿਲਾਂ ਖਦਸ਼ਾ ਸੀ, ਉਹੀ ਆਪੋਜੀਸ਼ਨ ਬੈਂਚਿਜ ਵੱਲੋਂ ਹੋਇਆ ਕਿ ਆਪਣੇ ਵਿਚਾਰ ਰੱਖ ਦੇਵਾਂਗੇ, ਜੋ ਮਰਜ਼ੀ ਕਿਸੇ ਤੇ ਦੋਸ਼ ਲਗਾ ਦੇਈਏ, ਮੁੜ ਕੇ ਦੂਸਰੇ ਦਾ ਜੰਵਾਬ ਨਹੀਂ ਸੁਣਨਾ। ਇਹ ਇਨ੍ਹਾਂ ਨੇ ਪਿਰਤ ਪਾਈ ਹੈ। ਇਹ ਰਾਜਨੀਤੀ ਵਾਲੀ ਗੱਲ ਹੈ, ਉਹ ਕੋਈ ਕਿਸਾਨਾਂ ਦੇ ਭਲੇ ਦੀ ਗੱਲ ਕਰਕੇ ਨਹੀਂ ਗਏ। ਮੈਂ ਆਪ ਜੀ ਨੂੰ ਇਹੀ ਦੱਸਣਾ ਚਾਹੁੰਦਾ ਹਾਂ ਕਿ ਇੱਥੇ ਸਭ ਤੋਂ ਵੱਡਾ ਇਨ੍ਹਾਂ ਨੇ ਦੋਸ਼ ਲਗਾਇਆ ਹੈ ਕਿ ਜਿਹੜੀ ਪੰਜਾਬ ਸਰਕਾਰ ਨੇ ਦਵਾਈ ਖਰੀਦੀ ਹੈ, ਉਸੇ ਨਾਲ ਹੀ ਨਰਮਾ ਤਬਾਹ ਹੋਇਆ ਹੈ। ਮੈਂ ਤੁਹਾਨੂੰ ਅੰਕੜਿਆਂ ਦੇ ਮੁਤਾਬਿਕ ਦੱਸਣਾ ਚਾਹੁੰਦਾ ਹਾਂ ਕਿ ਸਾਢੇ ਗਿਆਰਾਂ ਲੱਖ ਏਕੜ ਰਕਬਾ ਕਿਸਾਨਾਂ ਨੇ ਨਰਮਾ ਬੀਜਿਆ ਸੀ। ਸਾਢੇ ਗਿਆਰਾਂ ਲੱਖ ਏਕੜ ਦੇ ਵਿੱਚੋਂ ਜਿਹੜੀ ਪੰਜਾਬ ਸਰਕਾਰ ਨੇ ਦਵਾਈ ਸਪਲਾਈ ਕੀਤੀ ਹੈ, ਉਹ ਕੇਵਲ ਡੇਢ ਲੱਖ ਏਕੜ ਲਈ ਹੈ। ਜੇ ਚਾਰ ਸਪਰੇਅ ਕਰਨੇ ਹੋਣ ਤਾਂ ਡੇਢ ਲੱਖ ਏਕੜ ਤੋਂ ਵੱਧ ਸਪਰੇਅ ਨਹੀਂ ਕੀਤੀ ਜਾ ਸਕਦੀ। ਬਾਕੀ ਦੀ ਜਿਹੜੀ ਦਸ ਲੱਖ ਏਕੜ ਨਰਮੇ ਦੀ ਫਸਲ ਹੈ, ਉਸ ਤੇ ਕਿਸਾਨਾਂ ਨੇ ਆਪਣੇ ਕੋਲੋਂ ਦਵਾਈ ਮੁੱਲ ਲੈ ਕੇ ਆਪਣੀ ਮਰਜ਼ੀ ਨਾਲ ਉਨ੍ਹਾਂ ਨੇ ਸਪਰੇਅ ਕੀਤੀ ਹੈ। ਕਿਸੇ ਨੇ ਚਾਰ ਸਪਰੇਆਂ ਕੀਤੀਆਂ ਹਨ, ਕਿਸੇ ਨੇ ਪੰਜ ਸਪਰੇਆਂ ਕੀਤੀਆਂ ਹਨ ਅਤੇ ਕਿਸੇ ਨੇ ਦੋ ਸਪਰੇਆਂ ਕੀਤੀਆਂ ਹਨ। ਇਹ ਕੇਵਲ ਦਸ ਪ੍ਰਤੀਸ਼ਤ ਤੋਂ ਵੀ ਘੱਟ ਹਿੱਸਾ ਬਣਦਾ ਹੈ। ਚਾਰ ਸਪਰੇਆਂ ਦੇ ਹਿਸਾਬ ਨਾਲ ਜਿਹੜੀ ਨਰਮੇ ਦੀ ਟੋਟਲ ਬਿਜਾਂਦ ਹੈ, ਜਿਸ ਦਾ ਦੋਸ਼ ਲਗਾਇਆ ਜਾਂਦਾ ਹੈ ਕਿ ਸਰਕਾਰ ਕਰਕੇ ਇਹ ਚਿੱਟੀ ਮੱਖੀ ਆ ਗਈ, ਮੇਰੇ ਕਹਿਣ ਤੋਂ ਭਾਵ ਹੈ ਕਿ ਇਹ ਵੀ ਜਿਹੜੀ ਦਵਾਈ ਖਰੀਦੀ ਗਈ, ਇਹ ਯੂਨੀਵਰਸਿਟੀ ਨੇ ਆਪ ਪਹਿਲਾਂ ਸੈਂਟਰ ਦਾ ਇੱਕ ਬੋਰਡ ਹੈ, ਜੋ ਦਵਾਈਆਂ ਦੀ ਮਾਨਤਾ ਦਿੰਦਾ ਹੈ, ਉਸ ਤੋਂ ਪਾਸ ਕਰਵਾਈ

** Expunged as ordered by the Chair.

ਹੈ। ਉਸ ਤੋਂ ਮਗਰੋਂ ਯੂਨੀਵਰਸਿਟੀ ਨੇ ਵੀ ਕਿਹਾ ਹੈ ਕਿ ਇਹੀ ਬਰਾਂਡ ਹੈ, ਜਿਹੜਾ ਚਿੱਟੀ ਮੱਖੀ ਨੂੰ ਮਾਰਦਾ ਹੈ। ਹੋਰ ਕੋਈ ਬਰਾਂਡ ਹੀ ਨਹੀਂ ਹੈ। ਇਸ ਲਈ ਮੈਂ ਫਿਰ ਵੀ ਇੱਥੇ ਹੀ ਨਹੀਂ ਖੜ੍ਹਾ, ਮੈਨੂੰ ਜਦੋਂ ਮਾੜਾ ਮੋਟਾ ਪਤਾ ਲੱਗਿਆ ਕਿ ਜਾਖੜ ਸਾਹਿਬ ਨੇ 21 ਤਰੀਕ ਨੂੰ ਅਖਬਾਰਾਂ ਵਿੱਚ ਬਿਆਨ ਦਿੱਤਾ ਹੈ, ਮੈਂ ਉਹ ਬਿਆਨ ਪੜ੍ਹਿਆ। ਮੈਂ ਆਪ ਇਨ੍ਹਾਂ ਨਾਲ ਟੈਲੀਫੋਨ ਤੇ ਗੱਲ ਕੀਤੀ। ਮੈਂ ਕਿਹਾ ਜੇ ਤੁਹਾਨੂੰ ਸ਼ੱਕ ਹੈ ਤਾਂ ਦੱਸੋ ਕੀ ਕਾਰਵਾਈ ਕਰਨੀ ਚਾਹੀਦੀ ਹੈ। ਇਨ੍ਹਾਂ ਨੇ ਮੈਨੂੰ ਇਹੀ ਕਿਹਾ ਕਿ ਜੇ ਸਪੈਸ਼ਲ ਗਿਰਦਾਵਰੀ ਕਰਵਾ ਦਿਓ ਤਾਂ ਬਹੁਤ ਵਧੀਆ ਗੱਲ ਹੈ। ਮੈਂ ਫਿਰ ਵੀ ਸਭ ਤੋਂ ਪਹਿਲਾਂ ਦਵਾਈਆਂ ਦੀ ਇਨਕੁਆਇਰੀ ਐਡੀਸ਼ਨਲ ਚੀਫ ਸੈਕ੍ਰੇਟਰੀ ਨੂੰ ਮਾਰਕ ਕੀਤੀ ਕਿ ਇਸ ਦੀ ਤੁਰੰਤ ਇਨਕੁਆਇਰੀ ਕੀਤੀ ਜਾਵੇ ਔਰ ਇਸ ਦੀ ਕਵਾਲਿਟੀ ਦਾ ਪਤਾ ਕੀਤਾ ਜਾਵੇ ਅਤੇ ਇਸ ਦੇ ਖਰੀਦਣ ਦੇ ਨਿਯਮਾਂ ਦਾ ਵੀ ਪਤਾ ਕੀਤਾ ਜਾਵੇ। ਦੂਸਰਾ, ਸਪੈਸ਼ਲ ਗਿਰਦਾਵਰੀ ਲਈ ਮਾਨਯੋਗ ਮੁੱਖ ਮੰਤਰੀ, ਸਰਦਾਰ ਪਰਕਾਸ਼ ਸਿੰਘ ਬਾਦਲ ਨੂੰ ਅਪੀਲ ਕੀਤੀ। ਮੈਂ ਮੁੱਖ ਮੰਤਰੀ ਸਾਹਿਬ ਦਾ ਧੰਨਵਾਦੀ ਹਾਂ, ਇਹ ਆਪ ਕਿਸਾਨ ਦਰਦੀ ਹਨ, ਜਿਨ੍ਹਾਂ ਨੇ ਦਾਸ ਦੀ ਅਪੀਲ ਮੰਨ ਕੇ, ਕਿਸਾਨਾਂ ਦਾ ਦਰਦ ਸਮਝਦੇ ਹੋਏ, ਇਨ੍ਹਾਂ ਨੇ ਸਪੈਸ਼ਲ ਗਿਰਦਾਵਰੀ ਦੇ ਆਰਡਰ ਕੀਤੇ। ਜਾਖੜ ਸਾਹਿਬ ਦੇ ਮਨ ਵਿੱਚ ਇਹ ਸੀ ਕਿ ਮੈਂ ਜਥੇਦਾਰ ਨੂੰ ਸਪੈਸ਼ਲ ਗਿਰਦਾਵਰੀ ਲਈ ਕਹਿ ਦਿੰਦਾ ਹਾਂ, ਇੱਥੇ ਕਿਹੜਾ ਕਿਸੇ ਨੇ ਕਰਨੀ ਹੈ। ਦਸ ਸਾਲ ਤੋਂ ਤੁਹਾਡੇ ਸਾਹਮਣੇ ਅਮਰੀਕਨ ਸੁੰਡੀ ਨਰਮੇ ਦਾ ਨੁਕਸਾਨ ਕਰਦੀ ਆ ਰਹੀ ਸੀ। ਪਹਿਲਾਂ ਸਾਲ 2002 ਵਿੱਚ ਜਦੋਂ ਅਸੀਂ ਸਰਕਾਰ ਛੱਡ ਕੇ ਗਏ ਸੀ ਤਾਂ ਨਰਮਾ ਸਾਢੇ ਸੱਤ ਲੱਖ ਹੈਕਟੇਅਰ ਏਰੀਏ ਵਿੱਚ ਹੁੰਦਾ ਸੀ, ਜੋ ਕਿ ਤਕਰੀਬਨ 18 ਲੱਖ ਏਕੜ ਬਣਦਾ ਹੈ। ਜਦੋਂ ਇਨ੍ਹਾਂ ਦੀ ਸਾਲ 2002 ਵਿੱਚ ਸਰਕਾਰ ਆਈ ਤਾਂ ਅਮਰੀਕਨ ਸੁੰਡੀ ਦਾ ਇੰਨਾ ਵੱਡਾ ਅਸਰ ਹੋਇਆ ਕਿ ਨਰਮੇ ਥੱਲੇ ਏਰੀਆ ਘਟਦਾ-ਘਟਦਾ 10 ਲੱਖ ਏਕੜ ਤੋਂ ਵੀ ਘਟ ਗਿਆ ਔਰ ਤਿੰਨ-ਚਾਰ ਸਾਲ ਲਗਾਤਾਰ ਅਮਰੀਕਨ ਸੁੰਡੀ ਨੇ ਨਰਮੇ ਨੂੰ ਖਾਧਾ। ਜੇਕਰ ਜਾਖੜ ਸਾਹਿਬ ਕਿਸਾਨਾਂ ਦੇ ਹਮਦਰਦ ਹਨ ਤਾਂ ਇਹ ਦੱਸਣ ਕਿ ਇਨ੍ਹਾਂ ਨੇ ਕਿਸਾਨਾਂ ਨੂੰ ਕੀ ਰਿਲੀਫ ਦਿੱਤਾ? ਮੈਂ ਸਰਦਾਰ ਪਰਕਾਸ਼ ਸਿੰਘ ਬਾਦਲ ਦਾ ਧੰਨਵਾਦੀ ਹਾਂ ਕਿ ਪਹਿਲੀ ਵਾਰ ਮੱਖੀ ਨੇ ਨਰਮੇ ਦੇ ਉਤੇ ਹਮਲਾ ਕੀਤਾ ਤਾਂ ਇਸ ਤੇ ਸਪੈਸ਼ਲ ਗਿਰਦਾਵਰੀ ਮਾਰਕ ਕੀਤੀ ਹੈ ਅਤੇ ਜਿਨ੍ਹਾਂ ਕਿਸਾਨਾਂ ਨੇ ਜ਼ਮੀਨ ਵਾਹੀ ਹੈ, ਉਨ੍ਹਾਂ ਨੂੰ ਮੁਆਵਜ਼ਾ ਦੇਣਾ ਸ਼ੁਰੂ ਕਰ ਦਿੱਤਾ ਹੈ। ਹੁਣ ਤੱਕ ਗਿਰਦਾਵਰੀ ਵਿੱਚ ਆਇਆ ਹੈ ਕਿ ਗਿਆਰਾਂ ਹਜ਼ਾਰ ਏਕੜ

[ਖੇਤੀਬਾੜੀ ਮੰਤਰੀ]

ਜ਼ਮੀਨ ਦਾ ਨਰਮਾ ਕਿਸਾਨਾਂ ਨੇ ਵਾਹਿਆ ਹੈ, ਬਾਕੀ ਇਕੱਲੇ ਪੰਜਾਬ ਵਿੱਚ 30 ਪ੍ਰਤੀਸ਼ਤ ਨੁਕਸਾਨ ਹੋਇਆ ਹੈ। 30 ਪ੍ਰਤੀਸ਼ਤ ਦੇ ਉਤੇ ਚਿੱਟੀ ਮੱਖੀ ਦਾ ਨੁਕਸਾਨ ਹੈ। ਤੁਸੀਂ ਹੈਰਾਨ ਹੋਵੋਗੇ, ਜਿਹੜੀ ਮੋਫਰ ਸਾਹਿਬ ਇੱਥੇ ਹਰਿਆਣੇ ਦੀ ਗੱਲ ਕਰਕੇ ਗਏ ਹਨ, ਮੈਂ ਵੀ ਹੈਰਾਨ ਹਾਂ, ਮੋਫਰ ਸਾਹਿਬ ਕਹਿ ਕੇ ਗਏ ਹਨ ਕਿ ਹਰਿਆਣੇ ਦੇ ਵਿੱਚ ਨਰਮਾ ਵਧੀਆ ਹੈ। ਹਰਿਆਣੇ ਦੇ ਮੰਤਰੀ ਨੇ ਤਾਂ ਆਪ ਮੈਨੂੰ ਕਿਹਾ ਹੈ ਕਿ ਸਾਡਾ 62 ਪ੍ਰਤੀਸ਼ਤ ਦਾ ਨੁਕਸਾਨ ਹੋਇਆ ਹੈ। ਉਥੇ ਅੱਠ ਲੱਖ ਏਕੜ ਨਰਮਾ ਤਬਾਹ ਹੋਇਆ ਹੈ। ਹਰਿਆਣੇ ਵਿੱਚ ਗਵਾਰਾ ਸਾਰਾ ਤਬਾਹ ਹੋਇਆ ਹੈ ਔਰ ਅਸੀਂ ਦੋਨਾਂ ਮੰਤਰੀਆਂ ਨੇ ਸਾਂਝੀ ਮੀਟਿੰਗ ਕੀਤੀ ਅਤੇ ਅਸੀਂ ਪੰਜ ਮੈਂਬਰੀ ਕਮੇਟੀ ਬਣਾਈ ਹੈ ਜਿਸ ਵਿੱਚ ਦੋ ਵੀ.ਸੀ., ਦੋ ਰਿਸਰਚ ਡਾਇਰੈਕਟਰ ਅਤੇ ਇੱਕ ਡਾਇਰੈਕਟਰ ਸੈਂਟਰ ਦੀ ਬਾਡੀ ਦਾ ਲਿਆ ਹੈ ਤਾਂ ਕਿ ਅਗਾਂਹ ਨੂੰ ਕੋਈ ਸੰਕਟ ਨਾ ਆਵੇ ਅਤੇ ਪਤਾ ਲੱਗੇ ਚਿੱਟੀ ਮੱਖੀ ਦਾ ਇਲਾਜ ਕੀ ਕੀਤਾ ਜਾ ਸਕਦਾ ਹੈ। ਅਸੀਂ ਇੰਨੇ ਵਧੀਆ ਕਦਮ ਚੁੱਕਣ ਦੀ ਕੋਸ਼ਿਸ਼ ਕੀਤੀ ਹੈ। ਇਹ ਕਹਿੰਦੇ ਹਨ ਕਿ ਹਰਿਆਣੇ ਵਿੱਚ ਨੁਕਸਾਨ ਨਹੀਂ ਹੋਇਆ। ਜਿਹੜੀ ਦਵਾਈ ਪੰਜਾਬ ਨੇ ਵੇਚੀ, ਕੀ ਉਹ ਹਰਿਆਣੇ ਵਿੱਚ ਚਲੀ ਗਈ? ਇਸ ਲਈ ਦਵਾਈ ਇਕੱਲੀ ਤੇ ਦੋਸ਼ ਕੱਢੀ ਜਾਣੇ ਵੀ ਠੀਕ ਨਹੀਂ। ਜਿਸ ਕਾਰਨ ਸਿਰਫ 10% ਏਰੀਏ ਵਿੱਚ ਨੁਕਸਾਨ ਹੋਇਆ ਹੈ, ਜੇਕਰ ਦਵਾਈ ਵਿੱਚ ਕੋਈ ਨੁਕਸ ਹੋਏਗਾ ਤਾਂ ਉਹ ਪੜਤਾਲ ਵਿੱਚ ਸਾਹਮਣੇ ਆ ਜਾਵੇਗਾ। ਅਸੀਂ ਉਨ੍ਹਾਂ ਦੀ ਪੇਮੈਂਟ ਵੀ ਰੋਕ ਦਿੱਤੀ ਹੈ। ਉਸੇ ਵੇਲੇ 21 ਅਗਸਤ ਨੂੰ ਪੇਮੈਂਟ ਰੋਕਣ ਦੇ ਆਰਡਰ ਕਰ ਦਿੱਤੇ ਸੀ। ਜੇ ਸਾਡੀ ਬੈਡ ਇੰਟੈਨਸ਼ਨ ਹੁੰਦੀ ਤਾਂ ਮੈਂ ਉਨ੍ਹਾਂ ਦੀ ਪੇਮੈਂਟ ਕਿਉਂ ਰੋਕਦਾ? ਮੈਂ ਉਨ੍ਹਾਂ ਦੀ ਇਨਕੁਆਇਰੀ ਕਿਉਂ ਕਰਵਾਉਂਦਾ? ਇਸ ਲਈ ਮੇਰੇ ਕਹਿਣ ਤੋਂ ਭਾਵ ਹੈ ਕਿ ਇੰਨੇ ਵੱਡੇ ਦੋਸ਼ ਲਗਾਉਣੇ, ਇੰਨੇ ਵੱਡੇ ਜ਼ਿੰਮੇਵਾਰ ਬੰਦੇ ਵਾਸਤੇ ਸ਼ੋਭਦੇ ਨਹੀਂ। ਇਹ ਗੱਲ ਮੈਂ ਭਰੋਸੇ ਨਾਲ ਕਹਿ ਸਕਦਾ ਹਾਂ ਕਿ ਮੈਂ ਪਰਮਾਤਮਾ ਵੱਲੋਂ ਇੱਕ ਪਾਈ ਪਾਈ ਦਾ ਇੱਥੇ ਰਵੇਦਾਰ ਨਹੀਂ ਹਾਂ। ਇਸ ਲਈ ਜਾਣ ਬੁੱਝ ਕੇ ਦੋਸ਼ ਲਗਾਉਣੇ ਇਹ ਸ਼ੋਭਾ ਨਹੀਂ ਦਿੰਦੇ ਕਿ ਜਾਣਬੁੱਝ ਕੇ ਕਿਸੇ ਦੀ ਹੇਠੀ ਕੀਤੀ ਜਾਵੇ। ਦੂਸਰਾ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇੱਥੇ ਗੱਲਾਂ ਬੜੀਆਂ ਕੀਤੀਆਂ ਗਈਆਂ ਹਨ। ਰਾਜਸਥਾਨ ਜਾ ਕੇ ਵੇਖੋ, ਸਾਰਾ ਗੁਆਰਾ 100% ਚਿੱਟੀ ਮੱਖੀ ਨਾਲ ਤਬਾਹ ਹੋ ਗਿਆ। ਕੀ ਉਥੇ ਵੀ ਪੰਜਾਬ ਦੀ ਦਵਾਈ ਚਲਦੀ ਸੀ? ਇਸ ਲਈ ਜਾਣ ਬੁੱਝ ਕੇ ਦੋਸ਼ ਲਗਾਉਣੇ ਗਲਤ ਗੱਲ ਹੈ। ਨਾਲ ਹੀ ਉਹ ਇਨ੍ਹਾਂ ਦੇ ਅਬੋਹਰ ਦੇ ਗਵਾਂਢ ਵਿੱਚ ਹਨ, ਅਸਲ ਕਾਰਨ ਕੀ ਹਨ,

ਉਨ੍ਹਾਂ ਬਾਰੇ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ। ਇਸ ਨੁਕਸਾਨ ਦਾ ਵੱਡਾ ਕਾਰਨ ਕੀ ਹੋਇਆ, ਇਹ ਕੁਦਰਤੀ ਕਰੋਪੀ ਹੈ। ਅਸੀਂ ਕਹਿੰਦੇ ਹਾਂ ਕਿ ਕੁਦਰਤ ਦੀ ਕਰੋਪੀ ਹੈ ਤੇ ਅਸੀਂ ਕੁਦਰਤ ਦੀ ਕਰੋਪੀ ਕਰਕੇ ਹੀ ਕਿਸਾਨਾਂ ਨੂੰ ਮੁਆਵਜ਼ਾ ਦੇ ਸਕਦੇ ਹਾਂ, ਜੇ ਅਸੀਂ ਪੈਸਟੀਸਾਈਡਜ਼ ਜਾਂ ਮੱਖੀ ਦੀ ਗੱਲ ਕਰੀਏ ਤਾਂ ਕਿਸਾਨਾਂ ਨੂੰ ਅਸੀਂ ਮੁਆਵਜ਼ਾ ਨਹੀਂ ਦੇ ਸਕਦੇ। ਇਹ (ਆਪੋਜੀਸ਼ਨ ਬੈਂਚਿਜ ਵਾਲੇ) ਤਾਂ ਕਿਸਾਨਾਂ ਦਾ ਨੁਕਸਾਨ ਕਰਦੇ ਹਨ, ਇਨ੍ਹਾਂ ਦਾ ਮਤਲਬ ਹੈ ਕਿ ਇਹ ਗੱਲ ਕਹਿ ਦੇਈਏ ਕਿ ਦਵਾਈਆਂ ਨਾਲ ਨਰਮਾ ਖਰਾਬ ਹੋਇਆ ਹੈ ਤਾਂਕਿ ਫਸਲ ਮੁੜ ਕੇ ਕੁਦਰਤੀ ਕਰੋਪੀ ਦੀ ਸ਼੍ਰੇਣੀ ਵਿੱਚ ਨਾ ਆਵੇ। ਅਸੀਂ ਚਾਹੁੰਦੇ ਹਾਂ ਕਿ ਇਸ ਨੁਕਸਾਨ ਨੂੰ ਕੁਦਰਤੀ ਕਰੋਪੀ ਸ਼੍ਰੇਣੀ ਤਹਿਤ ਲਿਆ ਜਾਵੇ, ਅਸੀਂ ਕੁਦਰਤੀ ਕਰੋਪੀ ਵਿੱਚ ਕਿਉਂ ਕਹਿੰਦੇ ਹਾਂ, ਅਸੀਂ ਤੱਥਾਂ ਦੇ ਆਧਾਰ ਤੇ ਕਹਿੰਦੇ ਹਾਂ ਕਿ ਕਿਉਂ ਜੋ ਐਂਤਕੀਂ ਕਣਕ ਦੀ ਕਟਾਈ ਹੋਣੀ ਸੀ ਤਾਂ ਮੀਂਹ ਬੜਾ ਲੇਟ ਪਿਆ, ਮੀਂਹ ਲੇਟ ਪਈ ਗਿਆ ਤਾਂ ਸਪੀਕਰ ਸਾਹਿਬ, ਕਣਕ ਦੀ ਜਿਹੜੀ ਕਟਾਈ ਸੀ ਉਹ ਲੇਟ ਹੋ ਗਈ, ਜਦੋਂ ਕਣਕ ਦੀ ਕਟਾਈ ਲੇਟ ਹੋ ਗਈ ਤਾਂ ਉਸ ਨਾਲ ਨਰਮੇ ਦੀ ਬਿਜਾਈ ਲੇਟ ਹੋ ਗਈ। ਅੱਗੇ ਜਿਹੜੀ ਸਾਡੀ ਕਣਕ ਦੀ ਕਟਾਈ ਹੁੰਦੀ ਸੀ, ਉਹ 20 ਅਪ੍ਰੈਲ ਤੱਕ ਮੁਕੰਮਲ ਹੋ ਜਾਂਦੀ ਸੀ, ਐਂਤਕੀਂ ਸਾਡੀ ਕਣਕ ਦੀ ਕਟਾਈ 5 ਮਈ ਤੱਕ ਵੀ ਚਲੀ ਗਈ ਪਰ ਜੋ ਨਰਮੇ ਦੀ ਬਿਜਾਂਦ ਹੈ, ਇਹ 20 ਅਪ੍ਰੈਲ ਤੋਂ ਲੈ ਕੇ ਕੇਵਲ 10 ਮਈ ਤੱਕ ਜੇਕਰ ਬੀਜਿਆ ਜਾਵੇ ਤਾਂ ਫਸਲ ਵਧੀਆ ਰਹਿੰਦੀ ਹੈ। ਅੱਜ ਵੀ ਅਸੀਂ ਸਰਵੇ ਕਰਵਾ ਰਹੇ ਹਾਂ ਔਰ ਜਿਹੜਾ ਸਰਵੇ ਆਇਆ ਹੈ ਕਿ ਜਿਹੜਾ ਅਗੇਤਾ ਨਰਮਾ ਹੈ, ਉਸ ਦਾ ਨੁਕਸਾਨ ਘੱਟ ਹੋਇਆ ਹੈ ਤੇ ਜਿਹੜਾ ਪਛੇਤਾ ਨਰਮਾ ਸੀ, ਉਸ ਦਾ ਸਭ ਤੋਂ ਵੱਧ ਨੁਕਸਾਨ ਹੋਇਆ ਹੈ। ਇਸ ਲਈ ਮੈਂ ਤੁਹਾਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਨੁਕਸਾਨ ਦਾ ਵੱਡਾ ਕਾਰਨ ਇਹੋ ਹੀ ਸੀ ਜਿਸ ਤਰ੍ਹਾਂ ਹੁਣ ਝੋਨੇ ਦੀ ਫਸਲ ਉਤੇ ਮੀਂਹ ਪੈ ਗਿਆ ਹੈ, ਇਸੇ ਤਰ੍ਹਾਂ ਕਣਕ ਦਾ ਕਿੰਨਾ ਵੱਡਾ ਨੁਕਸਾਨ ਹੋਇਆ ਹੈ। ਕੁਦਰਤ ਦੇ ਮੂਹਰੇ ਕੋਈ ਜ਼ੋਰ ਨਹੀਂ, ਇੱਕ ਕਹਾਵਤ ਹੈ: ਖੇਤੀ ਰੱਬ ਸੇਤੀ। ਇਸ ਲਈ ਮੇਰੇ ਕਹਿਣ ਦਾ ਭਾਵ ਕਿ ਤੁਸੀਂ ਹੈਰਾਨ ਹੋਵੋਗੇ ਕਿ ਪਿਛਲੀ ਵਾਰ ਮਾਝੇ ਤੇ ਦੁਆਬੇ ਵਿੱਚ ਕਣਕ ਦਾ ਹਾਲ ਵੇਖੋ, ਸਾਡੇ ਮੋਗੇ ਦੇ ਅੱਧੇ ਜ਼ਿਲ੍ਹੇ ਵਿੱਚ ਸਾਡਾ ਝਾੜ 12 ਕੁਇੰਟਲ ਪ੍ਰਤੀ ਏਕੜ ਨਿਕਲਿਆ ਅਤੇ ਬਠਿੰਡਾ-ਮਾਨਸਾ ਇਨ੍ਹਾਂ ਸਾਰੇ ਜ਼ਿਲ੍ਹਿਆਂ ਵਿੱਚ ਮੀਂਹ ਘੱਟ ਪਿਆ ਤਾਂ ਇੱਥੇ ਝਾੜ 20 ਕੁਇੰਟਲ ਪ੍ਰਤੀ ਏਕੜ ਨਿਕਲਿਆ। ਸੋ, ਕਿਸ ਨੂੰ ਦੋਸ਼ ਦੇਈਏ, ਇਹ ਤਾਂ ਕੁਦਰਤੀ ਕਰੋਪੀ ਸੀ, ਇਹ

[ਖੇਤੀਬਾੜੀ ਮੰਤਰੀ]

ਕੁਦਰਤੀ ਕਰੋਪੀ ਨਰਮਾ ਪੈਦਾ ਕਰਨ ਵਾਲੇ ਤਿੰਨ ਸੂਬਿਆਂ ਦੇ ਵਿੱਚ ਆਈ ਹੈ। ਸਾਰੇ ਨਾਰਥ ਭਾਰਤ ਵਿੱਚ ਉਦੋਂ ਮੀਂਹ ਲੇਟ ਪੈਣ ਕਾਰਨ ਤੇ ਕਣਕ ਦੀ ਕਟਾਈ ਲੇਟ ਹੋਣ ਕਰਕੇ ਅਤੇ ਫਿਰ ਨਰਮੇ ਦੀ ਬਿਜਾਈ ਦਾ ਲੇਟ ਹੋਣਾ ਇਸ ਦਾ ਕਾਰਨ ਬਣਿਆ। ਇਸ ਲਈ ਮੇਰਾ ਕਹਿਣ ਤੋਂ ਭਾਵ ਹੈ ਕਿ ਇਸ ਦੇ ਛੋਟੇ ਛੋਟੇ ਤਿੰਨ ਚਾਰ ਹੋਰ ਵੀ ਕਾਰਨ ਹਨ ਕਿਉਂਕਿ ਜੂਨ ਵਿੱਚ ਪਹਿਲਾ ਮੀਂਹ ਅਗੇਤਾ ਪੈ ਗਿਆ, ਮੀਂਹ ਅਗੇਤਾ ਪੈਣ ਕਰਕੇ ਹੁੰਮਸ ਬਣ ਗਿਆ, ਜਿਹੜੀ ਪੜਧਾਅ (ਹੁੰਮਸ) ਸੀ ਉਸ ਦੇ ਵਿਚੋਂ ਚਿੱਟੀ ਮੱਖੀ ਪੈਦਾ ਹੋ ਗਈ, ਜੇ ਇਹੋ ਹੀ ਬੂਟਾ ਵੱਡਾ ਹੋਇਆ ਹੁੰਦਾ ਤਾਂ ਉਸ ਦਾ ਰਸ ਘੱਟ ਚੂਸਿਆ ਜਾਣਾ ਸੀ ਤੇ ਉਸ ਨੇ ਬਚ ਜਾਣਾ ਸੀ । ਇਸ ਲਈ ਮੇਰਾ ਕਹਿਣ ਤੋਂ ਭਾਵ ਹੈ ਕਿ ਇਨ੍ਹਾਂ ਨੇ ਪੁਲੀਟੀਕਲੀ ਜਾਣ ਬੁਝ ਕੇ ਦੋਸ਼ ਲਗਾਏ ਹਨ ਜਿਨ੍ਹਾਂ ਨੂੰ ਮੈਂ ਰੱਦ ਕਰਦਾ ਹਾਂ ਔਰ ਮੈਂ ਭਰੋਸੇ ਨਾਲ ਕਹਿੰਦਾ ਹਾਂ ਕਿ ਜੋ ਮਹਿਕਮਾ ਸਰਦਾਰ ਪਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿੱਚ ਕੰਮ ਕਰਦਾ ਹੈ, ਉਹ ਪੂਰੀ ਕੋਸ਼ਿਸ਼ ਕਰ ਰਿਹਾ ਹੈ। ਇੱਥੇ ਸੈਂਪਲਾਂ ਦੀ ਗੱਲ ਕੀਤੀ ਗਈ, ਇਹ ਤਾਂ ਇੰਨੇ ਝੂਠ ਮਾਰ ਗਏ ਕਿ ਤਿੰਨੋਂ ਲੈਬਾਂ ਹੀ ਬੰਦ ਹਨ, ਹੁਣ ਤੁਸੀਂ ਲੈਬਾਂ ਦੀ ਗੱਲ ਲੈ ਲਵੋ, ਪਹਿਲੀ ਅਪਰੈਲ ਤੋਂ ਲੈ ਕੇ ਹੁਣ ਤੱਕ 1984 ਸੈਂਪਲ ਅਸੀਂ ਕੀੜੇਨਾਸ਼ਕ ਦਵਾਈਆਂ ਦੇ ਭਰੇ ਹਨ, ਜਿਨ੍ਹਾਂ ਵਿਚੋਂ 59 ਫੇਲ੍ਹ ਹੋਏ ਹਨ ਅਤੇ ਇਨ੍ਹਾਂ 59 ਦੇ ਖਿਲਾਫ ਕਾਨੂੰਨੀ ਕਾਰਵਾਈ ਚਲ ਰਹੀ ਹੈ। ਇਸੇ ਤਰ੍ਹਾਂ ਪਹਿਲੀ ਅਪਰੈਲ ਤੋਂ ਹੁਣ ਤੱਕ ਖਾਦ ਦੇ 1510 ਸੈਂਪਲ ਭਰੇ ਹਨ, ਜਿਨ੍ਹਾਂ ਵਿੱਚੋਂ 97 ਫੇਲ੍ਹ ਹੋਏ ਹਨ ਅਤੇ ਉਨ੍ਹਾਂ 97 ਦੇ ਖਿਲਾਫ ਕਾਨੂੰਨੀ ਕਾਰਵਾਈ ਚਲ ਰਹੀ ਹੈ। ਇਹ ਕਿਵੇਂ ਕਹਿ ਸਕਦੇ ਹਨ ਕਿ ਲੈਬਜ਼ ਬੰਦ ਹਨ? ਇਸ ਲਈ ਮੇਰਾ ਕਹਿਣ ਤੋਂ ਭਾਵ ਹੈ ਕਿ ਹਰ ਗੱਲ ਇਹ ਹਾਊਸ ਵਿੱਚ ਉਲਟ ਕਹਿ ਕੇ ਗਏ ਹਨ। ਇਸ ਲਈ ਮੇਰੀ ਤੁਹਾਨੂੰ ਬੇਨਤੀ ਹੈ ਕਿ ਜਿਹੜਾ ਚਿੱਟੀ ਮੱਖੀ ਦਾ ਮਸਲਾ ਸੀ, ਜਿਵੇਂ ਅੱਗੇ ਆਪਣਾ ਅਮਰੀਕਨ ਸੁੰਡੀ ਦਾ ਮਸਲਾ ਸੀ, ਉਸੇ ਤਰ੍ਹਾਂ ਹੀ ਇਹ ਸਾਡੇ ਕਿਸਾਨਾਂ ਦੇ ਉਤੇ ਵਰ੍ਹਿਆ ਹੈ, ਇਸ ਲਈ ਸਾਡੀ ਕੋਸ਼ਿਸ਼ ਹੈ ਕਿ ਇਸ ਦਾ ਅੱਗੇ ਤੋਂ ਕੋਈ ਹੱਲ ਕੀਤਾ ਜਾਵੇ।

ਸਪੀਕਰ ਸਾਹਿਬ, ਗੰਨੇ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਰਦਾਰ ਪਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿੱਚ ਗੰਨੇ ਦਾ ਇੰਨਾ ਵੱਡਾ ਮਸਲਾ ਬਹੁਤ ਵਧੀਆ ਹੱਲ ਕੀਤਾ ਹੈ। ਕਹਿਣਾ ਬੜਾ ਸੌਖਾ ਹੈ, ਇਹ ਗੱਲਾਂ ਕਿਸਾਨਾਂ ਦੀਆਂ ਕਰਦੇ ਹਨ, ਕਿਸਾਨਾਂ ਦੇ ਹਮਾਇਤੀ ਕਿਹੜੇ ਸੀ? ਸਪੀਕਰ ਸਾਹਿਬ, ਸਾਲ

2002 ਵਿੱਚ ਗੰਨੇ ਦਾ ਭਾਅ 100 ਰੁਪਿਆ ਪ੍ਰਤੀ ਕੁਇੰਟਲ ਸੀ, ਮੈਂ ਹਾਊਸ ਦੇ ਮਾਨਯੋਗ ਮੈਂਬਰਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਲ 2002 ਦੇ ਵਿੱਚ ਕਾਂਗਰਸ ਦਾ ਰਾਜ ਸੀ ਤੇ 100 ਰੁਪਏ ਗੰਨੇ ਦਾ ਭਾਅ ਸੀ। ਇਨ੍ਹਾਂ ਦੇ ਵੇਲੇ ਖੰਡ ਪਤਾ ਕਿੰਨੇ ਰੇਟ ਤੇ ਸੀ? ਉਹ 14 ਰੁਪਏ 60 ਪੈਸੇ ਕਿਲੋ ਸੀ। ਇੱਕ ਕੁਇੰਟਲ ਗੰਨੇ ਵਿੱਚੋਂ ਸਾਢੇ ਨੌਂ ਕਿੱਲੋਂ ਖੰਡ ਨਿਕਲਦੀ ਹੈ, ਖੰਡ ਨਿਕਲੀ 138 ਰੁਪਿਆਂ ਦੀ ਤੇ ਗੰਨਾ 100 ਰੁਪਏ ਪ੍ਰਤੀ ਕੁਇੰਟਲ ਲਿਆ ਗਿਆ। ਪਰ ਹੁਣ ਕੀ ਹੈ, ਅੱਜ ਕਿਸਾਨ ਦਾ ਇੰਨਾ ਭਲਾ ਹੋਇਆ ਹੈ ਕਿ ਗੰਨਾ 295 ਰੁਪਏ ਪ੍ਰਤੀ ਕੁਇੰਟਲ ਖਰੀਦਿਆ ਤੇ ਇਸ ਵਿੱਚੋਂ 225 ਰੁਪਿਆਂ ਦੀ ਖੰਡ ਨਿਕਲਣੀ ਹੈ। ਮਾਨਯੋਗ ਸਪੀਕਰ ਸਾਹਿਬ, ਇੰਨਾ ਵੱਡਾ ਕਿਸਾਨ ਦਾ ਭਲਾ ਕੀਤਾ ਹੈ। ਜਿਹੜਾ ਹੁਣ ਮਿੱਲਾਂ ਨੂੰ 333 ਕਰੋੜ ਰੁਪਏ ਦਾ ਘਾਟਾ ਪਿਆ ਹੈ, ਸਾਡੀਆਂ 9 ਸਰਕਾਰੀ ਮਿੱਲਾਂ ਨੂੰ ਬਾਦਲ ਸਾਹਿਬ ਨੇ ਖਜ਼ਾਨੇ ਵਿਚੋਂ ਪੈਸਾ ਦਿੱਤਾ ਹੈ ਪਰ ਕਿਸਾਨਾਂ ਦਾ ਕੋਈ ਨੁਕਸਾਨ ਨਹੀਂ ਹੋਣ ਦਿੱਤਾ। ਇਸ ਤੋਂ ਵੱਡਾ ਹਮਦਰਦ ਕਿਸਾਨਾਂ ਦਾ ਹੋਰ ਕੌਣ ਹੋ ਸਕਦਾ ਹੈ? ਦੂਸਰਾ, ਮੈਂ, ਪ੍ਰਾਈਵੇਟ ਮਿੱਲਾਂ ਬਾਰੇ ਦੱਸਣਾ ਚਾਹੁੰਦਾ ਹਾਂ। ਉਨ੍ਹਾਂ ਨੂੰ 200 ਕਰੋੜ ਰੁਪਿਆ ਲੋਨ ਦੇਣਾ ਹੈ ਤੇ ਉਸ ਦੇ ਉਤੇ ਤਿੰਨ-ਸਾਢੇ ਤਿੰਨ ਸਾਲ ਵਿਆਜ ਪੰਜਾਬ ਸਰਕਾਰ ਨੇ ਦੇਣਾ ਹੈ ਔਰ ਇਸ ਦੇ ਨਾਲ ਹੀ ਅਗਾਂਹ ਵੀ ਖਰੀਦਣ ਵਾਸਤੇ ਕਿਹਾ ਹੈ ਕਿ ਜੇ 2500 ਰੁਪਿਆ ਪ੍ਰਤੀ ਕੁਇੰਟਲ ਖੰਡ ਦਾ ਭਾਅ ਹੋਵੇਗਾ ਤਾਂ 50 ਰੁਪਏ ਅਸੀਂ ਬੋਨਸ ਦਿਆਂਗੇ, ਜੇ 2600 ਰੁਪਏ ਪ੍ਰਤੀ ਕੁਇੰਟਲ ਰੇਟ ਹੋਵੇਗਾ ਤਾਂ 40 ਰੁਪਿਆ ਬੋਨਸ ਦਿਆਂਗੇ, ਜੇ 2700 ਰੁਪਏ ਪ੍ਰਤੀ ਕੁਇੰਟਲ ਰੇਟ ਹੋਵੇਗਾ ਤਾਂ 30 ਰੁਪਿਆ ਬੋਨਸ ਵਜੋਂ ਦਿਆਂਗੇ ਤੇ ਜੇਕਰ 3000 ਰੁਪਿਆ ਭਾਅ ਹੋ ਗਿਆ ਤਾਂ ਕਿਸਾਨਾਂ ਨੂੰ 295 ਰੁਪਏ ਮਿਲਾਂ ਵਾਲੇ ਦੇਣਗੇ। ਕਿਸਾਨ ਨੂੰ 295 ਰੁਪਏ ਹੀ ਮਿਲਣੇ ਹਨ। ਇਸ ਲਈ ਮੇਰਾ ਕਹਿਣ ਦਾ ਭਾਵ ਕਿ ਕਿਸਾਨ ਦੇ ਭਲੇ ਲਈ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਨੀਤੀ ਬਣਾਈ ਹੈ, ਉਹ ਕਿਸੇ ਹੋਰ ਸੂਬੇ ਵਿੱਚ ਨਹੀਂ ਹੈ। ਅੱਜ ਜਿਹੜੀਆਂ ਇਹ ਗੱਲਾਂ ਕਰਦੇ ਹਨ, ਮੈਂ ਹੈਰਾਨ ਹਾਂ ਕਿ ਇੱਥੇ ਯੂ.ਪੀ. ਦੀ ਗੱਲ ਕਰਕੇ ਗਏ ਹਨ। ਰਾਣਾ ਜੀ ਕਹਿੰਦੇ ਹਨ ਕਿ ਯੂ.ਪੀ. ਵਿੱਚ 28 ਰੁਪਏ ਦਿੱਤੇ ਹਨ। 7200 ਕਰੋੜ ਤੋਂ ਉੱਪਰ ਯੂ.ਪੀ. ਦੇ ਕਿਸਾਨ ਦਾ ਗੰਨੇ ਦਾ ਬਕਾਇਆ 101 ਮਿਲਾਂ ਵੱਲ ਖੜ੍ਹਾ ਹੈ। ਸਮਾਂ ਘੱਟ ਹੈ, ਮੈਂ ਅੰਕੜੇ ਦੇਣੇ ਚਾਹੁੰਦਾ ਸੀ। ਸਾਡੇ ਇੰਡੀਆ ਵਿੱਚ ਟੋਟਲ 14000 ਕਰੋੜ ਮਿਲਾਂ ਵੱਲ ਖੜ੍ਹਾ ਹੈ। 5000 ਕਰੋੜ ਤੋਂ ਉੱਤੇ ਇਕੱਲਾ ਮਹਾਰਾਸ਼ਟਰ ਵਿੱਚ ਖੜ੍ਹਾ ਹੈ। ਪੰਜਾਬ ਵਿੱਚ ਕੇਵਲ 206 ਕਰੋੜ ਪ੍ਰਾਈਵੇਟ ਮਿੱਲਾਂ ਦਾ ਹੈ। ਜਿਹੜੀਆਂ ਸਰਕਾਰੀ

[ਖੇਤੀਬਾੜੀ ਮੰਤਰੀ]

ਮਿੱਲਾਂ ਹਨ, ਉਨ੍ਹਾਂ ਦਾ ਆਪਾਂ ਸਾਰਾ ਦੇ ਦਿੱਤਾ ਹੈ। ਇਸ ਲਈ ਇਹ ਸਰਦਾਰ ਪਰਕਾਸ਼ ਸਿੰਘ ਬਾਦਲ ਦੀ ਦੇਣ ਹੈ ਕਿ ਪੰਜਾਬ ਦੇ ਸੂਬੇ ਵਿੱਚ ਕਿਸਾਨ ਦੀ ਪੈਦਾਵਾਰ ਦੇ ਪੈਸੇ, ਗੰਨੇ ਦੇ ਪੈਸੇ ਸਭ ਤੋਂ ਪਹਿਲਾਂ ਦਿੱਤੇ ਹਨ। ਇਸ ਤੋਂ ਵੱਡੀ ਹਮਦਰਦੀ ਦੀ ਹੋਰ ਕੋਈ ਗੱਲ ਨਹੀਂ ਹੋ ਸਕਦੀ।(ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

ਸਿਹਤ ਤੇ ਪਰਿਵਾਰ ਭਲਾਈ ਮੰਤਰੀ (ਸ਼੍ਰੀ ਸੁਰਜੀਤ ਕੁਮਾਰ ਜਿਆਨੀ) (ਬੈਠੇ-ਬੈਠੇ) : ਤੁਹਾਡੇ ਜਵਾਬ ਤੋਂ ਡਰਦੀ ਹੀ ਕਾਂਗਰਸ ਭੱਜ ਗਈ ।

ਖੇਤੀਬਾੜੀ ਮੰਤਰੀ : ਇਹੀ ਤਾਂ ਗੱਲ ਹੈ ਕਿਉਂਕਿ ਮੈਂ ਅੰਕੜੇ ਦੇਣੇ ਸੀ। ਮੈਂ ਸਰਕਾਰ ਦੇ ਮੁਤਾਬਿਕ ਸਹੀ ਅੰਕੜੇ ਦੇਣੇ ਚਾਹੁੰਦਾ ਹਾਂ। ਇੰਡੀਆ ਵਿੱਚ ਕਿਸਾਨਾਂ ਨੇ ਗੰਨੇ ਦਾ ਕਿੰਨਾ ਪੈਸਾ ਲੈਣਾ ਹੈ, ਮੈਂ ਇਸ ਦੇ ਅੰਕੜੇ ਦੇਣਾ ਚਾਹੁੰਦਾ ਹਾਂ। ਉੱਤਰ ਪ੍ਰਦੇਸ਼ ਵਿੱਚ 7421 ਕਰੋੜ ਰੁਪਿਆ, ਮਹਾਰਾਸ਼ਟਰ ਵਿੱਚ 2943 ਕਰੋੜ ਰੁਪਿਆ, ਕਰਨਾਟਕਾ ਵਿੱਚ 1778 ਕਰੋੜ ਰੁਪਿਆ, ਤਾਮਿਲਨਾਡੂ ਵਿੱਚ 1399 ਕਰੋੜ ਰੁਪਏ, ਉਤਰਾਖੰਡ ਵਿੱਚ 475 ਕਰੋੜ ਰੁਪਏ, ਬਿਹਾਰ ਵਿੱਚ 379 ਕਰੋੜ ਰੁਪਏ, ਗੁਜਰਾਤ ਵਿੱਚ ਵੀ 218 ਕਰੋੜ ਰੁਪਏ ਕਿਸਾਨਾਂ ਦਾ ਬਕਾਇਆ ਖੜ੍ਹਾ ਹੈ। ਕੇਵਲ ਪੰਜਾਬ ਵਿੱਚ 206 ਕਰੋੜ ਰੁਪਿਆ ਹੈ ਅਤੇ ਉਹ ਵੀ ਪ੍ਰਾਈਵੇਟ ਮਿੱਲਾਂ ਦਾ ਹੈ। ਜਿਸ ਵਿਚੋਂ 40 ਕਰੋੜ ਇਕੱਲੇ ਰਾਣਾ ਜੀ ਦਾ ਹੈ। ਕੇਵਲ ਪੌਂਟੀ ਚੱਡਾ ਦੀ ਮਿੱਲ ਨੇ ਪੈਸਾ ਦਿੱਤਾ ਹੈ, ਬਾਕੀ ਛੇ ਮਿਲਾਂ ਨੇ ਦੇਣਾ ਹੈ। ਜੇਕਰ ਪੰਜਾਬ ਸਰਕਾਰ ਉੱਦਮ ਨਾ ਕਰਦੀ ਤਾਂ ਕਿਸਾਨਾਂ ਨੂੰ ਪੈਸੇ ਨਹੀਂ ਮਿਲਣੇ ਸਨ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਬੈਂਕਾਂ ਰਾਹੀਂ ਕਲੀਅਰ ਕਰਨੇ ਪੈਣੇ ਹਨ ਕਿਉਂਕਿ ਮੁੱਖ ਮੰਤਰੀ ਜੀ ਨੇ ਵਾਅਦਾ ਕੀਤਾ ਹੈ। ਇਨ੍ਹਾਂ ਨੇ ਕਿਸਾਨਾਂ ਦਾ ਭਲਾ ਕਰਨਾ ਹੈ; ਇਹ ਤਾਂ (ਆਪੋਜ਼ੀਸ਼ਨ ਪਾਰਟੀ ਵੱਲ ਇਸ਼ਾਰਾ) ਹੱਥ ਖੜ੍ਹੇ ਕਰ ਗਏ ਹਨ।

ਖਾਦਾਂ ਦੇ ਪ੍ਰਬੰਧ ਬਾਰੇ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਦੀ ਅਗਵਾਈ ਵਿੱਚ ਵਾਰ ਵਾਰ ਮੀਟਿੰਗਾਂ ਕਰਕੇ ਇੰਨੇ ਵਧੀਆ ਪ੍ਰਬੰਧ ਕੀਤੇ ਗਏ ਕਿ ਯੂਰੀਏ ਦੀ ਇੱਕ ਵਾਰ ਵੀ ਔਕੜ ਨਹੀਂ ਆਉਣ ਦਿੱਤੀ ਗਈ। ਸਭ ਤੋਂ ਵੱਧ ਯੂਰੀਆ ਪੰਜਾਬ ਵਿੱਚ ਆਇਆ ਹੈ। ਕੋਈ ਕਿਸਾਨ ਇਹ ਨਹੀਂ ਕਹਿ ਸਕਦਾ ਕਿ ਮੈਨੂੰ ਲਾਈਨ ਵਿੱਚ ਲੱਗਣਾ ਪਿਆ। ਪਿਛਲੀ ਕਣਕ ਵੇਲੇ ਵੀ ਅਤੇ ਐਂਤਕੀ ਝੋਨੇ

ਵੇਲੇ ਵੀ ਖਾਦਾਂ ਦਾ ਪ੍ਰਬੰਧ ਇੰਨਾ ਵਧੀਆ ਸੀ ਕਿ ਲੋਕਾਂ ਨੇ ਇਸ ਗੱਲ ਨੂੰ ਸਰਾਹਿਆ ਹੈ। ਸਾਡੇ ਵੱਸ ਵਿੱਚ ਜੋ ਹੈ, ਐਗਰੀਕਲਚਰ ਡਿਪਾਰਟਮੈਂਟ ਅਤੇ ਪੀ.ਏ.ਯੂ. ਪੂਰੀ ਤਰ੍ਹਾਂ ਕਿਸਾਨਾਂ ਨੂੰ ਜਾਗਰੂਕ ਕਰ ਰਹੀ ਹੈ ਅਤੇ ਇਸ ਵਾਸਤੇ ਅਸੀਂ ਪਿਛਲੇ ਸਾਲ ਵੀ ਐਡ ਦਿੱਤੀ ਸੀ, ਪ੍ਰਚਾਰ ਕੀਤਾ ਅਤੇ ਕੈਂਪ ਲਗਾਏ। ਕੈਂਪ ਪਹਿਲਾਂ ਪੈਲੇਸਾਂ ਵਿੱਚ ਲੱਗਦੇ ਹੁੰਦੇ ਸੀ, ਮੈਂ ਆਉਣ ਸਾਰ ਇਹ ਕੈਂਪ ਦਾਣਾ ਮੰਡੀਆਂ ਵਿੱਚ ਸ਼ੈਡਾਂ ਥੱਲੇ ਲਗਾਉਣੇ ਸ਼ੁਰੂ ਕੀਤੇ ਤਾਂ ਕਿ ਖਰਚਾ ਨਾ ਹੋਵੇ ਅਤੇ ਵੱਧ ਗਿਣਤੀ ਵਿੱਚ ਲੋਕ ਇਕੱਠੇ ਹੋ ਸਕਣ। ਲੋਕਾਂ ਨੂੰ ਦੱਸਿਆ ਗਿਆ ਕਿ ਜਿਸ ਕਿਸੇ ਨੇ ਝੋਨਾ ਬੀਜਣਾ ਹੈ, ਪੈਡੀ ਬੀਜਣੀ ਹੈ, ਉਹ ਡੀ.ਏ.ਪੀ. ਖਾਦ ਨਾ ਪਾਵੇ। ਇਸ ਗੱਲ ਦਾ ਇੰਨਾ ਅਸਰ ਹੋਇਆ ਹੈ ਕਿ ਦੋ ਸਾਲਾਂ ਵਿੱਚ 400 ਕਰੋੜ ਰੁਪਏ ਦਾ ਫਾਇਦਾ ਹੋਇਆ ਹੈ ਕਿਉਂਕਿ ਕਿਸਾਨਾਂ ਨੇ ਡੀ.ਏ.ਪੀ. ਦੀ ਵਰਤੋਂ ਨਹੀਂ ਕੀਤੀ। ਲੋਕਾਂ ਨੂੰ ਪਤਾ ਲੱਗ ਗਿਆ ਕਿ ਡੀ.ਏ.ਪੀ. ਪਾਉਣ ਦਾ ਕੋਈ ਫਾਇਦਾ ਨਹੀਂ ਹੈ ਕਿਉਂਕਿ ਸਾਡੀ ਧਰਤੀ ਵਿੱਚ ਪਹਿਲਾਂ ਹੀ ਫਾਸਫੋਰਸ ਹੈ। ਜੇ ਕੋਈ ਕਣਕ ਦੀ ਬਿਜਾਈ ਵੇਲੇ ਡੀ.ਏ.ਪੀ. ਪਾ ਦਿੰਦਾ ਹੈ ਤਾਂ ਝੋਨੇ ਵੇਲੇ ਡੀ. ਏ.ਪੀ. ਪਾਉਣ ਦੀ ਲੋੜ ਨਹੀਂ ਪੈਂਦੀ।

ਬਾਸਮਤੀ ਦੀ ਖਰੀਦ ਦੀ ਔਕੜ ਬਾਰੇ ਕੱਲ੍ਹ ਨੂੰ ਸੀ.ਐਮ. ਸਾਹਿਬ ਆਪ ਦੱਸ ਦੇਣਗੇ। ਸਰਦਾਰ ਪਰਕਾਸ਼ ਸਿੰਘ ਬਾਦਲ ਦੇ ਕਹਿਣ ਤੇ ਮੰਡੀ ਬੋਰਡ ਨੇ ਘਾਟਾ ਵੀ ਝੱਲਿਆ। ਪਿਛਲੀ ਵਾਰੀ ਫੀਸ ਮਾਫ ਕੀਤੀ ਅਤੇ ਐਤਕੀਂ ਵੀ ਮਾਫ ਕੀਤੀ। ਜਿਸ ਕਾਰਨ 490 ਕਰੋੜ ਰੁਪਿਆ ਪਿਛਲੇ ਸਾਲ ਘਾਟਾ ਪਿਆ ਅਤੇ ਐਤਕੀ 800 ਕਰੋੜ ਰੁਪਏ ਦਾ ਮੰਡੀਬੋਰਡ ਨੂੰ ਘਾਟਾ ਪਿਆ। ਇਹ ਘਾਟਾ ਇਸ ਵਾਸਤੇ ਸਹਿਣਾ ਪਿਆ ਤਾਂ ਕਿ ਕਿਸਾਨਾਂ ਨੂੰ ਬਾਸਮਤੀ ਦਾ ਵਧੀਆ ਭਾਅ ਮਿਲ ਸਕੇ। ਸਰਦਾਰ ਪਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿੱਚ ਐਗਰੀਕਲਚਰ ਡਿਪਾਰਟਮੈਂਟ ਇਸ ਸਬੰਧ ਵਿੱਚ ਪੂਰੀ ਕੋਸ਼ਿਸ਼ ਕਰ ਰਿਹਾ ਹੈ। ਇਹ ਗੱਲਾਂ ਕਰਦੇ ਹਨ ਕਿ ਕਿਸਾਨ ਖੁਦਕਸ਼ੀਆਂ ਕਰ ਰਹੇ ਹਨ।

ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਮੈਂ ਵੀ ਇੱਕ ਕਿਸਾਨ ਹਾਂ, ਕਿਸਾਨ ਦਾ ਪੁੱਤ ਹਾਂ। ਮੈਂ ਇਨ੍ਹਾਂ ਵਾਂਗ (ਆਪੋਜ਼ੀਸ਼ਨ ਪਾਰਟੀ ਵੱਲ ਇਸ਼ਾਰਾ) ਸੋਨੇ ਦਾ ਚਮਚਾ ਲੈ ਕੇ ਨਹੀਂ ਜੰਮਿਆ ਸੀ, ਭਾਵੇਂ ਸਾਡੇ ਬਜ਼ੁਰਗ ਆਪਣੇ ਪਿੰਡ ਦੇ ਤਕੜੇ ਕਿਸਾਨ ਸਨ। ਕੈਰੋਂ ਸਾਹਿਬ ਵੇਲੇ ਸਾਡੀ ਸਰਪਲਸ ਜ਼ਮੀਨ ਵੀ ਨਿਕਲੀ ਅਤੇ ਮੁੜ ਕੇ ਸਾਡੇ ਬਜ਼ੁਰਗਾਂ ਨੇ ਯੂ.ਪੀ. ਵਿੱਚ

[ਖੇਤੀਬਾੜੀ ਮੰਤਰੀ]

ਜ਼ਮੀਨ ਲਈ। ਪੰਜਾਬ ਵਿੱਚ ਹੋਰ ਜ਼ਮੀਨ ਅਸੀਂ ਲੈ ਨਹੀਂ ਸਕਦੇ ਸੀ, ਸੀਲਿੰਗ ਕਾਰਨ, 1962 ਵਿੱਚ ਜਾ ਕੇ ਅਸੀਂ ਉਥੇ ਖਰੀਦੀ, 140 ਏਕੜ ਦਾ ਪਲਾਟ ਖਰੀਦਿਆ। ਮੈਂ ਕਾਲਜ ਵਿੱਚ ਪੜ੍ਹ ਕੇ ਹਟਣ ਤੋਂ ਬਾਅਦ ਸਾਲ 1963 ਵਿੱਚ ਇੱਕ ਬਾਈਲਾਰਸ ਟ੍ਰੈਕਟਰ ਲਿਆ, ਇਸ ਟ੍ਰੈਕਟਰ ਨਾਲ ਮੈਂ ਸਾਰੀ 140 ਏਕੜ ਜ਼ਮੀਨ ਦੀ ਵਾਹੀ ਆਪ ਕੀਤੀ, ਇਸ ਜ਼ਮੀਨ ਨੂੰ ਅਬਾਦ ਕੀਤਾ ਔਰ 100 ਏਕੜ ਜ਼ਮੀਨ ਵਿੱਚ ਦੋ ਸਾਲਾਂ ਵਿੱਚ ਗੰਨਾ ਲਗਾਇਆ। ਸਾਲ 1967 ਵਿੱਚ ਮੈਂ ਉਹ ਫਾਰਮ ਵੇਚ ਕੇ ਦਿਆਲਪੁਰਾ ਭਾਈਕੇ ਵਿੱਚ 40 ਏਕੜ ਦਾ ਫਾਰਮ ਖਰੀਦਿਆ। ਮੈਂ ਇਹ ਗੱਲ ਇਸ ਵਾਸਤੇ ਦੱਸ ਰਿਹਾ ਹਾਂ ਕਿ ਅਸੀਂ ਖੇਤੀਬਾੜੀ ਧੰਦੇ ਵਿੱਚ ਯਕੀਨ ਰੱਖਦੇ ਹਾਂ। ਅਸੀਂ ਆਪ ਸਾਰਾ ਕੰਮ ਹੱਥੀਂ ਕੀਤਾ ਹੈ। ਮੇਰਾ ਕਹਿਣ ਤੋਂ ਭਾਵ ਹੈ ਕਿ ਮੈਂ ਇੱਕੋ ਦਿਨ ਸਾਡੇ ਸਾਂਝੇ ਪਰਿਵਾਰ ਦੀਆਂ 135 ਏਕੜ ਜ਼ਮੀਨ ਦੀਆਂ ਰਾਮਪੁਰਾ ਫੂਲ ਵਿਖੇ ਰਜਿਸਟਰੀਆਂ ਕਰਵਾਈਆਂ, ਜੇ ਕਿਤੇ ਅੱਜ ਮੈਂ 10 ਕਿੱਲੇ ਜ਼ਮੀਨ ਲੈ ਲਵਾਂ ਤਾਂ ਵਾਹ ਵਾਹ ਹੋ ਜਾਣੀ ਹੈ। ਇਹ ਸਾਲ 1967 ਦੀ ਗੱਲ ਹੈ। ਪਰ ਜਦੋਂ ਇਨ੍ਹਾਂ ਦੀ ਸਰਕਾਰ ਸੀ ਤਾਂ ਇਨ੍ਹਾਂ ਨੇ ਮੇਰੇ ਤੇ ਕੇਸ ਬਣਾਇਆ ਅਤੇ ਸਾਲ 1967 ਵਿੱਚ ਖਰੀਦੀ ਜ਼ਮੀਨ ਵੀ ਮੇਰੇ ਕੇਸ ਵਿੱਚ ਪਾ ਦਿੱਤੀ। ਮੈਂ 1990 ਵਿੱਚ ਚੰਡੀਗੜ੍ਹ ਵਿੱਚ ਘਰ ਲਿਆ, ਉਹ ਵੀ ਕੇਸ ਵਿੱਚ ਪਾ ਦਿੱਤਾ। ਮੈਂ ਦੁਖ ਮੰਨਦਾ ਹਾਂ ਇਸ ਗੱਲ ਦਾ ਕਿ ਇਨ੍ਹਾਂ ਨੇ ਮੇਰੇ ਤੇ ਝੂਠਾ ਪ੍ਰਾਪਰਟੀ ਦਾ ਕੇਸ ਪਾਇਆ। ਪਰ ਮਾਨਯੋਗ ਕੋਰਟ ਨੇ ਇਹ ਗੱਲ ਲਿਖੀ ਕਿ ਇਹ ਕੇਸ ਪੁਲੀਟੀਕਲ ਮੋਟੀਵੇਸ਼ਨ ਨਾਲ ਬਣਾਇਆ ਗਿਆ ਹੈ। ਮੈਂ ਆਪਣੀਆਂ ਸਾਰੀਆਂ ਬੈਲੰਸ ਸ਼ੀਟਾਂ ਅਤੇ ਰਿਟਰਨਾਂ ਦਿੱਤੀਆਂ, ਆਪਣੇ ਸ਼ੈਲਰਾਂ ਦਾ ਰਿਕਾਰਡ ਵੀ ਦੇ ਦਿੱਤਾ, ਮਾਨਯੋਗ ਕੋਰਟ ਨੇ ਮਹਿਕਮੇ ਨੂੰ ਕਿਹਾ ਕਿ ਜਿਹੜੇ ਪ੍ਰਾਪਰਟੀ ਕੇਸ ਹਨ, ਇਨ੍ਹਾਂ ਵਿੱਚੋਂ ਜਥੇਦਾਰ ਤੋਤਾ ਸਿੰਘ ਨੂੰ ਬਰੀ ਕਰਦੇ ਹਾਂ। ਇਹ ਕੇਸ ਗਿਣਮਿਥ ਕੇ ਬਣਾਇਆ ਗਿਆ। ਮੈਲਾਫਾਈਡ ਤਰੀਕੇ ਨਾਲ ਬਣਾਇਆ ਗਿਆ। ਇਸ ਬਾਰੇ ਕੋਰਟ ਨੇ ਮੈਲਾਫਾਈਡ ਇੰਟੈਂਸ਼ਨ ਨਾਲ ਪ੍ਰਾਪਰਟੀ ਦਾ ਕੇਸ ਬਣਾਇਆ ਗਿਆ ਲਿਖਿਆ ਹੈ। ਮੇਰੇ ਤੇ ਸਿਰਫ ਦੋਸ਼ ਲੱਗਿਆ ਅਤੇ ਇੱਕ ਸਾਲ ਲਈ ਸਜ਼ਾ ਦਾ ਹੁਕਮ ਹੋਇਆ ਕਿ ਜਿਹੜੀ ਕਾਰ ਐਜੂਕੇਸ਼ਨ ਬੋਰਡ ਦੀ ਹੈ, ਇਹ ਬਹੁਤ ਵਾਰੀ ਮੁਹਾਲੀ ਤੋਂ ਮੋਗੇ ਗਈ ਹੈ। ਇਸ ਵਾਸਤੇ 'it may use' ਲਫਜ਼ ਲਿਖਿਆ ਹੈ ਕਿ ਸ਼ੱਕ ਹੈ ਕਿ ਇਹ ਕਾਰ ਵਰਤੀ ਗਈ ਹੈ, ਜਿਹੜੀ ਸਾਡੀ ਕਾਰ ਸੰਗਤ ਦਰਸ਼ਨ ਵਿੱਚ ਜਾਂਦੀ ਹੈ ਪਰ ਮੈਂ ਮਾਨਯੋਗ ਹਾਈ ਕੋਰਟ ਵਿੱਚ ਗਿਆ, ਮਾਨਯੋਗ ਹਾਈ ਕੋਰਟ ਨੇ ਇਸ ਇੱਕ ਸਾਲ ਦੀ

ਸਜ਼ਾ ਨੂੰ ਸਸਪੈਂਡ ਕਰ ਦਿੱਤਾ । ਮੇਰੇ ਕਹਿਣ ਤੋਂ ਭਾਵ ਹੈ ਕਿ ਇਹ ਗੱਲਾਂ ਗਲਤ ਕਰਦੇ ਹਨ।

ਇਹ ਸਰਕਾਰ ਦੀਆਂ ਗੱਲਾਂ ਕਰਦੇ ਹਨ। ਮੈਨੂੰ ਅਜੇ ਵੀ ਯਾਦ ਹੈ ਕਿ ਸਾਡੀ ਇਹ ਪਹਿਲੀ ਸਰਕਾਰ ਹੈ ਜਿਸ ਨੇ ਕਿਸਾਨਾਂ ਦੀ ਬਾਂਹ ਫੜੀ ਹੈ। ਇੱਥੇ ਬੀ.ਜੇ.ਪੀ. ਵਾਲੇ ਅਤੇ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਬੈਠੇ ਹਨ। ਸਾਲ 1967 ਵਿੱਚ ਪਹਿਲੀ ਅਕਾਲੀ ਸਰਕਾਰ ਸੀ, ਜਿਸ ਨੇ ਕਿਸਾਨਾਂ ਦੀ ਬਾਂਹ ਫੜੀ ਸੀ, ਉਦੋਂ 76 ਰੁਪਏ ਪ੍ਰਤੀ ਕੁਇੰਟਲ ਕਣਕ ਦਾ ਭਾਅ ਸੀ। ਸਰਦਾਰ ਗੁਰਨਾਮ ਸਿੰਘ ਚੀਫ ਮਨਿਸਟਰ ਸੀ ਅਤੇ ਸਰਦਾਰ ਲਛਮਣ ਸਿੰਘ ਗਿੱਲ ਵੀ ਉਸ ਸਰਕਾਰ ਵਿੱਚ ਸੀ। ਉਹ ਸਰਕਾਰ ਬੜੀ ਔਖੀ ਬਣੀ ਸੀ। ਮੈਂ ਤਾਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਸੀ ਕਿ ਮੈਥੋਂ ਅਸਤੀਫਾ ਲੈ ਲੈਣ ਪਰ ਇਨ੍ਹਾਂ ਦੀ ਵਾਰੀ ਤਾਂ ਆਉਣੀ ਨਹੀਂ। ਜੇ ਮੈਂ ਮੁੱਖ ਮੰਤਰੀ ਜੀ ਦੇ ਕਹਿਣ ਤੇ ਅਸਤੀਫਾ ਵੀ ਦੇ ਦਿਆਂ ਤਾਂ ਵੀ ਇਨ੍ਹਾਂ ਦੀ ਵਾਰੀ ਤਾਂ ਆਉਣੀ ਨਹੀਂ। (ਥੰਪਿੰਗ) ਇਨ੍ਹਾਂ ਦੀ ਤਾਂ ਉਹ ਗੱਲ ਹੈ ਜਿਵੇਂ ਕਿ ਕੋਈ ਲੜਕਾ ਰੋਜ਼ ਕਹਿ ਦਿਆ ਕਰੇ ਕਿ ਅੱਜ ਫਲਾਣਾ ਮਰ ਜਾਵੇ, ਫਲਾਣਾ ਮਰ ਜਾਵੇ। ਉਸ ਦੀ ਮਾਂ ਕਹਿੰਦੀ ਕਿ ਪੁੱਤਰ ਸੌਂ ਜਾ, ਭਾਵੇਂ ਸਾਰਾ ਪਿੰਡ ਮਰ ਜਾਵੇ, ਤੇਰੀ ਨੰਬਰਦਾਰੀ ਦੀ ਵਾਰੀ ਤਾਂ ਆਉਣੀ ਨਹੀਂ। ਤੈਨੂੰ ਨੰਬਰਦਾਰੀ ਨਹੀਂ ਮਿਲਣੀ, ਅਰਾਮ ਨਾਲ ਸੌਂ ਜਾ। ਉਹੀ ਗੱਲ ਇਨ੍ਹਾਂ ਦੀ ਹੈ। ਮੈਂ ਜਾਖੜ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਤੇਰਾ ਭਲਾ ਹੋ ਜਾਵੇਗਾ? ਇਨ੍ਹਾਂ (ਜਾਖੜ ਸਾਹਿਬ) ਦਾ ਪਿਉ ਮੇਰਾ ਦੋਸਤ ਸੀ। ਮੈਂ ਤਾਂ ਪਤਾ ਵੀ ਲੈ ਕੇ ਆਇਆ ਹਾਂ, ਉਹ ਬਹੁਤ ਬਿਮਾਰ ਹੈ, ਬੜਾ ਚਿਰ ਹੋ ਗਿਆ ਹੈ। ਇਸ ਲਈ ਮੇਰਾ ਕਹਿਣ ਦਾ ਭਾਵ ਹੈ ਕਿ ਇਹੋ ਜਿਹੇ ਦੋਸ਼ ਲਾਉਣੇ ਇੰਨੇ ਵੱਡੇ ਸੀਨੀਅਰ ਬੰਦੇ ਵਾਸਤੇ ਸ਼ੋਭਾ ਨਹੀਂ ਦਿੰਦੇ। ਜੇ ਮੇਰੇ ਅਸਤੀਫਾ ਦੇਣ ਨਾਲ ਇਨ੍ਹਾਂ ਨੂੰ ਕੁਝ ਮਿਲਦਾ ਹੁੰਦਾ ਤਾਂ ਮੈਂ ਤਾਂ ਦੇ ਦੇਣਾ ਸੀ।

ਮੈਂ ਇੱਕ ਕਹਾਣੀ ਦੱਸਣੀ ਚਾਹੁੰਦਾ ਹਾਂ। ਜੋ ਇਨ੍ਹਾਂ ਦੀ ਅੱਜ ਦੀ ਕਹਾਣੀ ਹੈ, ਇਵੇਂ ਹੀ ਸਾਲ 1967 ਵਿੱਚ ਸੀ। ਮਾਨਯੋਗ ਸਪੀਕਰ ਸਾਹਿਬ, ਸਾਨੂੰ ਪਤਾ ਹੈ ਕਿ ਉਦੋਂ ਅਕਾਲੀਆਂ ਨੇ ਕਿੰਨੀ ਔਖੀ ਸਰਕਾਰ ਬਣਾਈ ਸੀ। ਅਸੀਂ ਆਪ ਉਸ ਸਮੇਂ ਵਿਚੋਂ ਦੀ ਲੰਘੇ ਹਾਂ। ਮੈਂ ਫਿਰੋਜ਼ਪੁਰ ਜ਼ਿਲ੍ਹੇ ਦਾ ਜਨਰਲ ਸਕੱਤਰ ਸੀ। ਮੈਂ ਸੰਤ ਫਤਿਹ ਸਿੰਘ ਜੀ ਦੇ ਬਹੁਤ ਨੇੜੇ ਸੀ। ਅਸੀਂ ਖੰਨੇ ਮੂੰਗਫਲੀ ਦੇ ਕਾਰਖਾਨੇ ਵਿੱਚ ਸਾਰੇ ਐਮ.ਐਲ.ਏ. ਇਕੱਠੇ ਹੋਏ ਸੀ। ਉਦੋਂ 104 ਮੈਂਬਰਾਂ ਦਾ ਹਾਊਸ ਹੁੰਦਾ ਸੀ, ਹੁਣ 117 ਦਾ ਹੈ। ਉਦੋਂ 104 ਸੀਟਾਂ ਵਿੱਚੋਂ ਇਕੱਲੇ 48

[ਖੇਤੀਬਾੜੀ ਮੰਤਰੀ]

ਕਾਂਗਰਸ ਦੇ ਜਿੱਤੇ ਸੀ। ਕਾਂਗਰਸ ਦੇ ਇਨ੍ਹਾਂ ਲੀਡਰਾਂ ਵਿੱਚੋਂ ਦੋ ਲੀਡਰ ਕਹਿੰਦੇ ਕਿ ਅਸੀਂ ਮੁੱਖ ਮੰਤਰੀ ਬਣਨਾ ਹੈ, ਰਾੜੇ ਵਾਲਾ ਕਹਿੰਦਾ ਕਿ ਮੈਂ ਮੁੱਖ ਮੰਤਰੀ ਬਣਨਾ ਹੈ, ਮੇਜਰ ਹਰਿੰਦਰ ਸਿੰਘ ਅੰਮ੍ਰਿਤਸਰ ਵਾਲਾ ਕਹਿੰਦਾ ਕਿ ਮੈਂ ਮੁੱਖ ਮੰਤਰੀ ਬਣਨਾ ਹੈ। ਇਨ੍ਹਾਂ ਦੇ 20-22 ਐਮ.ਐਲ.ਏ. 10 ਦਿਨ ਦਿੱਲੀ ਬੈਠੇ ਰਹੇ। ਉਸ ਵੇਲੇ ਦੀ ਪ੍ਰਧਾਨ ਮੰਤਰੀ ** ** ਕੋਈ ਫੈਸਲਾ ਨਾ ਕਰ ਸਕੀ। ਅਸੀਂ ਅਕਾਲੀ ਦਲ ਦੇ 23 ਮੈਂਬਰ ਜਿੱਤੇ ਸੀ। ਕੁਝ ਅਜ਼ਾਦ ਮੈਂਬਰ ਅਤੇ ਜਨਸੰਘ ਦੇ ਵੀ ਜਿੱਤੇ ਸੀ। ਸੀ.ਪੀ.ਐਮ. ਦੇ ਵੀ ਦੋ ਮੈਂਬਰ ਜਿੱਤੇ ਸੀਂ। ਮੈਂ ਇਨ੍ਹਾਂ ਦੀ ਕਹਾਣੀ ਦੱਸਣੀ ਚਾਹੁੰਦਾ ਹਾਂ। ਬੜੀ ਦਰਦ ਭਰੀ ਕਹਾਣੀ ਹੈ। ਮੇਰੇ ਕਹਿਣ ਤੋਂ ਭਾਵ ਹੈ ਕਿ ਅਸੀਂ 53 ਬੰਦੇ ਖੰਨੇ ਤੋਂ ਬੱਸ ਵਿੱਚ ਬਿਠਾਏ। ਅਸੀਂ ਜੀਪਾਂ ਲੈ ਕੇ ਮਗਰ ਲੱਗੇ, ਅਸੀਂ ਰਾਜ ਭਵਨ ਦੇ ਮੂਹਰੇ ਰਾਤ ਭਰ ਬੈਠੇ ਰਹੇ। ਰਾਤ ਨੂੰ ਸਾਨੂੰ ਅੰਦਰ ਨਹੀਂ ਵੜਨ ਦਿੱਤਾ। ਸਾਡੀ ਪਰੇਡ ਨਹੀਂ ਹੋਣ ਦਿੱਤੀ। ** ** ਉਦੋਂ ਆਪੋਜੀਸ਼ਨ ਦੇ ਲੀਡਰ ਸੀ। ਉਹ ਸਾਡੇ ਧਰਨੇ ਵਿੱਚ ਆ ਕੇ ਬੈਠ ਗਏ। ਮੀਡੀਏ ਨੇ ਸਾਡੀ ਮਦਦ ਕੀਤੀ ਤਾਂ ਕਿਤੇ ਜਾ ਕੇ ਸਾਡੀ 53 ਐਮ.ਐਲ.ਏਜ਼ ਦੀ ਪਰੇਡ ਹੋਈ। ਫਿਰ ਸਰਦਾਰ ਗੁਰਨਾਮ ਸਿੰਘ ਨੂੰ ਮੁੱਖ ਮੰਤਰੀ ਬਣਾਇਆ। ਜਦੋਂ ਗੁਰਨਾਮ ਸਿੰਘ ਮੁੱਖ ਮੰਤਰੀ ਬਣਾਏ ਤਾਂ ਪਹਿਲੀ ਸਰਕਾਰ ਵਿੱਚ ਸ੍ਰੀ ਸਤਪਾਲ ਡਾਂਗ ਫੂਡ ਮਨਿਸਟਰ ਸਨ। ਉਨ੍ਹਾਂ ਨੇ ਫੈਸਲਾ ਕੀਤਾ ਕਿ 76 ਰੁਪਏ ਪ੍ਰਤੀ ਕੁਇੰਟਲ ਕਣਕ ਖਰੀਦਾਂਗੇ। ਉਨ੍ਹਾਂ ਦਿਨਾਂ ਵਿੱਚ ਜਦੋਂ ਕਣਕ 76 ਰੁਪਏ ਪ੍ਰਤੀ ਕੁਇੰਟਲ ਖਰੀਦੀ ਗਈ ਸੀ, ਉਸ ਵੇਲੇ ਟ੍ਰੈਕਟਰ ਦਾ ਭਾਅ 10,000/- ਰੁਪਏ ਸੀ। ਉਦੋਂ ਇੱਕ ਹਜ਼ਾਰ ਇੱਟ ਦਾ ਰੇਟ ਕੇਵਲ 30 ਰੁਪਏ ਸੀ। ਉਦੋਂ ਯੂਰੀਆ ਨਹੀਂ ਹੁੰਦਾ ਸੀ। ਉਸ ਸਮੇਂ ਇਕੱਲੀ 'ਕਿਸਾਨ ਖਾਦ' ਹੁੰਦੀ ਸੀ। ਜਿਸ ਦੀ ਸੱਤ ਰੁਪਏ ਦੀ ਬੋਰੀ ਹੁੰਦੀ ਸੀ। ਸਵਾ ਰੁਪਏ ਲੀਟਰ ਉਦੋਂ ਮੋਬਿਲ ਆਇਲ ਦਾ ਰੇਟ ਹੁੰਦਾ ਸੀ। ਮੇਰੇ ਕਹਿਣ ਤੋਂ ਭਾਵ ਹੈ ਕਿ ਕਿਸਾਨ ਕਿਸ ਨੇ ਮਾਰਿਆ ਹੈ। ਇਹ ਇਥੋਂ ਭੱਜ ਗਏ ਹਨ? ਇਨ੍ਹਾਂ ਦੀਆਂ ਗਲਤ ਨੀਤੀਆਂ ਨੇ ਸਾਨੂੰ ਮਾਰਿਆ ਹੈ।

ਮਾਨਯੋਗ ਸਪੀਕਰ : ਜਥੇਦਾਰ ਤੋਤਾ ਸਿੰਘ ਜੀ, ਬਹੁਤ ਬਹੁਤ ਧੰਨਵਾਦ।

ਖੇਤੀਬਾੜੀ ਮੰਤਰੀ : ਮੈਂ ਕਹਿਣਾ ਸੀ ਕਿ ਕਾਂਗਰਸ ਸਰਕਾਰ ਨੇ ਕਿਸਾਨ ਨੂੰ ਮਾਰਿਆ ਹੈ। ਕਿਵੇਂ ਮਾਰਿਆ ਹੈ? ਕਿਉਂਕਿ ਕਾਂਗਰਸ ਸਰਕਾਰ ਦੇ ਸਮੇਂ ਤੋਂ ਹੁਣ ਤੱਕ ਕਣਕ ਦਾ ਭਾਅ ਸਿਰਫ 18 ਗੁਣਾ ਵਧਿਆ ਅਤੇ ਖੇਤੀ ਵਰਤੋਂ ਦੀਆਂ ਵਸਤਾਂ ਦਾ ਭਾਅ 150 ਗੁਣਾ ਵੱਧ ਚੁੱਕਿਆ ਹੈ। ਜਿਸ ਕਰਕੇ ਸਾਡੇ ਤੇ ਕਰਜ਼ਾ

**Expunged as ordered by the Chair.

ਚੜ੍ਹਿਆ। ਕਾਂਗਰਸ ਸਰਕਾਰ ਦੀਆਂ ਇਨ੍ਹਾਂ ਗਲਤ ਨੀਤੀਆਂ ਕਰਕੇ ਕਿਸਾਨ ਦਾ ਉਜਾੜਾ ਹੋਇਆ। ਜੇਕਰ ਸਾਲ 1997 ਵਿੱਚ ਬਾਦਲ ਸਾਹਿਬ ਕਿਸਾਨ ਨੂੰ ਨਾ ਬਚਾਉਂਦੇ ਤਾਂ ਕਿਸਾਨ ਦਾ ਹੋਰ ਮਾੜਾ ਹਾਲ ਹੋਣਾ ਸੀ। 5 ਹਜ਼ਾਰ ਕਰੋੜ ਰੁਪਿਆ ਹਰ ਸਾਲ ਬਿਜਲੀ ਦਾ ਬਿਲ ਪੰਜਾਬ ਦੇ ਖਜ਼ਾਨੇ ਵਿੱਚੋਂ ਦਿੱਤਾ ਜਾਂਦਾ ਹੈ।ਅੱਜ ਦੇਖ ਲਓ ਕਿੰਨੇ ਸਾਲ ਹੋ ਗਏ ਹਨ। ਇਨ੍ਹਾਂ ਨੇ ਆਪਣੀ ਸਰਕਾਰ ਵੇਲੇ ਕਿਸਾਨਾਂ ਤੋਂ ਬਿਜਲੀ ਦੇ ਪੂਰੇ ਬਿਲ ਲਏ ਹਨ। ਇਹ ਕਿਸਾਨਾਂ ਦੇ ਹਮਦਰਦਾਂ ਦੀ ਗੱਲ ਕਰਦੇ ਹਨ।ਇਨ੍ਹਾਂ ਨੇ ਗੱਲ ਕੀਤੀ ਹੈ ਚਿੱਟੀ ਮੱਖੀ ਦੀ, ਜਿਸਦੀ ਦਵਾਈ ਸਿਰਫ 10 ਫੀਸਦੀ ਅਸੀਂ ਦਿੱਤੀ ਹੈ।ਇਹ ਮੈਨੂੰ ਕਹਿੰਦੇ ਹਨ ਪਰ ਮੈਂ ਕਹਿੰਦਾ ਹਾਂ ਕਿ ਚਿੱਟੀ ਮੱਖੀ ਇਨ੍ਹਾਂ ਦੀ ਜੇਬ ਵਿੱਚੋਂ ਨਿਕਲੇਗੀ। ਮੇਰਾ ਕਹਿਣ ਤੋਂ ਭਾਵ ਹੈ ਕਿ ਦੋਸ਼ ਲਗਾਉਣੇ ਬਹੁਤ ਸੌਖੇ ਹਨ।

ਮਾਨਯੋਗ ਸਪੀਕਰ : ਜਥੇਦਾਰ ਤੋਤਾ ਸਿੰਘ ਜੀ, ਬਹੁਤ ਬਹੁਤ ਧੰਨਵਾਦ।

ਖੇਤੀਬਾੜੀ ਮੰਤਰੀ : ਮੈਂ ਤੁਹਾਡੇ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮੈਂ ਤੁਹਾਡੀ ਚੇਅਰ ਦਾ ਸਤਿਕਾਰ ਕਰਦਾ ਹਾਂ, ਮੇਰੇ ਮਨ ਤੇ ਬੋਝ ਹੈ। ਇਸ ਲਈ ਮੈਨੂੰ ਬੋਲਣ ਦੀ ਆਗਿਆ ਦਿਓ। ਇਹ ਜਿਹੜੀਆਂ ਗੱਲਾਂ ਕਰਕੇ ਗਏ ਹਨ, ਇਨ੍ਹਾਂ ਨੇ ਆਪਣੀਆਂ ਕੀਤੀਆਂ ਪਹਿਲਾਂ ਵੀ ਭਰੀਆਂ ਹਨ ਅਤੇ ਹੁਣ ਵੀ ਭਰਨਗੇ। ਮੈਂ ਦੱਸਣਾ ਚਾਹੁੰਦਾ ਹਾਂ ਕਿ ਤੁਹਾਡੀ ਇਸ ਚੇਅਰ ਤੇ ਸਰਦਾਰ ਨਿਰਮਲ ਸਿੰਘ ਕਾਹਲੋਂ ਸਪੀਕਰ ਸਾਹਿਬ ਬੈਠੇ ਸਨ।ਮੇਰੀ ਅਤੇ ਉਨ੍ਹਾਂ ਦੀ ਇੱਕੋ ਦਿਨ ਮੋਹਾਲੀ ਦੀ ਅਦਾਲਤ ਵਿੱਚ ਤਰੀਕ ਸੀ ਅਤੇ ਉਸੇ ਦਿਨ ਕੈਪਟਨ ਅਮਰਿੰਦਰ ਸਿੰਘ ਜੀ ਦੀ ਵੀ ਤਰੀਕ ਸੀ। ਜਦੋਂ ਉਥੇ ਕੈਪਟਨ ਸਾਹਿਬ ਆਏ, ਉਹ ਅੱਧਾ ਘੰਟਾ ਲੇਟ ਆਏ, ਜਦੋਂ ਜੱਜ ਨੇ ਪੁੱਛਿਆ ਤਾਂ ਉਹ ਕਹਿੰਦਾ ਕਿ 'ਸੌਰੀ' ਜਾਮ ਲੱਗਿਆ ਸੀ ਅਤੇ ਉਸ ਤੋਂ ਬਾਅਦ ਉਸਨੇ ਮੀਡੀਏ ਨੂੰ ਸੰਬੋਧਨ ਕੀਤਾ। ਫਿਰ ਮੀਡੀਆ ਸਾਡੇ ਕੋਲ ਆ ਗਿਆ ਤਾਂ ਸਰਦਾਰ ਨਿਰਮਲ ਸਿੰਘ ਕਾਹਲੋਂ ਕਹਿੰਦੇ ਕਿ ਮੇਰਾ ਤਾਂ ਵਿਧਾਨ ਸਭਾ ਦਾ ਕੇਸ ਹੈ, ਮੈਂ ਕੁਝ ਨਹੀਂ ਕਹਿਣਾ। ਫਿਰ ਮੀਡੀਆ ਮੇਰੇ ਕੋਲ ਆ ਗਿਆ ਤਾਂ ਮੈਂ ਕਿਹਾ ਕਿ ਮੈਂ ਵੀ ਕੁਝ ਨਹੀਂ ਕਹਿਣਾ ਚਾਹੁੰਦਾ, ਮੈਂ ਤਾਂ ਬਤੌਰ ਮੁਜਰਮ ਦੇ ਨਾਤੇ ਇੱਥੇ ਪੇਸ਼ ਹੋਇਆ ਹਾਂ। ਮੀਡੀਆ ਵਾਲੇ ਕਹਿੰਦੇ ਕਿ ਫਿਰ ਵੀ ਕੁਝ ਤਾਂ ਕਹੋ ਤਾਂ ਮੈਂ ਕਿਹਾ ਕਿ ਰੱਬ ਦੇ ਘਰ ਦੇਰ ਹੈ ਪਰ ਅੰਧੇਰ ਨਹੀਂ ਹੁੰਦਾ। ਅੱਜ ਸਥਿਤੀ ਤੁਹਾਡੇ ਸਾਹਮਣੇ ਹੈ, ਅਦਾਲਤ ਦੇ ਸੇਵਾਦਾਰ ਨੇ ਆਵਾਜ਼ ਮਾਰੀ ਕਿ ** ** ਹਾਜ਼ਰ ਹੋ।

ਮਾਨਯੋਗ ਸਪੀਕਰ: ** ** ਦੇ ਨਾਮ ਐਕਸਪੰਜ ਕਰ ਦਿੱਤੇ ਜਾਣ।

**Expunged as ordered by the Chair.

ਖੇਤੀਬਾੜੀ ਮੰਤਰੀ : ਇਸ ਲਈ ਇਹ ਗੱਲਾਂ ਕਰਦੇ ਹਨ, ਇਨ੍ਹਾਂ ਨੇ ਸਾਡੇ ਤੇ ਕਿੰਨੇ ਝੂਠੇ ਕੇਸ ਬਣਾਏ। ਅੱਜ ਉਹੀ ਸਰਦਾਰ ਨਿਰਮਲ ਸਿੰਘ ਕਾਹਲੋਂ ਬਰੀ ਹੋ ਗਏ ਹਨ। ਇਸ ਲਈ ਕਿਸੇ ਨੂੰ ਜਾਣਬੁੱਝ ਕੇ ਜ਼ਲੀਲ ਨਹੀਂ ਕਰਨਾ ਚਾਹੀਦਾ। ਸਾਨੂੰ ਇਸ ਬਾਰੇ ਸੋਚਣਾ ਚਾਹੀਦਾ ਹੈ। ਤੁਹਾਡਾ ਬਹੁਤ ਬਹੁਤ ਧੰਨਵਾਦ ਹੈ। ਸੋ, ਮੈਂ ਕਹਿੰਦਾ ਹਾਂ ਕਿ ਸਾਨੂੰ ਕੇਂਦਰ ਸਰਕਾਰ ਕੋਲ ਪਹੁੰਚ ਕਰਨੀ ਚਾਹੀਦੀ ਹੈ ਕਿ ਜਦ ਤੱਕ ਕਿਸਾਨਾਂ ਦੀਆਂ ਫਸਲਾਂ ਦਾ ਬੀਮਾ ਨਹੀਂ ਹੋ ਜਾਂਦਾ, ਉਦੋਂ ਤੱਕ ਕਿਸਾਨ ਕਾਇਮ ਨਹੀਂ ਰਹਿ ਸਕਦਾ। (ਥੰਪਿੰਗ)

ਮਾਨਯੋਗ ਸਪੀਕਰ : ਜਿਵੇਂ ਕਿ ਹਾਊਸ ਦੀ ਪਹਿਲਾਂ ਹੀ ਸਹਿਮਤੀ ਹੋ ਗਈ ਹੈ ਕਿ ਇਸ ਮਤੇ ਦੀ ਡਿਸਕਸ਼ਨ ਨੂੰ ਅੱਜ ਇੱਥੇ ਹੀ ਸਸਪੈਂਡ ਕੀਤਾ ਜਾਂਦਾ ਹੈ ਅਤੇ ਕੱਲ੍ਹ ਨੂੰ ਇਸ ਨੂੰ ਫਿਰ ਰਿਜ਼ਿਊਮ ਕੀਤਾ ਜਾਵੇਗਾ, ਫਿਰ ਅਗਲੀ ਡਿਸਕਸ਼ਨ ਸ਼ੁਰੂ ਕਰਾਂਗੇ, ਸੀ.ਐਮ. ਸਾਹਿਬ ਵੀ ਕੱਲ੍ਹ ਹੀ ਇਸ ਦਾ ਜਵਾਬ ਦੇਣਗੇ।

ਸੰਸਦੀ ਮਾਮਲੇ ਮੰਤਰੀ : ਸਪੀਕਰ ਸਾਹਿਬ, ਬਿਲ ਤਾਂ ਪਾਸ ਕਰਨੇ ਹਨ।

ਮਾਨਯੋਗ ਸਪੀਕਰ: ਹਾਂ ਜੀ, ਮੈਂ ਹੁਣ ਬਿਲ ਪਾਸ ਕਰਵਾਉਣ ਲੱਗਿਆ ਹਾਂ।

LEGISLATIVE BUSINESS

1. THE PUNJAB INFRASTRUCTURE (DEVELOPMENT AND REGULATION) AMENDMENT BILL, 2015 *(REPLACING ORDINANCE)*

ਮਾਨਯੋਗ ਸਪੀਕਰ: ਸਰਦਾਰ ਪਰਮਿੰਦਰ ਸਿੰਘ ਢੀਂਡਸਾ, ਵਿੱਤ ਮੰਤਰੀ ਜੀ ਬਿਲ ਪੇਸ਼ ਕਰਨ।

ਵਿੱਤ ਮੰਤਰੀ (ਸਰਦਾਰ ਪਰਮਿੰਦਰ ਸਿੰਘ ਢੀਂਡਸਾ): ਸ਼੍ਰੀਮਾਨ ਜੀ, ਮੈਂ ਪੰਜਾਬ ਬੁਨਿਆਦੀ ਢਾਂਚਾ (ਵਿਕਾਸ ਅਤੇ ਵਿਨਿਯਮਨ) ਸੋਧਨਾ ਬਿਲ, 2015 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ–

> ਕਿ ਪੰਜਾਬ ਬੁਨਿਆਦੀ ਢਾਂਚਾ (ਵਿਕਾਸ ਅਤੇ ਵਿਨਿਯਮਨ) ਸੋਧਨਾ ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ -

ਕਿ ਪੰਜਾਬ ਬੁਨਿਆਦੀ ਢਾਂਚਾ (ਵਿਕਾਸ ਅਤੇ ਵਿਨਿਯਮਨ) ਸੋਧਨਾ ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਮਾਨਯੋਗ ਸਪੀਕਰ : ਬਹਿਸ, ਜੇਕਰ ਕੋਈ ਹੈ?

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

ਮਾਨਯੋਗ ਸਪੀਕਰ : ਪ੍ਰਸ਼ਨ ਹੈ-

ਕਿ ਪੰਜਾਬ ਬੁਨਿਆਦੀ ਢਾਂਚਾ (ਵਿਕਾਸ ਅਤੇ ਵਿਨਿਯਮਨ) ਸੋਧਨਾ ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ: ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

ਕਲਾਜ਼ 1 ਦੀ ਸਬ-ਕਲਾਜ਼ (2)

ਮਾਨਯੋਗ ਸਪੀਕਰ : ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ਾਂ 2 ਅਤੇ 3

ਮਾਨਯੋਗ ਸਪੀਕਰ : ਕਿਉਂਜੋ ਕਲਾਜ਼ਾਂ 2 ਅਤੇ 3 ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ।

(**ਅਵਾਜ਼ਾਂ:** ਹਾਂ ਜੀ, ਹਾਂ ਜੀ ।)

ਮਾਨਯੋਗ ਸਪੀਕਰ : ਪ੍ਰਸ਼ਨ ਹੈ-

ਕਿ ਕਲਾਜ਼ਾਂ 2 ਅਤੇ 3 ਬਿਲ ਦਾ ਹਿੱਸਾ ਹਨ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 1 ਦੀ ਸਬ-ਕਲਾਜ਼ (1)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾਂ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਸਿਰਲੇਖ

ਮਾਨਯੋਗ ਸਪੀਕਰ : ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਵਿੱਤ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

ਵਿੱਤ ਮੰਤਰੀ (ਸਰਦਾਰ ਪਰਮਿੰਦਰ ਸਿੰਘ ਢੀਂਡਸਾ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਬੁਨਿਆਦੀ ਢਾਂਚਾ (ਵਿਕਾਸ ਅਤੇ ਵਿਨਿਯਮਨ) ਸੋਧਨਾ ਬਿਲ, 2015 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ-

ਕਿ ਪੰਜਾਬ ਬੁਨਿਆਦੀ ਢਾਂਚਾ (ਵਿਕਾਸ ਅਤੇ ਵਿਨਿਯਮਨ) ਸੋਧਨਾ ਬਿਲ, 2015 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ: ਪ੍ਰਸ਼ਨ ਹੈ-

ਕਿ ਪੰਜਾਬ ਬੁਨਿਆਦੀ ਢਾਂਚਾ (ਵਿਕਾਸ ਅਤੇ ਵਿਨਿਯਮਨ) ਸੋਧਨਾ ਬਿਲ, 2015 ਪਾਸ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

---

2. THE PUNJAB PROTECTION OF INTERESTS OF DEPOSITORS(IN FINANCIAL ESTABLISHMENTS) BILL, 2015

ਮਾਨਯੋਗ ਸਪੀਕਰ : ਸਰਦਾਰ ਪਰਮਿੰਦਰ ਸਿੰਘ ਢੀਂਡਸਾ ਜੀ, ਵਿੱਤ ਮੰਤਰੀ ਬਿਲ ਪੇਸ਼ ਕਰਨ।

ਵਿੱਤ ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ (ਸਰਦਾਰ ਪਰਮਿੰਦਰ ਸਿੰਘ ਢੀਂਡਸਾ) : ਸ਼੍ਰੀਮਾਨ ਜੀ, ਮੈਂ ਪੰਜਾਬ ਜਮ੍ਹਾਂ ਕਰਤਾਵਾਂ ਦੇ ਹਿੱਤਾਂ ਦੀ ਸੁਰੱਖਿਆ (ਵਿੱਤੀ ਸੰਸਥਾਵਾਂ ਵਿੱਚ) ਬਿਲ, 2015 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

> ਕਿ ਪੰਜਾਬ ਜਮ੍ਹਾਂ ਕਰਤਾਵਾਂ ਦੇ ਹਿੱਤਾਂ ਦੀ ਸੁਰੱਖਿਆ (ਵਿੱਤੀ ਸੰਸਥਾਵਾਂ ਵਿੱਚ) ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਮਾਨਯੋਗ ਸਪੀਕਰ: ਪ੍ਰਸਤਾਵ ਕੀਤਾ -

> ਕਿ ਪੰਜਾਬ ਜਮ੍ਹਾਂ ਕਰਤਾਵਾਂ ਦੇ ਹਿੱਤਾਂ ਦੀ ਸੁਰੱਖਿਆ (ਵਿੱਤੀ ਸੰਸਥਾਵਾਂ ਵਿੱਚ) ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੈ?

ਸ਼੍ਰੀ ਮਨੋਰੰਜਨ ਕਾਲੀਆ (ਜਲੰਧਰ) : ਮਾਨਯੋਗ ਸਪੀਕਰ ਸਾਹਿਬ, ਜਿਹੜਾ ਇਹ Punjab Protection of Interests of Depositors (In Financial Establishments) Bill, 2015 ਵਿੱਤ ਮੰਤਰੀ ਨੇ ਪੇਸ਼ ਕੀਤਾ ਹੈ, ਮੈਂ ਇਸ ਬਾਰੇ ਇੱਕ ਕਲੈਰੀਫਿਕੇਸ਼ਨ ਲੈਣਾ ਚਾਹੁੰਦਾ ਹਾਂ। ਜਿੰਨੇ ਵੀ ਫਾਈਨਾਂਸ਼ੀਅਲ ਇੰਸਟੀਚਿਊਸ਼ਨਜ਼ ਹਨ ਜਾਂ ਜਿੰਨਾ ਵੀ ਡਿਪਾਜ਼ਿਟ ਹੁੰਦਾ ਹੈ, ਉਨ੍ਹਾਂ ਸਬੰਧੀ ਆਰ.ਬੀ.ਆਈ ਦੇ ਰੈਗੂਲੇਸ਼ਨਜ਼ ਹਨ, ਉਹ ਰੈਗੂਲੇਟ ਕਰਦੇ ਹਨ। ਉਸ ਦੇ ਥੱਲੇ ਉਹ ਸਜ਼ਾ ਵੀ ਦਿੰਦੇ ਹਨ। ਇਸੇ ਤਰ੍ਹਾਂ SEBI ਦੀਆਂ ਗਾਈਡਲਾਈਨਜ਼ ਹਨ। ਸੋ, ਸੈਪਰੇਟ ਕਾਨੂੰਨ ਬਣਾਉਣ ਦੇ ਲਈ ਕੀ ਜ਼ਰੂਰਤ ਪਈ ਕਿਉਂਕਿ ਆਲਰੈਡੀ ਡਿਪਾਜ਼ਿਟਰ ਦਾ ਇੰਟਰੈਸਟ civily , criminally, ਅਦਰਵਾਈਜ਼ IPC ਵਿੱਚ protected ਹੈ। ਅਦਰਵਾਈਜ਼ ਆਰ.ਬੀ.ਆਈ ਦੀਆਂ ਲੇਟੈਸਟ ਜਿਹੜੀਆਂ ਗਾਈਡਲਾਈਨਜ਼ ਹਨ, ਜਿਹੜੀਆਂ 10 ਨਵੰਬਰ, 2014 ਨੂੰ ਆਈਆਂ, ਉਨ੍ਹਾਂ ਤਹਿਤ ਉਨ੍ਹਾਂ ਦੇ ਜਿੰਨੇ ਵੀ Financial Institutions ਹਨ, ਉਨ੍ਹਾਂ ਦੀ ਰੇਟਿੰਗ ਫਿਕਸ ਕਰ ਦਿੱਤੀ ਹੈ। They have to be rated. ਲਗਭਗ ਜਿਹੜੀਆਂ Financial Institutions ਨਵੀਆਂ ਵੀ ਹਨ, ਜਿਹੜੇ ਟੋਟਲ ਡਿਪਾਜ਼ਿਟ ਲੈਂਦੇ ਹਨ, ਉਹ ਤਕਰੀਬਨ 50 ਜਾਂ 60 ਹਨ। ਇਸ ਵਾਸਤੇ ਆਲਰੈਡੀ ਕਾਨੂੰਨ ਐਗਜ਼ਿਸਟ ਕਰਦਾ ਹੈ। ਇਸ ਦੇ ਲਈ ਵੱਖਰਾ ਬਣਾਉਣ ਦੀ ਕੀ ਲੋੜ ਹੈ? ਅਸੀਂ ਜਿਹੜਾ ਕਾਨੂੰਨ ਆਲਰੈਡੀ ਐਗਜ਼ਿਸਟ ਕਰਦਾ ਹੈ, ਉਸ ਤਹਿਤ ਕਾਰਵਾਈ ਕਰ ਸਕਦੇ ਹਾਂ।

ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ (ਸਰਦਾਰ ਪਰਮਿੰਦਰ ਸਿੰਘ ਢੀਂਡਸਾ) : ਸਪੀਕਰ ਸਾਹਿਬ, ਰਿਜ਼ਰਵ ਬੈਂਕ ਆਫ ਇੰਡੀਆ ਨੇ ਇਹ ਮਾਡਲ ਬਿਲ ਸਾਰੀਆਂ ਸਟੇਟਸ ਨੂੰ ਭੇਜਿਆ ਹੈ ਕਿਉਂਕਿ ਕਈ ਅਜਿਹੇ ਡਿਪਾਜ਼ਿਟਸ ਹਨ, ਜੋ ਗੌਰਮਿੰਟ ਆਫ ਇੰਡੀਆ ਦੀਆਂ ਵੱਖ ਵੱਖ ਸਕੀਮਾਂ ਵਿੱਚ ਕਵਰ ਨਹੀਂ ਹੁੰਦੇ ਜਿਵੇਂ ਕਿ ਚਿਟ ਫੰਡਜ਼ ਹਨ, ਨਾਨ ਬੈਂਕਿੰਗ ਕੰਪਨੀਜ਼ ਹਨ, ਉਨ੍ਹਾਂ ਵਾਸਤੇ ਇੱਕ ਬਿਲ ਸਟੇਟਸ ਨੇ ਆਪਣੇ ਲੈਵਲ ਤੇ ਡਿਪਾਜ਼ਿਟਰਜ਼ ਦੀ ਪ੍ਰੋਟੈਕਸ਼ਨ ਵਾਸਤੇ, ਜੋ ਕਿ ਆਰ.ਬੀ.ਆਈ ਨੇ ਸਾਨੂੰ ਸੁਜੈਸਟ ਕੀਤਾ ਹੈ, ਅਸੀਂ ਉਸ ਮਾਡਲ ਬਿਲ ਦੇ ਵਿੱਚ ਹੋਰ ਸੁਧਾਰ ਕਰਕੇ ਸੇਬੀ ਅਤੇ ਆਰ.ਬੀ.ਆਈ ਦੇ ਨਾਲ ਗੱਲ ਕਰਕੇ, ਜੋ ਸਾਨੂੰ ਉਸ ਬਿਲ ਨੂੰ operationalise ਕਰਨ ਵਾਸਤੇ ਲਗਦਾ ਸੀ ਕਿ ਕੁਝ ਸਮੱਸਿਆਵਾਂ ਆ ਸਕਦੀਆਂ ਹਨ, ਇਸ ਲਈ ਇਸ ਬਿਲ ਨੂੰ ਠੀਕ ਕਰਕੇ ਫਿਰ ਅਸੀਂ ਆਰ.ਬੀ.ਆਈ ਕੋਲ ਗਏ ਅਤੇ ਉਨ੍ਹਾਂ ਦੇ ਨਾਲ ਡਿਸਕਸ ਕਰਕੇ ਫਿਰ ਇਹ ਬਿਲ ਲੈ ਕੇ ਆਏ ਹਾਂ। ਪੰਜਾਬ ਦੇ ਵਿੱਚ ਬਹੁਤ ਘਟਨਾਵਾਂ ਅਜਿਹੀਆਂ ਹੋਈਆਂ ਹਨ ਜਿਨ੍ਹਾਂ ਵਿੱਚ ਲੋਕਾਂ ਨੂੰ ਗੁੰਮਰਾਹ ਕਰਕੇ ਉਨ੍ਹਾਂ ਤੋਂ ਡਿਪਾਜ਼ਿਟਸ ਲਈਆਂ ਗਈਆਂ ਹਨ। ਕਈ ਐਸੀਆਂ ਵੀ ਆਰਗਨਾਈਜ਼ੇਸ਼ਨ ਹਨ ਜਿਹੜੀਆਂ ਕਿਤੇ ਦਿੱਸਦੀਆਂ ਨਹੀਂ ਹਨ ਪਰ ਉਹ ਲੋਕਾਂ ਤੋਂ ਡਿਪਾਜ਼ਿਟਸ ਲੈ ਰਹੀਆਂ ਹਨ।ਉਹ ਲੋਕਾਂ ਨਾਲ ਫਰਾਡ ਕਰ ਰਹੀਆਂ ਹਨ। ਸੋ, ਕਈ ਐਸੀਆਂ ਇਲਲੀਗਲ ਫਰਮਜ਼ ਵੀ ਹੋਣਗੀਆਂ, ਉਹ ਵੀ ਸਾਰੀਆਂ ਇਸ ਬਿਲ ਦੇ ਅੰਡਰ ਕਵਰ ਹੋਣਗੀਆਂ। ਉਨ੍ਹਾਂ ਖਿਲਾਫ ਵੀ ਕਾਰਵਾਈ ਕੀਤੀ ਜਾ ਸਕਦੀ ਹੈ। ਅਸੀਂ ਇਸ ਦੇ ਵਿੱਚ ਬਹੁਤ ਸਖਤ ਪੇਨੈਲਿਟੀਜ਼ ਰੱਖੀਆਂ ਹਨ। ਅਸੀਂ ਇਸ ਦੇ ਵਿੱਚ non bailable ਪ੍ਰਾਵਧਾਨ ਰੱਖਿਆ ਹੈ। ਇਹ ਨਾਨ ਬੇਲਏਬਲ ਹੋਵੇਗਾ ਕਿਉਂਕਿ ਜਿਹੜੇ ਆਮ ਲੋਕ ਹਨ, ਉਨ੍ਹਾਂ ਨੂੰ ਠੱਗਿਆ ਜਾ ਰਿਹਾ ਹੈ, ਆਮ ਲੋਕਾਂ ਨੂੰ ਠੱਗ ਕੇ ਜਿਨ੍ਹਾਂ ਨੇ ਬਹੁਤ ਵੱਡੀਆਂ ਵੱਡੀਆਂ ਵਸੂਲੀਆਂ ਕੀਤੀਆਂ ਹਨ, ਉਨ੍ਹਾਂ ਤੇ ਕਾਰਵਾਈ ਕੀਤੀ ਜਾਵੇਗੀ।

ਸ਼੍ਰੀ ਮਨੋਰੰਜਨ ਕਾਲੀਆ : ਮਾਨਯੋਗ ਸਪੀਕਰ ਸਾਹਿਬ, ਕੋਈ ਵੀ ਫਾਈਨਾਂਸ਼ੀਅਲ ਇੰਸਟੀਚਿਊਸ਼ਨ ਹੈ, ਉਹ ਆਰ.ਬੀ.ਆਈ ਦੀ ਪਰਮਿਸ਼ਨ ਤੋਂ ਬਗੈਰ in existence ਆ ਹੀ ਨਹੀਂ ਸਕਦਾ। ਇਸ ਵਿੱਚ ਸਖਤ ਕਾਨੂੰਨ ਹੈ ਕਿ ਜੇ ਕੋਈ ਗਲਤ ਕਰਦਾ ਹੈ ਤਾਂ ਉਸ ਖਿਲਾਫ ਆਈ.ਪੀ.ਸੀ. ਦੀ ਧਾਰਾ ਲਗਾਈ ਜਾਂਦੀ ਹੈ। ਸੋ, ਇਹ ਗੈਪ ਕਿੱਥੇ ਹੈ, ਜਿੱਥੇ ਤੁਸੀਂ ਇਹ ਪਲੇਸ ਕਰੋਗੇ ਕਿ ਇਹ ਨਾ ਤਾਂ ਆਰ.ਬੀ.ਆਈ ਦੀਆਂ ਗਾਈਡਲਾਈਨਜ਼ ਅਧੀਨ ਆਉਂਦੇ

ਹਨ ਅਤੇ ਨਾ ਹੀ ਆਈ.ਪੀ.ਸੀ. ਜਾਂ ਸੇਬੀ ਅਧੀਨ ਆਉਂਦੇ ਹਨ।

ਵਿੱਤ ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ : ਚਿੱਟ ਫੰਡ ਲਈ ਸਟੇਟ ਨੇ ਪਰਮਿਸ਼ਨ ਦੇਣੀ ਹੁੰਦੀ ਹੈ। ਇਹ ਐਨ.ਬੀ.ਐਫ.ਸੀ. ਥੱਲੇ ਨਹੀਂ ਆਉਂਦੀਆਂ, ਇਹ ਆਰ.ਬੀ.ਆਈ ਥੱਲੇ ਨਹੀਂ ਆਉਂਦੀਆਂ। ਕਈਆਂ ਨੂੰ ਸੇਬੀ ਰੈਗੂਲੇਟ ਕਰਦਾ ਹੈ ਅਤੇ ਕਈਆਂ ਨੂੰ ਆਰ.ਬੀ.ਆਈ. ਰੈਗੂਲੇਟ ਕਰਦਾ ਹੈ, ਸਾਰਿਆਂ ਨੂੰ ਆਰ.ਬੀ.ਆਈ. ਰੈਗੂਲੇਟ ਨਹੀਂ ਕਰਦਾ।

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਕਿ ਪੰਜਾਬ ਜਮ੍ਹਾਂ ਕਰਤਾਵਾਂ ਦੇ ਹਿੱਤਾਂ ਦੀ ਸੁਰੱਖਿਆ (ਵਿੱਤੀ ਸੰਸਥਾਵਾਂ ਵਿੱਚ) ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

ਕਲਾਜ਼ 1 ਦੀ ਸਬ-ਕਲਾਜ਼ (2)

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ਾਂ 2 ਤੋਂ 20

ਮਾਨਯੋਗ ਸਪੀਕਰ : ਕਿਉਂਜੋ ਕਲਾਜ਼ਾਂ 2 ਤੋਂ 20 ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ।

(**ਅਵਾਜ਼ਾਂ :** ਹਾਂ ਜੀ, ਹਾਂ ਜੀ)

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਕਿ ਕਲਾਜ਼ਾਂ 2 ਤੋਂ 20 ਬਿਲ ਦਾ ਹਿੱਸਾ ਹਨ।

ਪ੍ਰਸਤਾਵ ਪ੍ਰਵਾਨ ਹੋਇਆ।

[ਮਾਨਯੋਗ ਸਪੀਕਰ]

ਕਲਾਜ਼ 1 ਦੀ ਸਬ ਕਲਾਜ਼ (1)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼(1) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਸਿਰਲੇਖ

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਵਿੱਤ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

ਵਿੱਤ ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ (ਸਰਦਾਰ ਪਰਮਿੰਦਰ ਸਿੰਘ ਢੀਂਡਸਾ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਜਮ੍ਹਾਂ ਕਰਤਾਵਾਂ ਦੇ ਹਿੱਤਾਂ ਦੀ ਸੁਰੱਖਿਆ (ਵਿੱਤੀ ਸੰਸਥਾਵਾਂ ਵਿੱਚ) ਬਿਲ, 2015 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ -

ਕਿ ਪੰਜਾਬ ਜਮ੍ਹਾਂ ਕਰਤਾਵਾਂ ਦੇ ਹਿੱਤਾਂ ਦੀ ਸੁਰੱਖਿਆ (ਵਿੱਤੀ ਸੰਸਥਾਵਾਂ ਵਿੱਚ) ਬਿਲ, 2015 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਪੰਜਾਬ ਜਮ੍ਹਾਂ ਕਰਤਾਵਾਂ ਦੇ ਹਿੱਤਾਂ ਦੀ ਸੁਰੱਖਿਆ (ਵਿੱਤੀ ਸੰਸਥਾਵਾਂ ਵਿੱਚ) ਬਿਲ, 2015 ਪਾਸ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

---

3. THE PUNJAB GOOD CONDUCT PRISONERS (TEMPORARY RELEASE) AMENDMENT BILL, 2015

ਜੇਲ੍ਹਾਂ, ਸੈਰ ਸਪਾਟਾ, ਸਭਿਆਚਾਰਕ ਮਾਮਲੇ, ਪੁਰਾਤੱਤਵ ਤੇ ਅਜਾਇਬ ਘਰ ਅਤੇ ਛਪਾਈ ਤੇ ਲਿਖਣ ਸਮੱਗਰੀ ਮੰਤਰੀ (ਸਰਦਾਰ ਸੋਹਣ ਸਿੰਘ ਠੰਡਲ) : ਸ਼੍ਰੀਮਾਨ ਜੀ, ਮੈਂ ਪੰਜਾਬ ਕੈਦੀਆਂ ਦਾ ਚੰਗਾ ਆਚਰਣ (ਅਸਥਾਈ ਰਿਹਾਈ) ਸੋਧਨਾ ਬਿਲ, 2015 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਕੈਦੀਆਂ ਦਾ ਚੰਗਾ ਆਚਰਣ (ਅਸਥਾਈ ਰਿਹਾਈ) ਸੋਧਨਾ ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ -

ਕਿ ਪੰਜਾਬ ਕੈਦੀਆਂ ਦਾ ਚੰਗਾ ਆਚਰਣ (ਅਸਥਾਈ ਰਿਹਾਈ) ਸੋਧਨਾ ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਪੰਜਾਬ ਕੈਦੀਆਂ ਦਾ ਚੰਗਾ ਆਚਰਣ (ਅਸਥਾਈ ਰਿਹਾਈ) ਸੋਧਨਾ ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

ਕਲਾਜ਼ 1 ਦੀ ਸਬ-ਕਲਾਜ਼ (2)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ਾਂ 2 ਤੋਂ 5

ਮਾਨਯੋਗ ਸਪੀਕਰ : ਕਿਉਂਜੋ ਕਲਾਜ਼ਾਂ 2 ਤੋਂ 5 ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ

[ਮਾਨਯੋਗ ਸਪੀਕਰ]

ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ।

(ਅਵਾਜ਼ਾਂ : ਹਾਂ ਜੀ, ਹਾਂ ਜੀ)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 5 ਬਿਲ ਦਾ ਹਿੱਸਾ ਹਨ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 1 ਦੀ ਸਬ ਕਲਾਜ਼ (1)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼(1) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਸਿਰਲੇਖ

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

ਜੇਲ੍ਹਾਂ, ਸੈਰ ਸਪਾਟਾ, ਸਭਿਆਚਾਰਕ ਮਾਮਲੇ, ਪੁਰਾਤੱਤਵ ਤੇ ਅਜਾਇਬ ਘਰ ਅਤੇ ਛਪਾਈ ਤੇ ਲਿਖਣ ਸਮੱਗਰੀ ਮੰਤਰੀ (ਸਰਦਾਰ ਸੋਹਣ ਸਿੰਘ ਠੰਡਲ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਕੈਦੀਆਂ ਦਾ ਚੰਗਾ ਆਚਰਣ (ਅਸਥਾਈ ਰਿਹਾਈ) ਸੋਧਨਾ ਬਿਲ, 2015 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ -

ਕਿ ਪੰਜਾਬ ਕੈਦੀਆਂ ਦਾ ਚੰਗਾ ਆਚਰਣ (ਅਸਥਾਈ ਰਿਹਾਈ) ਸੋਧਨਾ ਬਿਲ, 2015 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਪੰਜਾਬ ਕੈਦੀਆਂ ਦਾ ਚੰਗਾ ਆਚਰਣ (ਅਸਥਾਈ ਰਿਹਾਈ) ਸੋਧਨਾ ਬਿਲ, 2015 ਪਾਸ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

----

4. THE PUNJAB STATE LEGISLATURE (PREVENTION OF DISQUALIFICATION) AMENDMENT BILL, 2015 *(REPLACING ORDINANCE)*

ਮਾਨਯੋਗ ਸਪੀਕਰ : ਸੰਸਦੀ ਮਾਮਲੇ ਮੰਤਰੀ ਜੀ ਬਿਲ ਪੇਸ਼ ਕਰਨ।

ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸ਼੍ਰੀਮਾਨ ਜੀ, ਮੈਂ ਪੰਜਾਬ ਰਾਜ ਵਿਧਾਨ ਮੰਡਲ (ਅਯੋਗਤਾ ਤੇ ਰੋਕ) ਸੋਧਨਾ ਬਿਲ, 2015 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

> ਕਿ ਪੰਜਾਬ ਰਾਜ ਵਿਧਾਨ ਮੰਡਲ (ਅਯੋਗਤਾ ਤੇ ਰੋਕ) ਸੋਧਨਾ ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਮਾਨਯੋਗ ਸਪੀਕਰ: ਪ੍ਰਸਤਾਵ ਕੀਤਾ-

> ਕਿ ਪੰਜਾਬ ਰਾਜ ਵਿਧਾਨ ਮੰਡਲ (ਅਯੋਗਤਾ ਤੇ ਰੋਕ) ਸੋਧਨਾ ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ।

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਲਈ ਖੜ੍ਹਾ ਨਹੀਂ ਹੋਇਆ।)

ਮਾਨਯੋਗ ਸਪੀਕਰ : ਪ੍ਰਸ਼ਨ ਹੈ-

> ਕਿ ਪੰਜਾਬ ਰਾਜ ਵਿਧਾਨ ਮੰਡਲ (ਅਯੋਗਤਾ ਤੇ ਰੋਕ) ਸੋਧਨਾ ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

ਕਲਾਜ਼ 1 ਦੀ ਸਬ-ਕਲਾਜ਼ 2

ਮਾਨਯੋਗ ਸਪੀਕਰ: ਪ੍ਰਸ਼ਨ ਹੈ-

> ਕਿ ਕਲਾਜ਼ 1 ਦੀ ਸਬ-ਕਲਾਜ਼ 2 ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ਾਂ 2 ਅਤੇ 3

ਮਾਨਯੋਗ ਸਪੀਕਰ: ਕਿਉਂਜੋ ਕਲਾਜ਼ਾਂ 2 ਅਤੇ 3 ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ।

(**ਅਵਾਜ਼ਾਂ :** ਹਾਂ ਜੀ, ਹਾਂ ਜੀ।)

ਮਾਨਯੋਗ ਸਪੀਕਰ : ਪ੍ਰਸ਼ਨ ਹੈ-

ਕਿ ਕਲਾਜ਼ਾਂ 2 ਅਤੇ 3 ਬਿਲ ਦਾ ਹਿੱਸਾ ਹਨ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 1 ਦੀ ਸਬ-ਕਲਾਜ਼ 1

ਮਾਨਯੋਗ ਸਪੀਕਰ : ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ 1 ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਸਿਰਲੇਖ

ਮਾਨਯੋਗ ਸਪੀਕਰ : ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ: ਹੁਣ ਸੰਸਦੀ ਮਾਮਲੇ ਮੰਤਰੀ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ): ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਰਾਜ ਵਿਧਾਨ ਮੰਡਲ (ਅਯੋਗਤਾ ਤੇ ਰੋਕ) ਸੋਧਨਾ ਬਿਲ, 2015 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ: ਪ੍ਰਸਤਾਵ ਕੀਤਾ-

ਕਿ ਪੰਜਾਬ ਰਾਜ ਵਿਧਾਨ ਮੰਡਲ (ਅਯੋਗਤਾ ਤੇ ਰੋਕ) ਸੋਧਨਾ ਬਿਲ, 2015 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ: ਪ੍ਰਸ਼ਨ ਹੈ-

ਕਿ ਪੰਜਾਬ ਰਾਜ ਵਿਧਾਨ ਮੰਡਲ (ਅਯੋਗਤਾ ਤੇ ਰੋਕ) ਸੋਧਨਾ ਬਿਲ, 2015 ਪਾਸ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

----

5. THE PUNJAB SCHOOL TEACHER'S EXTENSION IN SERVICE BILL, 2015

ਮਾਨਯੋਗ ਸਪੀਕਰ : ਸਿੱਖਿਆ ਮੰਤਰੀ ਜੀ ਬਿਲ ਪੇਸ਼ ਕਰਨ ।

ਸਿੱਖਿਆ ਮੰਤਰੀ (ਡਾਕਟਰ ਦਲਜੀਤ ਸਿੰਘ ਚੀਮਾ) : ਸ਼੍ਰੀਮਾਨ ਜੀ, ਮੈਂ ਪੰਜਾਬ ਸਕੂਲ ਅਧਿਆਪਕਾਂ ਦੇ ਸੇਵਾਕਾਲ ਵਿੱਚ ਵਾਧਾ ਬਿਲ, 2015 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਸਕੂਲ ਅਧਿਆਪਕਾਂ ਦੇ ਸੇਵਾਕਾਲ ਵਿੱਚ ਵਾਧਾ ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ -

ਕਿ ਪੰਜਾਬ ਸਕੂਲ ਅਧਿਆਪਕਾਂ ਦੇ ਸੇਵਾਕਾਲ ਵਿੱਚ ਵਾਧਾ ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਪੰਜਾਬ ਸਕੂਲ ਅਧਿਆਪਕਾਂ ਦੇ ਸੇਵਾਕਾਲ ਵਿੱਚ ਵਾਧਾ ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

ਕਲਾਜ਼ 1 ਦੀ ਸਬ ਕਲਾਜ਼ (2)

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ ਕਲਾਜ਼ (2) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ਾਂ 2 ਅਤੇ 3

ਮਾਨਯੋਗ ਸਪੀਕਰ : ਕਿਉਂਜੋ ਕਲਾਜ਼ਾਂ 2 ਅਤੇ 3 ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ।

(**ਅਵਾਜ਼ਾਂ :** ਹਾਂ ਜੀ, ਹਾਂ ਜੀ)

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਕਿ ਕਲਾਜ਼ਾਂ 2 ਅਤੇ 3 ਬਿਲ ਦਾ ਹਿੱਸਾ ਹਨ ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 1 ਦੀ ਸਬ ਕਲਾਜ਼ (1)

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ ਕਲਾਜ਼ (1) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਸਿਰਲੇਖ

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

ਸਿੱਖਿਆ ਮੰਤਰੀ (ਡਾਕਟਰ ਦਲਜੀਤ ਸਿੰਘ ਚੀਮਾ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

ਕਿ ਪੰਜਾਬ ਸਕੂਲ ਅਧਿਆਪਕਾਂ ਦੇ ਸੇਵਾਕਾਲ ਵਿੱਚ ਵਾਧਾ ਬਿਲ, 2015 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ -

ਕਿ ਪੰਜਾਬ ਸਕੂਲ ਅਧਿਆਪਕਾਂ ਦੇ ਸੇਵਾਕਾਲ ਵਿੱਚ ਵਾਧਾ ਬਿਲ, 2015 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਪੰਜਾਬ ਸਕੂਲ ਅਧਿਆਪਕਾਂ ਦੇ ਸੇਵਾਕਾਲ ਵਿੱਚ ਵਾਧਾ ਬਿਲ, 2015 ਪਾਸ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

---

6. THE PUNJAB STATE COMMISSION FOR NON-RESIDENT INDIANS (AMENDMENT) BILL, 2015

ਮਾਨਯੋਗ ਸਪੀਕਰ : ਪ੍ਰਵਾਸੀ ਭਾਰਤੀ ਮਾਮਲੇ ਮੰਤਰੀ ਜੀ ਬਿਲ ਪੇਸ਼ ਕਰਨ ।

ਖੇਤੀਬਾੜੀ ਅਤੇ ਪ੍ਰਵਾਸੀ ਭਾਰਤੀ ਮਾਮਲੇ ਮੰਤਰੀ (ਸਰਦਾਰ ਤੋਤਾ ਸਿੰਘ) : ਸ਼੍ਰੀਮਾਨ ਜੀ, ਮੈਂ ਪ੍ਰਵਾਸੀ ਭਾਰਤੀਆਂ ਲਈ ਪੰਜਾਬ ਰਾਜ ਕਮਿਸ਼ਨ (ਸੋਧਨਾ) ਬਿਲ, 2015 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

ਕਿ ਪ੍ਰਵਾਸੀ ਭਾਰਤੀਆਂ ਲਈ ਪੰਜਾਬ ਰਾਜ ਕਮਿਸ਼ਨ (ਸੋਧਨਾ) ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ -

ਕਿ ਪ੍ਰਵਾਸੀ ਭਾਰਤੀਆਂ ਲਈ ਪੰਜਾਬ ਰਾਜ ਕਮਿਸ਼ਨ (ਸੋਧਨਾ) ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਪ੍ਰਵਾਸੀ ਭਾਰਤੀਆਂ ਲਈ ਪੰਜਾਬ ਰਾਜ ਕਮਿਸ਼ਨ (ਸੋਧਨਾ) ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

ਕਲਾਜ਼ 1 ਦੀ ਸਬ-ਕਲਾਜ਼ (2)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ਾਂ 2 ਤੋਂ 9

ਮਾਨਯੋਗ ਸਪੀਕਰ : ਕਿਉਂਜੋ ਕਲਾਜ਼ਾਂ 2 ਤੋਂ 9 ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ।

(**ਅਵਾਜ਼ਾਂ :** ਹਾਂ ਜੀ, ਹਾਂ ਜੀ।)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 9 ਬਿਲ ਦਾ ਹਿੱਸਾ ਹਨ ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 1 ਦੀ ਸਬ-ਕਲਾਜ਼ (1)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਸਿਰਲੇਖ

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

ਖੇਤੀਬਾੜੀ ਅਤੇ ਪ੍ਰਵਾਸੀ ਭਾਰਤੀ ਮਾਮਲੇ ਮੰਤਰੀ (ਸਰਦਾਰ ਤੋਤਾ ਸਿੰਘ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਪ੍ਰਵਾਸੀ ਭਾਰਤੀਆਂ ਲਈ ਪੰਜਾਬ ਰਾਜ ਕਮਿਸ਼ਨ (ਸੋਧਨਾ) ਬਿਲ, 2015 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ -

ਕਿ ਪ੍ਰਵਾਸੀ ਭਾਰਤੀਆਂ ਲਈ ਪੰਜਾਬ ਰਾਜ ਕਮਿਸ਼ਨ (ਸੋਧਨਾ) ਬਿਲ, 2015 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਪ੍ਰਵਾਸੀ ਭਾਰਤੀਆਂ ਲਈ ਪੰਜਾਬ ਰਾਜ ਕਮਿਸ਼ਨ (ਸੋਧਨਾ) ਬਿਲ, 2015 ਪਾਸ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

----

7. THE PUNJAB ANCIENT HISTORICAL MONUMENTS, ARCHAEOLOGICAL SITES AND CULTURAL HERITAGE MAINTENANCE BOARD (SECOND AMENDMENT) BILL, 2015

ਮਾਨਯੋਗ ਸਪੀਕਰ : ਮੰਤਰੀ ਸਾਹਿਬ ਬਿਲ ਪੇਸ਼ ਕਰਨ।

ਜੇਲ੍ਹਾਂ, ਸੈਰ-ਸਪਾਟਾ, ਸਭਿਆਚਾਰਕ ਮਾਮਲੇ, ਪੁਰਾਤੱਤਵ ਤੇ ਅਜਾਇਬ ਘਰ ਅਤੇ ਛਪਾਈ ਤੇ ਲਿਖਣ ਸਮੱਗਰੀ (ਸਰਦਾਰ ਸੋਹਣ ਸਿੰਘ ਠੰਡਲ) : ਸ਼੍ਰੀਮਾਨ ਜੀ, ਮੈਂ ਪੰਜਾਬ ਪੁਰਾਤਨ ਇਤਿਹਾਸਕ ਸਮਾਰਕਾਂ, ਪੁਰਾਤੱਤਵ ਸਥਾਨਾਂ ਅਤੇ ਸਭਿਆਚਾਰਕ ਵਿਰਸਾ ਸਾਂਭ-ਸੰਭਾਲ ਬੋਰਡ (ਦੂਜੀ ਸੋਧਨਾ) ਬਿਲ, 2015 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਪੁਰਾਤਨ ਇਤਿਹਾਸਕ ਸਮਾਰਕਾਂ, ਪੁਰਾਤੱਤਵ ਸਥਾਨਾਂ ਅਤੇ ਸਭਿਆਚਾਰਕ ਵਿਰਸਾ ਸਾਂਭ-ਸੰਭਾਲ ਬੋਰਡ (ਦੂਜੀ ਸੋਧਨਾ) ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ -

ਕਿ ਪੰਜਾਬ ਪੁਰਾਤਨ ਇਤਿਹਾਸਕ ਸਮਾਰਕਾਂ, ਪੁਰਾਤੱਤਵ ਸਥਾਨਾਂ ਅਤੇ ਸਭਿਆਚਾਰਕ ਵਿਰਸਾ ਸਾਂਭ-ਸੰਭਾਲ ਬੋਰਡ (ਦੂਜੀ ਸੋਧਨਾ) ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਪੰਜਾਬ ਪੁਰਾਤਨ ਇਤਿਹਾਸਕ ਸਮਾਰਕਾਂ, ਪੁਰਾਤੱਤਵ ਸਥਾਨਾਂ ਅਤੇ ਸਭਿਆਚਾਰਕ ਵਿਰਸਾ ਸਾਂਭ-ਸੰਭਾਲ ਬੋਰਡ (ਦੂਜੀ ਸੋਧਨਾ) ਬਿਲ 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

ਕਲਾਜ਼ 1 ਦੀ ਸਬ-ਕਲਾਜ਼ (2)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 2

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 1 ਦੀ ਸਬ-ਕਲਾਜ਼ (1)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਸਿਰਲੇਖ

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਮੰਤਰੀ ਸਾਹਿਬ ਬਿਲ ਪਾਸ ਕਰਨ ਲਈ ਪ੍ਰਸਤਾਵ ਪੇਸ਼ ਕਰਨ।

ਜੇਲ੍ਹਾਂ, ਸੈਰ-ਸਪਾਟਾ, ਸਭਿਆਚਾਰਕ ਮਾਮਲੇ, ਪੁਰਾਤੱਤਵ ਤੇ ਅਜਾਇਬ ਘਰ ਅਤੇ ਛਪਾਈ ਤੇ ਲਿਖਣ ਸਮੱਗਰੀ (ਸਰਦਾਰ ਸੋਹਣ ਸਿੰਘ ਠੰਡਲ) : ਸ੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਪੁਰਾਤਨ ਇਤਿਹਾਸਕ ਸਮਾਰਕਾਂ, ਪੁਰਾਤੱਤਵ ਸਥਾਨਾਂ ਅਤੇ ਸਭਿਆਚਾਰਕ ਵਿਰਸਾ ਸਾਂਭ-ਸੰਭਾਲ ਬੋਰਡ (ਦੂਜੀ ਸੋਧਨਾ) ਬਿਲ, 2015 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ -

ਕਿ ਪੰਜਾਬ ਪੁਰਾਤਨ ਇਤਿਹਾਸਕ ਸਮਾਰਕਾਂ, ਪੁਰਾਤੱਤਵ ਸਥਾਨਾਂ ਅਤੇ ਸਭਿਆਚਾਰਕ ਵਿਰਸਾ ਸਾਂਭ-ਸੰਭਾਲ ਬੋਰਡ (ਦੂਜੀ ਸੋਧਨਾ) ਬਿਲ, 2015 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਪੰਜਾਬ ਪੁਰਾਤਨ ਇਤਿਹਾਸਕ ਸਮਾਰਕਾਂ, ਪੁਰਾਤੱਤਵ ਸਥਾਨਾਂ ਅਤੇ ਸਭਿਆਚਾਰਕ ਵਿਰਸਾ ਸਾਂਭ-ਸੰਭਾਲ ਬੋਰਡ (ਦੂਜੀ ਸੋਧਨਾ) ਬਿਲ, 2015 ਪਾਸ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਸਦਨ ਵੀਰਵਾਰ, ਮਿਤੀ 24 ਸਤੰਬਰ, 2015 ਦੇ 10.00 ਵਜੇ ਸਵੇਰ ਤੱਕ ਸਥਗਿਤ ਕੀਤਾ ਜਾਂਦਾ ਹੈ।

*7.53 ਵਜੇ ਰਾਤ (*ਇਸ ਉਪਰੰਤ ਸਦਨ ਵੀਰਵਾਰ, ਮਿਤੀ 24 ਸਤੰਬਰ, 2015 ਦੇ 10.00 ਵਜੇ ਸਵੇਰ ਤੱਕ ਸਥਗਿਤ ਹੋ ਗਿਆ।)

Published under the authority of the Punjab Vidhan Sabha and typesetting & printed by the Controller, Printing & Stationery, Punjab at the Govt. Press, S.A.S. Nagar.

PGP, Mohali/8882/02-2016(5)